
Mann Insurance Brokers, Inc.
Auto Home Business Worker Comp
COVERED CALIFORNIA
Free Enrollment
Easy Appointment
Deadline: Feb 15, 2015
-Travelers
-Progressive
-Fidelity Access
-Safeco-Victoria
-Fidelity Access
-Mapfre -GMAC
-Kemper Preferred
Gurdawar Singh Mann
Phone: 510-487-1000 Email: mann@ggiausa.com

License # 0D74334
Certified Agent


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-659-9400

COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
15 ਨਵੰਬਰ ਤੋਂ 15 ਫਰਵਰੀ ਤੱਕ
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com

License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ



Sixteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 06, February 7, 2015 | 20451 N Plum Grove Rd., Palatine, IL 60074 | Ph:847-359-0746, Fax:847-705-9388


# 'ਆਪ' ਨੇ ਮੋਦੀ ਲਹਿਰ ਦੀਆਂ ਚੂਲਾਂ ਹਿਲਾਈਆਂ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਦਿੱਲੀ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ (ਆਪ) ਦੀ ਤਿੱਖੀ ਅਤੇ ਤੇਜ਼ ਸਰਗਰਮੀ ਨੇ ਮੋਦੀ ਲਹਿਰ ਦੀਆਂ ਚੂਲਾਂ ਹਿਲਾ ਕੇ ਰੱਖ ਦਿੱਤੀਆਂ ਹਨ। ਇਨ੍ਹਾਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ 'ਆਪ' ਵਿਚਕਾਰ ਸਿੱਧੀ ਟੱਕਰ ਮੰਨੀ ਜਾ ਰਹੀ ਹੈ। ਇਸੇ ਦੌਰਾਨ ਕਾਂਗਰਸ ਇਨ੍ਹਾਂ ਚੋਣਾਂ ਵਿਚ ਹਾਸ਼ੀਏ 'ਤੇ ਚਲੇ ਜਾਣ ਦੇ ਬਾਵਜੂਦ, ਖੇਡ ਬਦਲਣ ਵਾਲੀ ਹਾਲਤ ਵਿਚ ਹੈ। ਦਿੱਲੀ ਵਿਚ ਵੋਟਾਂ 7 ਫਰਵਰੀ ਨੂੰ ਪੈ ਰਹੀਆਂ ਹਨ ਅਤੇ ਨਤੀਜਾ 10 ਫਰਵਰੀ ਨੂੰ ਐਲਾਨਿਆ ਜਾਵੇਗਾ।

ਗੌਰਤਲਬ ਹੈ ਕਿ ਚੋਣਾਂ ਦੇ ਐਲਾਨ ਤੋਂ ਪਹਿਲਾਂ ਭਾਜਪਾ ਦੀ ਮਾਂ-ਪਾਰਟੀ ਆਰ.ਐਸ.ਐਸ. ਨੇ ਅੰਦਰੂਨੀ ਸਰਵੇਖਣ ਕਰਵਾਇਆ ਸੀ। ਇਸ ਸਰਵੇਖਣ ਮੁਤਾਬਕ ਭਾਜਪਾ ਚੋਣ ਪਿੜ ਵਿਚ ਵਾਹਵਾ ਪਛੜ ਰਹੀ ਸੀ। ਇਸ ਤੋਂ ਬਾਅਦ ਪਾਰਟੀ ਨਾਲ ਜੁੜੇ ਥਿੰਕ-ਟੈਂਕ ਨੇ 'ਆਪ' ਅਤੇ 'ਆਪ' ਮੁਖੀ ਅਰਵਿੰਦ ਕੇਜਰੀਵਾਲ ਦੇ ਤੋੜ ਲਈ ਉਸੇ ਦੀ ਹੀ ਇਕ ਪੁਰਾਣੀ ਸਾਥੀ ਕਿਰਨ ਬੇਦੀ ਨੂੰ ਮੈਦਾਨ ਵਿਚ ਲਿਆ ਨਿਤਾਰਿਆ ਅਤੇ ਨਾਲ ਦੀ ਨਾਲ ਉਸ ਨੂੰ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਵੀ ਐਲਾਨ ਦਿੱਤਾ ਪਰ ਇਸ ਨਾਲ ਪਾਰਟੀ ਦੀ ਹਾਲਤ ਸੁਧਰਨ ਦੀ ਥਾਂ ਸਗੋਂ ਹੋਰ ਖਰਾਬ ਹੋ ਗਈ। ਇਕ ਤਾਂ ਪਾਰਟੀ ਅੰਦਰ ਇਸ 'ਬਾਹਰੀ' ਉਮੀਦਵਾਰ ਖਿਲਾਫ ਬਗਾਵਤ ਹੋ ਗਈ, ਦੂਜੇ ਮੀਡੀਆ ਵਿਚ ਕਿਰਨ ਬੇਦੀ ਉਕਾ ਹੀ ਫੇਲ੍ਹ ਸਾਬਤ ਹੋਈ। ਜਿਉਂ ਹੀ ਉਸ ਨੂੰ ਵੱਖ-ਵੱਖ ਸਵਾਲਾਂ ਦਾ ਸਾਹਮਣਾ ਕਰਨਾ ਪਿਆ, ਉਹ ਇਕ ਵੀ ਸਵਾਲ ਦਾ ਢੁੱਕਵਾਂ ਜਵਾਬ ਨਹੀਂ ਦੇ ਸਕੀ। ਅਰਵਿੰਦ ਕੇਜਰੀਵਾਲ ਵਲੋਂ ਦਿੱਤੀ ਖੁੱਲ੍ਹੀ ਬਹਿਸ ਦੀ ਵੰਗਾਰ ਤੋਂ ਪਿੱਛੇ ਹਟਣ ਕਾਰਨ ਕਿਰਨ ਬੇਦੀ ਅਤੇ ਭਾਜਪਾ ਦੀ ਹਾਲਤ ਹੋਰ ਪਤਲੀ ਹੋ ਗਈ।




## ਭਾਰਤੀ ਜਨਤਾ ਪਾਰਟੀ ਨੂੰ ਪਏ ਲੈਣੇ ਦੇ ਦੇਣੇ

— — — — — —

## ਭਾਜਪਾ ਦੀ ਹਰ ਕਾਰਵਾਈ ਦਾ ਹੋਇਆ ਉਲਟ ਅਸਰ

AAP
AAM AADMI PARTY

ਇਸ ਤੋਂ ਪਿਛੋਂ ਭਾਜਪਾ ਲੀਡਰਸ਼ਿਪ ਨੇ ਕਿਰਨ ਬੇਦੀ ਨੂੰ ਕੁਝ ਸਮੇਂ ਲਈ ਮੀਡੀਆ ਨਾਲ ਗੱਲ ਕਰਨ ਤੋਂ ਰੋਕ ਦਿੱਤਾ। ਇਸ ਮੌਕੇ ਪਛੜ ਰਹੀ ਭਾਜਪਾ ਨੇ 'ਆਪ' ਨੂੰ ਫੰਡ ਲੈਣ ਵਰਗੇ ਕੁਝ ਹੋਰ ਮੁੱਦਿਆਂ 'ਤੇ ਘੇਰਨ ਦੀ ਕੋਸ਼ਿਸ਼ ਕੀਤੀ ਪਰ ਭਾਜਪਾ ਦਾ ਇਹ ਹੱਲਾ ਵੀ ਬੇਕਾਰ ਗਿਆ। ਸਿਆਸੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ 'ਆਪ' ਵਲੋਂ ਪਾਏ ਸਿਆਸੀ ਭੜਥੂ ਕਾਰਨ ਭਾਜਪਾ ਬੁਰੀ ਤਰ੍ਹਾਂ ਬੁਖਲਾ ਗਈ ਹੈ। ਇਸੇ ਕਰ ਕੇ ਇਹ ਆਪਣਾ ਕੋਈ ਵਿਕਾਸ ਏਜੰਡਾ ਵੋਟਰਾਂ ਅੱਗੇ ਰੱਖਣ ਦੀ ਥਾਂ ਸਾਰਾ ਧਿਆਨ 'ਆਪ' ਦੀ ਆਲੋਚਨਾ ਉਤੇ ਲਾ ਰਹੀ ਹੈ।

ਭਾਜਪਾ ਦੀ ਬੁਖਲਾਹਟ ਦਾ ਇਹ ਆਲਮ ਹੈ ਕਿ ਪਾਰਟੀ ਨੇ ਵੱਖ-ਵੱਖ ਹਲਕਿਆਂ ਵਿਚ ਪ੍ਰਚਾਰ ਲਈ ਕਈ ਕੇਂਦਰੀ ਮੰਤਰੀ ਅਤੇ ਤਕਰੀਬਨ 200 ਸੰਸਦ ਮੈਂਬਰ ਝੋਕ ਦਿੱਤੇ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀਆਂ ਰੈਲੀਆਂ ਵੱਖਰੀਆਂ ਕੀਤੀਆਂ ਜਾ ਰਹੀਆਂ ਹਨ। ਇਸੇ ਦੌਰਾਨ ਆਰ.ਐਸ.ਐਸ. ਨੇ ਆਪਣੇ ਹਫਤਾਵਾਰੀ ਪਰਚੇ 'ਆਗੇਨਾਈਜ਼ਰ' ਦੇ ਨਵੇਂ ਅੰਕ ਵਿਚ ਦਿੱਲੀ ਚੋਣਾਂ ਬਾਰੇ ਲੇਖ ਛਾਪ ਦਿੱਤਾ ਹੈ। ਇਸ ਲੇਖ ਵਿਚ ਕਿਹਾ ਗਿਆ ਹੈ ਕਿ ਭਾਜਪਾ ਦਿੱਲੀ ਦੇ ਚੋਣ ਪਿੜ ਵਿਚ ਅਜੇ ਵੀ ਪਛੜ ਰਹੀ ਹੈ, ਕਿਰਨ ਬੇਦੀ ਵਾਲਾ ਪੱਤਾ ਵੀ ਪਾਰਟੀ


(ਬਾਕੀ ਸਫਾ 6 'ਤੇ)


# ਸਿੱਖ ਕਤਲੇਆਮ ਦੀ ਜਾਂਚ ਲਈ ਬਣੇਗੀ ਇਕ ਹੋਰ ਕਮੇਟੀ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਤਿੰਨ ਦਹਾਕਿਆਂ ਤੋਂ ਇਨਸਾਫ ਲਈ ਜਦੋਜਹਿਦ ਕਰ ਰਹੇ 1984 ਦੇ ਸਿੱਖ ਕਤਲੇਆਮ ਪੀੜਤਾਂ ਲਈ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਇਕ ਵਾਰ ਫਿਰ ਆਸ ਦੀ ਕਿਰਨ ਜਗਾਈ ਹੈ। ਮੋਦੀ ਸਰਕਾਰ ਵਲੋਂ 23 ਦਸੰਬਰ 2014 ਨੂੰ ਬਣਾਈ ਜਸਟਿਸ ਮਾਥੁਰ ਕਮੇਟੀ ਨੇ ਵਿਸ਼ੇਸ਼ ਜਾਂਚ ਦਲ (ਐਸ.ਆਈ.ਟੀ.) ਬਣਾ ਕੇ ਸਾਰੇ ਕੇਸਾਂ ਦੀ ਮੁੜ ਘੋਖ ਦੀ ਸਿਫਾਰਸ਼ ਕੀਤੀ ਹੈ ਤੇ ਸਰਕਾਰ ਨੇ ਇਸ ਸ਼ਿਫਾਰਸ਼ ਨੂੰ ਮੰਨਣ ਲਈ ਹਾਮੀ ਵੀ ਭਰ ਦਿੱਤੀ ਹੈ ਪਰ ਪੀੜਤ ਪਰਿਵਾਰਾਂ ਨੂੰ ਦਿੱਲੀ ਵਿਧਾਨ ਸਭਾ ਚੋਣਾਂ ਮੌਕੇ ਕੀਤੇ ਇਸ ਐਲਾਨ ਤੋਂ ਬਹੁਤੀਆਂ ਉਮੀਦਾਂ ਨਜ਼ਰ ਨਹੀਂ ਆ ਰਹੀਆਂ।

ਗੌਰਤਲਬ ਹੈ ਕਿ ਇਸ ਕਤਲੇਆਮ ਦੀ ਜਾਂਚ ਲਈ ਨਵੰਬਰ 1984 ਤੋਂ ਲੈ ਕੇ ਨਵੰਬਰ 2014 ਤੱਕ ਤਕਰੀਬਨ 10 ਸਰਕਾਰੀ ਕਮਿਸ਼ਨ ਤੇ ਕਮੇਟੀਆਂ ਬਣ ਚੁੱਕੀਆਂ ਹਨ ਪਰ ਪੀੜਤਾਂ ਨੂੰ ਹਾਲੇ ਤੱਕ ਨਾ ਹੀ ਇਨਸਾਫ਼ ਮਿਲ ਸਕਿਆ ਹੈ ਤੇ ਨਾ ਉਨ੍ਹਾਂ ਦਾ ਲੋੜੀਂਦਾ ਮੁੜ-ਵਸੇਬਾ ਕੀਤਾ ਗਿਆ ਹੈ। ਸਿਆਸੀ ਪਾਰਟੀਆਂ ਇਸ ਮੁੱਦੇ ਨੂੰ ਚੋਣਾਂ ਸਮੇਂ ਸਿੱਖ ਭਾਈਚਾਰੇ ਦੀਆਂ ਵੋਟਾਂ ਬਟੋਰਨ ਲਈ ਮੁੜ-ਮੁੜ ਰਿੜਕਣ ਦਾ ਕੰਮ ਕਰਦੀਆਂ ਆ ਰਹੀਆਂ ਹਨ। ਹੁਣ ਵੀ ਇਸੇ ਕਿਸਮ ਦੀ ਸਿਆਸਤ ਖੇਡੇ ਜਾਣ ਦਾ ਪ੍ਰਭਾਵ ਬਣ ਰਿਹਾ ਹੈ। ਭਾਜਪਾ ਕਿਉਂਕਿ ਇਸ ਤੋਂ ਪਹਿਲਾਂ ਤਕਰੀਬਨ ਛੇ ਸਾਲ ਕੇਂਦਰ ਵਿਚ ਸੱਤਾ ਦਾ ਸੁੱਖ ਭੋਗ ਚੁੱਕੀ ਹੈ ਪਰ ਕਦੇ ਪੀੜਤਾਂ ਲਈ ਇਨਸਾਫ ਦੀ ਹਾਮੀ ਨਹੀਂ ਭਰੀ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਅਰਵਿੰਦ ਕੇਜਰੀਵਾਲ ਦੀ ਦਿੱਲੀ ਸਰਕਾਰ ਵਲੋਂ ਵਿਸ਼ੇਸ਼ ਜਾਂਚ ਟੀਮ ਗਠਿਤ ਕੀਤੇ ਜਾਣ ਦੇ ਫ਼ੈਸਲੇ ਬਾਰੇ ਭਾਜਪਾ ਨੋਟੀਫਿਕੇਸ਼ਨ ਵੀ ਜਾਰੀ ਨਹੀਂ ਕਰਵਾ ਸਕੀ ਸੀ, ਸਗੋਂ ਅਜਿਹਾ ਕਰਨ ਦੀ ਬਜਾਇ ਉਸ ਫ਼ੈਸਲੇ 'ਤੇ ਰੋਕ ਲਗਾ ਦਿੱਤੀ ਗਈ। ਹੁਣ ਦਿੱਲੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਅਚਾਨਕ ਵਿਸ਼ੇਸ਼ ਜਾਂਚ ਟੀਮਾਂ ਬਣਾਉਣ ਦੇ ਸੰਕੇਤ ਦੇ ਕੇ ਉਹ ਇਸ ਅਤਿਅੰਤ ਸੰਵੇਦਨਸ਼ੀਲ ਮੁੱਦੇ ਨੂੰ ਰਾਜਸੀ ਰੰਗਤ ਦੇ ਰਹੀ ਹੈ।

## ਭਾਜਪਾ ਉਤੇ ਚੋਣ ਸਿਆਸਤ ਕਰਨ ਦੇ ਲੱਗੇ ਦੋਸ਼

ਮਾਥੁਰ ਕਮੇਟੀ ਦੀ ਸਿਫਾਰਸ਼ ਪਿੱਛੋਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਵਿਸ਼ੇਸ਼ ਜਾਂਚ ਕਮੇਟੀ ਲਈ ਮੋਦੀ ਸਰਕਾਰ ਤੱਕ ਪਹੁੰਚ ਕੀਤੀ ਹੈ। 1984 ਦੇ ਕਤਲੇਆਮ ਉਤੇ ਸਿਆਸਤ ਸਿਰਫ ਭਾਜਪਾ ਹੀ ਨਹੀਂ, ਬਲਕਿ ਕਾਂਗਰਸ ਵੀ ਕਰਦੀ ਆ ਰਹੀ ਹੈ। ਉਸ ਨੇ ਆਪਣੇ ਕਾਰਜਕਾਲ ਵਿਚ ਕਈ ਕਮੇਟੀਆਂ ਤੇ ਕਮਿਸ਼ਨ ਗਠਿਤ ਕੀਤੇ ਪਰ ਸਿਆਸੀ ਕਾਰਨਾਂ ਕਰਕੇ ਉਨ੍ਹਾਂ ਦੀਆਂ ਸਿਫ਼ਾਰਸ਼ਾਂ ਨੂੰ ਕਦੇ ਵੀ ਅਮਲ ਵਿਚ ਲਾਗੂ ਨਾ ਕੀਤਾ ਗਿਆ। ਕਾਂਗਰਸ


(ਬਾਕੀ ਸਫਾ 6 'ਤੇ)



Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now @ZERO COST
Call Sukhi Gill
510-207-9067

Jassi Gill
CA DRE Lic.#01180969
CA DRE# 00966763

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Office of Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)

Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com







# ਟਰੱਕਿੰਗ ਦੀ ਦੁਨੀਆਂ ਵਿਚ ਨਵੀਂ ਪਹਿਲਕਦਮੀ

## ਟਰੱਕਿੰਗ ਬਿਜਨਸ ਵਿਚ ਛਾਏ ਹੋਏ ਓਨਰ ਅਪਰੇਟਰਾਂ ਲਈ ਖੁਸ਼ਖਬਰੀ!

ਹੁਣ ਤੁਹਾਨੂੰ ਆਪਣੇ ਟਰੱਕ ਕਿਸੇ ਕੰਪਨੀ ਨੂੰ ਲੀਜ਼ ਕਰਨ ਦੀ ਜ਼ਰੂਰਤ ਨਹੀਂ।
ਅਸੀਂ ਤੁਹਾਡੇ ਵਾਸਤੇ ਤੁਹਾਡੇ ਪਰਮਿਟਾਂ ਉਤੇ ਲੋਡ ਲੱਭ ਕੇ ਦਿਆਂਗੇ।



- ਤੁਹਾਡੇ ਲੋਡ ਦਾ ਚੈਕ ਤੁਹਾਡੇ ਹੀ ਨਾਂ ਉਤੇ ਹੋਵੇਗਾ।
- ਡਿਸਪੈਚ ਦੇ ਨਾਂ ‘ਤੇ ਹੁੰਦੀ ਲੁੱਟ ਤੋਂ ਛੁਟਕਾਰਾ।
- ਧੱਕੇ ਨਾਲ ਚੁਕਾਏ ਜਾਂਦੇ ਲੋਡਾਂ ਤੋਂ ਬਚਾਅ।
- ਅਸੀਂ ਤੁਹਾਡੇ ਲਈ ਕੰਮ ਕਰਾਂਗੇ, ਨਾ ਕਿ ਤੁਸੀਂ ਸਾਡੇ ਲਈ।
- ਇਕ ਜਾਂ ਦੋ ਟਰੱਕਾਂ ਦੇ ਮਾਲਕਾਂ ਲਈ ਪੈਸੇ ਕਮਾਉਣ ਦਾ ਸੁਨਹਿਰੀ ਮੌਕਾ।

ਹਰ ਤਰ੍ਹਾਂ ਦੀ ਜਾਣਕਾਰੀ ਲਈ ਕਾਲ ਕਰੋ **ਫੋਨ: 209-910-9731**

# ਵੀ.ਆਈ.ਪੀ. ਡਿਊਟੀਆਂ ਜੋਗੇ ਰਹੇ ਗਏ ਸਰਕਾਰੀ ਡਾਕਟਰ

**ਚੰਡੀਗੜ੍ਹ:** ਸਰਕਾਰੀ ਹਸਪਤਾਲਾਂ ਵਿਚ ਤਾਇਨਾਤ ਮਾਹਿਰ ਡਾਕਟਰ ਸਿਰਫ ਵੀ.ਆਈ.ਪੀ. ਡਿਊਟੀਆਂ ਨਿਭਾਉਣ ਜੋਗੇ ਹੀ ਰਹੇ ਗਏ ਹਨ। ਸਿਹਤ ਵਿਭਾਗ ਮੰਤਰੀਆਂ ਨੂੰ ਖ਼ੁਸ਼ ਕਰਨ ਲਈ ਨਿਯਮਾਂ ਦੀ ਅਣਦੇਖੀ ਕਰਕੇ ਮਾਹਿਰ ਡਾਕਟਰਾਂ ਦੀ ਵੀ.ਆਈ.ਪੀ. ਡਿਊਟੀ ਲਾ ਰਿਹਾ ਹੈ। ਸਰਕਾਰ ਦੀਆਂ ਹਦਾਇਤਾਂ ਮੁਤਾਬਕ ਮਾਹਿਰ ਡਾਕਟਰਾਂ ਨੂੰ ਸਿਰਫ ਜ਼ੈਡ ਸੁਰੱਖਿਆ ਵਾਲੇ ਅਤਿ ਮਹੱਤਵਪੂਰਨ ਵਿਆਕਤੀਆਂ ਨਾਲ ਹੀ ਤਾਇਨਾਤ ਕੀਤਾ ਜਾ ਸਕਦਾ ਹੈ। ਮੰਤਰੀਆਂ ਨਾਲ ਜ਼ਿਲ੍ਹਾ ਪ੍ਰੀਸ਼ਦਾਂ ਤਹਿਤ ਕੰਮ ਕਰਦੇ ਰੂਰਲ ਮੈਡੀਕਲ ਅਫਸਰਾਂ ਨੂੰ ਜੋੜੇ ਜਾਣ ਦੇ ਆਦੇਸ਼ ਹਨ। ਵੀ.ਆਈ.ਪੀ. ਡਿਊਟੀ 'ਤੇ ਲਾਏ ਜਾਣ ਵਾਲੇ ਡਾਕਟਰਾਂ ਲਈ ਮਹਿਕਮੇ ਕੋਲ ਗੱਡੀਆਂ ਦੀ ਘਾਟ ਹੈ। ਇਸ ਕਰਕੇ ਮਰੀਜ਼ਾਂ ਨੂੰ ਢੋਣ ਵਾਲੀਆਂ ਐਂਬੂਲੈਂਸਾਂ ਦੀ ਵੀ.ਆਈ.ਪੀ. ਡਿਊਟੀ ਲਈ ਵਰਤੋਂ ਹੋ ਰਹੀ ਹੋਣ ਲੱਗੀ ਹੈ।

ਸਰਕਾਰੀ ਹਸਪਤਾਲਾਂ ਵਿਚ ਮਾਹਿਰਾਂ ਦੀ ਗੈਰਹਾਜ਼ਰੀ ਵਿਚ ਮਰੀਜ਼ ਇਲਾਜ ਲਈ ਤੜਪ ਰਹੇ ਹਨ ਤੇ ਉਨ੍ਹਾਂ ਨੂੰ ਲਿਜਾਣ ਵਾਲੀਆਂ ਐਂਬੂਲੈਂਸਾਂ ਨਾ ਹੋਣ ਕਾਰਨ ਲੋਕ ਮਹਿੰਗੇ ਭਾਅ 'ਤੇ ਟੈਕਸੀਆਂ ਭਾੜੇ 'ਤੇ ਲੈਣ ਲਈ ਮਜਬੂਰ ਹਨ। ਇਥੇ ਹੀ ਬੱਸ ਨਹੀਂ ਬਹੁਤੀ ਵਾਰੀ ਡਾਕਟਰਾਂ ਨੂੰ ਆਪਣੇ ਨਿਜੀ ਵਾਹਨਾਂ 'ਤੇ ਡਿਊਟੀ ਲਈ ਜਾਣਾ ਪੈ ਜਾਂਦਾ ਹੈ ਤੇ ਉਹ ਤੇਲ ਵੀ ਆਪਣੀ ਜੇਬ ਵਿਚੋਂ ਭਰਵਾ ਰਹੇ ਹਨ। ਸਿਹਤ ਵਿਭਾਗ ਵਲੋਂ ਸਿਵਲ ਸਰਜਨ ਨੂੰ ਇਨੋਵਾ ਕਾਰ ਦੀ ਥਾਂ ਕਿਰਾਏ 'ਤੇ ਟਾਟਾ ਇੰਡੀਗੋ ਕਾਰਾਂ ਲੈ ਕੇ ਦੇਣ ਦੇ ਫੈਸਲੇ ਨਾਲ ਡਾਕਟਰਾਂ ਵਿਚ ਸਰਕਾਰ ਪ੍ਰਤੀ ਨਾਰਾਜ਼ਗੀ ਵਧ ਗਈ ਹੈ। ਕਿਰਾਏ 'ਤੇ ਟੈਕਸੀਆਂ ਲੈਣ ਦਾ ਫੈਸਲਾ ਚਾਹੇ ਵਿੱਤ ਵਿਭਾਗ ਦਾ ਹੈ ਤੇ ਸਾਰੇ ਮਹਿਕਮੇ ਇਸ ਨੂੰ ਮੰਨਣ ਦੇ ਪਾਬੰਦ ਹਨ ਪਰ ਡਾਕਟਰਾਂ ਦਾ ਕਹਿਣਾ ਹੈ ਕਿ ਐਮਰਜੈਂਸੀ ਡਿਊਟੀ ਕਰਕੇ ਉਨ੍ਹਾਂ ਦਾ ਕੇਸ ਅਲੱਗ ਤੌਰ 'ਤੇ ਵਿਚਾਰਿਆ ਜਾਣਾ ਚਾਹੀਦਾ ਹੈ।

ਡਾਕਟਰਾਂ ਨੇ ਵਿਭਾਗ ਦੇ ਮੰਤਰੀ ਨੂੰ ਦੱਸਿਆ ਹੈ ਕਿ ਉਹ ਖਟਾਰਾਂ ਗੱਡੀਆਂ ਵਿਚ ਜਦੋਂ ਮੰਤਰੀਆਂ ਨਾਲ ਡਿਊਟੀ 'ਤੇ ਜਾਂਦੇ ਹਨ ਤਾਂ ਉਨ੍ਹਾਂ ਦੀਆਂ ਗੱਡੀਆਂ ਘੱਟ ਰਫਤਾਰ 'ਤੇ ਚੱਲਦੀਆਂ ਹਨ ਜਿਸ ਕਰਕੇ ਪਿੱਛੇ ਰਹਿ ਜਾਂਦੇ ਹਨ। ਉਨ੍ਹਾਂ ਨੇ ਗੱਡੀ ਤੇਜ਼ ਭਜਾਉਣ ਨਾਲ ਹਾਦਸਾ ਵਾਪਰਨ ਦੇ ਡਰ ਦਾ ਪ੍ਰਗਟਾਵਾ ਕੀਤਾ ਹੈ। ਸਿਹਤ ਵਿਭਾਗ ਦੇ ਡਾਇਰੈਕਟਰ ਡਾ. ਕਰਨਜੀਤ ਸਿੰਘ ਕਹਿੰਦੇ ਹਨ ਕਿ ਮਾਹਿਰ ਡਾਕਟਰਾਂ ਦੀ ਡਿਊਟੀ ਸਿਰਫ ਗਣਤੰਤਰ ਦਿਵਸ ਮੌਕੇ ਲਈ ਗਈ ਸੀ ਜਦਕਿ ਅਜਿਹੇ ਸਮਾਗਮਾਂ ਵਿਚ ਤਾਂ ਹਾਜ਼ਰ ਹੋਣਾ ਹਰੇਕ ਨਾਗਰਿਕ ਦਾ ਫਰਜ਼ ਹੈ।

## ਸਿੱਖਾਂ ਦੇ ਮਸਲਿਆਂ ਲਈ ਮਾਈਕ ਹਾਂਡਾ ਦਾ ਵਿਸ਼ੇਸ਼ ਸਹਿਯੋਗ: ਏਜੀਪੀਸੀ



**ਫਰੀਮਾਂਟ (ਬਿਊਰੋ):** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਾਂਗਰਸਮੈਨ ਸ੍ਰੀ ਮਾਈਕ ਹਾਂਡਾ ਦਾ ਲਗਾਤਾਰ 8ਵੀਂ ਵਾਰ ਕਾਂਗਰਸਮੈਨ ਦੀ ਚੋਣ ਜਿੱਤਣ 'ਤੇ ਖ਼ੁਸ਼ੀ ਜ਼ਾਹਰ ਕਰਦਿਆਂ ਉਨ੍ਹਾਂ ਦਾ ਇਥੇ ਇਕ ਮੀਟਿੰਗ ਦੌਰਾਨ ਨਿੱਘਾ ਸਵਾਗਤ ਕੀਤਾ।

ਇਸ ਮੌਕੇ ਏਜੀਪੀਸੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਸ੍ਰੀ ਹਾਂਡਾ ਦਾ ਸਿੱਖਾਂ ਦੀਆਂ ਦਰਪੇਸ਼ ਮੁਸ਼ਕਿਲਾਂ ਲਈ ਪਾਏ ਗਏ ਸਹਿਯੋਗ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਹਮੇਸ਼ਾਂ ਹੀ ਸਿੱਖ ਮੁੱਦਿਆਂ ਨੂੰ ਸਹੀ ਪੱਧਰ 'ਤੇ ਉਠਾਇਆ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਆਉਣ ਵਾਲੇ ਸਮੇਂ 'ਚ ਵੀ ਉਹ ਕੌਮੀ ਮਸਲਿਆਂ ਤੇ ਸਿੱਖਾਂ ਨਾਲ ਖੜ੍ਹੇ ਹੋਣਗੇ।

ਏਜੀਪੀਸੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ ਨੇ ਕਿਹਾ ਕਿ ਸ੍ਰੀ ਹਾਂਡਾ ਨੇ 9/11 ਤੋਂ ਬਾਅਦ ਸਿੱਖਾਂ ਖਿਲਾਫ਼ ਨਸਲੀ ਹਿੰਸਾ ਦੀ ਰੋਕਥਾਮ ਲਈ ਆਵਾਜ਼ ਉਠਾਈ ਅਤੇ ਅਮਰਕੀਨ ਸਿੱਖ ਕਾਂਗਰੇਸ਼ਨਲ ਕਾਕਸ ਦੀ ਸਥਾਪਨਾ ਕਰਨ 'ਚ ਅਹਿਮ ਭੂਮਿਕਾ ਨਿਭਾਈ। ਇਸ ਮੌਕੇ ਹਰਪ੍ਰੀਤ ਸਿੰਘ ਸੰਧੂ, ਜਸਜੀਤ ਸਿੰਘ, ਮਹਿੰਦਰ ਸਿੰਘ ਮਾਨ ਸਮੇਤ ਹੋਰ ਭਾਈਚਾਰਕ ਪਤਵੰਤੇ ਵੀ ਹਾਜ਼ਰ ਸਨ।


M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont



# ਦਿੱਲੀ ਫਤਿਹ ਲਈ ਜੁਟੀ ਪੰਜਾਬ ਦੀ ਸਿਆਸੀ ਲੀਡਰਸ਼ਿਪ

**ਨਵੀਂ ਦਿੱਲੀ:** ਦਿੱਲੀ ਵਿਧਾਨ ਸਭਾ ਚੋਣਾਂ ਲਈ ਪੰਜਾਬ ਦੀ ਸਮੁੱਚੀ ਸਿਆਸੀ ਲੀਡਰਸ਼ਿਪ ਨੇ ਰਾਜਧਾਨੀ ਡੇਰੇ ਲਾਏ ਹੋਏ ਹਨ। ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਤੋਂ ਇਲਾਵਾ ਸੂਬੇ ਤੋਂ ਆਮ ਆਦਮੀ ਪਾਰਟੀ ਤੇ ਕਾਂਗਰਸ ਦੇ ਸੀਨੀਅਰ ਆਗੂਆਂ ਨੇ ਚੋਣ ਪ੍ਰਚਾਰ ਦੀ ਕਮਾਨ ਸੰਭਾਲੀ ਹੈ। ਪਿਛਲੀਆਂ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਚਾਰ ਵਿਚੋਂ ਤਿੰਨ ਸੀਟਾਂ 'ਤੇ ਜਿੱਤ ਹਾਸਲ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਵਲੋਂ ਮੌਜੂਦਾ ਚੋਣਾਂ ਨੂੰ ਬਹੁਤ ਹੀ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਸਮੁੱਚੀ ਅਕਾਲੀ ਦਲ (ਬਾਦਲ) ਟੀਮ ਨੇ ਦਿੱਲੀ ਡੇਰੇ ਲਾਏ ਹੋਏ ਹਨ। ਅਕਾਲੀ ਦਲ ਨੇ ਇਸ ਵਾਰ ਚੋਣ ਮੁਹਿੰਮ ਦੀ ਕਮਾਨ ਬਿਕਰਮ ਸਿੰਘ ਮਜੀਠੀਆ ਹੱਥ ਦਿੱਤੀ ਹੋਈ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੀ ਦਿੱਲੀ ਪਹੁੰਚੇ ਹੋਏ ਹਨ।

ਅਕਾਲੀ ਦਲ ਦੇ ਸੀਨੀਅਰ ਆਗੂ ਤੇ ਕੌਮੀ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ, ਸੀਨੀਅਰ ਮੀਤ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਤੇ ਰਾਜ ਸਭਾ ਮੈਂਬਰ ਨਰੇਸ਼ ਗੁਜਰਾਲ ਨੂੰ ਸਾਰੇ ਚਾਰ ਹਲਕਿਆਂ ਦੀ ਦੇਖ-ਰੇਖ ਦੀ ਜ਼ਿੰਮੇਵਾਰੀ ਤੋਂ ਇਲਾਵਾ ਪਾਰਟੀ ਦੇ ਬੁਲਾਰੇ ਤੇ ਪੰਜਾਬ ਦੇ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਦੇ ਨਾਲ ਗੁਰਚਰਨ ਸਿੰਘ ਚੰਨੀ (ਜ਼ਿਲ੍ਹਾ ਪ੍ਰਧਾਨ ਸ਼ਹਿਰੀ, ਜਲੰਧਰ) ਤੇ ਪਰਮਜੀਤ ਸਿੰਘ ਸਿੱਧਵਾ (ਮੁੱਖ ਮੰਤਰੀ ਦੇ ਸਿਆਸੀ ਸਲਾਹਕਾਰ) ਨੂੰ ਚੋਣ ਪ੍ਰਬੰਧ ਦੇ ਮੁੱਖ ਦਫਤਰ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

### ਸ਼੍ਰੋਮਣੀ ਅਕਾਲੀ ਦਲ ਸਣੇ ਹੋਰ ਧਿਰਾਂ ਨੇ ਲਾਏ ਦਿੱਲੀ ਡੇਰੇ




ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਚਿੱਟੇ ਕੁੜਤੇ-ਪਜ਼ਾਮਿਆਂ ਵਿਚ ਘਰ-ਘਰ ਚੋਣ ਪ੍ਰਚਾਰ ਵਿਚ ਜੁਟੇ ਹੋਏ ਹਨ। ਕਈ ਵੱਡੇ ਅਕਾਲੀ ਆਗੂ ਤੇ ਪੰਜਾਬ ਦੇ ਮੰਤਰੀ ਵੀ ਚੋਣ ਪ੍ਰਚਾਰ ਕਰ ਰਹੇ ਹਨ। ਇਹ ਪ੍ਰਚਾਰ ਤੁਰ ਕੇ ਵੀ ਤੇ ਵੱਡੀਆਂ ਗੱਡੀਆਂ ਨਾਲ ਕੀਤਾ ਜਾ ਰਿਹਾ ਹੈ। ਸ੍ਰੀ ਮਜੀਠੀਆ, ਜਿਨ੍ਹਾਂ ਦਾ ਕਰੀਅਰ ਇਸ ਵੇਲੇ ਡਾਵਾਂਡੋਲ ਤੇ ਵਿਵਾਦਾਂ ਵਿਚ ਹੈ, ਲਈ ਇਹ ਚੋਣਾਂ ਬਹੁਤ ਅਹਿਮ ਹਨ। ਉਨ੍ਹਾਂ ਕਿਹਾ ਕਿ ਦਿੱਲੀ ਦੇ ਪੰਜਾਬੀ ਚਾਹੇ ਸਿੱਖ ਹੋਣ ਜਾਂ ਹਿੰਦੂ, ਉਹ ਸਿੱਧੇ ਜਾਂ ਅਸਿੱਧੇ ਢੰਗ ਨਾਲ ਪੰਜਾਬ ਨਾਲ ਜੁੜੇ ਹਨ। ਦਿੱਲੀ ਚੋਣਾਂ ਲਈ ਛੇ ਤੋਂ ਸੱਤ ਹਜ਼ਾਰ ਅਕਾਲੀ ਵਰਕਰ ਤੇ ਨੇਤਾ ਇਥੇ ਪੁੱਜੇ ਹੋਏ ਹਨ। ਉਹ ਸਿੱਧੇ ਤੌਰ 'ਤੇ ਜਾਂ ਪੰਜਾਬ ਵਿਚ ਵਸਦੇ ਸਥਾਨਕ ਲੋਕਾਂ ਦੇ ਰਿਸ਼ਤੇਦਾਰਾਂ ਰਾਹੀਂ ਅਕਾਲੀ-ਭਾਜਪਾ-ਅਕਾਲੀ ਦਲ ਉਮੀਦਵਾਰਾਂ ਨੂੰ ਵੋਟਾਂ ਪਾਉਣ ਲਈ ਜ਼ੋਰ ਪਾ ਰਹੇ ਹਨ। ਰਾਜੌਰੀ ਗਾਰਡਨ ਤੋਂ ਅਕਾਲੀ ਦਲ ਦੇ ਮਨਜਿੰਦਰ ਸਿੰਘ ਸਿਰਸਾ 'ਤੱਕੜੀ' ਦੇ ਨਿਸ਼ਾਨ 'ਤੇ ਚੋਣ ਲੜ ਰਹੇ ਹਨ ਜਦਕਿ ਬਾਕੀ ਦੇ ਤਿੰਨ ਅਕਾਲੀ ਨੇਤਾ ਭਾਜਪਾ ਦੇ 'ਕਮਲ' ਨਿਸ਼ਾਨ ਉਪਰ ਮੈਦਾਨ ਵਿਚ ਹਨ। ਇਨ੍ਹਾਂ ਵਿਚ ਹਰਮੀਤ ਸਿੰਘ ਕਾਲਕਾ ਕਾਲਕਾਜੀ ਤੋਂ, ਜਤਿੰਦਰਪਾਲ ਸਿੰਘ ਸ਼ੰਟੀ ਸ਼ਾਹਦਰਾ ਤੋਂ ਤੇ ਅਵਤਾਰ ਸਿੰਘ ਹਿੱਤ ਹਰੀਨਗਰ ਤੋਂ ਮੈਦਾਨ ਵਿਚ ਹਨ। ਕਾਂਗਰਸ ਨੇ ਵੀ ਪੰਜਾਬੀ ਨੇਤਾਵਾਂ ਨੂੰ ਮੈਦਾਨ ਵਿਚ ਉਤਾਰਿਆ ਹੈ। ਅਜੈ ਮਾਕਨ ਤੋਂ ਇਲਾਵਾ ਦਿੱਲੀ ਕਾਂਗਰਸ ਕਮੇਟੀ ਦੇ ਪ੍ਰਧਾਨ ਅਰਵਿੰਦਰ ਸਿੰਘ ਲਵਲੀ ਇਕ ਸਿੱਖ ਹੋਣ ਦੇ ਨਾਲ-ਨਾਲ ਉਨ੍ਹਾਂ ਦੀ ਮਾਤਾ

### ਅੱਧੀ ਦਰਜਨ ਹਲਕਿਆਂ 'ਚ ਹਾਰ-ਜਿੱਤ ਸਿੱਖ ਵੋਟਰਾਂ ਹੱਥ

**ਨਵੀਂ ਦਿੱਲੀ:** ਸਿੱਖ ਵੋਟਰ ਤਕਰੀਬਨ 15 ਹਲਕਿਆਂ ਵਿਚ ਆਪਣਾ ਅਸਰ ਪਾਉਂਦੇ ਹਨ ਤੇ ਤਕਰੀਬਨ ਅੱਧੀ ਦਰਜਨ ਹਲਕਿਆਂ ਵਿਚ ਜਿੱਤ-ਹਾਰ ਉਨ੍ਹਾਂ ਦੇ ਹੀ ਹੱਥ ਹੁੰਦੀ ਹੈ। ਇਸੇ ਕਰਕੇ ਹੀ ਸ਼੍ਰੋਮਣੀ ਅਕਾਲੀ ਦਲ ਨੇ ਰਾਜੌਰੀ ਗਾਰਡਨ ਤੇ ਹਰੀਨਗਰ ਵਰਗੇ ਸਿੱਖ/ਪੰਜਾਬੀ ਬਹੁਵਸੋਂ ਵਾਲੇ ਹਲਕਿਆਂ ਨੂੰ ਚੁਣਿਆ ਸੀ ਤੇ ਇਸ ਵਾਰ ਵੀ ਪੰਜਾਬ ਦੀ ਲੀਡਰਸ਼ਿਪ ਦਿੱਲੀ ਅੰਦਰ ਪਿਛਲੀਆਂ ਚੋਣਾਂ ਵਾਂਗ ਹੀ ਸਰਗਰਮ ਹੋ ਚੁੱਕੀ ਹੈ।

ਪੱਛਮੀ ਦਿੱਲੀ ਅੰਦਰ ਤਕਰੀਬਨ 9.5 ਫੀਸਦੀ ਸਿੱਖ ਵਸੋਂ ਹੈ ਤੇ ਇਥੋਂ ਤਿਲਕ ਨਗਰ, ਹਰੀ ਨਗਰ, ਰਾਜੌਰੀ ਗਾਰਡਨ, ਵਿਸ਼ਨੂੰ ਗਾਰਡਨ, ਜਨਕਪੁਰੀ ਤੇ ਹੋਰ ਕੁਝ ਹਲਕਿਆਂ ਵਿਚ ਪੰਜਾਬੀ ਵੋਟਰ ਅਸਰਦਾਰ ਹੁੰਦੇ ਹਨ। ਨਵੀਂ ਦਿੱਲੀ ਦੇ ਹਲਕਿਆਂ ਮੋਤੀ ਨਗਰ, ਪਟੇਲ ਨਗਰ, ਰਾਜਿੰਦਰ ਨਗਰ, ਮਾਲਵੀਆ ਨਗਰ ਤੇ ਗ੍ਰੇਟਰ ਕੈਲਾਸ਼ ਵਿਚ ਸਿੱਖਾਂ ਦੀ ਵਸੋਂ ਤਕਰੀਬਨ ਚਾਰ ਫੀਸਦੀ ਹੈ। ਚਾਂਦਨੀ ਚੌਕ ਇਲਾਕੇ ਦੇ ਰੌਸ਼ਨਆਰਾ ਰੋਡ, ਪ੍ਰਤਾਪ ਨਗਰ, ਸ਼ਾਸਤਰੀ ਨਗਰ, ਲਾਰੈਂਸ ਰੋਡ ਤੇ ਰਾਣੀ ਬਾਗ ਆਦਿ ਵਿਚ ਤਕਰੀਬਨ 3.95 ਫੀਸਦੀ ਸਿੱਖ ਰਹਿੰਦੇ ਹਨ।

ਪੂਰਬੀ ਦਿੱਲੀ ਅੰਦਰ ਜੰਗਪੁਰਾ, ਭੋਗਲ, ਕ੍ਰਿਸ਼ਨਾ ਨਗਰ ਤੇ ਗਾਂਧੀ ਨਗਰ ਆਦਿ ਵਿਚ ਤਿੰਨ ਫੀਸਦੀ ਸਿੱਖ ਰਹਿੰਦੇ ਹਨ। ਉਤਰੀ-ਪੂਰਬ ਦਿੱਲੀ ਦੇ ਹਲਕਿਆਂ ਮੁਖਰਜੀ ਨਗਰ, ਵਿਜੈ ਨਗਰ ਤੇ ਟੈਗੋਰ ਗਾਰਡਨ ਵਿਚ 1.25 ਫੀਸਦੀ ਸਿੱਖ ਰਹਿੰਦੇ ਹਨ। ਉਤਰੀ-ਪੱਛਮ ਦਿੱਲੀ ਵਿਚ ਦੋ ਫੀਸਦੀ ਸਿੱਖ ਰਹਿੰਦੇ ਹਨ ਤੇ ਇਹ ਇਲਾਕੇ ਹਨ ਮੰਗੋਲਪੁਰੀ, ਸੁਲਤਾਨਪੁਰੀ ਤੇ ਨਾਂਗਲੋਈ। ਦੱਖਣੀ ਦਿੱਲੀ ਦੇ ਹਲਕਿਆਂ ਕਾਲਕਾ ਜੀ, ਈਸਟ ਆਫ ਕੈਲਾਸ਼ ਤੇ ਸਾਕੇਤ ਵਿਚ ਦੋ ਫੀਸਦੀ ਸਿੱਖ ਰਹਿੰਦੇ ਹਨ।

ਮੁਕਤਸਰ ਦੇ ਪਿੰਡ ਰਣਜੀਤਗੜ੍ਹ ਤੋਂ ਹਨ। ਕੈਪਟਨ ਅਮਰਿੰਦਰ ਸਿੰਘ ਤੇ ਪ੍ਰਤਾਪ ਸਿੰਘ ਬਾਜਵਾ ਹਾਲੇ ਚੋਣ ਪ੍ਰਚਾਰ ਲਈ ਨਹੀਂ ਪੁੱਜੇ। ਫਤਹਿਗੜ੍ਹ ਸਾਹਿਬ ਤੋਂ ਵਿਧਾਇਕ ਕੁਲਜੀਤ ਸਿੰਘ ਨਾਗਰਾ ਪਾਰਟੀ ਦੇ ਚੋਣ ਇੰਚਾਰਜ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਦਿੱਲੀ ਦੀ ਸਿਆਸਤ ਵਿਚ ਪੰਜਾਬੀਆਂ ਦਾ ਬੋਲਬਾਲਾ ਹੈ।

'ਆਪ' ਦੇ ਨੇਤਾ ਤੇ ਵਰਕਰ ਇਥੇ ਪ੍ਰਚਾਰ ਕਰ ਰਹੇ ਹਨ। ਲੋਕ ਸਭਾ ਮੈਂਬਰ ਭਗਵੰਤ ਸਿੰਘ ਮਾਨ ਆਪਣੇ ਪੰਜਾਬੀ ਤੇ ਸਿੱਖ ਉਮੀਦਵਾਰਾਂ ਲਈ ਜ਼ੋਰ ਲਗਾ ਰਹੇ ਹਨ। ਸ੍ਰੀ ਸੁੱਚਾ ਸਿੰਘ ਛੋਟੇਪੁਰ ਵੀ 'ਆਪ' ਉਮੀਦਵਾਰਾਂ ਲਈ ਕਾਫੀ ਸਮੇਂ ਤੋਂ ਪ੍ਰਚਾਰ ਕਰ ਰਹੇ ਹਨ। ਰਾਜੌਰੀ ਗਾਰਡਨ ਤੋਂ ਜਰਨੈਲ ਸਿੰਘ 'ਆਪ' ਦੇ ਉਮੀਦਵਾਰ ਹਨ। ਇਨ੍ਹਾਂ ਚੋਣਾਂ ਵਿਚ ਵੱਖ-ਵੱਖ ਮੁੱਦੇ ਹਨ ਪਰ ਪੰਜਾਬੀ ਖਾਸ ਤੌਰ 'ਤੇ ਸਿੱਖਾਂ ਲਈ 1984 ਦੇ ਸਿੱਖ ਵਿਰੋਧੀ ਦੰਗਿਆਂ ਦਾ ਮਾਮਲਾ 'ਆਪ' ਤੇ ਅਕਾਲੀ ਦਲ ਉਭਾਰ ਰਹੇ ਹਨ।

ਅਕਾਲੀ ਦਲ ਦਿੱਲੀ ਵਿੱਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਦੇ ਨਾਲ-ਨਾਲ ਪੁਲਿਸ ਵਿਚ ਸਿੱਖ ਕੋਟਾ ਮੰਗ ਰਹੇ ਹਨ। ਕਾਂਗਰਸ ਨੇ ਪੰਜਾਬ ਵਿਚ ਅਕਾਲੀ-ਭਾਜਪਾ ਰਾਜ ਵਿਚ ਫੈਲੇ ਨਸ਼ਿਆਂ ਦੇ ਕਾਰੋਬਾਰ ਦੇ ਮੁੱਦੇ ਨੂੰ ਉਭਾਰਿਆ ਹੋਇਆ ਹੈ।

### ਦਿੱਲੀ ਚੋਣਾਂ: ਇਸ ਵਾਰ 114 ਉਮੀਦਵਾਰ ਦਾਗੀ

**ਨਵੀਂ ਦਿੱਲੀ:** ਦਿੱਲੀ ਦੇ 70 ਵਿਧਾਨ ਸਭਾ ਹਲਕਿਆਂ ਲਈ 673 ਉਮੀਦਵਾਰ ਚੋਣ ਮੈਦਾਨ ਵਿਚ ਹਨ, ਇਨ੍ਹਾਂ ਵਿਚੋਂ 114 ਖ਼ਿਲਾਫ ਮਾਮਲੇ ਦਰਜ ਹਨ, ਜਿਨ੍ਹਾਂ ਵਿਚੋਂ 74 ਨੇ ਇਸ ਨੂੰ ਸਵੀਕਾਰ ਕੀਤਾ ਹੈ। ਪਿਛਲੀਆਂ 2013 ਦੀਆਂ ਵਿਧਾਨ ਸਭਾ ਚੋਣਾਂ ਸਮੇਂ 796 ਉਮੀਦਵਾਰਾਂ ਵਿਚੋਂ 130 ਖ਼ਿਲਾਫ ਮਾਮਲੇ ਦਰਜ ਸਨ, ਜਿਨ੍ਹਾਂ ਵਿਚੋਂ 94 ਉਮੀਦਵਾਰਾਂ ਖ਼ਿਲਾਫ ਗੰਭੀਰ ਦੋਸ਼ ਸਨ। ਭਾਜਪਾ ਦੇ ਸਭ ਤੋਂ ਜ਼ਿਆਦਾ 27 ਉਮੀਦਵਾਰਾਂ ਖ਼ਿਲਾਫ ਅਪਰਾਧਿਕ ਮਾਮਲੇ ਦਰਜ ਹਨ।





ਇਸ ਦੀ ਜਾਣਕਾਰੀ ਦਿੱਲੀ ਇਲੈਕਸ਼ਨ ਵਾਚ ਤੇ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਰਮਸ਼ ਨੇ ਦਿੱਤੀ ਹੈ। ਭਾਜਪਾ ਦੇ 17 ਉਮੀਦਵਾਰਾਂ ਖ਼ਿਲਾਫ ਗੰਭੀਰ ਅਪਰਾਧਿਕ ਮਾਮਲੇ ਦਰਜ ਹਨ ਤੇ 'ਆਪ' ਦੇ 23 ਦਾਗੀਆਂ ਵਿਚੋਂ 11 ਖ਼ਿਲਾਫ ਗੰਭੀਰ ਮਾਮਲੇ ਹਨ।

# ਸਿਆਸੀ ਲਾਰਿਆਂ ਤੋਂ ਦੁਖੀ ਨੇ ਕਤਲੇਆਮ ਪੀੜਤ ਪਰਿਵਾਰ

**ਨਵੀਂ ਦਿੱਲੀ:** 1984 ਦਿੱਲੀ ਸਿੱਖ ਕਤਲੇਆਮ ਵਿਚ ਆਪਣਾ ਸਭ ਕੁਝ ਗੁਆ ਬੈਠੇ ਸਿੱਖ ਪਰਿਵਾਰ ਚੋਣਾਂ ਸਮੇਂ ਸਿਆਸੀ ਲੀਡਰਾਂ ਦੇ ਲਾਰਿਆਂ ਤੋਂ ਡਾਢੇ ਦੁਖੀ ਹਨ। ਇਨ੍ਹਾਂ ਪਰਿਵਾਰਾਂ ਦਾ ਕਹਿਣਾ ਹੈ ਕਿ ਸਿਆਸੀ ਲੋਕ ਚੋਣਾਂ ਸਮੇਂ ਉਨ੍ਹਾਂ ਨੂੰ ਇਨਸਾਫ ਦਾ ਭਰੋਸਾ ਦਿੰਦੇ ਹਨ ਤੇ ਬਾਅਦ ਵਿਚ ਉਨ੍ਹਾਂ ਦੀ ਕੋਈ ਪੁੱਛਗਿੱਛ ਨਹੀਂ ਹੁੰਦੀ। ਸਿੱਖ ਕਤਲੇਆਮ ਦੌਰਾਨ ਤ੍ਰਿਲੋਕਪੁਰੀ ਦੇ ਨਾਜਰ ਸਿੰਘ ਦੇ ਪਿਤਾ ਨੂੰ ਵੀ ਕਤਲ ਕਰ ਦਿੱਤਾ ਗਿਆ ਸੀ। ਨਾਲ ਹੀ ਉਨ੍ਹਾਂ ਦਾ ਕਾਰ ਮੁਰੰਮਤ ਦਾ ਕਾਰੋਬਾਰ ਵੀ ਤਬਾਹ ਹੋ ਗਿਆ ਸੀ। ਇਨ੍ਹਾਂ ਵਰ੍ਹਿਆਂ ਦੌਰਾਨ ਉਹ ਇਨਸਾਫ਼ ਤੇ ਢੁੱਕਵੇਂ ਮੁਆਵਜ਼ੇ ਦੀ ਉਡੀਕ ਕਰਦਿਆਂ ਥੱਕ ਟੁੱਟ ਚੁੱਕਾ ਹੈ।

ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਸਿੱਖਾਂ ਨਾਲ ਇਨਸਾਫ ਤੇ ਹੋਰ ਮੁਆਵਜ਼ੇ ਦੇ ਕੀਤੇ ਜਾ ਰਹੇ ਵਾਅਦੇ ਉਸ ਦੇ ਦੁਖੀ ਹਿਰਦੇ ਨੂੰ ਠੰਢ ਨਹੀਂ ਪਾ ਰਹੇ। ਉਸ ਨੇ ਚਿਹਰੇ 'ਤੇ ਬਿਨਾਂ ਕੋਈ ਭਾਵ ਲਿਆਉਂਦੇ ਕਿਹਾ ਕਿ ਅਸੀਂ ਤਾਂ ਸਿਰਫ ਵੋਟਾਂ ਲੈਣ ਦਾ ਜ਼ਰੀਆ ਬਣੇ ਹੋਏ ਹਾਂ। ਹਰੇਕ ਚੋਣਾਂ ਵਿਚ ਅਜਿਹੇ ਵਾਅਦੇ ਕੀਤੇ ਜਾਣ ਬਾਅਦ ਮੈਨੂੰ ਸੋਝੀ ਆ ਗਈ ਹੈ ਕਿ ਇਹ ਕੁਝ ਵੀ ਕਰਨ ਜੋਗੇ ਨਹੀਂ ਹਨ, ਮੇਰੇ ਪਿਤਾ ਦੇ ਕਾਤਲ ਅੱਜ ਵੀ ਖੁੱਲ੍ਹੇ ਘੁੰਮ ਰਹੇ ਹਨ। ਮੇਰੀ ਮਾਂ ਪਿਛਲੇ ਵਰ੍ਹੇ ਦਮ ਤੋੜ ਗਈ। ਉਸ ਦੀਆਂ ਨਜ਼ਰਾਂ ਘਰ ਦੇ ਖੰਭੇ 'ਤੇ ਲੱਗੀਆਂ ਰਹੀਆਂ ਜਿਥੇ ਮੇਰੇ ਪਿਤਾ ਨੂੰ ਸਾੜਿਆ ਗਿਆ ਸੀ। ਇਕ ਸਮਾਂ ਸੀ ਜਦੋਂ ਉਹ ਆਪਣੀ ਆਟੋ ਵਰਕਸ਼ਾਪ ਵਿਚ ਕੰਮ ਕਰਦੇ ਚਾਰ ਮਕੈਨਿਕਾਂ ਨੂੰ 1500-1500 ਰੁਪਏ ਹੱਥੀ ਤਨਖਾਹ ਦਿੰਦਾ ਸੀ ਪਰ ਸਿੱਖ ਕਤਲੇਆਮ ਨੇ ਉਸ ਦੀ ਜ਼ਿੰਦਗੀ ਦਾ ਚੱਕਾ ਮੋੜ ਕੇ ਰੱਖ ਦਿੱਤਾ। ਅੱਜ ਉਹ ਖੁਦ 4500 ਰੁਪਏ ਤੇ 10 ਕਿੱਲੋ ਕਣਕ ਨਾਲ ਮਹੀਨੇ ਭਰ ਤ੍ਰਿਲੋਕਪੁਰੀ ਦੇ ਗੁਰਦੁਆਰੇ ਦੀ ਸੁਰੱਖਿਆ ਵਿਚ ਤਾਇਨਾਤ ਰਹਿੰਦਾ ਹੈ। ਆਟੋ ਰਿਕਸ਼ਾ ਡਰਾਈਵਰ ਸੁਰਜੀਤ ਸਿੰਘ, ਜਿਸ ਦੇ ਪਰਿਵਾਰ ਨੂੰ ਸਿੱਖ ਕਤਲੇਆਮ ਵਿਚ ਗਾਜ਼ੀਆਬਾਦ ਵਿਚ ਨੁਕਸਾਨ ਹੋਇਆ ਸੀ, ਨੇ ਨਾਜਰ ਸਿੰਘ ਨਾਲ ਮਿਲ ਕੇ ਕਿਹਾ ਕਿ ਸਿਆਸਤਦਾਨ ਸਿੱਖਾਂ ਨੂੰ ਮੋਹਰਾ ਬਣਾਉਣਾ ਛੱਡਣ। ਕਿਸੇ ਵੀ ਵੱਡੇ ਆਗੂ ਤੇ ਸਾਜ਼ਿਸ਼ਘਾੜੇ ਨੂੰ ਅਜੇ ਤੱਕ ਸਜ਼ਾ ਨਹੀਂ ਹੋਈ।

### ਸਿਰਫ ਚੋਣਾਂ ਵੇਲੇ ਹੀ ਯਾਦ ਕਰਨ ਦਾ ਗਿਲਾ



ਭਾਜਪਾ ਦੇ ਹਲਕੇ ਤੋਂ ਉਮੀਦਵਾਰ ਕਿਰਨ ਵੈਦ ਨੇ ਕਿਹਾ ਕਿ ਸਿੱਖ ਕਤਲੇਆਮ ਦਾ ਇਥੇ ਕੋਈ ਮੁੱਦਾ ਨਹੀਂ ਹੈ ਤੇ ਨਾ ਹੀ ਇਸ ਬਾਬਤ ਕਿਸੇ ਨੇ ਉਨ੍ਹਾਂ ਨਾਲ ਕੋਈ ਗੱਲ ਕੀਤੀ ਹੈ। ਲੋਕ ਵੀ ਪਿਛਲੇ ਸਾਲ ਹੋਏ ਹਿੰਦੂ-ਮੁਸਲਿਮ ਦੰਗਿਆਂ ਦੀ ਗੱਲ ਕਰਦੇ ਹਨ। ਉਂਜ ਹੋਰ ਸੀਟਾਂ ਰਾਜੌਰੀ ਗਾਰਡਨ, ਸ਼ਾਹਦਰਾ, ਹਰੀ ਨਗਰ ਤੇ ਕਾਲਕਾਜੀ 'ਤੇ ਸਿੱਖ ਕਤਲੇਆਮ ਦਾ ਮੁੱਦਾ ਭਾਰੂ ਹੈ। ਸੁਰਜੀਤ ਸਿੰਘ ਨੇ ਕਿਹਾ ਕਿ ਕਈ ਸਿੱਖਾਂ ਨੂੰ ਇਕ ਕੌਡੀ ਤੱਕ ਨਹੀਂ ਮਿਲੀ। ਉਸ ਨੇ ਸਵਾਲ ਕੀਤਾ ਕਿ ਕੁਝ ਲੱਖ ਰੁਪਏ ਨਾਲ ਕੀ ਜੀਵਨ ਮੁੜ ਤੋਂ ਸ਼ੁਰੂ ਹੋ ਸਕਦਾ ਹੈ। ਉਸ ਨੇ ਦੱਸਿਆ ਕਿ ਤ੍ਰਿਲੋਕ ਵਿਹਾਰ ਦੇ ਸਿਰਫ 17 ਪਰਿਵਾਰਾਂ ਨੂੰ ਮੁਆਵਜ਼ਾ ਮਿਲਿਆ ਹੈ। ਇਹ ਬੜੀ ਨਮੋਸ਼ੀ ਵਾਲੀ ਗੱਲ ਹੈ ਕਿ ਦਿਨ ਭਰ ਦੀ ਸਖ਼ਤ ਮਿਹਨਤ ਦੇ ਨਾਲ ਸਰਕਾਰੇ-ਦਰਬਾਰੇ ਵੀ ਚੱਕਰ ਕੱਟਣੇ ਪੈ ਰਹੇ ਹਨ।


# ਦਿੱਲੀ ਦੀਆਂ ਸਿਆਸੀ ਸਰਗਮੀਆਂ ਨੇ ਸੁੰਨਾ ਕੀਤਾ ਪੰਜਾਬ ਸਕੱਤਰੇਤ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ ਸਾਰਾ ਮੰਤਰੀ ਮੰਡਲ ਦਿੱਲੀ ਵਿਧਾਨ ਸਭਾ ਤੇ ਧੂਰੀ ਜ਼ਿਮਨੀ ਚੋਣ ਦੀਆਂ ਸਰਗਰਮੀਆਂ ਵਿਚ ਲੀਨ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਨਵੀਂ ਦਿੱਲੀ ਵਿਚ ਸਰਗਰਮੀਆਂ ਅਰੰਭਦਿਆਂ ਸਾਥੀ ਮੰਤਰੀਆਂ ਨੂੰ ਵੀ ਕੌਮੀ ਰਾਜਧਾਨੀ ਵਿਚ ਹਾਜ਼ਰ ਰਹਿਣ ਦੇ ਨਿਰਦੇਸ਼ ਦਿੱਤੇ ਹਨ। ਇਸ ਕਾਰਨ ਦੋਵੇਂ ਬਾਦਲਾਂ ਤੇ ਮੰਤਰੀਆਂ ਦੇ ਦਫ਼ਤਰ ਇਨ੍ਹੀਂ ਦਿਨੀਂ ਸੁੰਨੇ ਪਏ ਹਨ। ਸੂਤਰਾਂ ਦਾ ਕਹਿਣਾ ਹੈ ਕਿ ਅਫ਼ਸਰ ਵੀ ਫਰਲੋ 'ਤੇ ਰਹਿੰਦੇ ਹਨ।

ਮੁੱਖ ਸੰਸਦੀ ਸਕੱਤਰ ਤਾਂ ਪਹਿਲਾਂ ਹੀ ਸਕੱਤਰੇਤ ਵਿਚ ਕਦੇ ਕਦਾਈਂ ਹੀ ਫੇਰਾ ਪਾਉਣ ਆਉਂਦੇ ਸਨ। ਕੁਝ ਸਮਾਂ ਪਹਿਲਾਂ ਮੁੱਖ ਮੰਤਰੀ ਨੇ ਮੰਤਰੀਆਂ, ਅਫ਼ਸਰਾਂ ਤੇ ਮੁਲਾਜ਼ਮਾਂ ਨੂੰ ਦਫ਼ਤਰਾਂ ਵਿਚ ਸਮੇਂ ਸਿਰ ਹਾਜ਼ਰ ਰਹਿਣ ਦੀਆਂ ਹਦਾਇਤਾਂ ਦਿੱਤੀਆਂ ਸਨ ਤੇ ਹਾਜ਼ਰੀ ਚੈਕ ਕੀਤੀ ਸੀ ਪਰ ਮੁੱਖ ਮੰਤਰੀ ਵਲੋਂ ਆਪਣੇ ਬਣਾਏ ਅਨੁਸ਼ਾਸਨ ਨੂੰ ਹੀ ਤੋੜਿਆ ਜਾ ਰਿਹਾ ਹੈ।

ਮੁੱਖ ਮੰਤਰੀ ਵਲੋਂ ਕਈ ਵਾਰ ਐਲਾਨ ਕੀਤਾ ਜਾ ਚੁੱਕਾ ਹੈ ਕਿ ਮੰਤਰੀ ਮੰਡਲ ਦੀ ਮੀਟਿੰਗ ਹਰ ਦੋ ਹਫ਼ਤਿਆਂ ਬਾਅਦ ਹੋਵੇਗੀ ਪਰ ਉਹ ਆਪਣੇ ਬੋਲਾਂ 'ਤੇ ਖਰ੍ਹੇ ਨਹੀਂ ਉਤਰੇ। ਮੰਤਰੀ ਮੰਡਲ ਦੀ ਮੀਟਿੰਗ ਮਹੀਨਿਆਂ ਬੱਧੀ ਨਾ ਹੋਣ ਕਾਰਨ ਸਰਕਾਰ ਵਲੋਂ ਲਏ ਜਾਣ ਵਾਲੇ ਮਹੱਤਵਪੂਰਨ ਫ਼ੈਸਲੇ ਲਟਕੇ ਪਏ ਹਨ। ਮੁੱਖ ਸਕੱਤਰ ਦਫ਼ਤਰ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਕਈ ਵਿਭਾਗਾਂ ਨੇ ਅਹਿਮ ਫ਼ੈਸਲਿਆਂ ਲਈ ਮੈਮੋਰੰਡਮ ਵਜ਼ਾਰਤੀ ਮੀਟਿੰਗ ਲਈ ਤਾਂ ਭੇਜ ਦਿੱਤੇ ਹਨ ਪਰ ਸਰਕਾਰ ਦੇ ਰਾਜਸੀ ਗਤੀਵਿਧੀਆਂ ਵਿਚ ਰੁਝੇ ਹੋਣ ਕਾਰਨ ਮੰਤਰੀ ਮੰਡਲ ਦੀ ਮੀਟਿੰਗ ਹੋਣ ਦੀ ਕੋਈ ਪੱਕੀ ਤਾਰੀਕ ਨਹੀਂ ਹੈ। ਮੀਟਿੰਗ ਹੋਇਆਂ ਵੀ ਇਕ ਮਹੀਨੇ ਤੋਂ ਜ਼ਿਆਦਾ ਦਾ ਸਮਾਂ ਹੋ ਗਿਆ ਹੈ। ਸਿਆਸੀ ਸਰਗਰਮੀਆਂ ਕਾਰਨ ਸਰਕਾਰੀ ਕੰਮਾਂ ਵਿਚ ਪੂਰੀ ਤਰ੍ਹਾਂ ਖੜੋਤ ਆਈ ਹੋਈ ਹੈ। ਪੰਜਾਬ ਸਿਵਲ ਸਕੱਤਰੇਤ ਵਿਚ ਉਂਜ ਤਾਂ ਨਵਾਂ ਸਾਲ ਚੜ੍ਹਨ ਤੋਂ ਬਾਅਦ ਕਦੇ ਕਦਾਈਂ ਇਕਾ-ਦੁੱਕਾ ਮੰਤਰੀਆਂ ਨੇ ਹੀ ਦਫਤਰ 'ਚ ਚੱਕਰ ਲਾਇਆ ਹੈ ਪਰ ਪਿਛਲੇ ਕਈ ਦਿਨਾਂ ਤੋਂ ਤਾਂ ਕਿਸੇ ਮੰਤਰੀ ਦੀ ਕਾਰ ਦਿਖਾਈ ਹੀ ਨਹੀਂ ਦਿੱਤੀ। ਮੰਤਰੀਆਂ ਦੀ ਗ਼ੈਰ ਹਾਜ਼ਰੀ ਕਾਰਨ ਸਕੱਤਰੇਤ ਸੁੰਨਾ ਰਹਿੰਦਾ ਹੈ।

ਮੰਤਰੀਆਂ ਦੇ ਇਕ ਮਹੀਨੇ ਤੋਂ ਜ਼ਿਆਦਾ ਸਮਾਂ ਸਕੱਤਰੇਤ ਵਿਚ ਆਉਣ ਦੇ ਆਸਾਰ ਨਹੀਂ ਹਨ ਕਿਉਂਕਿ ਫਰਵਰੀ ਮਹੀਨੇ ਦੇ ਅੰਤਲੇ ਦਿਨਾਂ ਵਿਚ ਨਗਰ ਨਿਗਮ ਤੇ ਮਿਊਂਸਿਪਲ ਕਮੇਟੀਆਂ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ ਤੇ ਉਸ ਤੋਂ ਬਾਅਦ ਧੂਰੀ ਦੀ ਉਪ ਚੋਣ ਦਾ ਐਲਾਨ ਹੋ ਜਾਣ ਦੀ ਸੰਭਾਵਨਾ ਹੈ। ਉਂਜ ਦੇਖਿਆ ਜਾਵੇ ਤਾਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਦੂਜੀ ਵਾਰੀ (ਸਾਲ 2012) ਸੱਤਾ ਵਿਚ ਆਉਣ ਤੋਂ ਬਾਅਦ ਇਕ ਤੋਂ ਬਾਅਦ ਇਕ ਸਿਆਸੀ ਸਰਗਰਮੀ ਹੋਣ ਕਾਰਨ ਮੰਤਰੀ ਮੰਡਲ ਨੇ ਆਮ ਤੌਰ 'ਤੇ ਸਕੱਤਰੇਤ ਤੋਂ ਮੂੰਹ ਮੋੜੀ ਰੱਖਿਆ ਹੈ।



ਪੰਜਾਬ ਵਿਚੋਂ ਦੂਰ-ਦੁਰਾਡੇ ਤੋਂ ਆਉਣ ਵਾਲੇ ਲੋਕਾਂ ਨੂੰ ਸਕੱਤਰੇਤ ਵਿਚੋਂ ਨਿਰਾਸ਼ ਹੀ ਪਰਤਣਾ ਪੈਂਦਾ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਗੁਰਦਾਸਪੁਰ ਦੀ ਇਕ ਮਹਿਲਾ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰੀ ਰਿਹਾਇਸ਼ ਦੇ ਸਾਹਮਣੇ ਆਤਮਦਾਹ ਦੀ ਕੋਸ਼ਿਸ਼ ਕੀਤੀ ਸੀ। ਇਹ ਮਹਿਲਾ ਕਈ ਦਿਨ ਸ. ਬਾਦਲ ਨੂੰ ਮਿਲਣ ਦਾ ਯਤਨ ਕਰਦੀ ਰਹੀ ਪਰ ਮੁੱਖ ਮੰਤਰੀ ਸੰਗਤ ਦਰਸ਼ਨਾਂ ਵਿਚ ਰੁਝੇ ਹੋਣ ਕਾਰਨ ਚੰਡੀਗੜ੍ਹ ਵਿਚ ਮੌਜੂਦ ਨਹੀਂ ਸਨ ਤੇ ਅਫ਼ਸਰਾਂ ਨੇ ਕਈ ਦਿਨਾਂ ਤੱਕ ਇਸ ਮਹਿਲਾ ਦੀ ਫਰਿਆਦ ਨਹੀਂ ਸੀ ਸੁਣੀ।

## ਬੇਅ ਏਰੀਆ ਸਿੱਖ ਅਲਾਇੰਸ ਨੇ ਫਰੀਮਾਂਟ ਗੁਰੂਘਰ ਦੇ ਹਿਸਾਬ ਦੇ ਆਡਿਟ ਦੀ ਮੰਗ ਦੁਹਰਾਈ

ਬੇਅ ਏਰੀਆ ਸਿੱਖ ਅਲਾਇੰਸ ਨੇ ਗੁਰਦੁਆਰਾ ਫਰੀਮਾਂਟ ਦੇ ਹਿਸਾਬ ਦੇ ਆਡਿਟ ਦੀ ਮੰਗ ਦੁਹਰਾਈ

ਫਰੀਮਾਂਟ (ਬਿਊਰੋ): ਬੇਅ ਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਨੇ ਗੁਰਦੁਆਰਾ ਫਰੀਮਾਂਟ ਦਾ ਸੰਨ 2008 ਤੋਂ 2014 ਤੱਕ ਦਾ ਹਿਸਾਬ-ਕਿਤਾਬ ਆਡਿਟ ਕਰਵਾਉਣ ਦੀ ਆਪਣੀ ਮੰਗ ਦੁਹਰਾਉਂਦਿਆਂ ਕਿਹਾ ਹੈ ਕਿ ਹਿਸਾਬ-ਕਿਤਾਬ ਦਾ ਆਡਿਟ ਕਰਵਾਉਣ ਦੀ ਮੰਗ ਉਠਾਏ ਜਾਣ ਨੂੰ ਇਕ ਸਾਲ ਤੋਂ ਵੀ ਵੱਧ ਹੋ ਗਿਆ ਹੈ ਪਰ ਪ੍ਰਬੰਧਕਾਂ ਨੇ ਅਜੇ ਤੱਕ ਵੀ ਇਸ ਮੰਗ ਵੱਲ ਕੋਈ ਧਿਆਨ ਨਹੀਂ ਦਿੱਤਾ। ਜਥੇਬੰਦੀ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਗੁਰੂ ਘਰ ਦੇ ਪ੍ਰਬੰਧਕ ਜਗਦੇਵ ਸਿੰਘ, ਲਖਵੀਰ ਸਿੰਘ, ਗੁਰਿੰਦਰ ਸਿੰਘ ਅਤੇ ਹਰਜੀਤ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਕ ਤੋਂ ਵੱਧ ਵਾਰ ਕਹਿ ਚੁਕੇ ਹਨ ਕਿ ਹਿਸਾਬ ਦਾ ਆਡਿਟ ਕਰਵਾਇਆ ਜਾਵੇਗਾ ਅਤੇ ਇਹ ਵੀ ਦਾਅਵਾ ਕਰਦੇ ਰਹੇ ਹਨ ਕਿ ਹਿਸਾਬ ਪੂਰੀ ਤਰ੍ਹਾਂ ਠੀਕ ਹੈ ਅਤੇ ਇਕ ਪੈਸਾ ਵੀ ਇਧਰ ਉਧਰ ਨਹੀਂ ਹੋਇਆ। ਸਵਾਲ ਹੈ ਕਿ ਜੇ ਹਿਸਾਬ ਇੰਨਾ ਹੀ ਸਪਸ਼ਟ ਹੈ ਤਾਂ ਆਡਿਟ ਕਰਵਾਉਣ ਵਿਚ ਆਨਾ-ਕਾਨੀ ਕਿਉਂ?

ਜਥੇਬੰਦੀ ਦੇ ਬੁਲਾਰੇ ਗੁਰਚਰਨ ਸਿੰਘ ਮਾਨ ਵਲੋਂ ਜਾਰੀ ਇਸ ਬਿਆਨ ਅਨੁਸਾਰ ਨਵੰਬਰ 2014 ਵਿਚ ਸੰਗਤ ਨੇ ਗੁਰਦੁਆਰਾ ਸਾਹਿਬ ਅੰਦਰ ਆਡਿਟ ਦੀ ਮੰਗ ਨੂੰ ਲੈ ਕੇ ਧਰਨੇ ਦੇਣੇ ਸ਼ੁਰੂ ਕੀਤੇ ਸਨ ਅਤੇ ਇਸ ਮੰਗ ਦੇ ਹੱਕ ਵਿਚ ਮਤੇ ਉਪਰ ਇਕ ਹਜ਼ਾਰ ਤੋਂ ਵੱਧ ਸੰਗਤਾਂ ਨੇ ਦਸਤਖਤ ਵੀ ਕੀਤੇ ਸਨ। ਆਖਰ ਸੰਗਤਾਂ ਦੀ ਮੰਗ ਅੱਗੇ ਝੁਕਦਿਆਂ ਪ੍ਰਬੰਧਕਾਂ ਨੇ ਸਟੇਜ ਤੋਂ ਵਾਰ ਵਾਰ ਕਹਿਣਾ ਸ਼ੁਰੂ ਕਰ ਦਿੱਤਾ ਕਿ ਆਡਿਟਰ ਦਾ ਨਾਂ ਪਤਾ ਦਿਓ, ਅਸੀਂ ਆਡਿਟ ਕਰਵਾਉਣ ਲਈ ਤਿਆਰ ਹਾਂ। ਫਿਰ ਉਨ੍ਹਾਂ ਕਿਹਾ ਕਿ 15 ਦਸੰਬਰ 2014 ਤੋਂ ਆਡਿਟ ਸ਼ੁਰੂ ਹੋਵੇਗਾ ਅਤੇ 15 ਮਾਰਚ 2015 ਨੂੰ ਆਡਿਟ ਦੀ ਰਿਪੋਰਟ ਸੰਗਤਾਂ ਨੂੰ ਦੇ ਦਿੱਤੀ ਜਾਵੇਗੀ ਅਤੇ ਸੰਗਤਾਂ ਦੇ ਸ਼ੰਕੇ ਨਵਿਰਤ ਕੀਤੇ ਜਾਣਗੇ ਪਰੰਤੂ ਇੰਨਾ ਸਮਾਂ ਬੀਤ ਜਾਣ ਦੇ ਬਾਵਜੂਦ ਅਜੇ ਤੱਕ ਆਡਿਟ ਦਾ ਕੰਮ ਸ਼ੁਰੂ ਨਹੀਂ ਹੋਇਆ।

ਅਲਾਇੰਸ ਨੇ ਬਿਆਨ ਵਿਚ ਕਿਹਾ ਹੈ ਕਿ ਗੁਰਦੁਆਰਾ ਸਾਹਿਬ ਦੇ ਸੰਵਿਧਾਨ ਮੁਤਾਬਕ ਆਡਿਟ ਹੋਣਾ ਹੀ ਚਾਹੀਦਾ ਹੈ। ਅਕਾਊਂਟ ਰਿਵਿਊ ਕਰਨ ਦੀ ਕਾਪੀ ਸੰਗਤਾਂ ਨੂੰ ਪ੍ਰਵਾਨ ਨਹੀਂ। ਜੇ ਪ੍ਰਬੰਧਕਾਂ ਨੇ ਹਿਸਾਬ ਆਡਿਟ ਕਰਵਾਉਣ ਦੀ ਮੰਗ ਫਿਰ ਵੀ ਨਾ ਮੰਨੀ ਤਾਂ ਅਗਲੀ ਰਣਨੀਤੀ ਆਉਂਦੀ 15 ਮਾਰਚ ਨੂੰ ਸੰਗਤਾਂ ਦੇ ਸਾਹਮਣੇ ਰੱਖੀ ਜਾਵੇਗੀ। ਗੁਰਦੁਆਰਾ ਇਕ ਗੈਰ ਮੁਨਾਫਾ ਸੰਸਥਾ ਹੈ ਅਤੇ ਕਾਨੂੰਨ ਅਨੁਸਾਰ ਹਿਸਾਬ ਦਾ ਆਡਿਟ ਕਰਵਾਉਣਾ ਲਾਜ਼ਮੀ ਹੈ।

## ਮਹਿੰਗੀ ਪਈ ਵਿਦੇਸ਼ੀ ਮਹਿਮਾਨਾਂ ਦੀ ਖਾਤਰਦਾਰੀ

**ਰੂਪਨਗਰ:** ਪੰਜਾਬ ਸਰਕਾਰ ਨੇ ਬਾਹਰਲੇ ਮੁਲਕਾਂ ਤੋਂ ਆਏ ਮਹਿਮਾਨਾਂ ਜਿਨ੍ਹਾਂ ਨੂੰ ਰਾਜ ਮਹਿਮਾਨ ਐਲਾਨਿਆ ਗਿਆ, ਦੀ ਖ਼ਾਤਰਦਾਰੀ ਉੱਤੇ ਲੱਖਾਂ ਰੁਪਏ ਖ਼ਰਚ ਕੀਤੇ ਹਨ। ਇਹ ਗੱਲ ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਡਾਇਰੈਕਟਰ ਪ੍ਰਾਹੁਣਚਾਰੀ ਵਿਭਾਗ ਪੰਜਾਬ ਤੋਂ ਪ੍ਰਾਪਤ ਜਾਣਕਾਰੀ ਤੋਂ ਸਾਹਮਣੇ ਆਈ ਹੈ। ਪਹਿਲੀ ਅਪਰੈਲ 2007 ਤੋਂ ਸੱਤ ਨਵੰਬਰ 2013 ਤੱਕ ਤਕਰੀਬਨ 125 ਮਹਿਮਾਨਾਂ ਨੂੰ ਰਾਜ ਮਹਿਮਾਨ ਐਲਾਨਿਆ ਗਿਆ ਸੀ ਪਰ ਇਨ੍ਹਾਂ ਵਿਚੋਂ ਸਭ ਤੋਂ ਮਹਿੰਗੇ ਮਹਿਮਾਨ ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ਼ ਤੇ ਕੈਨੇਡੀਅਨ ਐਮ.ਪੀ. ਰੂਬੀ ਢੱਲਾ ਰਹੇ ਹਨ।

ਆਰ.ਟੀ.ਆਈ. ਤਹਿਤ ਜਾਣਕਾਰੀ ਹਾਸਲ ਕਰਨ ਵਾਲੇ ਐਡਵੋਕੇਟ ਦਿਨੇਸ਼ ਚੱਢਾ ਨੇ ਦੱਸਿਆ ਕਿ ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ ਆਪਣੇ ਵਫ਼ਦ ਸਮੇਤ 12 ਦਸੰਬਰ 2013 ਤੋਂ 15 ਦਸੰਬਰ 2013 ਤੱਕ ਪੰਜਾਬ ਆਏ ਸਨ। ਉਨ੍ਹਾਂ ਦੇ ਆਉਣ ਦਾ ਮੁੱਖ ਕਾਰਨ ਵਿਸ਼ਵ ਕਬੱਡੀ ਕੱਪ ਸੀ। ਇਸ ਦੌਰੇ ਦੌਰਾਨ 13 ਦਸੰਬਰ, 2013 ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਨੂੰ ਨੇਚਰ ਪਾਰਕ ਮੁਹਾਲੀ ਵਿਚ ਡਿਨਰ ਦਿੱਤਾ ਸੀ। ਇਸ ਸ਼ਾਹੀ ਡਿਨਰ ਉੱਤੇ 27,75,670 ਰੁਪਏ ਖ਼ਰਚ ਹੋਏ ਜਿਸ ਵਿਚੋਂ ਕੇਟਰਿੰਗ ਉੱਤੇ 15,70,230 ਰੁਪਏ, ਐਕਸਪਰੋ ਈਵੈਂਟਸ ਐਂਡ ਐਕਸੀਬਿਟਸ ਉੱਤੇ 4,49,440 ਰੁਪਏ, ਜੈਦੀ ਫਲੋਰਲ ਆਰਟਸ ਉੱਤੇ 6,30,300, ਤਾਜ਼ ਲਾਈਟ ਐਂਡ ਸਾਊਂਡ ਉੱਤੇ 1,00,000 ਅਤੇ ਪਰਫੈਕਟ ਸਟੇਜ ਮੈਨੇਜਮੈਂਟ ਕੰਪਨੀ ਲਈ 26,000 ਰੁਪਏ ਖ਼ਰਚ ਹੋਏ ਸਨ। ਇਸ ਸ਼ਾਹੀ ਡਿਨਰ ਤੋਂ ਬਿਨਾਂ ਸ਼ਾਹਬਾਜ਼ ਸ਼ਰੀਫ਼ ਦੇ ਇਸ ਦੌਰੇ ਉੱਤੇ 17,02,050 ਰੁਪਏ ਹੋਰ ਖ਼ਰਚੇ ਗਏ ਸਨ।

ਸ੍ਰੀ ਚੱਢਾ ਨੇ ਦੱਸਿਆ ਕਿ ਕੈਨੇਡੀਅਨ ਐਮ.ਪੀ. ਰੂਬੀ ਢੱਲਾ ਦੇ ਪਰਿਵਾਰ ਸਮੇਤ 16 ਜਨਵਰੀ 2011 ਤੋਂ 22 ਜਨਵਰੀ 2011 ਤੱਕ ਪੰਜਾਬ ਦੌਰੇ 'ਤੇ ਤਕਰੀਬਨ 10 ਲੱਖ ਰੁਪਏ ਖ਼ਰਚ ਹੋਏ, ਜਿਸ ਵਿਚ ਹੋਟਲ ਰੈਡੀਸਨ ਜਲੰਧਰ ਦਾ 3,00,656 ਰੁਪਏ ਦਾ ਖ਼ਰਚ, ਹੋਟਲ ਤਾਜ਼ ਚੰਡੀਗੜ੍ਹ ਤੇ ਪਾਰਕ ਪਲਾਜ਼ਾ ਲੁਧਿਆਣਾ ਦਾ 2,42,863 ਰੁਪਏ ਦਾ ਖ਼ਰਚ, ਤਿੰਨ ਇਨੋਵਾ ਗੱਡੀਆਂ ਦਾ 1,55,597 ਰੁਪਏ ਕਿਰਾਇਆ, ਦੋ ਕੈਮਰੀ ਕਾਰਾਂ ਤੇ ਇਕ ਫਾਰਚੂਨਰ ਦਾ 2,66,462 ਰੁਪਏ ਕਿਰਾਇਆ ਸ਼ਾਮਲ ਹੈ। ਡਿਪਟੀ ਕਮਿਸ਼ਨਰ ਜਲੰਧਰ ਵੱਲੋਂ ਇਸ ਦੌਰੇ 'ਤੇ ਖ਼ਰਚ ਕੀਤੀ ਗਈ ਹੋਰ ਰਕਮ ਦੇ ਬਿੱਲ ਨੂੰ ਆਮ ਰਾਜ ਵਿਭਾਗ ਨੇ ਇਹ ਕਹਿ ਕੇ ਪਾਸ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਇਹ ਬਿੱਲ ਸਰਕਾਰ ਦੀਆਂ ਹਦਾਇਤਾ ਵਿਚ ਕਵਰ ਨਹੀਂ ਹੁੰਦੇ। ਇਸ ਤਰ੍ਹਾਂ ਰੂਬੀ ਢੱਲਾ ਦੇ ਪਰਿਵਾਰ ਸਮੇਤ ਇਸ ਦੌਰੇ ਉੱਤੇ ਪ੍ਰਤੀ ਦਿਨ ਤਕਰੀਬਨ 60,000 ਰੁਪਏ ਖ਼ਰਚ ਹੋਏ। ਇਨ੍ਹਾਂ ਦੋਵਾਂ ਮਹਿੰਗੇ ਮਹਿਮਾਨਾਂ ਤੋਂ ਬਿਨਾਂ ਬਾਕੀ ਰਾਜ ਮਹਿਮਾਨਾਂ ਦਾ ਖ਼ਰਚ ਕਾਫ਼ੀ ਘੱਟ ਰਿਹਾ ਹੈ। ਪਰਮ ਗਿੱਲ ਐਮ.ਪੀ. ਕੈਨੇਡਾ ਦੇ 19 ਤੇ 20 ਨਵੰਬਰ 2011 ਦੇ ਦੌਰੇ 'ਤੇ 8732 ਰੁਪਏ ਖ਼ਰਚ ਹੋਏ।

ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਮੁੱਖ ਮੰਤਰੀ ਉੱਜਲ ਦੁਸਾਂਝ ਦੇ ਪੰਜ ਫਰਵਰੀ 2013 ਤੋਂ 24 ਫਰਵਰੀ 2013 ਦੇ ਪੰਜਾਬ ਦੌਰੇ 'ਤੇ 10,395 ਰੁਪਏ ਖ਼ਰਚ ਹੋਏ। ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫ਼ਨ ਹਾਰਪਰ ਦੇ ਸੱਤ ਨਵੰਬਰ 2012 ਨੂੰ ਪੰਜਾਬ ਦੌਰੇ ਉੱਤੇ 3,93,901 ਰੁਪਏ ਖ਼ਰਚ ਕੀਤੇ ਗਏ ਜਿਨ੍ਹਾਂ ਵਿਚ ਹਰਿਮੰਦਰ ਸਾਹਿਬ ਦੇ ਮਾਡਲਾਂ ਦੀ ਖ਼ਰੀਦ 28,065 ਰੁਪਏ, ਤਾਜ਼ ਹੋਟਲ ਦਾ ਖ਼ਰਚਾ 3,42,741 ਰੁਪਏ, ਫਰੇਮ ਕਿਰਪਾਨਾਂ ਦੀ ਖ਼ਰੀਦ ਦੇ 12695 ਰੁਪਏ ਸ਼ਾਮਲ ਹਨ। ਪਰਵਾਸੀ ਭਾਰਤੀ ਦਰਸ਼ਨ ਸਿੰਘ ਧਾਲੀਵਾਲ ਦੇ ਸੱਤ ਜਨਵਰੀ 2010 ਤੋਂ 22 ਜਨਵਰੀ 2010 ਤੱਕ ਦੇ ਪੰਜਾਬ ਦੌਰੇ 'ਤੇ ਸਿਰਫ਼ 1716 ਰੁਪਏ ਖ਼ਰਚ ਕੀਤੇ ਗਏ।

**Matrimonial**

*ਕੰਨਿਆ ਦੀ ਲੋੜ*

ਜੱਟ ਸਿੱਖ, ਉਮਰ 25 ਸਾਲ, ਕੱਦ 6 ਫੁੱਟ, ਉਚ ਸਿਖਿਆ ਪ੍ਰਾਪਤ, ਉਚੀ ਬੈਂਕ ਜਾਬ, ਅਮਰੀਕੀ ਸਿਟੀਜ਼ਨ ਲੜਕੇ ਲਈ ਹਾਣ-ਪਰਵਾਣ ਅਤੇ ਨੌਕਰੀ ਕਰਦੀ ਲੜਕੀ ਦੀ ਲੋੜ ਹੈ। ਸੰਪਰਕ ਕਰੋ: 209-262-7200

5-8

## ਕਮਿਸ਼ਨ ਦੀ ਝਾੜ ਪਿੱਛੋਂ ਪੰਜਾਬੀ ਕਿਸਾਨਾਂ ਨੂੰ ਮਿਲੀ ਰਾਹਤ

**ਬਠਿੰਡਾ:** ਗੁਜਰਾਤ ਸਰਕਾਰ ਨੇ ਹੁਣ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਨੂੰ ਸੁਰੱਖਿਆ ਦੇ ਦਿੱਤੀ ਹੈ। ਗੁਜਰਾਤ ਪੁਲਿਸ ਨੇ ਪਿੰਡ ਲੋਰੀਆ ਵਿਚ ਪੰਜਾਬ ਦੇ ਕਿਸਾਨਾਂ ਦੇ ਘਰਾਂ ਤੇ ਖੇਤਾਂ ਵਿਚ 25 ਪੁਲਿਸ ਮੁਲਾਜ਼ਮਾਂ ਦਾ ਪਹਿਰਾ ਲਗਾ ਦਿੱਤਾ ਹੈ। ਕੌਮੀ ਘੱਟ-ਗਿਣਤੀ ਕਮਿਸ਼ਨ ਦੇ ਡਰ ਕਾਰਨ ਹੁਣ ਗੁਜਰਾਤ ਪੁਲਿਸ ਵੀ ਘਬਰਾਹਟ ਵਿਚ ਹੈ ਤੇ ਉਹ ਪੰਜਾਬ ਦੇ ਪੀੜਤ ਕਿਸਾਨਾਂ ਨੂੰ ਭਰੋਸੇ ਵਿਚ ਲੈਣ ਲਈ ਸਰਗਰਮ ਹੈ। ਗੁਜਰਾਤ ਸਰਕਾਰ ਨੇ ਬੀ. ਡਿਵੀਜ਼ਨ ਭੁੱਜ ਦੇ ਮੁੱਖ ਥਾਣਾ ਅਫ਼ਸਰ ਤੇ ਦੋ ਹੋਰ ਮੁਲਾਜ਼ਮਾਂ ਦਾ ਤਬਾਦਲਾ ਵੀ ਕਰ ਦਿੱਤਾ ਹੈ ਤਾਂ ਜੋ ਕਿਸਾਨਾਂ ਦੇ ਰੋਹ ਨੂੰ ਸ਼ਾਂਤ ਕੀਤਾ ਜਾ ਸਕੇ।

ਭੁੱਜ ਦੇ ਤਹਿਸੀਲਦਾਰ ਕੇ.ਪੀ. ਸ਼ਾਹ ਤੇ ਥਾਣਾ ਅਫ਼ਸਰ ਕੇ.ਜੇ. ਦੇਸਾਈ ਨੇ ਪਿੰਡ ਲੋਰੀਆ ਵਿਚ ਪੀੜਤ ਕਿਸਾਨਾਂ ਨਾਲ ਗੱਲਬਾਤ ਕੀਤੀ। ਪੰਜਾਬ ਦੇ ਕਿਸਾਨਾਂ ਨੂੰ ਥਾਣੇ ਵਿਚ ਲਿਜਾ ਕੇ ਹਵਾਲਾਤ ਵਿਚ ਬੰਦ ਦੋਸ਼ੀ ਵੀ ਦਿਖਾਏ ਗਏ। ਸਰਕਾਰ ਵੱਲੋਂ ਕਿਸਾਨਾਂ ਦੇ ਖੇਤਾਂ ਦੀ ਮੁੜ ਪੈਮਾਇਸ਼ ਕਰਾਈ ਜਾਣੀ ਹੈ। ਇਸ ਲਈ ਉਨ੍ਹਾਂ ਦੇ ਖੇਤਾਂ ਵਿਚ ਪਹਿਰਾ ਵੀ ਲਗਾ ਦਿੱਤਾ ਹੈ। ਕਿਸਾਨਾਂ ਨੇ ਹਮਲੇ ਤੋਂ ਪਹਿਲਾਂ ਵੀ ਪੁਲਿਸ ਨੂੰ ਲਿਖਤੀ ਦਰਖਾਸਤ ਦੇ ਕੇ ਸੁਰੱਖਿਆ ਦੀ ਮੰਗ ਕੀਤੀ ਸੀ। ਕਿਸਾਨ ਹਰਵਿੰਦਰ ਸਿੰਘ ਤੇ ਅਮਨਦੀਪ ਸਿੰਘ ਨੇ ਦੱਸਿਆ ਕਿ ਪੁਲਿਸ ਅਫ਼ਸਰਾਂ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਖ਼ਿਲਾਫ਼ ਦਰਜ ਕੇਸ ਵੀ ਰੱਦ ਕਰ ਦਿੱਤੇ ਜਾਣਗੇ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਕਿਸਾਨਾਂ ਉਪਰ ਸਥਾਨਕ ਲੋਕਾਂ ਨੇ 24 ਜਨਵਰੀ ਨੂੰ ਹਮਲਾ ਕਰ ਦਿੱਤਾ ਸੀ ਜਿਸ ਵਿਚ ਇਕ ਕਿਸਾਨ ਜ਼ਖ਼ਮੀ ਹੋ ਗਿਆ ਸੀ ਤੇ ਦੋ ਗੱਡੀਆਂ ਭੰਨੀਆਂ ਗਈਆਂ ਸਨ।

**ਤੰਦੂਰੀਏ ਅਤੇ ਹੈਲਪਰ ਦੀ ਫੌਰੀ ਲੋੜ**

**ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ**
**ਤੰਦੂਰੀਏ ਅਤੇ ਹੈਲਪਰ ਦੀ ਫੌਰੀ ਲੋੜ ਹੈ**
**ਮੁਫਤ ਖਾਣਾ, ਮੁਫਤ ਰਿਹਾਇਸ਼ ਅਤੇ ਚੰਗੀ ਤਨਖਾਹ**
*ਪਤੀ-ਪਤਨੀ ਨੂੰ ਪਹਿਲ*
**ਮਿਸਟਰ ਸਿੰਘ, ਫੋਨ: 515-291-1961** ੬

## ਐਸ.ਵਾਈ.ਐਲ. ਬਾਰੇ ਹਰਿਆਣਾ ਸਰਕਾਰ ਸੁਪਰੀਮ ਕੋਰਟ ਜਾਵੇਗੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਸਮਝੌਤੇ ਰੱਦ ਕਰਨ ਵਾਲੇ ਕਾਨੂੰਨ (ਟਰਮੀਨੇਸ਼ਨ ਆਫ਼ ਐਗਰੀਮੈਂਟਸ ਐਕਟ) ਨੂੰ ਰੱਦ ਕਰਵਾਉਣ ਲਈ ਹਰਿਆਣਾ ਵਿਚਲੀ ਭਾਜਪਾ ਦੀ ਅਗਵਾਈ ਹੇਠਲੀ ਸਰਕਾਰ ਨੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣ ਦਾ ਫ਼ੈਸਲਾ ਕੀਤਾ



ਹੈ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਹੈ ਕਿ ਪੰਜਾਬ ਟਰਮੀਨੇਸ਼ਨ ਆਫ਼ ਐਗਰੀਮੈਂਟਸ ਐਕਟ ਦੀ ਵੈਧਤਾ ਬਾਰੇ ਉਨ੍ਹਾਂ ਦੀ ਸਰਕਾਰ ਰਾਸ਼ਟਰਪਤੀ ਹਵਾਲੇ ਦੀ ਛੇਤੀ ਸੁਣਵਾਈ ਦੀ ਮੰਗ ਕਰੇਗੀ।

ਆਪਣੇ ਸੌ ਦਿਨਾਂ ਦੇ ਕਾਰਜਕਾਲ ਦੀਆਂ ਪ੍ਰਾਪਤੀਆਂ ਬਾਰੇ ਦੱਸਣ ਵੇਲੇ ਮੁੱਖ ਮੰਤਰੀ ਖੱਟਰ ਨੇ ਕਿਹਾ ਕਿ ਅਸੀਂ ਸੁਪਰੀਮ ਕੋਰਟ ਨੂੰ ਜ਼ੋਰ ਦੇ ਕੇ ਕਹਾਂਗੇ ਕਿ ਹਰਿਆਣਾ ਨੂੰ ਉਸ ਦੇ ਹਿੱਸੇ ਦਾ ਪਾਣੀ ਸਤਲੁਜ-ਯਮੁਨਾ ਲਿੰਕ ਨਹਿਰ (ਐਸ.ਵਾਈ.ਐਲ.) ਰਾਹੀਂ ਮਿਲਣਾ ਚਾਹੀਦਾ ਹੈ। ਨਵੰਬਰ 1966 ਵਿਚ ਪੰਜਾਬ ਵਿਚੋਂ ਹਰਿਆਣਾ ਬਣਨ ਮਗਰੋਂ ਹੀ ਦੋਵਾਂ ਰਾਜਾਂ ਵਿਚ ਰਾਵੀ ਤੇ ਬਿਆਸ ਦੇ ਪਾਣੀਆਂ 'ਤੇ ਹਿੱਸੇ ਬਾਰੇ ਵਿਵਾਦ ਪੈਦਾ ਹੋ ਗਿਆ ਸੀ।

**Upgrade your Security Cameras to High Definition at very reasonable prices**




*For more Details, Contact:*
**Balbir S Sidhu**
**209-495-3905 (Cell)**
www.dvrunlimited.com

**Toll Free (888) 233-4566**

**DVRunlimited Inc.** Fax: 209-665-7067

**COVERED CALIFORNIA™**

**ਬਹੁਤ ਵਾਜਬ ਭਾਅ 'ਤੇ ਵਧੀਆ ਹੈਲਥ ਇੰਸ਼ੋਰੈਂਸ**

**ਬੇਅ ਏਰੀਆ ਅਤੇ ਸੈਂਟਰ ਵੈਲੀ ਦੇ ਸ਼ਹਿਰਾਂ ਵਿਚ**

**ਅਸੀਂ ਓਬਾਮਾ ਕੇਅਰ ਅਤੇ ਮੈਡੀ-ਕੈਲ ਦੀਆਂ ਰੀਨਿਊਲ ਅਤੇ ਨਵੀਆਂ ਅਰਜੀਆਂ ਮੁਫਤ ਭਰਦੇ ਹਾਂ**

*ਓਪਨ ਇਨਰੋਲਮੈਂਟ 15 ਨਵੰਬਰ 2014 ਤੋਂ 15 ਫਰਵਰੀ 2015 ਤੱਕ ਹੈ*

*ਆਪਣੇ ਸਰਟੀਫਾਈਡ ਇੰਸ਼ੁਰੈਂਸ ਏਜੈਂਟ ਨਾਲ ਸੰਪਰਕ ਕਰੋ*

**Jarnail Singh Lallria** (License # 0C19939)
**Phone: (408) 728-0795**
Fax: (209) 216-5502
E-mail: Jarnail_lallria@yahoo.com

**Prince's Barber Shop**

**37477 Fremont Blvd, suite C, Fremont, CA 94536**

**Men & Children's Hair Cut**

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*



**Business hours:**
Mon thru Thursday 9am to 8pm
Friday, Sat- Sunday- 9am to 7pm
(Tuesday Closed)



**Cell: (510)-677-9942**
**Shop: (510)-505-9605**
*www.princebarbershop.com*

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਵਿਵਾਦ ਵਾਲੇ ਬਿਆਨਾਂ ਨੇ ਮੋਦੀ ਦਾ ਸਾਹ ਫੁਲਾਇਆ

**ਚੰਡੀਗੜ੍ਹ:** ਲੋਕਾਂ ਲਈ 'ਅੱਛੇ ਦਿਨਾਂ' ਦੇ ਵਾਅਦੇ ਨਾਲ ਸੱਤਾ ਵਿਚ ਆਈ ਨਰੇਂਦਰ ਮੋਦੀ ਸਰਕਾਰ ਫਿਰਕੂ ਸੋਚ ਤੋਂ ਉਪਰ ਨਹੀਂ ਉਠ ਰਹੀ। ਮੋਦੀ ਸਰਕਾਰ ਦੇ ਵਜ਼ੀਰ ਆਪਣੀਆਂ ਵਿਵਾਦ ਵਾਲੀਆਂ ਟਿੱਪਣੀਆਂ ਕਾਰਨ ਨਿੱਤ ਦਿਨ ਸਰਕਾਰ ਲਈ ਨਵੀਂ ਮੁਸੀਬਤ ਖੜ੍ਹੀ ਕਰ ਰਹੇ ਹਨ। ਘੱਟ-ਗਿਣਤੀਆਂ ਨੂੰ ਹਿੰਦੂ ਧਰਮ ਵਿਚ ਜਜਬ ਕਰਨ ਦੇ ਫਿਰਕੂ ਬਿਆਨ ਦੇਣ ਪਿੱਛੋਂ ਹੁਣ ਭਾਜਪਾ ਨੇ ਸੰਵਿਧਾਨ ਵਿਚ ਧਾਰਮਿਕ ਆਜ਼ਾਦੀ ਨਾਲ ਸਬੰਧਤ ਸ਼ਬਦ ਹਟਾਉਣ ਦੀ ਮੰਗ ਕਰ ਦਿੱਤੀ ਹੈ।



ਗਣਤੰਤਰ ਦਿਵਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਧਰਮ ਨਿਰਪੱਖਤਾ ਦੀ ਦਿੱਤੀ ਸਲਾਹ ਦੇ ਅਗਲੇ ਹੀ ਦਿਨ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਵੱਲੋਂ ਜਾਰੀ ਇਸ਼ਤਿਹਾਰ ਵਿਚ ਪ੍ਰਸਤਾਵਨਾ ਵਿਚੋਂ 'ਧਰਮ-ਨਿਰਪੇਖ' ਤੇ 'ਸਮਾਜਵਾਦੀ' (ਸੈਕੂਲਰ ਤੇ ਸੋਸ਼ਲਿਸਟ) ਸ਼ਬਦ ਗਾਇਬ ਕਰ ਕੇ ਘੱਟ-ਗਿਣਤੀਆਂ ਦੀ ਨਾਰਾਜ਼ਗੀ ਸਹੇੜ ਲਈ ਹੈ। ਇਹ ਸ਼ਬਦ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਰਾਜਕਾਲ ਸਮੇਂ ਲਾਗੂ ਐਮਰਜੈਂਸੀ ਦੌਰਾਨ 1976 ਵਿਚ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਸ਼ਾਮਲ ਕੀਤੇ ਗਏ ਸਨ। ਇਹ ਤਬਦੀਲੀ ਕਿਉਂਕਿ 42ਵੀਂ ਸੰਵਿਧਾਨਕ ਸੋਧ ਰਾਹੀਂ ਕੀਤੀ ਗਈ ਸੀ, ਇਸੇ ਲਈ ਇਹ ਹੁਣ ਸੰਵਿਧਾਨ ਦਾ ਹਿੱਸਾ ਹਨ। ਸ਼ਿਵ ਸੈਨਾ ਸਮੇਤ ਹੋਰ ਹਿੰਦੂ ਜਥੇਬੰਦੀਆਂ ਨੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੀ ਇਸ 'ਗਲਤੀ' ਦਾ ਸਵਾਗਤ ਕੀਤਾ ਹੈ। ਸ਼ਿਵ ਸੈਨਾ ਦੇ ਸੰਸਦ ਮੈਂਬਰ ਸੰਜੇ ਰੌਤ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਹੈ ਕਿ ਇਨ੍ਹਾਂ ਸ਼ਬਦਾਂ ਨੂੰ ਭਾਵੇਂ ਇਸ ਵਾਰੀ ਗ਼ਲਤੀ ਨਾਲ ਹਟਾਇਆ ਗਿਆ ਹੈ ਪਰ ਹੁਣ ਸੰਵਿਧਾਨ ਵਿਚੋਂ ਇਨ੍ਹਾਂ ਨੂੰ ਪੱਕੇ ਤੌਰ 'ਤੇ ਹਟਾਇਆ ਜਾਵੇ। ਉਨ੍ਹਾਂ ਕਿਹਾ ਕਿ ਮੁਸਲਮਾਨਾਂ ਲਈ ਪਾਕਿਸਤਾਨ ਬਣ ਗਿਆ ਸੀ ਤੇ ਜੋ ਬਚਿਆ ਹੈ, ਉਹ ਹਿੰਦੂ ਰਾਸ਼ਟਰ ਹੈ। ਘੱਟ-ਗਿਣਤੀ ਭਾਈਚਾਰੇ ਸਿਰਫ ਸਿਆਸੀ ਹਿੱਤਾਂ ਲਈ ਵਰਤੇ ਜਾਂਦੇ ਹਨ ਤੇ ਹਿੰਦੂਆਂ ਦਾ ਲਗਾਤਾਰ ਅਪਮਾਨ ਹੋ ਰਿਹਾ ਹੈ। ਭਾਜਪਾ ਦੀ ਇਸ ਕਰਤੂਤ ਦੀ ਚੁਫੇਰਿਓਂ ਨਿੰਦਾ ਹੋਈ ਹੈ। ਇਥੋਂ ਤੱਕ ਕਿ ਉਸ ਦੀਆਂ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਤੇ ਪੀ.ਐਮ.ਕੇ. ਨੇ ਵੀ ਤਿੱਖੀ ਆਲੋਚਨਾ ਕੀਤੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਸਮਾਜਵਾਦ ਤੇ ਧਰਮ ਨਿਰਪੱਖਤਾ ਭਾਰਤੀ ਸੰਵਿਧਾਨ ਦੇ ਮੁੱਖ ਆਧਾਰ ਹਨ ਤੇ ਸੰਵਿਧਾਨ ਦੇ ਅਜਿਹੇ ਸਿਧਾਂਤਾਂ ਨਾਲ ਛੇੜ-ਛਾੜ ਕਰਨਾ ਰਾਸ਼ਟਰ ਹਿੱਤ ਵਿਚ ਨਹੀਂ ਹੈ। ਸਮਾਜਵਾਦ ਤੇ ਧਰਮ ਨਿਰਪੱਖਤਾ ਨੂੰ ਦੇਸ਼ ਦੇ ਸੰਵਿਧਾਨ ਵਿਚ ਅਹਿਮ ਸਥਾਨ ਦਿੱਤਾ ਗਿਆ ਹੈ, ਇਨ੍ਹਾਂ ਨੂੰ ਕਿਸੇ ਵਿਵਾਦ ਦਾ ਵਿਸ਼ਾ ਨਹੀਂ ਬਣਾਉਣਾ ਚਾਹੀਦਾ। ਬਿਹਾਰ ਦੇ ਮੁੱਖ ਮੰਤਰੀ ਜੀਤਨ ਰਾਮ ਮਾਂਝੀ ਤੇ ਮਹਾਤਮਾ ਗਾਂਧੀ ਦੇ ਪੋਤਰੇ ਤੁਸ਼ਾਰ ਗਾਂਧੀ ਨੇ ਵੀ ਸ਼ਿਵ ਸੈਨਾ ਦੀ ਮੰਗ ਦੀ ਆਲੋਚਨਾ ਕੀਤੀ ਹੈ। ਸਮਾਜਵਾਦੀ ਪਾਰਟੀ ਨੇ ਵੀ ਕਿਹਾ ਕਿ ਇਸ ਨਾਲ ਦੁਨੀਆਂ ਵਿਚ ਗ਼ਲਤ ਸੰਦੇਸ਼ ਜਾਵੇਗਾ। ਸੀ.ਪੀ.ਐਮ. ਨੇ ਕਿਹਾ ਹੈ ਕਿ ਜਦੋਂ 'ਸੰਵਿਧਾਨਕ ਕਦਰਾਂ-ਕੀਮਤਾਂ' ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ, ਤਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਚੁੱਪ ਰਹਿੰਦੇ ਹਨ। ਰਾਜ ਸਭਾ ਮੈਂਬਰ ਬ੍ਰਿੰਦਾ ਕਰਤ ਨੇ ਕਿਹਾ ਕਿ ਭਾਰਤ ਵਿਚ 'ਧਰਮ ਨਿਰਪੱਖਤਾ ਲਈ ਸੰਘਰਸ਼' ਦੇਸ਼ ਦੀ ਹੋਂਦ ਤੇ ਇਸ ਦੇ ਅੱਗੇ ਵਧਣ ਦਾ ਸੰਘਰਸ਼ ਸੀ। ਸੀ.ਪੀ.ਆਈ. ਦੇ ਕੌਮੀ ਸਕੱਤਰ ਡੀ ਰਾਜਾ ਨੇ ਦੋਸ਼ ਲਾਏ ਕਿ ਨਾਜ਼ੀਵਾਦੀ ਤਾਕਤਾਂ ਸੱਤਾ ਵਿਚ ਹਨ ਤੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਇਸ ਵਿਰੁੱਧ ਇਕਜੁੱਟ ਹੋਣ ਦੀ ਲੋੜ ਹੈ।

## ਪੂਰੀ ਦੁਨੀਆਂ ਲਈ ਸੀ ਓਬਾਮਾ ਦਾ ਸੁਨੇਹਾ: ਅਮਰੀਕੀ ਰਾਜਦੂਤ

**ਨਵੀਂ ਦਿੱਲੀ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਭਾਰਤ ਦੌਰੇ ਦੌਰਾਨ ਦਿੱਤਾ ਗਿਆ ਧਾਰਮਿਕ ਸੁਤੰਤਰਤਾ ਦਾ ਸੰਦੇਸ਼ ਪੂਰੀ ਦੁਨੀਆਂ ਲਈ ਸੀ। ਯਾਦ ਰਹੇ ਕਿ ਅਮਰੀਕੀ ਰਾਸ਼ਟਰਪਤੀ ਦੇ ਇਸ ਸੰਦੇਸ਼ ਕਾਰਨ ਵਿਰੋਧੀ ਪਾਰਟੀਆਂ ਮੋਦੀ ਸਰਕਾਰ ਦੀ ਖਿਚਾਈ ਕਰ ਰਹੀਆਂ ਹਨ। ਹੁਣ ਭਾਰਤ ਵਿਚ ਅਮਰੀਕਾ ਦੇ ਰਾਜਦੂਤ ਰਿਚਰਡ ਵਰਮਾ ਨੇ ਕਿਹਾ ਹੈ ਕਿ ਓਬਾਮਾ ਦਾ ਸੰਦੇਸ਼ ਵਿਸ਼ਵਵਿਆਪੀ ਸੀ ਤੇ ਉਨ੍ਹਾਂ ਇਕੱਲੇ ਭਾਰਤ ਵਾਸੀਆਂ ਨੂੰ ਹੀ ਨਹੀਂ, ਸਗੋਂ ਅਮਰੀਕੀ ਲੋਕਾਂ ਨੂੰ ਵੀ ਸੰਬੋਧਨ ਹੁੰਦਿਆਂ ਇਹ ਵਿਚਾਰ ਪ੍ਰਗਟਾਏ ਸਨ।

## ‘ਆਪ’ ਨੇ ਮੋਦੀ ਲਹਿਰ ਦੀਆਂ ਚੂਲਾਂ ਹਿਲਾਈਆਂ

*(ਸਫਾ ਇਕ ਦੀ ਬਾਕੀ)*

ਲਈ ਲਾਹੇਵੰਦ ਸੌਦਾ ਨਹੀਂ ਬਣ ਸਕਿਆ। ਕੁਝ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਅਜਿਹਾ ਲੇਖ ਕਿਸੇ ਰਣਨੀਤੀ ਤਹਿਤ ਵੀ ਛਾਪਿਆ ਹੋ ਸਕਦਾ ਹੈ ਪਰ ਨਿਰਪੱਖ ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਨ੍ਹਾਂ ਚੋਣਾਂ ਵਿਚ ਸੱਚਮੁੱਚ ਭਾਜਪਾ ਦੇ ਹੱਥਾਂ ਦੇ ਤੋਤੇ ਉਡੇ ਹੋਏ ਹਨ। ਉਂਜ ਵੀ ਜੇ ਕੁਝ ਸਮੀਕਰਨਾਂ ਬਦਲਣ ਕਰ ਕੇ ਦਿੱਲੀ ਵਿਚ ਭਾਜਪਾ ਦੀ ਸਰਕਾਰ ਬਣ ਵੀ ਜਾਂਦੀ ਹੈ, ਤਾਂ ਵੀ 'ਆਪ' ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕੇਗਾ।

ਉਧਰ, ਕੁਝ ਹਲਕਿਆਂ ਤੋਂ ਇਹ ਖਬਰਾਂ ਵੀ ਹਨ ਕਿ ਕਾਂਗਰਸ ਭਾਜਪਾ ਨੂੰ ਰੋਕਣ ਲਈ ਇਨ੍ਹਾਂ ਹਲਕਿਆਂ ਵਿਚ 'ਆਪ' ਦੇ ਉਮੀਦਵਾਰਾਂ ਦੀ ਮਦਦ ਕਰ ਸਕਦੀ ਹੈ। ਜਾਣਕਾਰ ਹਲਕਿਆਂ ਦਾ ਕਹਿਣਾ ਹੈ ਕਿ ਬੇਸ਼ੱਕ ਇਹ ਸਪਸ਼ਟ ਹੈ ਕਿ ਦਿੱਲੀ ਚੋਣਾਂ ਵਿਚ ਕਾਂਗਰਸ ਇਸ ਵਾਰ ਬਹੁਤੀ ਵਧੀਆ ਹਾਲਤ ਵਿਚ ਨਹੀਂ ਪਰ ਕਾਂਗਰਸ ਵਲੋਂ ਲਈਆਂ ਵੋਟਾਂ ਦੀ ਫ਼ੀਸਦ ਭਾਜਪਾ ਜਾਂ 'ਆਪ' ਦੀ ਜਿੱਤ ਨੂੰ ਤੈਅ ਕਰਨ ਵਿਚ ਵੱਡਾ ਰੋਲ ਅਦਾ ਕਰੇਗੀ। 2013 ਵਿਚ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ 24.55 ਫ਼ੀਸਦੀ ਵੋਟਾਂ ਲਈਆਂ ਸਨ। ਅਕਾਲੀ-ਭਾਜਪਾ ਗਠਜੋੜ ਨੂੰ 33.99 ਫ਼ੀਸਦੀ ਅਤੇ 'ਆਪ' ਨੂੰ 29.49 ਫ਼ੀਸਦੀ ਵੋਟਾਂ ਮਿਲੀਆਂ ਸਨ। ਜੇ ਐਤਕੀਂ ਕਾਂਗਰਸ ਦਾ ਵੋਟ ਫ਼ੀਸਦ ਘਟਦਾ ਹੈ ਤਾਂ ਉਹ ਵੋਟਾਂ 'ਆਪ' ਜਾਂ ਭਾਜਪਾ ਵਿਚੋਂ ਕਿਸ ਦੇ ਹੱਕ ਵਿਚ ਜ਼ਿਆਦਾ ਭੁਗਤਣਗੀਆਂ ਹਨ, ਇਹ ਦੇਖਣ ਵਾਲੀ ਗੱਲ ਹੋਵੇਗੀ।

# ਭਾਜਪਾ ਆਉਣ ਪਿੱਛੋਂ ਘੱਟ-ਗਿਣਤੀਆਂ ‘ਤੇ ਹਮਲੇ ਵਧੇ

**ਵਾਸ਼ਿੰਗਟਨ:** ਅਮਰੀਕਾ ਦੇ ਇਕ ਰਿਪਬਲਿਕਨ ਕਾਂਗਰਸ ਮੈਂਬਰ ਮੁਤਾਬਕ 2014 ਦੇ ਦੋ ਪਿਛਲੇ ਮਹੀਨਿਆਂ ਦੌਰਾਨ ਭਾਰਤ ਵਿਚ ਈਸਾਈ ਘੱਟਗਿਣਤੀ ਭਾਈਚਾਰੇ ਨੂੰ ਨਿਸ਼ਾਨਾ ਬਣਾਉਂਦੀਆਂ 38 ਘਟਨਾਵਾਂ ਵਾਪਰੀਆਂ। ਉਸ ਨੇ ਦੋਸ਼ ਲਾਇਆ ਕਿ ਘੱਟਗਿਣਤੀਆਂ ਵਿਰੁੱਧ ਭਾਰਤ ਵਿਚ ਹਮਲੇ ਵਧਣ ਦਾ ਖਦਸ਼ਾ ਹੈ। ਕਾਂਗਰਸ ਮੈਂਬਰ ਜੋਇ ਪਿੱਟ ਨੇ ਇਸ ਹਫਤੇ ਪ੍ਰਤੀਨਿਧ ਸਦਨ ਵਿਚ ਆਪਣੀਆਂ ਟਿੱਪਣੀਆਂ ਵਿਚ ਕਿਹਾ ਕਿ ਉਹ ਭਾਰਤ ਵਿਚ ਧਾਰਮਿਕ ਆਜ਼ਾਦੀ ਤੇ ਬਹੁਲਵਾਦ ਦੀ ਸਥਿਤੀ ਵੱਲ ਸਭ ਦਾ ਧਿਆਨ ਦਿਵਾ ਰਹੇ ਹਨ। ਇਹ ਬੜੀ ਬੇਚੈਨੀ ਵਾਲੀ ਗੱਲ ਹੈ ਕਿ ਭਾਰਤ ਵਿਚ ਇਤਿਹਾਸਕ ਬਹੁਲਵਾਦ ਤੇ ਵਿਭਿੰਨਤਾ ਦੀ ਥਾਂ ਅਸਹਿਣਸ਼ੀਲਤਾ, ਵੰਡੀਆਂ ਤੇ ਬਹੁਗਿਣਤੀਵਾਦ ਹਾਵੀ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਐਨਜੀਓਜ਼ ਦੀਆਂ ਰਿਪੋਰਟਾਂ ਅਨੁਸਾਰ ਨਵੀਂ ਸਰਕਾਰ ਦੇ ਪਹਿਲੇ 100 ਦਿਨਾਂ ਦੌਰਾਨ ਘੱਟਗਿਣਤੀ ਈਸਾਈ ਭਾਈਚਾਰੇ ਖ਼ਿਲਾਫ਼ ਹਿੰਦੂ ਰਾਸ਼ਟਰਵਾਦੀ ਤਾਕਤਾਂ ਦੇ ਹਮਲੇ ਵਧੇ ਹਨ। ਲਗਾਤਾਰ ਆ ਰਹੀਆਂ ਰਿਪੋਰਟਾਂ ਅਨੁਸਾਰ ਘੱਟਗਿਣਤੀਆਂ ਵਿਰੁੱਧ ਭਾਰਤ ਵਿਚ ਹਮਲੇ ਵੱਧ ਰਹੇ ਹਨ ਤੇ ਕਾਫੀ ਹੱਦ ਤੱਕ ਉਦਾਰ ਮੁਸਲਮਾਨਾਂ ਨੂੰ ਵੀ ਬਖ਼ਸ਼ਿਆ ਨਹੀਂ ਜਾ ਰਿਹਾ। ਇਵੈਂਜਲੀਕਲ ਫੈਲੋਸ਼ਿਪ ਆਫ ਇੰਡੀਆ ਵੱਲੋਂ ਪੇਸ਼ ਅੰਕੜਿਆਂ ਦਾ ਹਵਾਲਾ ਦਿੰਦਿਆਂ, ਪਿੱਟਸ ਨੇ ਦੋਸ਼ ਲਾਏ ਕਿ ਨਵੰਬਰ-ਦਸੰਬਰ 2014 ਵਿਚ ਈਸਾਈ ਭਾਈਚਾਰੇ ਉੱਤੇ ਹਮਲਿਆਂ ਦੀਆਂ 38 ਘਟਨਾਵਾਂ ਵਾਪਰੀਆਂ, ਜਿਨ੍ਹਾਂ ਵਿਚੋਂ 31 ਸਿਰਫ ਦਸੰਬਰ ਮਹੀਨੇ ਦੀਆਂ ਹਨ। ਉਨ੍ਹਾਂ ਦੱਸਿਆ ਕਿ ਚਰਚਾਂ ਨੂੰ ਸਾੜੇ ਜਾਣ, ਬੇਰਹਿਮੀ ਨਾਲ ਕੁੱਟਮਾਰ, ਡਰਾਉਣ-ਧਮਕਾਉਣ ਤੇ ਪਾਸਟਰਾਂ ਦੀਆਂ ਗ੍ਰਿਫਤਾਰੀਆਂ ਨੇ ਭਾਰਤੀ ਭਾਈਚਾਰੇ ਵਿਚ ਤਣਾਅ ਭਰਿਆ ਵਾਤਾਵਰਨ ਬਣਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਸਰਕਾਰ ਆਰਥਿਕ ਸੁਧਾਰਾਂ ਉੱਤੇ ਜ਼ੋਰ ਦੇ ਰਹੀ ਹੈ ਤਾਂ ਇਸ ਨੂੰ ਘੱਟਗਿਣਤੀਆਂ ਦੀ ਹਾਲਤ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ। ਪਿੱਟਸ ਅਨੁਸਾਰ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਇਨ੍ਹਾਂ ਹਿੰਸਕ ਕਾਰਵਾਈਆਂ ਵਿਰੁੱਧ ਬੋਲਣਾ ਚਾਹੀਦਾ ਹੈ, ਉਥੇ ਓਬਾਮਾ ਪ੍ਰਸ਼ਾਸਨ ਨੂੰ ਵੀ ਦਬਾਏ ਜਾ ਰਹੇ ਭਾਈਚਾਰਿਆਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨਾ ਚਾਹੀਦਾ ਹੈ। ਦੋਵੇਂ ਦੇਸ਼ਾਂ ਵਿਚਾਲੇ ਚੱਲਦੇ ਸੰਵਾਦ ਵਿਚ ਮਾਨਵੀ ਹੱਕਾਂ ਦਾ ਜ਼ਿਕਰ ਵੀ ਹੋਣਾ ਚਾਹੀਦਾ ਹੈ।




# ਸਿੱਖ ਕਤਲੇਆਮ ਦੀ ਜਾਂਚ ਲਈ ਬਣੇਗੀ ਇਕ ਹੋਰ ਕਮੇਟੀ

*(ਸਫਾ ਇਕ ਦੀ ਬਾਕੀ)*

ਨੇਤਾ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਜਿਨ੍ਹਾਂ ਦੇ ਨਾਂ ਮੁੱਖ ਦੋਸ਼ੀਆਂ ਵਜੋਂ ਲਏ ਜਾਂਦੇ ਹਨ, ਖਿਲਾਫ਼ ਚੱਲ ਰਹੀ ਸੀ.ਬੀ.ਆਈ. ਜਾਂਚ ਵੀ ਅਜੇ ਤੱਕ ਕਿਸੇ ਕੰਢੇ ਨਹੀਂ ਲੱਗੀ ਹੈ। ਸਰਕਾਰ ‘ਤੇ ਕਈ ਸਬੰਧਤ ਕੇਸ ਵੀ ਦਬਾਉਣ ਜਾਂ ਬੰਦ ਕਰਨ ਦੇ ਇਲਜ਼ਾਮ ਲੱਗਦੇ ਰਹੇ ਹਨ। ਨਾਨਾਵਤੀ ਕਮਿਸ਼ਨ ਨੇ ਸਰਕਾਰ ਨੂੰ ਜਾਣਕਾਰੀ ਵੀ ਦਿੱਤੀ, ਪਰ ਦੋਸ਼ੀਆਂ ਦੇ ਨਾਂ ਸਬੂਤਾਂ ਦੀ ਘਾਟ ਦੀ ਵਜ੍ਹਾ ਨਾਲ ਸਾਹਮਣੇ ਨਹੀਂ ਆਏ। ਪੁਲਿਸ ਵਲੋਂ ਬੰਦ ਕੀਤੇ 241 ਮਾਮਲੇ ਮੁੜ ਖੋਲ੍ਹਣ ਦੀ ਮੰਗ ਉਠਦੀ ਰਹੀ ਹੈ।

ਇਸ ਬਾਰੇ ਜਸਟਿਸ ਨਾਨਾਵਤੀ ਕਮਿਸ਼ਨ ਨੇ ਕੁੱਲ ਬੰਦ 241 ਮਾਮਲਿਆਂ ਵਿਚੋਂ ਸਿਰਫ਼ ਚਾਰ ਮਾਮਲੇ ਫਿਰ ਤੋਂ ਖੋਲ੍ਹਣ ਦੀ ਸਿਫਾਰਸ਼ ਕੀਤੀ ਸੀ ਹਾਲਾਂਕਿ ਇਹ ਸਪਸ਼ਟ ਨਹੀਂ ਹੋ ਸਕਿਆ ਕਿ 237 ਬੰਦ ਕੇਸਾਂ ਵਿਚੋਂ ਮੁੜ ਕਿੰਨੇ ਕੇਸ ਖੋਲ੍ਹੇ ਜਾਣਗੇ ਪਰ ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਜਿਨ੍ਹਾਂ ਮਾਮਲਿਆਂ ਵਿਚ ਵੱਖ-ਵੱਖ ਅਦਾਲਤਾਂ ਵਲੋਂ ਨਿਪਟਾਰਾ ਹੋ ਚੁੱਕਾ ਹੈ, ਉਥੇ ਜ਼ਿਆਦਾ ਕੁਝ ਨਹੀਂ ਕਿਹਾ ਜਾ ਸਕਦਾ ਪਰ ਉਨ੍ਹਾਂ ਸਾਰੇ ਮਾਮਲਿਆਂ ਦੀ ਮੁੜ ਪੜਤਾਲ ਕੀਤੀ ਜਾਵੇਗੀ, ਜਿਸ ਵਿਚ ਸਬੂਤ ਹੋਣ ਦੇ ਬਾਵਜੂਦ ਪੁਲਿਸ ਨੇ ਉਹ ਕੇਸ ਬੰਦ ਕਰ ਦਿੱਤੇ ਸਨ।

ਸਰਕਾਰੀ ਅੰਕੜਿਆਂ ਮੁਤਾਬਕ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ ਹੋਏ ਸਿੱਖ ਕਤਲੇਆਮ ਵਿਚ ਕੁੱਲ 3325 ਸਿੱਖ ਮਾਰੇ ਗਏ ਸਨ ਜਿਨ੍ਹਾਂ ਵਿਚੋਂ ਇਕੱਲੀ ਦਿੱਲੀ ਵਿਚ 2733 ਸਿੱਖਾਂ ਦੀਆਂ ਹੱਤਿਆਵਾਂ ਕੀਤੀਆਂ ਗਈਆਂ ਸਨ। ਬਾਕੀ ਸਿੱਖ ਉਤਰ ਪ੍ਰਦੇਸ਼, ਹਰਿਆਣਾ, ਮੱਧ ਪ੍ਰਦੇਸ਼, ਮਹਾਰਾਸ਼ਟਰ ਤੇ ਹੋਰ ਸੂਬਿਆਂ ਵਿਚ ਮਾਰੇ ਗਏ ਸਨ।

## ਆਰ.ਐਸ.ਐਸ. ਵਰਕਰਾਂ ਦੀ ਭੂਮਿਕਾ ਦੀ ਵੀ ਜਾਂਚ ਮੰਗੀ

1984 ਦੇ ਸਿੱਖ ਕਤਲੇਆਮ ਦੀ ਨਵੇਂ ਸਿਰੇ ਤੋਂ ਜਾਂਚ ਦੀ ਸੰਭਾਵਨਾ ਦੇ ਦਰਮਿਆਨ ਕਾਂਗਰਸ ਆਗੂ ਦਿਗਵਿਜੇ ਸਿੰਘ ਨੇ ਸਿੱਖ ਵਿਰੋਧੀ ਦੰਗਿਆਂ ਵਿਚ ਆਰ.ਐਸ.ਐਸ ਕਾਰਕੁਨਾਂ ਦੀ ਸ਼ਮੂਲੀਅਤ ਦਾ ਦੋਸ਼ ਲਾਉਂਦਿਆਂ ਸਵਾਲ ਕੀਤਾ ਹੈ ਕਿ ਇਸ ਬਾਰੇ ਚੁੱਪ ਕਿਉਂ ਧਾਰੀ ਹੋਈ ਹੈ। ਕਤਲੇਆਮ ਵਿਚ ਆਰ.ਐਸ.ਐਸ. ਦੇ ਵਰਕਰਾਂ ਦੀ ਭੂਮਿਕਾ ਵੀ ਸੀ ਤੇ ਇਸ ਦੀ ਵੀ ਜਾਂਚ ਹੋਣੀ ਚਾਹੀਦੀ ਹੈ। ਕਾਂਗਰਸ ਤਰਜਮਾਨ ਰਣਦੀਪ ਸਿੰਘ ਸੁਰਜੇਵਾਲਾ ਨੇ ਕਿਹਾ ਹੈ ਕਿ ਇਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਚੋਣਾਂ ਤੋਂ ਪਹਿਲਾਂ ਵੋਟਰਾਂ ਨੂੰ ਭਰਮਾਉਣ ਦੀ ਚਾਲ ਹੋ ਸਕਦੀ ਹੈ। ਜੇਕਰ ਇਸ ਵਿਚ ਸੱਚਾਈ ਹੈ ਤਾਂ ਇਹ ਨਿੰਦਣਯੋਗ ਕਾਰਵਾਈ ਹੈ। ਪ੍ਰਧਾਨ ਮੰਤਰੀ ਤੇ ਸਰਕਾਰ ਪਿਛਲੇ ਨੌਂ ਮਹੀਨਿਆਂ ਤੋਂ ਸੁੱਤੀ ਹੋਈ ਸੀ ਤੇ ਹੁਣ ਜਦੋਂ ਦਿੱਲੀ ਚੋਣਾਂ ਵਿਚ ਕੁਝ ਦਿਨਾਂ ਦਾ ਸਮਾਂ ਰਹਿ ਗਿਆ ਹੈ ਤਾਂ ਅਚਾਨਕ ਜਾਗ ਕਿਵੇਂ ਆਈ। ਉਧਰ ਸਿੱਖ ਕਤਲੇਆਮ ਦੇ ਪੀੜਤਾਂ ਦੇ ਵਕੀਲ ਤੇ ‘ਆਪ’ ਆਗੂ ਐਚ.ਐਸ. ਫੂਲਕਾ ਨੇ ਇਸ ਮਾਮਲੇ ’ਤੇ ਕੇਂਦਰ ਸਰਕਾਰ ਤੇ ਸ਼੍ਰੋਮਣੀ ਅਕਾਲੀ ਦਲ ਦੀ ਆਲੋਚਨਾ ਕੀਤੀ ਹੈ। ਸ. ਫੂਲਕਾ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਦਿੱਲੀ ਸਰਕਾਰ ਵੱਲੋਂ ਬਣਾਈ ਗਈ ਐਸ.ਆਈ.ਟੀ. ਨੂੰ ਕੇਂਦਰ ਸਰਕਾਰ ਨੇ ਅੱਗੇ ਨਹੀਂ ਵਧਾਇਆ ਤੇ ਹੁਣ ਸੱਤਾ ਵਿਚ ਆਉਣ ਦੇ ਤਕਰੀਬਨ ਨੌਂ ਮਹੀਨਿਆਂ ਤੱਕ ਚੁੱਪ ਧਾਰੀ ਰੱਖੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਬਾਬਾ ਬੁੱਢਾ ਜੀ ਬੇਰੀ ਨੂੰ ਪਿਆ ਭਰਵਾਂ ਬੂਰ

**ਅੰਮ੍ਰਿਤਸਰ:** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਇਤਿਹਾਸਕ ਬੇਰੀਆਂ ਨੂੰ ਇਸ ਵਾਰ ਭਰਵਾਂ ਭੂਰ ਪਿਆ ਹੈ। ਖਾਸ ਕਰ ਬਾਬਾ ਬੁੱਢਾ ਜੀ ਦੀ ਤਕਰੀਬਨ 440 ਵਰ੍ਹੇ ਪੁਰਾਣੀ ਬੇਰੀ ਨੂੰ ਦੂਜੀਆਂ ਬੇਰੀਆਂ ਨਾਲੋਂ ਸੰਘਣੇ ਤੇ ਰਸਦਾਰ ਬੇਰ ਲੱਗੇ ਹੋਏ ਹਨ। ਇਨ੍ਹਾਂ ਬੇਰੀਆਂ ਨੂੰ ਕੁਝ ਦਹਾਕੇ ਪਹਿਲਾਂ ਅਚਾਨਕ ਸੋਕੇ ਦੀ ਬਿਮਾਰੀ ਸ਼ੁਰੂ ਹੋਣ ਨਾਲ ਪ੍ਰਬੰਧਕਾਂ ਵੱਲੋਂ ਬਿਰਧ ਸਮਝਦਿਆਂ ਲੋਹੇ ਦੇ ਪੱਤਰਾਂ ਤੇ ਗਾਡਰਾਂ ਦੀ ਟੇਕ ਦਿੱਤੀ ਗਈ ਪਰ ਇਨ੍ਹਾਂ ਦਾ ਸੁੱਕਣਾ ਜਾਰੀ ਰਿਹਾ।

ਸ਼੍ਰੋਮਣੀ ਕਮੇਟੀ ਵੱਲੋਂ ਸਾਲ 2006 ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਨੂੰ ਸੱਦ ਕੇ ਬੇਰੀਆਂ ਦੀ ਘੋਖ ਕਰਨ ਦੀ ਅਪੀਲ ਕੀਤੀ ਗਈ। ਮਾਹਿਰਾਂ ਨੇ ਦੱਸਿਆ ਸੀ ਕਿ ਤਿੰਨੇ ਬੇਰੀਆਂ ਲਾਖ ਦੇ ਹਮਲੇ ਕਾਰਨ ਖੋਖਲੀਆਂ ਹੋ ਚੁੱਕੀਆਂ ਹਨ, ਜਦੋਂ ਕਿ ਬਾਬਾ ਬੁੱਢਾ ਜੀ ਦੀ ਬੇਰੀ 80 ਫੀਸਦੀ ਤੋਂ ਵਧੇਰੇ ਸੁੱਕ ਚੁੱਕੀ ਸੀ।

ਮਾਹਿਰਾਂ ਅਨੁਸਾਰ ਬੇਰੀਆਂ ਨੇੜੇ ਲੱਗੇ ਪੱਥਰ ਦੇ ਥੜ੍ਹੇ ਤੋਂ ਇਲਾਵਾ ਸ਼ਰਧਾਲੂਆਂ ਵੱਲੋਂ ਪ੍ਰਸਾਦਿ ਤੇ ਚੜ੍ਹਾਵਾ ਸੁੱਟਣਾ ਤੇ ਲਗਾਤਾਰ ਹੱਥ ਲਗਾਉਂਦੇ ਰਹਿਣ ਕਾਰਨ ਬੇਰੀਆਂ ਨੁਕਸ ਦਾ ਸ਼ਿਕਾਰ ਹੋ ਗਈਆਂ ਸਨ। ਇਨ੍ਹਾਂ ਇਤਿਹਾਸਕ ਬੇਰੀਆਂ ਦੇ ਬਚਾਓ ਲਈ ਪਹਿਲਾਂ ਸੁੱਕ ਚੁੱਕੀਆਂ ਟਾਹਣੀਆਂ ਦੀ ਕਾਂਟ-ਛਾਂਟ ਕੀਤੀ ਗਈ ਤੇ ਸੋਕਾ ਰੋਕਣ ਹਿਤ ਬਲਾਈਟ ਆਫ਼ ਦਾ ਘੋਲ ਛਿੜਕਿਆ ਗਿਆ।

ਇਸ ਤੋਂ ਬਾਅਦ ਕੀਟ ਨਾਸ਼ਕ ਨਾਲ ਲਾਖ ਦੇ ਕੀੜੇ ਖਤਮ ਕੀਤੇ ਗਏ ਹਨ ਤੇ ਬੇਰੀਆਂ ਦੇ ਅੰਸ਼ ਲੈ ਕੇ ਖੋਜ ਆਰੰਭੀ ਗਈ ਜਿਸ ਦੇ ਆਧਾਰ 'ਤੇ ਜਿਥੇ ਸਮੇਂ-ਸਮੇਂ ਸਪਰੇਅ ਤੇ ਟੀਕੇ ਵਰਤੇ ਜਾਂਦੇ ਹਨ, ਉਥੇ ਮਿੱਟੀ ਵਿਚੋਂ ਮਲੀਨਤਾ ਖਤਮ ਕਰਨ ਲਈ ਵਿਸ਼ੇਸ਼ ਮਿਸ਼ਰਨ ਵਰਤੇ ਜਾ ਰਹੇ ਹਨ।

ਇਨ੍ਹਾਂ ਉਪਰਾਲਿਆਂ ਸਦਕਾ ਹੀ ਇਸ ਵਾਰ ਬੇਰੀਆਂ ਨੂੰ ਹਰਿਆਲੀ ਦਾ ਭਰਵਾਂ ਬੂਰ ਪਿਆ ਅਤੇ ਹੁਣ ਰਸਵੇਂ ਬੇਰ ਲੱਗਣ ਨਾਲ ਢੁੱਕਵੇਂ ਇਲਾਜ ਦੀ ਪੁਸ਼ਟੀ ਹੋ ਗਈ ਹੈ।

# ਜਗਤਾਰ ਸਿੰਘ ਤਾਰਾ ਨੂੰ ਜੇਲ੍ਹ ਭੇਜਿਆ



**ਜਲੰਧਰ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਕਾਂਡ ਦੇ ਮੁੱਖ ਦੋਸ਼ੀਆਂ ਵਿਚ ਸ਼ਾਮਲ ਖਾੜਕੂ ਜਗਤਾਰ ਸਿੰਘ ਤਾਰਾ ਦਾ ਪੁਲਿਸ ਰਿਮਾਂਡ ਖਤਮ ਹੋਣ ਤੋਂ ਬਾਅਦ ਇਕ ਵਾਰ ਫਿਰ ਭਾਰੀ ਸੁਰੱਖਿਆ ਹੇਠ ਉਸ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਪੇਸ਼ੀ ਤੋਂ ਬਾਅਦ ਤਾਰਾ ਨੂੰ ਜੇਲ੍ਹ ਵਿਚ ਭੇਜੇ ਜਾਣ ਦਾ ਹੁਕਮ ਦਿੱਤਾ ਗਿਆ। ਤਾਰਾ ਦੇ ਵਕੀਲ ਕੇ.ਐਸ. ਹੁੰਦਲ ਨੇ ਦੱਸਿਆ ਕਿ ਅਦਾਲਤ ਨੇ ਇਸ ਰਿਮਾਂਡ ਵਿਚ ਹੋਰ ਵਾਧਾ ਨਾ ਕਰਦੇ ਹੋਏ ਤਾਰਾ ਨੂੰ 16 ਫਰਵਰੀ ਤੱਕ ਅਦਾਲਤੀ ਹਿਰਾਸਤ ਵਿਚ ਭੇਜੇ ਜਾਣ ਦਾ ਹੁਕਮ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਤਾਰਾ ਨੂੰ ਭੋਗਪੁਰ ਥਾਣਾ ਦੇ 2009 ਦੇ ਕੇਸ ਵਿਚ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ ਤੇ ਹੁਣ ਉਸ ਨੂੰ ਵਾਪਸ ਜੇਲ੍ਹ ਭੇਜ ਦਿੱਤਾ ਗਿਆ। ਅਦਾਲਤੀ ਕੰਪਲੈਕਸ ਦੇ ਬਾਹਰ ਤਾਰਾ ਦੇ ਸਮਰਥਕਾਂ ਵੱਲੋਂ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਏ ਗਏ। ਪੁਲਿਸ ਨੇ ਸੁਰੱਖਿਆ ਕਾਰਨਾਂ ਕਰ ਕੇ ਉਸ ਨੂੰ ਗੱਡੀ ਵਿਚੋਂ ਬਾਹਰ ਨਹੀਂ ਲਿਆਂਦਾ ਅਤੇ ਉਨ੍ਹਾਂ ਦੇ ਵਕੀਲ ਨੇ ਹੀ ਅਦਾਲਤ ਦਾ ਸਾਰੀ ਕਾਰਵਾਈ ਪੂਰੀ ਕੀਤੀ।

# ਅਮਰਿੰਦਰ ਸਿੰਘ ਨੂੰ ਖ਼ੁਸੀ ਕਪਤਾਨੀ ਮਿਲਣ ਦੇ ਆਸਾਰ

**ਨਵੀਂ ਦਿੱਲੀ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵਿਚ ਲੀਡਰਸ਼ਿਪ ਬਾਰੇ ਛਿੜਿਆ ਕਲੇਸ਼ ਮੁੱਕਣ ਵਾਲਾ ਹੈ, ਕਿਉਂਕਿ ਸੂਬੇ ਦੇ ਬਹੁਤੇ ਕਾਂਗਰਸੀ ਵਿਧਾਇਕਾਂ ਨੇ ਪਾਰਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਕੋਲ ਕੈਪਟਨ ਅਮਰਿੰਦਰ ਸਿੰਘ ਦੇ ਹੱਕ ਵਿਚ ਨਾਅਰਾ ਮਾਰ ਦਿੱਤਾ ਹੈ। ਉਨ੍ਹਾਂ ਨੇ ਸਾਫ ਕਰ ਦਿੱਤਾ ਹੈ ਕਿ ਸੂਬੇ ਵਿਚ ਕਾਂਗਰਸ ਨੂੰ ਕੈਪਟਨ ਦੀ ਲੋੜ ਹੈ ਤੇ ਮੌਜੂਦਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਹਟਾ ਦਿੱਤਾ ਜਾਵੇ। ਹਾਈਕਮਾਨ ਹੁਣ ਕੈਪਟਨ ਤੇ ਬਾਜਵਾ ਨਾਲ ਮੀਟਿੰਗ ਮਗਰੋਂ ਆਖਰੀ ਫੈਸਲਾ ਕਰੇਗੀ। ਸ੍ਰੀ ਗਾਂਧੀ ਨਾਲ ਮੁਲਾਕਾਤ ਵੇਲੇ ਪੰਜਾਬ ਦੇ ਕੁਝ ਇਕ ਕਾਂਗਰਸੀ ਵਿਧਾਇਕਾਂ ਨੂੰ ਛੱਡ ਕੇ ਬਹੁ-ਗਿਣਤੀ ਕੈਪਟਨ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਰਹੇ।

ਸ੍ਰੀ ਗਾਂਧੀ ਨੇ ਪਾਰਟੀ ਦੇ ਦੋ ਧੜਿਆਂ ਨਾਲ ਤਕਰੀਬਨ ਡੇਢ ਘੰਟੇ ਤੱਕ ਮੀਟਿੰਗ ਕੀਤੀ। ਇਸ ਖੁੱਲ੍ਹੀ ਚਰਚਾ ਦੌਰਾਨ ਇਹ ਗੱਲ ਉਭਰੀ ਕਿ ਰਾਜ ਵਿਚਲੀ ਅਕਾਲੀ-ਭਾਜਪਾ ਸਰਕਾਰ ਨੂੰ ਟੱਕਰ ਦੇਣ ਦੀ ਜੁਰਅਤ ਸਿਰਫ ਕੈਪਟਨ ਅਮਰਿੰਦਰ ਸਿੰਘ ਵਿਚ ਹੈ। ਇਥੋਂ ਤੱਕ ਕਿ ਰਾਜ ਦੀ ਸਾਬਕਾ ਮੁੱਖ



ਮੰਤਰੀ ਰਾਜਿੰਦਰ ਕੌਰ ਭੱਠਲ ਨੇ ਵੀ ਸ੍ਰੀ ਰਾਹੁਲ ਗਾਂਧੀ ਨੂੰ ਆਖ ਦਿੱਤਾ ਕਿ ਉਹ ਕੈਪਟਨ ਦੀ ਮਕਬੂਲੀਅਤ ਦਾ ਲਾਹਾ ਲੈਣ। ਪਾਰਟੀ ਮੀਤ ਪ੍ਰਧਾਨ ਨੂੰ ਮਿਲਣ ਵੇਲੇ ਬੀਬੀ ਭੱਠਲ ਦੇ ਨਾਲ-ਨਾਲ ਵਿਧਾਇਕ ਬ੍ਰਹਮ ਮਹਿੰਦਰਾ, ਏ.ਐਸ. ਮੋਫਰ, ਪ੍ਰਨੀਤ ਕੌਰ, ਕੇਵਲ ਢਿੱਲੋਂ, ਕਾਂਗਰਸ ਵਿਧਾਇਕ ਦਲ ਦੇ ਨੇਤਾ ਸੁਨੀਲ ਜਾਖੜ, ਰਾਣਾ ਗੁਰਮੀਤ ਸੋਢੀ, ਹਰਦਿਆਲ ਕੰਬੋਜ, ਕਰਨ ਬਰਾੜ, ਭਾਰਤੀ ਯੂਥ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਰਾਜਾ ਵੜਿੰਗ ਤੇ ਰਜਨੀਸ਼ ਬੱਬੀ ਹਾਜ਼ਰ ਸਨ। ਮੀਟਿੰਗ ਵਿਚ ਮੋਫਰ ਤੇ ਮਹਿੰਦਰਾ ਤੋਂ ਇਲਾਵਾ ਬਾਕੀ ਸਾਰਿਆਂ ਨੇ ਕੈਪਟਨ ਦਾ ਖੁੱਲ੍ਹ ਕੇ ਪੱਖ ਪੂਰਿਆ।

# ਅੰਮ੍ਰਿਤਸਰ ਤੋਂ ਕੌਮਾਂਤਰੀ ਉਡਾਣਾਂ ਦਾ ਸਾਹ ਟੁੱਟਿਆ

**ਰਾਜਾਸਾਂਸੀ:** ਜੂਨ ਮਹੀਨੇ ਵਿਚ ਸ੍ਰੀ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ ਦੇ ਨਾਂ ਨਾਲੋਂ 'ਕੌਮਾਂਤਰੀ' ਸ਼ਬਦ ਉਤਰ ਜਾਵੇਗਾ ਅਤੇ ਇਹ ਕੁਝ ਦਹਾਕੇ ਪਹਿਲਾਂ ਵਾਂਗ ਮਾਤਰ ਘਰੇਲੂ ਉਡਾਣਾਂ ਤੱਕ ਸੀਮਿਤ ਰਹਿ ਜਾਵੇਗਾ। ਇਹ ਜਾਣਕਾਰੀ ਅੰਮ੍ਰਿਤਸਰ ਹਵਾਈ ਅੱਡੇ ਦੀ ਵੈਬਸਾਈਟ 'ਤੇ ਨਸ਼ਰ ਕੀਤੀ ਗਈ ਹੈ।

ਵੈਬਸਾਈਟ 'ਤੇ ਪਾਈ ਜਾਣਕਾਰੀ ਮੁਤਾਬਕ ਹਵਾਈ ਅੱਡਾ ਅਥਾਰਟੀ ਦੇ ਭਵਿੱਖ ਵਾਲੇ ਪ੍ਰੋਗਰਾਮਾਂ ਵਿਚ ਚੰਡੀਗੜ੍ਹ ਹਵਾਈ ਅੱਡੇ ਨੂੰ ਜੂਨ 2015 ਤੱਕ ਵਿਕਸਤ ਕਰ ਕੇ ਅੰਮ੍ਰਿਤਸਰ ਤੋਂ ਜਾਂਦੀਆਂ ਕੌਮਾਂਤਰੀ ਹਵਾਈ ਉਡਾਣਾਂ ਉਥੋਂ ਉਡਾਏ ਜਾਣ ਦੀ ਯੋਜਨਾ ਹੈ ਜਿਸ ਤਹਿਤ ਅੰਮ੍ਰਿਤਸਰ ਨੂੰ ਸਿਰਫ ਘਰੇਲੂ ਉਡਾਣਾਂ ਲਈ ਹੀ ਵਰਤੋਂ ਵਿਚ ਲਿਆਂਦਾ ਜਾਵੇਗਾ। ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਚਰਨਜੀਤ ਸਿੰਘ ਗੁੰਮਟਾਲਾ ਨੇ ਕੇਂਦਰ ਦੀ ਇਸ ਤਜਵੀਜ਼ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਚਿੱਠੀ ਲਿਖਦਿਆਂ ਅਜਿਹਾ ਨਾ ਕਰਨ ਦੀ ਅਪੀਲ ਕੀਤੀ ਹੈ ਜਿਸ ਵਿਚ ਦੇਸ਼ ਦੇ ਖਜ਼ਾਨਾ ਮੰਤਰੀ ਅਰੁਣ ਜੇਤਲੀ ਵੱਲੋਂ ਅੰਮ੍ਰਿਤਸਰ ਤੋਂ ਹੋਰ ਕੌਮਾਂਤਰੀ ਉਡਾਣਾਂ ਵਧਾਉਣ ਦੇ ਭਰੋਸੇ ਦਾ ਵੀ ਹਵਾਲਾ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਹਵਾਈ ਅੱਡੇ ਦੀ ਵੈਬਸਾਈਟ ਆਈ ਫਲਾਈ ਡਾਟ ਕਾਮ 'ਤੇ ਅੱਪਲੋਡ ਜਾਣਕਾਰੀ ਅਨੁਸਾਰ ਅੰਮ੍ਰਿਤਸਰ ਤੋਂ ਏਅਰ ਇੰਡੀਆ, ਉਜ਼ਬੇਕ ਏਅਰਵੇਜ਼, ਤੁਰਕਮੇਨਿਸਤਾਨ ਏਅਰਵੇਜ਼, ਕਤਰ ਏਅਰਵੇਜ਼ ਦੀਆਂ ਉਡਾਣਾਂ ਨੂੰ ਚੰਡੀਗੜ੍ਹ ਹਵਾਈ ਅੱਡੇ ਤੋਂ ਜੂਨ ਵਿਚ ਸ਼ੁਰੂ ਕੀਤਾ ਜਾਵੇਗਾ ਤੇ ਅੰਮ੍ਰਿਤਸਰ ਤੋਂ ਚੰਡੀਗੜ੍ਹ ਲਈ ਘਰੇਲੂ ਉਡਾਣਾਂ ਚੱਲਣਗੀਆਂ। ਚੰਡੀਗੜ੍ਹ ਹਵਾਈ ਅੱਡੇ ਤੋਂ ਕੋਈ ਵੀ ਵਿਦੇਸ਼ੀ ਕੰਪਨੀ ਉਡਾਣ ਸ਼ੁਰੂ ਕਰਨ ਲਈ ਤਿਆਰ ਨਹੀਂ ਸੀ ਜਿਸ ਕਾਰਨ ਕੇਂਦਰ ਦੇ ਨਾਲ-ਨਾਲ ਸੂਬਾ ਸਰਕਾਰ ਦੇ ਨੁਮਾਇੰਦਿਆਂ ਨੇ ਆਪਣੇ ਕੁਝ ਵਿਸ਼ੇਸ਼ ਹਿੱਤਾਂ ਦੀ ਪੂਰਤੀ ਲਈ ਇਹ ਜਾਲ ਬੁਣਿਆ ਹੈ।


# ਗੁਰੂ ਦੀਆਂ ਨਿਸ਼ਾਨੀਆਂ ਦੀ ਬੇਅਦਬੀ ਦਾ ਮਾਮਲਾ ਫਿਰ ਭਖਿਆ

**ਪਟਿਆਲਾ:** ਨਾਭਾ ਰਿਆਸਤ ਨੂੰ ਗੁਰੂ ਗੋਬਿੰਦ ਸਿੰਘ ਵੱਲੋਂ ਦਿੱਤੀਆਂ ਨਿਸ਼ਾਨੀਆਂ ਅਜੇ ਵੀ ਪਟਿਆਲਾ ਦੇ ਕਿਲ੍ਹਾ ਮੁਬਾਰਕ ਵਿਚ ਬਕਸੇ ਵਿਚ ਬੰਦ ਹਨ। ਇਨ੍ਹਾਂ ਵਿਚੋਂ ਕੁਝ ਨਿਸ਼ਾਨੀਆਂ ਖ਼ਰਾਬ ਹੋ ਰਹੀਆਂ ਹਨ ਜਿਸ ਦੀ ਜ਼ਿੰਮੇਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪੰਜਾਬ ਸਰਕਾਰ ਉੱਤੇ ਮੜ੍ਹਦਿਆਂ ਪੰਜਾਬ ਸਿੱਖ ਕੌਂਸਲ ਨੇ ਕਈ ਅਪਰਾਧਕ ਧਾਰਾਵਾਂ ਲਗਾ ਕੇ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।

ਪਟਿਆਲਾ ਦੇ ਡਿਪਟੀ ਕਮਿਸ਼ਨਰ ਰਾਹੀਂ ਭਾਰਤ ਦੇ ਰਾਸ਼ਟਰਪਤੀ, ਸੁਪਰੀਮ ਕੋਰਟ ਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਚੀਫ਼ ਜਸਟਿਸ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਪੰਜਾਬ ਸਿੱਖ ਕੌਂਸਲ ਨੇ ਪੱਤਰ ਲਿਖਿਆ ਹੈ। ਕੌਂਸਲ ਪ੍ਰਧਾਨ ਮੋਹਨ ਸਿੰਘ ਕਰਤਾਰਪੁਰ ਨੇ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਦੀਆਂ ਨਿਸ਼ਾਨੀਆਂ ਛੇ ਅਕਤੂਬਰ 2009 ਤੋਂ ਕਿਲ੍ਹਾ ਮੁਬਾਰਕ ਪਟਿਆਲਾ ਵਿਚ ਪਏ ਬਕਸੇ ਅੰਦਰ ਬੰਦ ਪਈਆਂ ਹਨ। ਉਹ ਕਈ ਵਾਰੀ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਨੂੰ ਮਿਲ ਕੇ ਅਤੇ ਲਿਖਤੀ ਤੌਰ 'ਤੇ ਵੀ ਬੇਨਤੀ ਕਰ ਚੁੱਕੇ ਹਨ, ਪਰ ਕਿਸੇ ਨੇ ਵੀ ਇਸ ਵੱਲ ਕੋਈ ਖ਼ਾਸ ਤਵੱਜੋਂ ਨਹੀਂ ਦਿੱਤੀ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

Pinnacle Carriers, Inc
Now Hiring Drivers
ਡਰਾਈਵਰਾਂ ਦੀ ਲੋੜ ਹੈ

Limited availability
Team or Solo
36-38 CPM
$1900 starting to Midwest
$300 quarterly driver safety bonus
$50 dot inspection bonus
$1000 sign in bonus (1 year)
Brand New Trucks & Trailers
Please Contact
Ph: (916) 833-5022
6-9

# ਹੁਣ ਮਾਈ ਭਾਗੋ ਸਾਈਕਲ ਯੋਜਨਾ ਹੋਈ ਵੱਸੋਂ ਬਾਹਰ



**ਚੰਡੀਗੜ੍ਹ:** ਮਾਈ ਭਾਗੋ ਮੁਫਤ ਸਾਈਕਲ ਯੋਜਨਾ ਨੂੰ ਚਾਲੂ ਰੱਖਣਾ ਪੰਜਾਬ ਸਰਕਾਰ ਦੇ ਵੱਸੋਂ ਬਾਹਰ ਹੋ ਗਿਆ ਹੈ। ਖਾਲੀ ਖਜ਼ਾਨੇ ਕਾਰਨ ਸੂਬਾ ਸਰਕਾਰ ਨੇ ਇਸ ਯੋਜਨਾ ਨੂੰ ਚੱਲਦੀ ਰੱਖਣ ਲਈ ਕੇਂਦਰ ਅੱਗੇ ਝੋਲੀ ਅੱਡ ਦਿੱਤੀ ਹੈ। ਜਾਣਕਾਰੀ ਮੁਤਾਬਕ ਵਿੱਤ ਵਿਭਾਗ ਨੇ ਨਵੇਂ ਵਿੱਤੀ ਵਰ੍ਹੇ 2015-16 ਦੌਰਾਨ ਇਹ ਯੋਜਨਾ ਜਾਰੀ ਰੱਖਣ ਲਈ ਕੇਂਦਰ ਤੋਂ 90 ਕਰੋੜ ਰੁਪਏ ਦੀ ਰਕਮ ਮੰਗੀ ਹੈ।

ਸਾਲ 2011 ਤੋਂ ਬਾਅਦ ਅਜਿਹਾ ਦੂਜੀ ਵਾਰ ਹੈ, ਜਦੋਂ ਪੰਜਾਬ ਦੇ ਵਿੱਤ ਮਹਿਕਮੇ ਨੇ ਇਸ ਯੋਜਨਾ ਨੂੰ ਜਾਰੀ ਰੱਖਣ ਵਿਚ ਵਿੱਤੀ ਔਕੜ ਮਹਿਸੂਸ ਕੀਤੀ ਹੈ। ਪੰਜਾਬ ਸਰਕਾਰ ਦੀ ਇਹ ਯੋਜਨਾ ਸਾਲ 2011 ਵਿਚ ਉਸ ਵੇਲੇ ਗੰਭੀਰ ਵਿਵਾਦਾਂ ਵਿਚ ਘਿਰ ਗਈ ਸੀ, ਜਦੋਂ ਵਿੱਤ ਵਿਭਾਗ ਨੇ ਲੁਧਿਆਣਾ ਤੇ ਪਾਣੀਪਤ ਦੀਆਂ ਉਨ੍ਹਾਂ ਸਾਈਕਲ ਨਿਰਮਾਤਾ ਕੰਪਨੀਆਂ ਨੂੰ ਇਕ ਲੱਖ ਸਾਈਕਲਾਂ ਦੀ ਬਣਦੀ ਰਾਸ਼ੀ ਦੇਣ ਤੋਂ ਹੱਥ ਖੜ੍ਹੇ ਕਰ ਦਿੱਤੇ ਸਨ। ਉਸ ਵੇਲੇ ਪੰਜਾਬ ਸਰਕਾਰ ਨੇ ਸਾਈਕਲ ਕੰਪਨੀਆਂ ਤੋਂ ਇਕ ਲੱਖ, ਪੰਜ ਹਜ਼ਾਰ ਸਾਈਕਲ ਖਰੀਦ ਲਏ ਸਨ, ਜਿਨ੍ਹਾਂ ਦੀ ਕੀਮਤ ਤਕਰੀਬਨ 21 ਕਰੋੜ ਰੁਪਏ ਬਣਦੀ ਸੀ ਜਦੋਂ ਕਿ ਸਰਕਾਰ ਸਿਰਫ 9 ਕਰੋੜ ਰੁਪਏ ਹੀ ਕੰਪਨੀਆਂ ਨੂੰ ਅਦਾ ਕਰ ਸਕਦੀ ਸੀ। ਸਿੱਟੇ ਵਜੋਂ ਕੰਪਨੀਆਂ ਨੇ ਸਰਕਾਰ ਨੂੰ ਸਾਈਕਲਾਂ ਦੀ ਸਪਲਾਈ ਰੋਕ ਦਿੱਤੀ ਸੀ।

ਦਿਲਚਸਪ ਗੱਲ ਇਹ ਹੈ ਕਿ ਮਾਈ ਭਾਗੋ ਦੇ ਨਾਂ 'ਤੇ ਸਰਕਾਰੀ ਸਕੂਲਾਂ ਦੀਆਂ ਵਿਦਿਆਰਥਣਾਂ ਨੂੰ ਮੁਫਤ ਸਾਈਕਲ ਵੰਡਣ ਲਈ ਸ਼ੁਰੂ ਕੀਤੀ ਗਈ ਇਹ ਯੋਜਨਾ ਪੰਜਾਬ ਸਰਕਾਰ ਦੀ 'ਸੁਫਨਮਈ ਯੋਜਨ' ਸੀ ਜਿਸ ਤਹਿਤ ਪਿਛਲੇ ਤਕਰੀਬਨ ਚਾਰ ਸਾਲਾਂ ਤੋਂ ਸਰਕਾਰੀ ਸਕੂਲਾਂ ਦੀਆਂ ਵਿਦਿਆਰਥਣਾਂ ਨੂੰ ਮੁਫਤ ਸਾਈਕਲ ਮਿਲਦੇ ਰਹੇ ਹਨ ਤੇ ਇਨ੍ਹਾਂ ਸਾਈਕਲਾਂ ਲਈ ਰਕਮ ਦੀ ਅਦਾਇਗੀ ਪੰਜਾਬ ਸਰਕਾਰ ਵਲੋਂ ਹੀ ਕੀਤੀ ਜਾਂਦੀ ਸੀ।

ਸੂਤਰਾਂ ਅਨੁਸਾਰ ਪੰਜਾਬ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਨੇ ਨਵੇਂ ਵਿੱਤੀ ਸਾਲ ਦੌਰਾਨ ਸੂਬੇ ਦੇ ਸਰਕਾਰੀ ਸਕੂਲਾਂ ਵਿਚ ਇਨ੍ਹਾਂ ਸਾਈਕਲਾਂ ਦੀ ਲੋੜ ਦੇ ਅੰਕੜੇ ਮੰਗਵਾਏ ਸਨ, ਜਿਨ੍ਹਾਂ ਅਨੁਸਾਰ 9ਵੀਂ, 10ਵੀਂ ਤੇ 11ਵੀਂ ਜਮਾਤ ਵਿਚ ਪੜ੍ਹਦੀਆਂ ਤਕਰੀਬਨ ਤਿੰਨ ਲੱਖ ਲੜਕੀਆਂ ਨੂੰ ਮੁਫਤ ਸਾਈਕਲ ਦਿੱਤੇ ਜਾਣ ਦੀ ਮੰਗ ਸਕੂਲਾਂ ਵਲੋਂ ਆ ਚੁੱਕੀ ਹੈ। ਤਿੰਨ ਹਜ਼ਾਰ ਰੁਪਏ ਪ੍ਰਤੀ ਸਾਈਕਲ ਦੇ ਹਿਸਾਬ ਨਾਲ ਐਨੀ ਵੱਡੀ ਗਿਣਤੀ ਵਿਚ ਸਾਈਕਲਾਂ ਦੀ ਖਰੀਦ ਲਈ ਸਰਕਾਰ ਨੂੰ 90 ਕਰੋੜ ਰੁਪਏ ਰਕਮ ਦੀ ਲੋੜ ਹੈ।

ਐਨੀ ਰਕਮ ਦੀ ਅਦਾਇਗੀ ਪ੍ਰਤੀ ਔਖ ਮਹਿਸੂਸ ਹੋਣ ਕਾਰਨ ਵਿੱਤ ਵਿਭਾਗ ਨੇ ਕੇਂਦਰ ਨੂੰ 13ਵੇਂ ਵਿੱਤ ਕਮਿਸ਼ਨ ਤਹਿਤ 90 ਕਰੋੜ ਰੁਪਏ ਦੇਣ ਲਈ ਬੇਨਤੀ ਕੀਤੀ ਹੈ। ਕੇਂਦਰ ਨਾਲ ਗੱਲਬਾਤ ਲਈ ਪੰਜਾਬ ਸਰਕਾਰ ਨੇ ਆਪਣੇ ਸਬੰਧਤ ਅਧਿਕਾਰੀ ਨੂੰ ਪਿਛਲੇ ਦਿਨੀਂ ਨਵੀਂ ਦਿੱਲੀ ਵੀ ਭੇਜਿਆ ਸੀ। ਸੂਤਰਾਂ ਨੇ ਦੱਸਿਆ ਕਿ ਕੇਂਦਰ ਨੇ ਰਾਸ਼ੀ ਦੀ ਅਦਾਇਗੀ ਪ੍ਰਤੀ ਹਾਂ-ਪੱਖੀ ਹੁੰਗਾਰਾ ਭਰ ਦਿੱਤਾ ਹੈ, ਜਿਸ ਤੋਂ ਬਾਅਦ ਸਮਾਜਿਕ ਸੁਰੱਖਿਆ ਵਿਭਾਗ ਨੇ ਪੰਜਾਬ ਦੇ ਕੰਟਰੋਲਰ ਸਟੋਰਜ਼ ਨੂੰ ਸਾਈਕਲਾਂ ਦੀ ਖਰੀਦ ਲਈ ਟੈਂਡਰ ਮੰਗਣ ਲਈ ਲਿਖ ਦਿੱਤਾ ਹੈ।

ਸੂਤਰਾਂ ਅਨੁਸਾਰ ਖਤਮ ਹੋਣ ਜਾ ਰਹੇ ਇਸ ਵਿੱਤੀ ਸਾਲ ਦੌਰਾਨ ਪੰਜਾਬ ਸਰਕਾਰ ਇਕ ਲੱਖ, 46 ਹਜ਼ਾਰ ਸਕੂਲੀ ਵਿਦਿਆਰਥਣਾਂ ਨੂੰ ਮੁਫਤ ਸਾਈਕਲ ਵੰਡ ਚੁੱਕੀ ਹੈ, ਇਨ੍ਹਾਂ ਸਾਈਕਲਾਂ ਲਈ ਪੰਜਾਬ ਸਰਕਾਰ ਨੇ ਆਪਣੇ ਪੱਲਿਉਂ ਤਕਰੀਬਨ 41 ਕਰੋੜ, 75 ਲੱਖ ਰੁਪਏ ਰਾਸ਼ੀ ਅਦਾ ਕੀਤੀ ਸੀ। ਨਵੇਂ ਵਿੱਤੀ ਸਾਲ ਦੌਰਾਨ ਸਰਕਾਰ ਵਲੋਂ 12ਵੀਂ ਜਮਾਤ ਦੀਆਂ ਵਿਦਿਆਰਥਣਾਂ ਨੂੰ ਇਹ ਸਾਈਕਲ ਨਹੀਂ ਵੰਡੇ ਜਾ ਰਹੇ ਕਿਉਂਕਿ ਇਹ ਵਿਦਿਆਰਥਣਾਂ 11ਵੀਂ ਦੀ ਪੜ੍ਹਾਈ ਦੌਰਾਨ ਹੀ ਸਾਈਕਲ ਹਾਸਲ ਕਰ ਚੁੱਕੀਆਂ ਹਨ।

## ਮਾਤਾ ਕੁਸ਼ੱਲਿਆ ਯੋਜਨਾ ਵੀ ਲੀਹੋਂ ਲੱਥੀ

ਲੁਧਿਆਣਾ: ਪੰਜਾਬ ਸਰਕਾਰ ਵਲੋਂ ਹਰ ਗਰਭਵਤੀ ਔਰਤ ਦਾ ਕਿਸੇ ਨਾ ਕਿਸੇ ਹਸਪਤਾਲ ਵਿਚ ਜਣੇਪਾ ਕਰਵਾਉਣ ਦੇ ਰੁਝਾਨ ਨੂੰ ਉਤਸ਼ਾਹਿਤ ਕਰਨ ਲਈ ਮਾਤਾ ਕੁਸ਼ੱਲਿਆ ਯੋਜਨਾ ਚੱਲ ਰਹੀ ਹੈ। ਇਸ ਯੋਜਨਾ ਤਹਿਤ ਹਸਪਤਾਲ ਵਿਚ ਜਣੇਪਾ ਕਰਵਾਉਣ ਵਾਲੀ ਹਰ ਔਰਤ ਨੂੰ ਇਕ ਹਜ਼ਾਰ ਰੁਪਏ ਮਾਣ ਵਜੋਂ ਦਿੱਤੇ ਜਾਂਦੇ ਹਨ।

ਜਾਣਕਾਰੀ ਅਨੁਸਾਰ ਇਸ ਯੋਜਨਾ ਤਹਿਤ ਸਮੁੱਚੇ ਪੰਜਾਬ ਵਿਚ ਅਕਤੂਬਰ 2014 ਤੋਂ ਕਿਸੇ ਵੀ ਸਰਕਾਰੀ ਹਸਪਤਾਲ ਵਿਚ ਜਣੇਪਾ ਕਰਵਾਉਣ ਵਾਲੀ ਔਰਤ ਨੂੰ ਕੋਈ ਪੈਸਾ ਨਹੀਂ ਮਿਲਿਆ, ਜਿਸ ਕਰਕੇ ਉਨ੍ਹਾਂ ਵਿਚ ਭਾਰੀ ਨਿਰਾਸ਼ਾ ਪਾਈ ਜਾ ਰਹੀ ਹੈ। ਪੰਜਾਬ ਸਰਕਾਰ ਵਲੋਂ ਇਹ ਯੋਜਨਾ 2011 ਵਿਚ ਸ਼ੁਰੂ ਕੀਤੀ ਗਈ ਸੀ ਤੇ ਇਸ ਯੋਜਨਾ ਦੇ ਸ਼ੁਰੂ ਹੋਣ ਨਾਲ ਜੱਚਾ-ਬੱਚਾ ਦੀ ਮੌਤ ਦਰ ਵਿਚ ਕਮੀ ਆਈ ਹੈ। ਜਾਣਕਾਰੀ ਮੁਤਾਬਕ ਸਮੁੱਚੇ ਪੰਜਾਬ ਵਿਚ ਇਸ ਵੇਲੇ ਤਕਰੀਬਨ 80 ਫੀਸਦੀ ਜਣੇਪੇ ਹੁਣ ਹਸਪਤਾਲਾਂ ਵਿਚ ਹੁੰਦੇ ਹਨ ਪਰ ਇਸ ਯੋਜਨਾ ਦੇ ਕਾਮਯਾਬ ਹੋਣ ਪਿੱਛੋਂ ਸਰਕਾਰ ਨੇ ਹੱਥ ਪਿੱਛੇ ਖਿੱਚ ਲਏ ਹਨ। ਉਕਤ ਯੋਜਨਾ ਬਾਰੇ ਸਿਹਤ ਵਿਭਾਗ ਦੇ ਨਿਰਦੇਸ਼ਕ ਡਾ. ਕਰਨਜੀਤ ਸਿੰਘ ਦਾ ਕਹਿਣਾ ਹੈ ਕਿ ਜਿੰਨੇ ਵੀ ਜਣੇਪੇ ਸਰਕਾਰੀ ਹਸਪਤਾਲਾਂ ਵਿਚ ਹੋਏ ਹਨ, ਨੂੰ 31 ਮਾਰਚ 2015 ਤੱਕ 1000-1000 ਰੁਪਏ ਦੇ ਚੈਕ ਮਿਲ ਜਾਣ ਦੀ ਸੰਭਾਵਨਾ ਹੈ। ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਨੇ ਕਿਹਾ ਕਿ ਹਾਲੇ ਫੰਡਾਂ ਦੀ ਘਾਟ ਹੈ।

# ਵਜ਼ੀਰਾਂ ਦੇ ਵਿਦੇਸ਼ੀ ਇਲਾਜ ਦੇ ਬਿੱਲਾਂ ਨੇ ਖਜ਼ਾਨਾ ਉਜਾੜਿਆ

**ਬਠਿੰਡਾ:** ਪੰਜਾਬ ਦੀ ਮਾੜੀ ਆਰਥਿਕ ਹਾਲਤ ਦੇ ਬਾਵਜੂਦ ਵਜ਼ੀਰ ਤੇ ਵਿਧਾਇਕ ਸਰਕਾਰੀ ਸਹੂਲਤਾਂ ਦੀ ਖੁੱਲ੍ਹ ਕੇ ਵਰਤੋਂ ਕਰ ਰਹੇ ਹਨ। ਲੀਡਰਾਂ ਦੇ ਵਿਦੇਸ਼ੀ ਤੇ ਪ੍ਰਾਈਵੇਟ ਹਸਪਤਾਲਾਂ ਵਿਚੋਂ ਇਲਾਜ ਸਰਕਾਰੀ ਖਜ਼ਾਨੇ ਨੂੰ ਮਹਿੰਗਾ ਪੈ ਰਿਹਾ ਹੈ। ਸਰਕਾਰੀ ਖਜ਼ਾਨੇ ਵਿਚੋਂ ਹਰ ਵਰ੍ਹੇ ਕਰੋੜਾਂ ਰੁਪਏ ਪ੍ਰਾਈਵੇਟ ਹਸਪਤਾਲਾਂ ਕੋਲ ਜਾਂਦੇ ਹਨ। ਨਿਯਮ ਕੁਝ ਵੀ ਕਹਿਣ, ਵਜ਼ੀਰ ਤੇ ਵਿਧਾਇਕ ਆਪਣੇ ਇਲਾਜ ਵਾਸਤੇ ਵਿਦੇਸ਼ ਵੀ ਜਾ ਰਹੇ ਹਨ। ਸਿੰਜਾਈ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ ਨੇ ਅਮਰੀਕਾ ਵਿਚੋਂ ਆਪਣਾ ਇਲਾਜ ਕਰਾਇਆ ਹੈ। ਉਨ੍ਹਾਂ ਦਾ ਵਿਦੇਸ਼ੀ ਇਲਾਜ ਖਜ਼ਾਨੇ ਨੂੰ 21.09 ਲੱਖ ਰੁਪਏ ਵਿਚ ਪਿਆ ਹੈ।

ਸਿਹਤ ਵਿਭਾਗ ਦੇ ਨਿਯਮ ਹਨ ਕਿ ਸਿਰਫ ਉਹੋ ਇਲਾਜ ਵਿਦੇਸ਼ ਵਿਚੋਂ ਕਰਾਇਆ ਜਾ ਸਕਦਾ ਹੈ ਜੋ ਭਾਰਤ ਵਿਚ ਉਪਲਬਧ ਨਹੀਂ। ਸੂਚਨਾ ਅਧਿਕਾਰ ਐਕਟ (ਆਰ.ਟੀ.ਆਈ.) ਤਹਿਤ ਹਾਸਲ ਜਾਣਕਾਰੀ ਵਿਚ ਸਿਹਤ ਵਿਭਾਗ ਨੇ ਸ੍ਰੀ ਢਿੱਲੋਂ ਨੂੰ ਵਿਦੇਸ਼ੀ ਇਲਾਜ ਦੀ ਦਿੱਤੀ ਪ੍ਰਵਾਨਗੀ ਵਿਚ ਲਿਖਿਆ ਹੈ ਕਿ ਇਹ ਇਲਾਜ ਏਮਸ, ਮੇਦਾਂਤਾ ਗੁੜਗਾਉਂ ਤੇ ਰਾਜੀਵ ਗਾਂਧੀ ਹਸਪਤਾਲ ਦਿੱਲੀ ਵਿਚ ਵੀ ਹੈ ਪਰ ਇਸ ਦਾ ਆਧੁਨਿਕ ਵਿਕਸਿਤ ਇਲਾਜ ਅਮਰੀਕਾ ਵਿਚ ਹੈ। ਇਸ ਮੋਰੀ ਰਾਹੀਂ ਉਨ੍ਹਾਂ ਨੂੰ ਵਿਦੇਸ਼ ਤੋਂ ਇਲਾਜ ਲਈ ਹਰੀ ਝੰਡੀ ਮਿਲ ਗਈ। ਚੌਧਰੀ ਸਵਰਨਾ ਰਾਮ ਨੇ ਅਮਰੀਕਾ 'ਚੋਂ 31 ਅਗਸਤ ਤੋਂ 16 ਸਤੰਬਰ 2010 ਤੱਕ ਇਲਾਜ ਕਰਾਇਆ ਜਿਸ ਦਾ ਖਰਚਾ 26,676 ਰੁਪਏ ਸਰਕਾਰ ਨੇ ਭਰਿਆ।

ਕਾਂਗਰਸ ਸਰਕਾਰ ਸਮੇਂ ਵਿਧਾਇਕ ਰਣਜੀਤ ਸਿੰਘ ਤਲਵੰਡੀ ਨੇ ਵੀ ਅਮਰੀਕਾ ਵਿਚੋਂ ਹੀ ਇਲਾਜ ਕਰਾਇਆ ਸੀ ਜਿਸ 'ਤੇ 42.26 ਲੱਖ ਰੁਪਏ ਖਰਚ ਆਏ ਸਨ। ਮੁੱਖ ਮੰਤਰੀ ਦੇ ਪਰਿਵਾਰਕ ਮੈਂਬਰਾਂ ਦਾ ਇਲਾਜ ਵੀ ਅਮਰੀਕਾ ਵਿਚ ਚੱਲਿਆ ਸੀ ਜਿਸ 'ਤੇ 3.59 ਕਰੋੜ ਰੁਪਏ ਲੱਗੇ। ਪ੍ਰਾਈਵੇਟ ਹਸਪਤਾਲਾਂ ਦੇ ਵੱਡੇ ਬਿੱਲ ਵੀ ਖਜ਼ਾਨੇ 'ਤੇ ਭਾਰ ਪਾ ਰਹੇ ਹਨ। ਸਰਕਾਰ ਨੇ ਇਸੇ ਮਹੀਨੇ ਵਜ਼ੀਰ ਤੋਤਾ ਸਿੰਘ ਤੇ ਸੁਰਜੀਤ ਸਿੰਘ ਰੱਖੜਾ ਦਾ ਮੈਡੀਕਲ ਬਿੱਲ ਰਿਲੀਜ਼ ਕੀਤਾ ਹੈ। ਜਨ ਸਿਹਤ ਮੰਤਰੀ ਸ੍ਰੀ ਰੱਖੜਾ ਨੇ ਆਪਣੀ ਪਤਨੀ ਦਾ ਇਲਾਜ ਮਾਰਚ 2014 ਵਿਚ ਮੈਕਸ ਸੁਪਰ ਹਸਪਤਾਲ ਨਵੀਂ ਦਿੱਲੀ ਤੋਂ ਕਰਾਇਆ ਜਿਸ ਦਾ 4.08 ਲੱਖ ਰੁਪਏ ਦਾ ਬਿੱਲ ਸਿਹਤ ਵਿਭਾਗ ਕੋਲ ਭੇਜਿਆ ਗਿਆ ਪਰ ਵਿਭਾਗ ਨੇ ਸਿਰਫ 2.09 ਲੱਖ ਰੁਪਏ ਦਾ ਬਿੱਲ ਹੀ ਪਾਸ ਕੀਤਾ। ਸਿਹਤ ਵਿਭਾਗ ਨੇ ਖੇਤੀ ਮੰਤਰੀ ਤੋਤਾ ਸਿੰਘ ਨਾਲ ਇਸ ਮਾਮਲੇ ਵਿਚ ਨਰਮੀ ਵਰਤੀ ਹੈ ਕਿਉਂਕਿ ਉਨ੍ਹਾਂ ਦਾ ਲੜਕਾ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦਾ ਚੇਅਰਮੈਨ ਵੀ ਹੈ। ਤੋਤਾ ਸਿੰਘ ਨੇ 3.91 ਲੱਖ ਰੁਪਏ ਦਾ ਬਿੱਲ ਦਿੱਤਾ ਜਿਸ ਵਿਚੋਂ 3.26 ਲੱਖ ਰੁਪਏ ਪਾਸ ਹੋ ਗਏ। ਉਨ੍ਹਾਂ ਪਿਛਲੇ ਸਾਲ ਜੁਲਾਈ ਵਿਚ ਮੈਟਰੋ ਐਂਡ ਹਾਰਟ ਹਸਪਤਾਲ ਨੋਇਡਾ ਤੋਂ ਇਲਾਜ ਕਰਾਇਆ ਸੀ। ਸੰਸਦ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ ਦੀ ਪਤਨੀ ਦਾ ਫੋਰਟਿਸ ਹਸਪਤਾਲ ਮੁਹਾਲੀ 'ਚੋਂ ਕਰਵਾਏ ਇਲਾਜ ਦਾ ਖਰਚ 4.32 ਲੱਖ ਰੁਪਏ ਸੀ।

## ਮਹਿੰਦਰ ਕੌਰ ਜੋਸ਼ ਨੂੰ ਵਿਦੇਸ਼ੀ ਦੰਦਾਂ ਦੇ ਮਿਲੇ 225 ਰੁਪਏ

**ਬਠਿੰਡਾ:** ਸਿਹਤ ਵਿਭਾਗ ਨੇ ਮੁੱਖ ਸੰਸਦੀ ਸਕੱਤਰ (ਸਿੰਜਾਈ) ਮਹਿੰਦਰ ਕੌਰ ਜੋਸ਼ ਦੇ ਦੰਦਾਂ ਦੇ ਇਲਾਜ ਦਾ ਪੂਰਾ ਖਰਚਾ ਦੇਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ 55,190 ਰੁਪਏ ਵਿਚ ਵਿਦੇਸ਼ੀ ਦੰਦ ਖਰੀਦ ਕੇ ਇਲਾਜ ਕਰਾਇਆ ਸੀ। ਸਿਹਤ ਵਿਭਾਗ ਨੇ ਇਨ੍ਹਾਂ ਦੰਦਾਂ ਦੀ ਖਰੀਦ ਦੇ ਸਿਰਫ 225 ਰੁਪਏ ਹੀ ਦਿੱਤੇ ਹਨ। ਜਦੋਂ ਬੀਬੀ ਜੋਸ਼ ਨੂੰ ਮਾਮੂਲੀ ਰਕਮ ਦਾ ਪਤਾ ਲੱਗਾ ਤਾਂ ਉਨ੍ਹਾਂ ਗੁੱਸੇ ਵਿਚ ਆ ਕੇ ਇਹ ਪੈਸੇ ਵਾਪਸ ਸਰਕਾਰੀ ਖਜ਼ਾਨੇ ਵਿਚ ਹੀ ਜਮ੍ਹਾਂ ਕਰਵਾ ਦਿੱਤੇ। ਮੰਤਰੀ ਮੰਡਲ ਮਾਮਲੇ ਸ਼ਾਖਾ ਪੰਜਾਬ ਨੇ 27 ਅਗਸਤ 2009 ਨੂੰ ਸਿਹਤ ਵਿਭਾਗ ਨੂੰ ਪੱਤਰ ਲਿਖ ਕੇ ਦੰਦਾਂ ਦੀ ਖਰੀਦ ਤੇ ਇਲਾਜ ਉਤੇ 55,190 ਰੁਪਏ ਦੇ ਖਰਚੇ ਦੀ ਪ੍ਰਵਾਨਗੀ ਮੰਗੀ ਸੀ ਪਰ ਵਿਭਾਗ ਨੇ ਦੰਦਾਂ ਦੀ ਖਰੀਦ ਦਾ ਖਰਚਾ ਸਿਰਫ 225 ਰੁਪਏ ਪਾਸ ਕੀਤਾ ਸੀ।

## ਕਾਂਗਰਸੀ ਵੀ ਕਿਹੜਾ ਘੱਟ ਨੇ...

ਕੈਪਟਨ ਸਰਕਾਰ ਵੇਲੇ ਵਜ਼ੀਰ ਤੇਜ ਪ੍ਰਕਾਸ਼ ਸਿੰਘ ਨੇ ਪਤਨੀ ਦਾ ਇਲਾਜ ਅਮਰੀਕਾ ਵਿਚੋਂ ਕਰਾਇਆ ਜਿਸ 'ਤੇ 29.60 ਲੱਖ ਰੁਪਏ ਖਰਚ ਆਏ ਸਨ। ਮਰਹੂਮ ਕੰਵਰਜੀਤ ਸਿੰਘ ਬਰਾੜ ਦਾ ਇਲਾਜ ਵੀ ਵਿਦੇਸ਼ ਵਿਚ ਹੋਇਆ ਸੀ ਜਿਸ 'ਤੇ 3.43 ਕਰੋੜ ਰੁਪਏ ਖਰਚ ਆਏ ਸਨ। ਸਾਬਕਾ ਮੰਤਰੀ ਖੁਸ਼ਹਾਲ ਬਹਿਲ ਨੇ ਨਵੀਂ ਦਿੱਲੀ ਤੇ ਚੰਡੀਗੜ੍ਹ ਤੋਂ ਹਾਰਟ ਸਰਜਰੀ ਕਰਾਈ ਸੀ ਜਿਸ 'ਤੇ 3.77 ਲੱਖ ਰੁਪਏ ਖਰਚ ਆਏ। ਮੌਜੂਦਾ ਵਿਧਾਇਕ ਓਪੀ ਸੋਨੀ ਨੇ ਮਾਪਿਆਂ ਦਾ ਇਲਾਜ ਮੁਹਾਲੀ ਤੋਂ ਕਰਾਇਆ ਜਿਸ 'ਤੇ 6.17 ਲੱਖ ਰੁਪਏ ਦਾ ਖਰਚਾ ਆਇਆ। ਵਿਧਾਇਕ ਤੇ ਸਾਬਕਾ ਮੰਤਰੀ ਲਾਲ ਸਿੰਘ ਨੇ ਫੋਰਟਿਸ ਹਸਪਤਾਲ ਮੁਹਾਲੀ ਤੋਂ ਇਲਾਜ ਕਰਾਇਆ ਸੀ ਜਿਸ ਦਾ ਬਿੱਲ 3.20 ਲੱਖ ਰੁਪਏ ਤਾਰਿਆ ਗਿਆ।

## ਮਾਨਤਾ ਬਾਰੇ ਚੋਣ ਕਮਿਸ਼ਨ ਵਲੋਂ ਅਕਾਲੀ ਦਲ ਦੇ ਪੱਖ ਦੀ ਪੈਰਵੀ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਨੂੰ ਉਦੋਂ ਵੱਡੀ ਰਾਹਤ ਮਿਲੀ ਜਦੋਂ ਚੋਣ ਕਮਿਸ਼ਨ ਨੇ ਦਿੱਲੀ ਹਾਈਕੋਰਟ ਵਿਚ ਪਾਰਟੀ ਦੀ ਮਾਨਤਾ ਰੱਦ ਕਰਨ ਵਾਲੀ ਜਨਹਿਤ ਪਟੀਸ਼ਨ ਨੂੰ ਖਾਰਜ ਕਰਨ ਲਈ ਕਿਹਾ। ਹਾਈਕੋਰਟ ਦੇ ਬੈਂਚ ਨੂੰ ਚੋਣ ਕਮਿਸ਼ਨ ਦੇ ਵਕੀਲ ਨੇ ਦੱਸਿਆ ਕਿ ਉਹ ਬਾਰੇ ਆਪਣਾ ਜਵਾਬ ਦਾਖਲ ਨਹੀਂ ਕਰਨਾ ਚਾਹੁੰਦੇ ਕਿਉਂਕਿ ਪਟੀਸ਼ਨ ਵਿਚ ਸ਼੍ਰੋਮਣੀ ਅਕਾਲੀ ਦਲ ਖਿਲਾਫ ਲਾਏ ਗਏ ਦੋਸ਼ ਕਿ ਇਹ ਪਾਰਟੀ ਧਾਰਮਿਕ ਜਥੇਬੰਦੀ ਹੈ ਤੇ ਧਰਮ ਨਿਰਪੱਖ ਸਿਆਸੀ ਪਾਰਟੀ ਨਹੀਂ ਹੈ, ਬਿਲਕੁਲ ਨਿਰਾਧਾਰ ਹਨ।

ਪਟੀਸ਼ਨਰ ਸੋਸ਼ਲਿਸਟ ਪਾਰਟੀ ਆਫ ਇੰਡੀਆ ਦੇ ਉਪ ਪ੍ਰਧਾਨ ਬਲਵੰਤ ਸਿੰਘ ਖੇੜਾ ਦੀ ਵਕੀਲ ਇੰਦਿਰਾ ਉਨੀਨਾਇਰ ਨੇ ਚੋਣ ਕਮਿਸ਼ਨ ਦੇ ਫੈਸਲੇ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਪਹਿਲਾਂ ਜਵਾਬ ਦਾਖਲ ਕਰਨ ਲਈ ਤਿਆਰ ਸੀ ਪਰ ਹੁਣ ਉਹ ਇਸ ਤੋਂ ਪਾਸਾ ਵੱਟ ਗਿਆ ਹੈ। ਉਨ੍ਹਾਂ ਅਦਾਲਤ ਤੋਂ ਮੰਗ ਕੀਤੀ ਕਿ ਚੋਣ ਕਮਿਸ਼ਨ ਨੂੰ ਮਾਣਹਾਨੀ ਦਾ ਨੋਟਿਸ ਦਿੱਤਾ ਜਾਵੇ। ਵਕੀਲ ਨੇ ਕਿਹਾ ਕਿ ਚੋਣ ਕਮਿਸ਼ਨ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਨੇ ਵੀ 2010 ਵਿਚ ਦਾਖਲ ਹੋਈ ਪਟੀਸ਼ਨ ਦਾ ਕੋਈ ਜਵਾਬ ਨਹੀਂ ਦਿੱਤਾ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 21 ਮਈ 'ਤੇ ਪਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਸ੍ਰੀ ਖੇੜਾ ਨੇ ਸ਼੍ਰੋਮਣੀ ਅਕਾਲੀ ਦਲ ਵਲੋਂ ਗਲਤ ਤਰੀਕਿਆਂ ਨਾਲ ਮਾਨਤਾ ਹਾਸਲ ਕਰਨ ਦਾ ਦੋਸ਼ ਲਾਉਂਦਿਆਂ ਪਾਰਟੀ ਦੀ ਮਾਨਤਾ ਰੱਦ ਕਰਨ ਦੀ ਪਟੀਸ਼ਨ ਪਾਈ ਹੋਈ ਹੈ।

# ਪੰਜਾਬੀਆਂ ਵਿਚ ਵਿਦੇਸ਼ ਜਾਣ ਦਾ ਰੁਝਾਨ ਹੋਰ ਵਧਿਆ

**ਚੰਡੀਗੜ੍ਹ:** ਪੰਜਾਬੀਆਂ ਵਿਚ ਵਿਦੇਸ਼ ਜਾਣ ਦਾ ਰੁਝਾਨ ਲਗਾਤਾਰ ਵਧ ਰਿਹਾ ਹੈ। ਪੰਜਾਬ ਸਮੇਤ ਹਰਿਆਣਾ ਤੇ ਚੰਡੀਗੜ੍ਹ ਦੇ ਵੱਡੀ ਗਿਣਤੀ ਨੌਜਵਾਨ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਤੇ ਇੰਗਲੈਂਡ ਆਦਿ ਮੁਲਕਾਂ ਵਿਚ ਜਾ ਰਹੇ ਹਨ। ਇਸ ਤੋਂ ਇਲਾਵਾ ਨਵੇਂ ਵਰ੍ਹੇ, ਵੈਲੇਨਟਾਈਨ ਡੇਅ, ਜਨਮ ਦਿਨ ਤੇ ਵਿਆਹ ਦੀ ਵਰ੍ਹੇਗੰਢ ਮਨਾਉਣ ਆਦਿ ਲਈ ਵੀ ਵੱਡੀ ਗਿਣਤੀ ਵਿਚ ਲੋਕ ਵਿਦੇਸ਼ਾਂ ਦੀਆਂ ਉਡਾਰੀਆਂ ਮਾਰ ਰਹੇ ਹਨ। ਵਿਦੇਸ਼ਾਂ ਵਿਚ ਜਾ ਕੇ ਹਨੀਮੂਨ ਮਨਾਉਣ ਵਾਲਿਆਂ ਜੋੜੀਆਂ ਦੀ ਗਿਣਤੀ ਵੀ ਦਿਨੋ ਦਿਨ ਵੱਧਦੀ ਜਾ ਰਹੀ ਹੈ। ਧਾਰਮਿਕ ਦੌਰਿਆਂ 'ਤੇ ਜਾਣ ਵਾਲਿਆਂ ਦੀ ਗਿਣਤੀ ਵੀ ਕਾਫੀ ਹੈ। ਇਸ ਖੇਤਰ ਵਿਚ ਸਥਾਪਤ ਹੋਈਆਂ ਪ੍ਰਾਈਵੇਟ ਕੰਪਨੀਆਂ ਦੇ ਸਟਾਫ ਦੇ ਵਿਦੇਸ਼ਾਂ ਵਿਚ ਕਮਰਸ਼ੀਅਲ ਟੂਰ ਵੀ ਕਾਫੀ ਵਧੇ ਹਨ।

ਇਨ੍ਹਾਂ ਕਾਰਨਾਂ ਕਰਕੇ ਪਾਸਪੋਰਟ ਬਣਾਉਣ ਵਾਲਿਆਂ ਦੀ ਗਿਣਤੀ ਦਿਨੋ ਦਿਨ ਵਧਦੀ ਜਾ ਰਹੀ ਹੈ। ਖੇਤਰੀ ਪਾਸਪੋਰਟ ਦਫਤਰ ਚੰਡੀਗੜ੍ਹ ਵਲੋਂ ਸਾਲ 2014 ਦੌਰਾਨ 3.85 ਲੱਖ ਪਾਸਪੋਰਟ ਜਾਰੀ ਕਰਕੇ ਇਕ ਨਵਾਂ ਰਿਕਾਰਡ ਬਣਾਇਆ ਹੈ। ਚੰਡੀਗੜ੍ਹ ਪਾਸਪੋਰਟ ਦਫਤਰ ਵਲੋਂ ਸਾਲ 2013 ਦੌਰਾਨ ਕੁੱਲ 3.30 ਲੱਖ ਪਾਸਪੋਰਟ ਬਣਾਏ ਗਏ ਸਨ। ਸਾਲ 2014 ਦੌਰਾਨ ਸਾਲ 2013 ਤੋਂ 55 ਹਜ਼ਾਰ ਵੱਧ ਪਾਸਪੋਰਟ ਬਣੇ ਹਨ। ਇਸ ਤਰ੍ਹਾਂ ਪਾਸਪੋਰਟ ਬਣਾਉਣ ਵਾਲਿਆਂ ਦੀ



ਗਿਣਤੀ ਵਿਚ 17 ਫੀਸਦੀ ਵਾਧਾ ਹੋਇਆ ਹੈ।

ਦੱਸਣਯੋਗ ਹੈ ਕਿ ਚੰਡੀਗੜ੍ਹ ਖੇਤਰੀ ਪਾਸਪੋਰਟ ਦਫਤਰ ਨਾਲ ਪੰਜਾਬ ਤੇ ਹਰਿਆਣਾ ਦੇ 25 ਜ਼ਿਲ੍ਹਿਆਂ ਸਮੇਤ ਯੂ.ਟੀ. ਚੰਡੀਗੜ੍ਹ ਜੁੜਿਆ ਹੈ ਤੇ 3.85 ਲੱਖ ਪਾਸਪੋਰਟ ਸਿਰਫ ਇਸ ਖੇਤਰ ਨਾਲ ਹੀ ਸਬੰਧਤ ਹਨ। ਚੰਡੀਗੜ੍ਹ ਖੇਤਰੀ ਪਾਸਪੋਰਟ ਦਫਤਰ ਅਧੀਨ ਅੰਬਾਲਾ, ਚੰਡੀਗੜ੍ਹ ਤੇ ਲੁਧਿਆਣਾ ਵਿਖੇ ਤਿੰਨ ਪਾਸਪੋਰਟ ਸੇਵਾ ਕੇਂਦਰ (ਪੀ.ਐਸ.ਕੇ.) ਚੱਲ ਰਹੇ ਹਨ। ਹਰਿਆਣਾ ਦੇ ਜ਼ਿਲ੍ਹਾ ਗੁੜਗਾਉਂ, ਫਰੀਦਾਬਾਦ, ਰੋਹਤਕ ਤੇ ਮਹਿੰਦਰਗੜ੍ਹ ਨੂੰ ਛੱਡ ਕੇ ਬਾਕੀ ਤਕਰੀਬਨ ਸਾਰੇ ਜ਼ਿਲ੍ਹੇ ਚੰਡੀਗੜ੍ਹ ਦਫਤਰ ਨਾਲ ਹੀ ਜੁੜੇ ਹਨ। ਦੂਜੇ ਪਾਸੇ ਪੰਜਾਬ ਦੇ ਜ਼ਿਲ੍ਹੇ ਮੁਹਾਲੀ, ਰੋਪੜ, ਸੰਗਰੂਰ, ਪਟਿਆਲਾ, ਬਠਿੰਡਾ, ਮਾਨਸਾ ਤੇ ਮੋਗਾ ਆਦਿ ਚੰਡੀਗੜ੍ਹ ਪਾਸਪੋਰਟ ਦਫਤਰ ਨਾਲ ਜੁੜੇ ਹਨ। ਪਿਛਲੇ ਵਰ੍ਹੇ ਇਸ ਦਫਤਰ ਤੋਂ ਰੋਜ਼ਾਨਾ ਔਸਤਨ 1055 ਪਾਸਪੋਰਟ ਜਾਰੀ ਕੀਤੇ ਗਏ ਹਨ, ਜੋ ਪਿਛਲੇ ਸਮਿਆਂ ਨਾਲੋਂ ਸਭ ਤੋਂ ਵੱਧ ਹਨ। ਸੂਤਰਾਂ ਅਨੁਸਾਰ ਵਿਦੇਸ਼ ਵਿਭਾਗ ਵਲੋਂ ਦੇਸ਼ ਦੇ ਸਮੂਹ ਪਾਸਪੋਰਟ ਦਫਤਰਾਂ ਸਮੇਤ ਆਪਣੇ ਦੂਨੀਆਂ ਭਰ ਵਿਚਲੇ ਦਫਤਰਾਂ ਵਿਚੋਂ ਪਿਛਲੇ ਵਰ੍ਹੇ ਇਕ ਕਰੋੜ ਪਾਸਪੋਰਟ ਜਾਰੀ ਕਰਨ ਦਾ ਟੀਚਾ ਮਿਥਿਆ ਸੀ। ਜਾਣਕਾਰੀ ਅਨੁਸਾਰ ਜਿਥੇ ਪਹਿਲਾਂ ਖਾਸ ਕਰਕੇ ਪੰਜਾਬ ਦੇ ਲੋਕ ਵਿਦੇਸ਼ਾਂ ਵਿਚ ਪੱਕੇ ਸੈਟ ਹੋਣ ਲਈ ਹੱਥ ਪੈਰ ਮਾਰਦੇ ਸਨ, ਉਥੇ ਹੁਣ ਹੋਰ ਕਈ ਮਕਸਦਾਂ ਲਈ ਵੀ ਪੰਜਾਬੀਆਂ ਨੇ ਵਿਦੇਸ਼ ਉਡਾਰੀ ਮਾਰਨ ਦੇ ਰਾਹ ਲੱਭ ਲਏ ਹਨ।

ਖੇਤਰੀ ਪਾਸਪੋਰਟ ਅਫਸਰ ਰਾਕੇਸ਼ ਅਗਰਵਾਲ ਨੇ ਦੱਸਿਆ ਕਿ ਹੁਣ ਕਿਸੇ ਵੀ ਜ਼ਿਲ੍ਹੇ ਦਾ ਵਿਅਕਤੀ ਕਿਸੇ ਵੀ ਪੀ.ਐਸ.ਕੇ. ਵਿਚ ਜਾ ਕੇ ਆਪਣਾ ਪਾਸਪੋਰਟ ਬਣਾ ਸਕਦਾ ਹੈ। ਤਤਕਾਲ ਪਾਸਪੋਰਟ ਬਣਾਉਣ ਲਈ ਅਗਲੇ ਦਿਨ ਹੀ ਫਾਰਮ ਜਮ੍ਹਾਂ ਕਰਾਉਣ ਦੀ ਮਿਤੀ ਹਾਸਲ ਕੀਤੀ ਜਾ ਸਕਦੀ ਹੈ। ਪੀ.ਐਸ.ਕੇ. ਅੰਬਾਲਾ ਵਿਖੇ ਤਤਕਾਲ ਤੇ ਆਮ ਅਰਜ਼ੀਆਂ ਦੀ ਪ੍ਰਕਿਰਿਆ ਮੁਕੰਮਲ ਕਰਨ ਦੀ ਔਸਤਨ ਪ੍ਰਤੀ ਦਿਨ ਸਮਰਥਾ ਕ੍ਰਮਵਾਰ 25 ਤੇ 543 ਹੈ। ਚੰਡੀਗੜ੍ਹ ਵਿਚ ਇਹ ਗਿਣਤੀ 50 ਤੇ 1063 ਤੇ ਪੀ.ਐਸ.ਕੇ. ਲੁਧਿਆਣਾ ਵਿਖੇ 30 ਤੇ 685 ਅਰਜ਼ੀਆਂ ਦੀ ਪ੍ਰਕਿਰਿਆ ਨਿਪਟਾਉਣ ਦੀ ਸਮਰੱਥਾ ਹੈ। ਇਸ ਤਰ੍ਹਾਂ ਚੰਡੀਗੜ੍ਹ ਪਾਸਪੋਰਟ ਦਫਤਰ ਰੋਜ਼ਾਨਾ ਹਰੇਕ ਤਰ੍ਹਾਂ ਦੇ 2406 ਪਾਸਪੋਰਟਾਂ ਦੀਆਂ ਅਰਜ਼ੀਆਂ ਨੂੰ ਨਿਪਟਾਉਣ ਦੀ ਸਮਰੱਥਾ ਰੱਖਦਾ ਹੈ। ਪੁਲਿਸ ਕਲੀਅਰੈਂਸ ਸਰਟੀਫਿਕੇਟ ਦੇ ਬਿਨੈਕਾਰ, 60 ਸਾਲ ਤੋਂ ਵੱਧ ਉਮਰ ਦੇ ਨਾਗਰਿਕ, 15 ਸਾਲ ਤੱਕ ਦੇ ਬੱਚੇ ਤੇ ਅੰਗਹੀਣ ਵਿਅਕਤੀ ਬਿਨਾਂ ਆਨਲਾਈਨ ਰਜਿਸਟ੍ਰੇਸ਼ਨ ਨੰਬਰ (ਏ. ਆਰ. ਐਨ.) ਹਾਸਲ ਕੀਤਿਆਂ ਫਾਰਮ ਜਮ੍ਹਾਂ ਕਰਵਾ ਸਕਦੇ ਹਨ।

# ਵਿਪਸਾਅ ਵਲੋਂ ਸੁਖਦਰਸ਼ਨ ਧਾਲੀਵਾਲ ਅਤੇ ਡੀ. ਆਰ. ਧਵਨ ਨੂੰ ਸ਼ਰਧਾਂਜਲੀ

**ਹੇਵਰਡ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵਲੋਂ ਇਥੇ ਫੇਵਰਟ ਇੰਡੀਆ ਰੈਸਟੋਰੈਂਟ ਵਿਚ ਕੀਤੀ ਗਈ ਇਕ ਮੀਟਿੰਗ ਦੌਰਾਨ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਗਜ਼ਲਗੋ ਸੁਖਦਰਸ਼ਨ ਧਾਲੀਵਾਲ ਅਤੇ ਡੀ. ਆਰ. ਧਵਨ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਮਿਲਣੀ ਦੇ ਅਰੰਭ ਵਿਚ ਵਿਛੜੇ ਸਾਹਿਤਕਾਰਾਂ ਦੀ ਆਤਮਿਕ ਸ਼ਾਂਤੀ ਲਈ ਮੌਨ ਧਾਰਨ ਕੀਤਾ ਗਿਆ।

ਵਿਛੜੀਆਂ ਰੂਹਾਂ ਦੇ ਸਾਹਿਤਕ ਸਫਰ ਨੂੰ ਯਾਦ ਕਰਦੇ ਸੁਰਿੰਦਰ ਸੀਰਤ ਨੇ ਕਿਹਾ ਕਿ ਸੁਖਦਰਸ਼ਨ ਸਿੰਘ ਧਾਲੀਵਾਲ ਦੀ ਪਹਿਲਕਦਮੀ ਨਾਲ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਹੋਂਦ ਵਿਚ ਆਈ ਜਿਸ ਦੀ ਬਦੌਲਤ ਅੱਜ ਵਿਪਸਾਅ ਵੀ ਕਾਰਜਸ਼ੀਲ ਹੈ। ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਪਹਿਲੀ ਮੀਟਿੰਗ ਉਨ੍ਹਾਂ ਦੇ ਸੈਨ ਹੋਜ਼ੇ ਵਿਚਲੇ ਸਟੋਰ ਵਿਚ ਸਾਲ 1992 ਵਿਚ ਹੋਈ ਸੀ। ਇਸ ਵਿਚ ਯੂਬਾ ਸਿਟੀ ਤੋਂ ਰਬਿੰਦਰ ਸਿੰਘ ਅਟਵਾਲ, ਮਹਿੰਦਰ ਸਿੰਘ ਘੱਗ, ਹਰਬੰਸ ਸਿੰਘ ਜਗਿਆਸੂ, ਫਰਿਜ਼ਨੋ ਤੋਂ ਗੁਰੂਮੇਲ ਸਿੱਧੂ, ਹਰਜਿੰਦਰ ਕੰਗ, ਸੈਕਰਾਮੈਂਟੋ ਤੋਂ ਸੁਖਵਿੰਦਰ ਕੰਬੋਜ ਅਤੇ ਸੈਨ ਹੋਜ਼ੇ ਤੋਂ ਅਮਰਜੀਤ ਦਰਦੀ ਸ਼ਾਮਲ ਹੋਏ ਸਨ।

ਸ. ਧਾਲੀਵਾਲ ਦੀਆਂ ਕਵਿਤਾਵਾਂ ਬਾਕੀ ਲੇਖਕਾਂ ਦੀਆਂ ਰਚਨਾਵਾਂ ਨਾਲੋਂ ਹਟ ਕੇ ਸਨ। ਉਹ ਅੰਤਰਮੁਖੀ, ਯਥਾਰਥਕ ਅਤੇ ਮੌਲਿਕ ਕਵੀ ਸੀ। ਉਸ ਨੇ ਕਾਵਿ-ਸੰਗ੍ਰਿਹ 'ਹੰਝੂਆਂ ਦੀ ਆਵਾਜ਼', 'ਸਤਰੰਗੇ ਲਫਜ਼', 'ਸੱਚ ਦੇ ਸਨਮੁੱਖ' ਪੰਜਾਬੀ ਸਾਹਿਤ ਦੀ ਝੋਲੀ ਪਾਏ। ਗੀਤਾਂ ਦੀ ਕੈਸਿਟ ਜਗਜੀਤ ਜ਼ੀਰਵੀ ਦੀ ਆਵਾਜ਼ ਵਿਚ ਰਿਕਾਰਡ ਕਰਵਾਈ। ਅੰਗਰੇਜ਼ੀ ਵਿਚ ਇਕ ਨਿਵੇਕਲਾ ਗਜ਼ਲ ਸੰਗ੍ਰਿਹ ਰਚ ਕੇ ਆਪਣੀ ਵੱਖਰੀ ਪਹਿਚਾਣ ਬਣਾਈ। ਬੇਅ ਏਰੀਏ ਤੋਂ ਕੈਨਸਸ ਮੂਵ ਹੋਣ ਤੋਂ ਬਾਅਦ ਵੀ ਉਹ ਵਿਪਸਾਅ ਦੀਆਂ ਮਿਲਣੀਆਂ ਵਿਚ ਸ਼ਿਰਕਤ ਕਰਦੇ ਰਹੇ। ਉਹ ਮਿਲਾਪ ਅਖਬਾਰ ਲਈ ਕੰਮ ਕਰਦੇ ਸਨ। ਜਗਜੀਤ ਨੌਸ਼ਿਹਰਵੀ ਨੇ ਕਿਹਾ ਕਿ ਉਨਾਂ ਦੀ ਜਾਣ-ਪਹਿਚਾਣ 1992-93 ਦੀ ਮਿਲਣੀ ਵਿਚ ਸੁਖਦਰਸ਼ਨ ਸਿੰਘ ਧਾਲੀਵਾਲ ਨਾਲ ਹੋਈ ਸੀ। ਉਹ ਬਹੁਤ ਹੀ ਠਰੰਮੇ ਅਤੇ ਨਿਮਰਤਾ ਵਾਲਾ ਇਨਸਾਨ ਸੀ। ਡੀ. ਆਰ. ਧਵਨ ਰਹਿਤਲ ਤੇ ਰਹਿ ਕੇ ਆਮ ਲੋਕਾਂ ਬਾਰੇ ਗ਼ਜ਼ਲ ਲਿਖ ਰਹੇ ਸਨ। ਰੇਸ਼ਮ ਸਿੱਧੂ ਨੇ ਡੀ. ਆਰ. ਧਵਨ ਦਾ ਸ਼ੇਅਰ ਸਾਂਝਾ ਕੀਤਾ,

ਮੇਰੇ ਖਿਆਲ ਦੀ ਕੋਈ ਵੀ ਹਮਖ਼ਿਆਲ ਨਹੀਂ, ਹਜ਼ਾਰ ਨਾਲ ਦੇ ਬਣੇ ਕੋਈ ਵੀ ਨਾਲ ਨਹੀਂ।

ਕੁਲਵਿੰਦਰ ਨੇ ਕਿਹਾ ਕਿ ਸੁਖਦਰਸ਼ਨ ਧਾਲੀਵਾਲ ਨਾਲ ਸੀਰਤ ਨੇ ਉਨ੍ਹਾਂ ਦੀ ਜਾਣ-ਪਹਿਚਾਣ ਕਰਵਾਈ ਸੀ। ਉਨ੍ਹਾਂ ਦੀ ਸਾਹਿਤਕ ਲਗਨ ਵਿਸ਼ੇਸ਼ ਸੀ। ਡੀ. ਆਰ. ਧਵਨ ਨਾਲ ਉਨ੍ਹਾਂ ਦੀ ਗਹਿਰੀ ਦੋਸਤੀ ਸੀ। ਜਦੋਂ ਉਹ ਪਹਿਲੀ ਵਾਰੀ ਮਿਲੇ ਤਾਂ ਧਵਨ ਦੇ ਲੰਮੇ ਵਾਲ ਅਤੇ ਗਲ ਵਿਚ ਪਇਆ ਸਕਾਰਫ਼ ਉਸ ਨੂੰ ਹੋਰਾਂ ਨਾਲੋਂ ਵੱਖਰਾ ਬਣਾ ਰਿਹਾ ਸੀ। ਉਨ੍ਹਾਂ ਦੀ ਜ਼ਿੰਦਗੀ ਗਰੀਬੀ ਵਿਚ ਗੁਜ਼ਰੀ। ਨੀਲਮ ਸੈਣੀ ਨੇ ਕਿਹਾ ਕਿ ਪਿਛਲੇ ਸਾਲ ਪਰਮੀਤ ਰੰਧਾਵਾ ਦੇ ਘਰ ਹੋਈ ਇਕ ਮਹਿਫਿਲ ਦੌਰਾਨ ਉਨ੍ਹਾਂ ਦੀ ਜਾਣ-ਪਛਾਣ ਸੁਖਦਰਸ਼ਨ ਧਾਲੀਵਾਲ ਨਾਲ ਹੋਈ ਜਿੱਥੇ ਉਹ ਉਨ੍ਹਾਂ ਦੀ ਹਲੀਮੀ ਅਤੇ ਮਾਨਸਿਕ ਸੰਤੁਲਨ ਤੋਂ ਪ੍ਰਭਾਵਿਤ ਹੋਈ। ਉਨ੍ਹਾਂ ਧਾਲੀਵਾਲ ਦਾ ਇਕ ਸ਼ੇਅਰ ਅਰਜ਼ ਕੀਤਾ,

ਜੋ ਫਕੀਰੀ ਸੁਭਾਅ ਦੇ ਮਾਲਿਕ ਨੇ,
ਲੋਕ ਉਹ ਬਦ-ਦੁਆ ਨਹੀਂ ਦਿੰਦੇ।

ਤਾਰਾ ਸਿੰਘ ਸਾਗਰ ਨੇ ਕਿਹਾ ਕਿ ਸੰਸਥਾਵਾਂ ਚਲਾਉਣੀਆਂ ਸੌਖੀਆਂ ਹਨ ਪਰ ਉਨ੍ਹਾਂ ਨੂੰ ਬਣਾਉਣ ਦਾ ਕਾਰਜ ਬਹੁਤ ਔਖਾ ਹੈ, ਇਹ ਔਖਾ ਕਾਰਜ ਧਾਲੀਵਾਲ ਕਰਕੇ ਗਿਆ ਹੈ। ਇਸੇ ਤਰ੍ਹਾਂ ਡੀ. ਆਰ. ਧਵਨ ਦੀ ਸਾਹਿਤਕ ਰਚਨਾ ਸਾਡੇ ਲਈ ਇਕ ਸੇਧ ਹੈ। ਅੰਤ ਵਿਚ ਨੰਨੂ ਨੂਰ ਨੇ ਦੋਵਾਂ ਸ਼ਾਇਰਾਂ ਬਾਰੇ ਕਿਹਾ,

ਖਾਲੀ ਥਾਂ ਸਦਾ ਰੜਕਦੀ ਰਹੂਗੀ,
ਕਿਰ ਗਏ ਦੋ ਮਣਕੇ
ਸਾਹਿਤਕ ਰਾਣੀ ਹਾਰ ਦੇ।

# ਬਲਾਤਕਾਰ ਕੇਸ ਵਿਚ ਮਹਿਲਾ ਸਣੇ ਤਿੰਨ ਨੂੰ ਦਸ-ਦਸ ਸਾਲ ਕੈਦ

**ਪਟਿਆਲਾ:** ਅਦਾਲਤ ਨੇ ਦੋ ਸਾਲ ਪਹਿਲਾਂ ਵਾਪਰੇ ਬਾਦਸ਼ਾਹਪੁਰ ਅਗਵਾ ਤੇ ਬਲਾਤਕਾਰ ਮਾਮਲੇ ਵਿਚ ਇਕ ਮਹਿਲਾ ਸਮੇਤ ਤਿੰਨ ਜਣਿਆਂ ਨੂੰ ਦਸ-ਦਸ ਸਾਲ ਕੈਦ ਦੀ ਸਜ਼ਾ ਸੁਣਾਈ ਹੈ ਤੇ ਸਬ ਇੰਸਪੈਕਟਰ ਨਸੀਬ ਸਿੰਘ ਨੂੰ ਸਬੂਤਾਂ ਦੀ ਘਾਟ ਦੇ ਚੱਲਦਿਆਂ ਬਰੀ ਕਰ ਦਿੱਤਾ ਹੈ। ਇਸ ਸਜ਼ਾ ਦਾ ਸਾਹਮਣਾ ਕਰਨ ਵਾਲੇ ਬਲਵਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ ਅਮਨ ਵਾਸੀ ਪਿੰਡ ਖੇੜੀ ਨਗਾਈਆਂ ਤੇ ਸ਼ਿੰਦਰਪਾਲ ਕੌਰ ਵਾਸੀ ਬਾਦਸ਼ਾਹਪੁਰ ਇਸ ਲੜਕੀ ਨੂੰ ਅਗਵਾ ਤੇ ਬਲਾਤਕਾਰ ਕਰਨ ਦੇ ਦੋਸ਼ਾਂ ਅਧੀਨ ਘੱਗਾ ਥਾਣੇ ਵਿਚ ਦਰਜ ਵੱਖਰੇ ਮਾਮਲੇ ਵਿਚ ਪਹਿਲਾਂ ਹੀ ਉਮਰ ਕੈਦ ਭੁਗਤ ਰਹੇ ਹਨ। ਇਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਪਿਛਲੇ ਸਾਲ 23 ਨਵੰਬਰ ਨੂੰ ਪਟਿਆਲਾ ਅਦਾਲਤ ਨੇ ਸੁਣਾਈ ਸੀ।

ਬਾਦਸ਼ਾਹਪੁਰ ਦੀ ਵਸਨੀਕ ਪੀੜਤ ਮੁਟਿਆਰ ਨੇ 14 ਨਵੰਬਰ 2012 ਨੂੰ ਬਾਦਸ਼ਾਹਪੁਰ ਚੌਕੀ ਦੀ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਕਿ ਇਸ ਮਹਿਲਾ ਦੀ ਮਦਦ ਨਾਲ ਦੋਵਾਂ ਨੌਜਵਾਨਾਂ ਨੇ ਦੀਵਾਲੀ ਵਾਲੇ ਦਿਨ 13 ਨਵੰਬਰ ਨੂੰ ਉਸ ਨੂੰ ਅਗਵਾ ਕਰਕੇ ਖੇਤਾਂ ਵਿਚ ਲਿਜਾ ਕੇ ਉਸ ਨਾਲ ਜਬਰ-ਜਨਾਹ ਕੀਤਾ ਸੀ। ਜਦੋਂ ਡੇਢ ਮਹੀਨੇ ਮਗਰੋਂ ਵੀ ਮੁਲਜ਼ਮਾਂ ਖਿਲਾਫ ਕੋਈ ਕਾਰਵਾਈ ਨਾ ਹੋਈ ਤਾਂ ਪੀੜਤ ਲੜਕੀ ਨੇ ਖੁਦਕੁਸ਼ੀ ਕਰ ਲਈ ਸੀ।


SUPER TRAVEL
847-676-9090, 773-465-5566
*E-mail: supertravel2003@yahoo.com*
*Lowest Fares With Excellent Service*
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

To Advertise with Punjab Times Call: 847-359-0746

ਪੰਜਾਬੀ ਰੇਡੀਓ ਯੂ.ਐਸ.ਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

"Ask us about the...
AARP® Auto Insurance Program from The Hartford."
*NOW AVAILABLE IN YOUR AREA!*
Find out more about the Special Benefits of The Hartford's Program for AARP members and our Competitive Rates!

*Satwant Singh*
You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through.
*-Satwant Singh!*
Call today for your FREE, no-obligation quote:
+1-408-771-2438
Satwant Singh: 2774 Aborn Rd, San Jose, CA 95121
satwant@satwantins.com
www.satwantins.com
CA License# 0H11256
AARP® | Auto Insurance Program from THE HARTFORD
The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.
*107792 2nd Rev*

Golden State Realty
9912 Kapalua Ln., Elk Grove, CA 95624

Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers 2009 to 2014
*Please Contact For*
Commercial or Residential Needs
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
*Call: Sohanpreet 'Sam' Chahal*
Ph: 916-612-5773
**email:** samchahal@hotmail.com
Serving all over California

# ਅਮਰੀਕਾ 'ਚ ਸਿੱਖ ਪਛਾਣ ਲਈ ਮੁਹਿੰਮ ਵਿੱਢਣ ਦਾ ਸੱਦਾ

**ਅੰਮ੍ਰਿਤਸਰ:** ਅਮਰੀਕਾ ਵਿਚ ਨੈਸ਼ਨਲ ਸਿੱਖ ਕੰਪੇਨ ਵੱਲੋਂ ਕਰਵਾਏ ਗਏ ਸਰਵੇਖਣ ਦੀ ਰਿਪੋਰਟ ਤੋਂ ਬਾਅਦ ਸਮੁੱਚਾ ਸਿੱਖ ਭਾਈਚਾਰਾ ਚਿੰਤਾ ਵਿਚ ਹੈ ਕਿ ਵਿਦੇਸ਼ਾਂ ਵਿਚ ਸਿੱਖ ਪਛਾਣ ਨੂੰ ਮਕਬੂਲ ਕਰਨ ਲਈ ਵਧੇਰੇ ਯਤਨ ਹੋਣੇ ਚਾਹੀਦੇ ਹਨ। ਦੱਸਣਯੋਗ ਹੈ ਕਿ ਨੈਸ਼ਨਲ ਸਿੱਖ ਕੰਪੇਨ ਵੱਲੋਂ ਅਮਰੀਕਾ ਵਿਚ ਕਰਵਾਏ ਗਏ ਸਰਵੇਖਣ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਅਮਰੀਕਾ ਦੇ ਮੂਲ ਵਾਸੀਆਂ ਨੂੰ ਸਿੱਖਾਂ ਬਾਰੇ ਕੋਈ ਜਾਣਕਾਰੀ ਹੀ ਨਹੀਂ ਹੈ ਜਦੋਂਕਿ ਸਿੱਖ ਭਾਈਚਾਰਾ ਇਸ ਮੁਲਕ ਵਿਚ ਤਕਰੀਬਨ ਇਕ ਸਦੀ ਤੋਂ ਵੱਸਿਆ ਹੋਇਆ ਹੈ। ਸਰਵੇਖਣ ਵਿਚ ਸਿਰਫ 40 ਫੀਸਦੀ ਅਮਰੀਕੀਆਂ ਨੇ ਕਿਹਾ ਹੈ ਕਿ ਉਹ ਘੱਟੋ-ਘੱਟ ਸਿੱਖ ਅਮਰੀਕੀਆਂ ਬਾਰੇ ਥੋੜ੍ਹਾ-ਬਹੁਤਾ ਜਾਣਦੇ ਹਨ। 62, 76 ਤੇ 86 ਫੀਸਦੀ ਨੇ ਕਿਹਾ ਕਿ ਉਹ ਕ੍ਰਮਵਾਰ ਹਿੰਦੂ ਅਮਰੀਕੀਆਂ, ਮੁਸਲਿਮ ਅਮਰੀਕੀਆਂ ਤੇ ਯਹੂਦੀ ਅਮਰੀਕੀਆਂ ਬਾਰੇ ਕੁਝ ਨਾ ਕੁਝ ਜਾਣਦੇ ਹਨ।

ਸਿੱਖਾਂ ਦੀ ਪਛਾਣ ਬਾਰੇ ਸਰਵੇਖਣ ਨੇ ਵਧਾਈ ਚਿੰਤਾ



ਇਸ ਮਾਮਲੇ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਥੇ ਛੇਤੀ ਹੀ ਗਲੋਬਲ ਸਿੱਖ ਕੇਂਦਰ ਸਥਾਪਤ ਕਰ ਦਿੱਤਾ ਜਾਵੇਗਾ, ਜਿਸ ਦਾ ਨੀਂਹ ਪੱਥਰ ਕੁਝ ਸਮਾਂ ਪਹਿਲਾਂ ਰੱਖਿਆ ਗਿਆ ਸੀ। ਇਸ ਕੇਂਦਰ ਰਾਹੀਂ ਵੀ ਸਿੱਖ ਪਛਾਣ ਦਾ ਘੇਰਾ ਵਧਾਉਣ ਵਿਚ ਮਦਦ ਮਿਲੇਗੀ। ਉਨ੍ਹਾਂ ਨੇ ਅਮਰੀਕਾ ਵਿਚਲੀਆਂ ਸਿੱਖ ਜਥੇਬੰਦੀਆਂ ਨੂੰ ਅਪੀਲ ਕੀਤੀ ਸੀ ਕਿ ਉਹ ਆਪਣੇ ਤੌਰ 'ਤੇ ਵੀ ਸਿੱਖ ਪਛਾਣ ਨੂੰ ਮਕਬੂਲ ਬਣਾਉਣ ਲਈ ਯਤਨਸ਼ੀਲ ਹੋਣ। ਇਸ ਵੇਲੇ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿਚ ਤਕਰੀਬਨ 100 ਗੁਰਦੁਆਰੇ ਹਨ, ਜਿਨ੍ਹਾਂ ਵਿਚੋਂ 70 ਤੋਂ ਵੱਧ ਗੁਰਦੁਆਰੇ ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੁੜੇ ਹੋਏ ਹਨ। ਏ.ਜੀ.ਪੀ.ਸੀ. ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਆਖਿਆ ਕਿ ਸਿੱਖ ਪਛਾਣ ਦੇ ਘੇਰੇ ਨੂੰ ਵਧਾਉਣ ਲਈ ਸਿੱਖ ਜਥੇਬੰਦੀਆਂ ਯਤਨਸ਼ੀਲ ਹਨ ਤੇ ਖਾਸ ਕਰਕੇ 9/11 ਦੇ ਹਮਲੇ ਤੋਂ ਬਾਅਦ ਇਸ ਵਿਸ਼ੇ 'ਤੇ ਵਧੇਰੇ ਕੰਮ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਨੂੰ ਹੌਲੀ-ਹੌਲੀ ਵਧਾਉਣ ਦੇ ਯਤਨ ਜਾਰੀ ਹਨ। ਇਸ ਬਾਰੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਆਖਿਆ ਕਿ ਇਹ ਚਿੰਤਾ ਦਾ ਵਿਸ਼ਾ ਹੈ ਤੇ ਸ਼੍ਰੋਮਣੀ ਕਮੇਟੀ ਨੂੰ ਇਸ ਮੁੱਦੇ 'ਤੇ ਧਿਆਨ ਕੇਂਦ੍ਰਿਤ ਕਰਨਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਅਮਰੀਕਾ ਦੇ ਵੱਖ-ਵੱਖ ਸੂਬਿਆਂ ਵਿਚ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਬਾਰੇ ਸੈਮੀਨਾਰ ਕਰਾਏ ਜਾਣੇ ਚਾਹੀਦੇ ਹਨ, ਜਿਸ ਵਿਚ ਅਮਰੀਕਾ ਵਾਸੀਆਂ ਨੂੰ ਵੀ ਸ਼ਾਮਲ ਕੀਤਾ ਜਾਵੇ। ਇਸੇ ਤਰ੍ਹਾਂ ਵਿਸਾਖੀ, ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿਚ ਨਗਰ ਕੀਰਤਨ ਸਜਾਏ ਜਾਣੇ ਚਾਹੀਦੇ ਹਨ ਤੇ ਗੁਰਪੁਰਬ ਮਨਾਏ ਜਾਣੇ ਚਾਹੀਦੇ ਹਨ। ਇਸ ਬਾਰੇ ਅਮਰੀਕਾ ਵਿਚਲੇ ਇਲੈਕਟ੍ਰੌਨਿਕ ਤੇ ਪ੍ਰਿੰਟ ਮੀਡੀਆ ਦੀ ਵੀ ਮਦਦ ਲੈਣੀ ਚਾਹੀਦੀ ਹੈ।

ਇਸੇ ਦੌਰਾਨ ਨੈਸ਼ਨਲ ਸਿੱਖ ਕੰਪੇਨ ਦੇ ਆਗੂ ਰਾਜਵੰਤ ਸਿੰਘ ਨੇ ਆਖਿਆ ਕਿ ਇਸ ਵਿਚ ਕੋਈ ਦੋ ਰਾਏ ਨਹੀਂ ਕਿ ਸਰਵੇਖਣ ਦੀ ਰਿਪੋਰਟ ਨੇ ਸਮੁੱਚੇ ਸਿੱਖ ਭਾਈਚਾਰੇ ਨੂੰ ਚਿੰਤਾ ਵਿਚ ਪਾ ਦਿੱਤਾ ਹੈ, ਪਰ ਇਹ ਸਥਿਤੀ ਸੁਚੇਤ ਕਰਨ ਵਾਲੀ ਵੀ ਹੈ, ਜਿਸ ਲਈ ਸਿੱਖ ਜਥੇਬੰਦੀਆਂ ਹੋਰ ਵਧੇਰੇ ਯਤਨਸ਼ੀਲ ਹੋਣਗੀਆਂ।

ਅਮਰੀਕਾ ਦੇ ਹੀ ਗਲੋਬਲ ਸਿੱਖ ਕੌਂਸਲ ਦੇ ਨੁਮਾਇੰਦੇ ਕਿਰਪਾਲ ਸਿੰਘ ਨੇ ਆਖਿਆ ਕਿ ਅਮਰੀਕਾ ਵਰਗੇ ਵੱਡੇ ਮੁਲਕ ਵਿਚ ਸਿੱਖਾਂ ਦੀ ਗਿਣਤੀ ਨਾਂਮਾਤਰ ਹੈ ਤੇ ਅਜਿਹੀ ਸਥਿਤੀ ਵਿਚ ਸਿੱਖਾਂ ਨੂੰ ਆਪਣੀ ਪਛਾਣ ਸਥਾਪਤ ਕਰਨ ਲਈ ਜੱਦੋ ਜਹਿਦ ਕਰਨੀ ਪਵੇਗੀ। ਉਨ੍ਹਾਂ ਆਖਿਆ ਕਿ ਅਮਰੀਕਾ ਦੇ ਮੂਲ ਵਾਸੀਆਂ ਨੂੰ ਸਿੱਖਾਂ ਨੂੰ ਖੁਦ ਆਪਣੀ ਪਛਾਣ ਤੋਂ ਜਾਣੂ ਕਰਾਉਣਾ ਪਵੇਗਾ। ਅਮਰੀਕਾ ਵਿਚ ਇਸ ਵੇਲੇ ਜੋ ਸਿੱਖ ਵੱਸ ਰਹੇ ਹਨ, ਵਿਚੋਂ ਵੱਡੀ ਗਿਣਤੀ ਅਜਿਹੇ ਹਨ, ਜਿਨ੍ਹਾਂ ਨੇ ਆਪਣੀ ਪਛਾਣ ਨੂੰ ਗੁੰਮ ਕੀਤਾ ਹੋਇਆ ਹੈ। ਅਜਿਹੇ ਸਿੱਖ ਦਸਤਾਰਧਾਰੀ ਨਹੀਂ ਹਨ ਤੇ ਉਨ੍ਹਾਂ ਨੇ ਕੇਸ ਨਹੀਂ ਰੱਖੇ ਹਨ। ਇਸ ਲਈ ਜ਼ਰੂਰੀ ਹੈ ਕਿ ਪਹਿਲਾਂ ਆਪਣੀ ਦਿੱਖ ਨੂੰ ਠੀਕ ਕੀਤਾ ਜਾਵੇ ਤੇ ਆਪਣੀ ਮੂਲ ਦਿੱਖ ਨੂੰ ਦਰਸਾਇਆ ਜਾਵੇ। ਜੇਕਰ ਦਸਤਾਰਧਾਰੀ ਸਿੱਖ ਦਿਖਾਈ ਹੀ ਨਹੀਂ ਦੇਣਗੇ ਤਾਂ ਅਮਰੀਕਾ ਵਾਸੀ ਸਿੱਖਾਂ ਬਾਰੇ ਕਿਵੇਂ ਜਾਣ ਸਕਦੇ ਹਨ।

# ਨੰਦਗੜ੍ਹ ਦੀ ਪਤਨੀ ਸਣੇ 14 ਖਿਲਾਫ ਧੋਖਾਧੜੀ ਦਾ ਕੇਸ

**ਬਠਿੰਡਾ:** ਪੁਲਿਸ ਨੇ ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਦੀ ਪਤਨੀ ਸੁਖਦੇਵ ਕੌਰ ਤੇ ਉਨ੍ਹਾਂ ਦੇ ਭਾਣਜੇ ਪਟਵਾਰੀ ਜਸਪਾਲ ਸਿੰਘ ਸਮੇਤ 14 ਜਣਿਆਂ ਖ਼ਿਲਾਫ਼ ਧੋਖਾਧੜੀ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਇਹ ਮਾਮਲਾ ਤਲਵੰਡੀ ਸਾਬੋ ਦੀ ਬਜ਼ੁਰਗ ਵਿਧਵਾ ਅਮਰਜੀਤ ਕੌਰ ਨਾਲ ਧੋਖਾਧੜੀ ਕਰਨ ਨਾਲ ਸਬੰਧਤ ਹੈ। ਅਦਾਲਤੀ ਹੁਕਮਾਂ 'ਤੇ ਪੁਲਿਸ ਨੇ ਜਥੇਦਾਰ ਨੰਦਗੜ੍ਹ ਦੀ ਪਤਨੀ ਸੁਖਦੇਵ ਕੌਰ, ਪਟਵਾਰੀ ਜਸਪਾਲ ਸਿੰਘ (ਜੋ ਕਿ ਸੁਖਦੇਵ ਕੌਰ ਦਾ ਭਾਣਜਾ ਹੈ), ਕਾਨੂੰਨਗੋ ਇੰਦਰ ਸਿੰਘ, ਤਤਕਾਲੀ ਨਾਇਬ ਤਹਿਸੀਲਦਾਰ ਤਲਵੰਡੀ ਸਾਬੋ ਸਤਵੰਤ ਸਿੰਘ ਢਿੱਲੋਂ, ਵੀਰਪਾਲ ਕੌਰ ਪੁੱਤਰੀ ਸੁਰਜੀਤ ਸਿੰਘ, ਸੁਰਜੀਤ ਸਿੰਘ, ਸ਼ਤੀਸ਼ ਕੁਮਾਰ, ਕ੍ਰਿਸ਼ਨਾ ਰਾਣੀ, ਵੀਰਪਾਲ ਕੌਰ, ਪਰਮਜੀਤ ਕੌਰ, ਦਰਸ਼ਨਾ ਦੇਵੀ, ਸ਼ੀਲਾ ਦੇਵੀ, ਅੰਜੂ ਰਾਣੀ ਤੇ ਰਜਿੰਦਰ ਸਿੰਘ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਅਮਰਜੀਤ ਕੌਰ ਨੇ ਸਬ ਡਿਵੀਜ਼ਨਲ ਮੈਜਿਸਟਰੇਟ ਤਲਵੰਡੀ ਸਾਬੋ ਦੀ ਅਦਾਲਤ ਵਿਚ ਕੇਸ ਦਾਇਰ ਕੀਤਾ ਹੋਇਆ ਸੀ ਜਿਸ ਬਾਰੇ 23 ਜਨਵਰੀ ਨੂੰ ਹੁਕਮ ਸੁਣਾਏ ਗਏ।

ਕੇਸ ਮੁਤਾਬਕ ਵਿਧਵਾ ਅਮਰਜੀਤ ਕੌਰ, ਜੋ ਕਿ ਬੇਔਲਾਦ ਹੈ, ਨੇ ਸਾਲ 1982 ਵਿਚ ਗਿਆਨ ਸਿੰਘ ਤੋਂ 420 ਗਜ਼ ਜਗ੍ਹਾ ਖ਼ਰੀਦੀ ਸੀ। ਇਹ ਜਗ੍ਹਾ ਥਾਣਾ ਤਲਵੰਡੀ ਸਾਬੋ ਲਾਗੇ ਮੁੱਖ ਸੜਕ 'ਤੇ ਹੈ, ਜਿਸ ਦੀ ਮੌਜੂਦਾ ਕੀਮਤ ਇਕ ਕਰੋੜ ਤੋਂ ਉਪਰ ਦੱਸੀ ਜਾ ਰਹੀ ਹੈ। ਜਥੇਦਾਰ ਨੰਦਗੜ੍ਹ ਦੀ ਪਤਨੀ ਸੁਖਦੇਵ ਕੌਰ ਤੇ ਵੀਰਪਾਲ ਕੌਰ ਨੇ ਤਿੰਨ ਰਜਿਸਟਰੀਆਂ (ਵਸੀਕਾ ਨੰਬਰ 1631 ਮਿਤੀ 28 ਜੂਨ 2012, ਵਸੀਕਾ ਨੰਬਰ 1822 ਮਿਤੀ 10 ਜੁਲਾਈ 2012 ਤੇ ਵਸੀਕਾ ਨੰਬਰ 2332 ਮਿਤੀ ਤਿੰਨ ਅਗਸਤ 2013) ਤਹਿਤ 420 ਗਜ ਜਗ੍ਹਾ ਖ਼ਰੀਦ ਲਈ ਸੀ। ਖ਼ਰੀਦਦਾਰਾਂ ਨੇ ਇਹ ਜਗ੍ਹਾ ਵਿਧਵਾ ਅਮਰਜੀਤ ਕੌਰ ਤੋਂ ਨਹੀਂ ਖ਼ਰੀਦੀ ਬਲਕਿ ਗਿਆਨ ਸਿੰਘ ਦੇ ਵਾਰਸਾਂ ਤੋਂ ਖ਼ਰੀਦੀ, ਜਿਸ ਤੋਂ ਵਿਧਵਾ ਔਰਤ ਨੇ ਪਲਾਟ ਖ਼ਰੀਦਿਆ ਸੀ। ਪੁਲਿਸ ਕੇਸ ਅਨੁਸਾਰ ਖ਼ਰੀਦਦਾਰਾਂ ਨੇ ਮਾਲ ਵਿਭਾਗ ਦੇ ਰਿਕਾਰਡ ਵਿਚ ਛੇੜਛਾੜ ਵੀ ਕੀਤੀ। ਵਿਧਵਾ ਅਮਰਜੀਤ ਕੌਰ ਨੇ ਐਫ.ਆਈ.ਆਰ ਵਿਚ ਆਖਿਆ ਕਿ ਉਸ ਨੂੰ ਜਥੇਦਾਰ ਨੰਦਗੜ੍ਹ ਦੇ ਪਰਿਵਾਰ ਨੇ ਸਿਆਸੀ ਦਰਬਾਰੇ ਪਹੁੰਚ ਹੋਣ ਦੀਆਂ ਧਮਕੀਆਂ ਵੀ ਦਿੱਤੀਆਂ ਸਨ।

## ਬਦਲਾਖੋਰੀ ਤਹਿਤ ਕਾਰਵਾਈ ਕੀਤੀ: ਨੰਦਗੜ੍ਹ



**ਬਠਿੰਡਾ:** ਤਖਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਆਖਿਆ ਕਿ ਸਰਕਾਰ ਵੱਲੋਂ ਉਨ੍ਹਾਂ ਦੇ ਪਰਿਵਾਰ ਨੂੰ ਬਦਲਾਖੋਰੀ ਤਹਿਤ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਪਰ ਉਹ ਨਾਨਕਸ਼ਾਹੀ ਕੈਲੰਡਰ ਤੇ ਪੰਥਕ ਹਿੱਤਾਂ ਦੀ ਰਾਖੀ ਵਾਸਤੇ ਸਰਕਾਰ ਦੀ ਹਰ ਧੱਕੇਸ਼ਾਹੀ ਦਾ ਸਾਹਮਣਾ ਕਰਨ ਲਈ ਤਿਆਰ ਹਨ। ਉਨ੍ਹਾਂ ਆਖਿਆ ਕਿ ਉਨ੍ਹਾਂ ਨਾਨਕਸ਼ਾਹੀ ਕੈਲੰਡਰ ਦੇ ਮਾਮਲੇ ਵਿਚ ਸਖ਼ਤ ਸਟੈਂਡ ਲਿਆ, ਇਸੇ ਕਰ ਕੇ ਸਰਕਾਰ ਅਜਿਹਾ ਕਰ ਰਹੀ ਹੈ।

# ਹੋਦ ਚਿੱਲੜ ਕਾਂਡ: ਕੇਸ ਦੇ ਆਖਰੀ ਪੜਾਅ ਦੀ ਬਹਿਸ ਹੋਈ

**ਚੰਡੀਗੜ੍ਹ:** ਹੋਦ ਚਿੱਲੜ ਪਿੰਡ ਵਿਚ ਸਾਲ 1984 ਵਿਚ ਮਾਰੇ ਗਏ 32 ਸਿੱਖਾਂ ਦੇ ਕੇਸ ਦੇ ਆਖ਼ਰੀ ਪੜਾਅ ਦੀ ਬਹਿਸ ਇਕ ਮੈਂਬਰੀ ਕਮਿਸ਼ਨ ਦੇ ਰਿਟਾਇਰਡ ਜੱਜ ਟੀ.ਪੀ. ਗਰਗ ਦੀ ਅਦਾਲਤ ਵਿਚ ਕੀਤੀ ਗਈ। ਹੁਣ ਇਸ ਕੇਸ ਦੀ ਅਗਲੀ ਸੁਣਵਾਈ ਨੌਂ ਫਰਵਰੀ ਨੂੰ ਹੋਵੇਗੀ। ਹੋਦ ਚਿੱਲੜ ਤਾਲਮੇਲ ਕਮੇਟੀ ਦੇ ਮੁਖੀ ਇੰਜਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਘੋਲੀਆ ਨੇ ਕੇਸ ਦੀ ਸੁਣਵਾਈ ਪਿੱਛੋਂ ਦੱਸਿਆ ਕਿ ਪਟੀਸ਼ਨ ਨੰਬਰ ਤਿੰਨ ਦੇ ਸਾਵਣ ਸਿੰਘ ਦੀ ਕਰਾਸ ਐਗਜ਼ਾਮੀਨੇਸ਼ਨ ਅਨੁਸਾਰ ਹੋਦ ਪਿੰਡ ਦੇ ਵਸਨੀਕਾਂ ਨੇ ਖ਼ਤਰੇ ਨੂੰ ਭਾਂਪਦਿਆਂ ਦੋ ਨਵੰਬਰ ਨੂੰ ਸਵੇਰ ਵੇਲੇ ਚਿੱਲੜ ਪਿੰਡ ਦੇ ਸਰਪੰਚ ਧਨਪਤ, ਪੰਚਾਇਤ ਮੈਂਬਰਾਂ ਰਤਨ ਸਿੰਘ ਤੇ ਨਾਨਕ ਚੰਦ ਨੂੰ ਸਥਿਤੀ ਬਾਰੇ ਸਲਾਹ-ਮਸ਼ਵਰੇ ਲਈ ਬੁਲਾਇਆ ਸੀ। ਉਸ ਵੇਲੇ ਹੋਦ ਤੇ ਚਿੱਲੜ ਦੋਵਾਂ ਪਿੰਡਾਂ ਦੀ ਸਾਂਝੀ ਪੰਚਾਇਤ ਸੀ। ਪੰਚਾਇਤ ਮੈਂਬਰਾਂ ਨੇ ਹੋਦ ਵਾਸੀਆਂ ਦੀ ਸੁਰੱਖਿਆ ਦੀ ਜਾਮਨੀ ਲੈ ਕੇ ਉਨ੍ਹਾਂ ਨੂੰ ਪਿੰਡ ਵਿਚ ਰੋਕ ਲਿਆ ਸੀ। ਉਸੇ ਦਿਨ ਸਵੇਰੇ ਗਿਆਰ੍ਹਾਂ ਵਜੇ ਕਾਤਲਾਂ ਨੇ ਹੋਦ ਪਿੰਡ 'ਤੇ ਹਮਲਾ ਕਰ ਦਿੱਤਾ ਤੇ ਕਈ ਘੰਟਿਆਂ ਤੱਕ ਪਿੰਡ ਵਿਚ ਦਰਿੰਦਗੀ ਦਾ ਨਾਚ ਹੁੰਦਾ ਰਿਹਾ। ਸਰਪੰਚ ਸਮੇਤ ਪੰਚਾਇਤ ਨੇ ਹੋਦ ਪਿੰਡ ਦੇ ਲੋਕਾਂ ਦੀ ਮਦਦ ਨਾ ਕੀਤੀ ਤੇ ਪੁਲਿਸ ਕੋਲ ਰਿਪੋਰਟ ਵੀ ਅਗਲੇ ਦਿਨ ਲਿਖਵਾਈ। ਉਨ੍ਹਾਂ ਕਿਹਾ ਕਿ ਪੁਲਿਸ ਮੁਲਾਜ਼ਮਾਂ ਤੇ ਅਧਿਕਾਰੀਆਂ ਨੇ ਸਿੱਖਾਂ ਦੇ ਕਤਲਾਂ ਦੀ ਘਟਨਾ ਨੂੰ ਗੰਭੀਰਤਾ ਨਾਲ ਨਹੀਂ ਲਿਆ।



## ਖਾੜਕੂ ਬਖਸ਼ੀਸ਼ ਸਿੰਘ ਜ਼ਮਾਨਤ 'ਤੇ ਰਿਹਾ

**ਪਟਿਆਲਾ:** ਛੇ ਸਾਲ ਪਹਿਲਾਂ ਜੀਂਦ ਨੇੜੇ ਡੇਰਾ ਸਿਰਸਾ ਦੇ ਮੁਖੀ ਦੀਆਂ ਗੱਡੀਆਂ ਦੇ ਕਾਫਲੇ 'ਤੇ ਹੋਏ ਹਮਲੇ ਦੇ ਦੋਸ਼ੀ ਤੇ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਕਾਰਕੁਨ ਰਹੇ ਬਖਸ਼ੀਸ਼ ਸਿੰਘ ਬਾਬਾ ਨਾਭਾ ਜੇਲ੍ਹ ਵਿਚੋਂ ਜ਼ਮਾਨਤ 'ਤੇ ਰਿਹਾ ਹੋ ਗਿਆ। ਇਹ ਹਮਲਾ ਟਰੱਕ ਦੀ ਸਟਿਪਣੀ ਵਿਚ ਫਿੱਟ ਕੀਤੇ ਬੰਬ ਨਾਲ ਕੀਤਾ ਗਿਆ ਸੀ ਪਰ ਇਸ ਵਿਚ ਡੇਰਾ ਮੁਖੀ ਵਾਲ-ਵਾਲ ਬਚ ਗਏ ਸਨ। ਉਹ ਇਥੇ ਸਾਢੇ ਚਾਰ ਸਾਲਾਂ ਤੋਂ ਬੰਦ ਸੀ।



ਹਰਿਆਣਾ ਦੇ ਥਾਣਾ ਬਟਾਣਾ ਵਿਚ ਧਾਰਾ 307 ਤੇ 120 ਬੀ ਸਮੇਤ 3,4 ਐਕਸਪਲੋਸਿਵ ਐਕਟ ਅਧੀਨ ਦਰਜ ਹੋਏ ਇਸ ਕੇਸ ਬਾਰੇ ਉਸ ਨੂੰ ਕਰਨਾਲ ਦੀ ਅਦਾਲਤ ਨੇ 12 ਸਤੰਬਰ 2012 ਨੂੰ ਦਸ ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ ਸੀ। ਮਈ 2010 ਵਿਚ ਸਪੈਸ਼ਲ ਓਪਰੇਸ਼ਨ ਸੈੱਲ ਵੱਲੋਂ ਜਦੋਂ ਉਸ ਨੂੰ ਅੰਮ੍ਰਿਤਸਰ ਵਿਚ ਗ੍ਰਿਫਤਾਰ ਕਰਨ ਮੌਕੇ ਕਿਹਾ ਗਿਆ ਸੀ ਕਿ ਹਮਲੇ ਤੋਂ ਬਾਅਦ ਉਹ ਦੋ ਸਾਲ ਪਾਕਿਸਤਾਨ ਵਿਚ ਰਿਹਾ ਹੈ। ਬਖਸ਼ੀਸ਼ ਸਿੰਘ ਨਾਭਾ ਦੇ ਇਕ ਗੈਸ ਪਲਾਂਟ ਨੇੜੇ ਬੰਬ ਰੱਖਣ ਸਬੰਧੀ ਕੇਸ ਸਮੇਤ ਦੋ ਹੋਰਨਾਂ ਵਿਚੋਂ ਵੀ ਬਰੀ ਹੋ ਚੁੱਕਾ ਹੈ।

ਅੰਮ੍ਰਿਤਸਰ ਦੇ ਇਕ ਕੇਸ ਵਿਚ ਹੋਈ ਸਜ਼ਾ ਉਸ ਨੇ ਪੂਰੀ ਕਰ ਲਈ ਸੀ। ਉਸ ਦੇ ਖ਼ਿਲਾਫ਼ ਦੋ ਦਰਜਨ ਦੇ ਕਰੀਬ ਹੋਰ ਕੇਸ ਵੀ ਦਰਜ ਹੋਏ ਸਨ ਤੇ ਉਹ 1999 ਤੋਂ 2005 ਤੱਕ ਪਹਿਲਾਂ ਵੀ ਜੇਲ੍ਹ ਵਿਚ ਰਿਹਾ, ਪਰ ਇਨ੍ਹਾਂ ਵਿਚੋਂ ਬਹੁਤੇ ਕੇਸਾਂ ਵਿਚੋਂ ਉਹ ਬਰੀ ਹੋ ਗਿਆ ਸੀ।

# ਓਬਾਮਾ ਫੇਰੀ ਮੌਕੇ ਸਹਿਮੇ ਰਹੇ ਛੱਤੀਸਿੰਘਪੁਰਾ ਦੇ ਸਿੱਖ

**ਚੰਡੀਗੜ੍ਹ:** 20 ਮਾਰਚ, 2000 ਵਿਚ ਤਤਕਾਲੀ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਦੀ ਭਾਰਤ ਫ਼ੇਰੀ ਦੌਰਾਨ ਅਣਪਛਾਤੇ ਵਿਅਕਤੀਆਂ ਵੱਲੋਂ ਜੰਮੂ-ਕਸ਼ਮੀਰ ਦੇ ਛੱਤੀਸਿੰਘਪੁਰਾ ਵਿਚ 35 ਸਿੱਖਾਂ ਦੇ ਕਤਲ ਦਾ ਮਾਮਲਾ ਅਜੇ ਵੀ ਰਹੱਸ ਬਣਿਆ ਹੋਇਆ ਹੈ। ਹੁਣ 26 ਜਨਵਰੀ ਦੀ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਭਾਰਤ ਫੇਰੀ ਕਾਰਨ ਇਥੋਂ ਦੇ ਸਿੱਖਾਂ ਵਿਚ ਮੁੜ ਸਹਿਮ ਬਣਿਆ ਰਿਹਾ। ਓਬਾਮਾ ਦੀ 2010 ਫੇਰੀ ਦੌਰਾਨ ਵੀ ਸਿੱਖਾਂ ਵਿਚਕਾਰ ਡਰ ਫੈਲ ਗਿਆ ਸੀ ਜਦੋਂ ਅਣਪਛਾਤੇ ਵਿਅਕਤੀਆਂ ਨੇ ਰਾਤ ਸਮੇਂ ਉਨ੍ਹਾਂ ਦੇ ਘਰਾਂ ਦੇ ਦਰਵਾਜ਼ੇ ਖੜਕਾਉਣੇ ਸ਼ੁਰੂ ਕਰ ਦਿੱਤੇ ਸਨ। ਹਾਲਾਂਕਿ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ ਸੀ।

ਕਸ਼ਮੀਰੀ ਮੀਡੀਆ ਅਨੁਸਾਰ ਅੱਜਕੱਲ੍ਹ ਸਿੱਖਾਂ ਦੇ ਘਰਾਂ ਦੇ ਮੁੱਖ ਦਰਵਾਜ਼ੇ 'ਤੇ ਰਾਤ ਸਮੇਂ ਕੋਈ ਅਣਪਛਾਤੇ ਵਿਅਕਤੀ ਦਸਤਕ ਦਿੰਦੇ ਹਨ। ਤਰਲ ਵਿਚ ਸਾਇਮੂ ਦੇ ਵਾਸੀ ਅਜੀਤ ਸਿੰਘ ਨੇ ਕਿਹਾ ਕਿ ਛੱਤੀਸਿੰਘਪੁਰਾ ਵਰਗੀ ਘਟਨਾ ਕਾਰਨ ਅੱਜ ਵੀ ਉਨ੍ਹਾਂ ਦੇ ਮਨਾਂ ਵਿਚ ਸਹਿਮ ਹੈ। ਆਲ ਪਾਰਟ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਕਨਵੀਨਰ ਜਗਮੋਹਨ ਸਿੰਘ ਰੈਨਾ ਨੇ ਕਸ਼ਮੀਰ ਦੀ ਇਕ ਅਖ਼ਬਾਰ ਨੂੰ ਦੱਸਿਆ ਕਿ ਕਸ਼ਮੀਰ ਇਸ ਗੱਲ ਦਾ ਸਬੂਤ ਹੈ ਕਿ ਨਿੱਜੀ ਲਾਭ ਲਈ ਅਜਿਹੇ ਮੌਕਿਆਂ ਨੂੰ ਸੂਬੇ ਦੇ ਧਰਮਨਿਰਪੱਖ ਅਕਸ ਨੂੰ ਢਾਹ ਲਾਉਣ ਲਈ ਪ੍ਰਯੋਗ ਕੀਤਾ ਜਾਂਦਾ ਹੈ। ਰੈਨਾ ਨੇ ਕਿਹਾ ਕਿ ਕਿਸੇ ਵੀ ਸਿਆਸੀ ਆਗੂ ਦੀ ਭਾਰਤ ਫ਼ੇਰੀ ਨਾਲ ਕਸ਼ਮੀਰ ਵਿਚਲੀਆਂ ਘੱਟ ਗਿਣਤੀਆਂ 'ਤੇ ਖ਼ਤਰਾ ਪੈਦਾ ਹੋ ਜਾਂਦਾ ਹੈ। ਸਾਨੂੰ ਬਲੀ ਦੇ ਬਕਰੇ ਬਣਾਇਆ ਜਾਂਦਾ ਹੈ।

ਪੰਦਰਾਂ ਸਾਲ ਪਹਿਲਾਂ ਬਿਲ ਕਲਿੰਟਨ ਫੇਰੀ ਮੌਕੇ ਹੋਇਆ ਸੀ 35 ਸਿੱਖਾਂ ਦਾ ਕਤਲੇਆਮ



ਉਨ੍ਹਾਂ ਲੋਕਾਂ ਨੂੰ ਚੌਕਸ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਸੂਬੇ ਦੇ ਲੋਕ ਇਕ ਦੂਜੇ ਦੀ ਸੁਰੱਖਿਆ ਯਕੀਨੀ ਕਰਨ। ਉਨ੍ਹਾਂ ਸੂਬੇ ਦੇ ਵਧ ਗਿਣਤੀ ਤੇ ਘੱਟ ਗਿਣਤੀ ਲੋਕਾਂ ਨੂੰ ਸ਼ਰਾਰਤੀ ਤੱਤਾਂ ਵਿਰੁੱਧ ਸਖ਼ਤ ਚੌਕਸੀ ਵਰਤਣ ਲਈ ਕਿਹਾ ਤਾਂ ਕਿ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ। 2000 ਦੇ ਕਤਲ ਕਾਂਡ ਤੋਂ ਪੰਜ ਦਿਨ ਬਾਅਦ ਭਾਰਤੀ ਫ਼ੌਜ ਨੇ ਪਥਰੀਬਲ ਪਿੰਡ ਵਿਚ ਇਸ ਕਾਂਡ ਲਈ ਜ਼ਿੰਮੇਵਾਰ ਪੰਜ ਅਤਿਵਾਦੀਆਂ ਨੂੰ ਮਾਰਨ ਦਾ ਦਾਅਵਾ ਕੀਤਾ ਸੀ, ਪਰ ਇਹ ਮੁਕਾਬਲਾ ਜਾਂਚ ਅਧੀਨ ਆ ਗਿਆ ਸੀ। 19 ਮਾਰਚ, 2012 ਵਿਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਸੁਪਰੀਮ ਕੋਰਟ ਨੂੰ ਕਿਹਾ ਸੀ ਕਿ ਪਥਰੀਬਲ ਵਿਚ ਹੋਇਆ ਮੁਕਾਬਲਾ ਫ਼ਰਜ਼ੀ ਸੀ। ਬਾਅਦ ਵਿਚ ਮਾਮਲੇ ਨੂੰ ਫ਼ੌਜੀ ਅਦਾਲਤ ਵਿਚ ਭੇਜ ਦਿੱਤਾ ਗਿਆ ਸੀ ਤੇ ਇਸ ਨੂੰ ਬੰਦ ਕਰ ਦਿੱਤਾ ਗਿਆ। ਕੇਸ ਬੰਦ ਕਰਨ ਦਾ ਕਾਰਨ ਫ਼ੌਜੀ ਜਵਾਨਾਂ ਵਿਰੁੱਧ ਸਬੂਤਾਂ ਦੀ ਘਾਟ ਦੱਸਿਆ ਗਿਆ ਸੀ। ਇਸ ਤੋਂ ਬਾਅਦ 20 ਮਾਰਚ, 2000 ਦੀ ਰਾਤ ਸਿੱਖਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਬਾਹਰ ਕੱਢ ਕੇ ਗੋਲੀਆਂ ਮਾਰਨ ਦਾ ਰਹੱਸ ਅਣਸੁਲਝਿਆ ਹੀ ਰਹਿ ਗਿਆ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਤਾਜ਼ਾ ਭਾਰਤ ਫ਼ੇਰੀ ਨੇ ਅਣਸੁਲਝੇ ਛੱਤੀਸਿੰਘਪੁਰਾ ਕਤਲ ਕਾਂਡ ਦੀਆਂ ਯਾਦਾਂ ਨੂੰ ਫਿਰ ਤਾਜ਼ਾ ਕਰ ਦਿੱਤਾ ਹੈ ਤੇ ਸ੍ਰੀਨਗਰ ਦੇ ਬਾਹਰਵਾਰ ਰਹਿਣ ਵਾਲੇ ਸਿੱਖਾਂ ਵਿਚਕਾਰ ਤਣਾਅ ਵੇਖਿਆ ਜਾ ਸਕਦਾ ਹੈ। ਕਈ ਸਿੱਖ ਜਥੇਬੰਦੀਆਂ ਨੇ ਓਬਾਮਾ ਦੀ ਫ਼ੇਰੀ ਦੌਰਾਨ ਛੱਤੀਸਿੰਘਪੁਰਾ ਵਰਗੀ ਘਟਨਾ ਮੁੜ ਵਾਪਰਨ ਨੂੰ ਲੈ ਕੇ ਸਿੱਖਾਂ ਨੂੰ ਚੌਕਸ ਕੀਤਾ ਸੀ।

# ਪਰਵਾਸੀ ਪੰਜਾਬੀਆਂ ਦੇ ਦੁੱਖ ਛੇਤੀ ਹੀ ਦੂਰ ਕਰਨ ਦਾ ਵਾਅਦਾ

**ਜਲੰਧਰ:** ਪੰਜਾਬ ਸਰਕਾਰ ਨੇ ਕਿਹਾ ਹੈ ਕਿ ਪਰਵਾਸੀ ਪੰਜਾਬੀਆਂ ਨੂੰ ਸੂਬੇ ਵਿਚ ਜ਼ਮੀਨ ਜਾਂ ਹੋਰ ਮਾਮਲਿਆਂ ਵਿਚ ਆ ਰਹੀਆਂ ਮੁਸ਼ਕਿਲਾਂ ਦੇ ਹੱਲ ਲਈ ਕੋਸ਼ਿਸ਼ਾਂ ਤੇਜ਼ ਕੀਤੀਆਂ ਗਈਆਂ ਹਨ ਤੇ ਪਿਛਲੇ ਦਿਨੀਂ ਐਨ.ਆਰ.ਆਈ. ਸੰਗਤ ਦਰਸ਼ਨਾਂ ਵਿਚ ਆਈਆਂ ਸ਼ਿਕਾਇਤਾਂ ਨੂੰ ਮੁੱਖ ਰੱਖ ਦੇ ਵਿਸ਼ੇਸ਼ ਨੀਤੀ ਬਣਾਈ ਜਾ ਰਹੀ ਹੈ। ਪਰਵਾਸੀ ਪੰਜਾਬੀਆਂ ਦੀ ਜ਼ਮੀਨ ਦੇ ਉਲਝੇ ਮਾਮਲਿਆਂ ਦੇ ਛੇਤੀ ਨਿਪਟਾਰੇ ਲਈ ਸਰਕਾਰ ਜ਼ਮੀਨੀ ਤਕਸੀਮ ਦੀ ਪ੍ਰਕਿਰਿਆ ਵਿਚ ਤਬਦੀਲੀ ਕਰਨ ਜਾ ਰਹੀ ਹੈ।



ਐਨ.ਆਰ.ਆਈ. ਸੰਗਤ ਦਰਸ਼ਨ ਵਿਚ ਸਾਹਮਣੇ ਆਏ ਮਾਮਲਿਆਂ ਦੇ ਨਿਪਟਾਰੇ ਦਾ ਰੀਵਿਊ ਕਰਨ ਲਈ ਸੱਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਖੇਤੀ ਤੇ ਪਰਵਾਸੀ ਪੰਜਾਬੀ ਮਾਮਲਿਆਂ ਬਾਰੇ ਮੰਤਰੀ ਸ. ਤੋਤਾ ਸਿੰਘ ਨੇ ਕਿਹਾ ਕਿ ਤਕਸੀਮ ਦੀ ਵੰਡ ਬਾਰੇ ਸਬੰਧਤ ਧਿਰਾਂ ਨੂੰ ਪੰਜ ਪੜਾਵਾਂ ਵਿਚ ਦੀ ਲੰਘਣਾ ਪੈਂਦਾ ਹੈ। ਹੁਣ ਇਸ ਨੂੰ ਘਟਾ ਕੇ ਦੋ-ਪੜਾਵੀ ਕਰਨ ਦੀ ਤਜਵੀਜ਼ ਹੈ। ਉਨ੍ਹਾਂ ਕਿਹਾ ਕਿ 10 ਏਕੜ ਤੋਂ ਘੱਟ ਜ਼ਮੀਨ ਦੀ ਵੰਡ ਵਾਲੇ ਕੇਸਾਂ ਬਾਰੇ ਜ਼ਿਲ੍ਹਾ ਮਾਲ ਅਫਸਰ ਦੇ ਫੈਸਲੇ ਤੋਂ ਬਾਅਦ ਡਵੀਜ਼ਨਲ ਕਮਿਸ਼ਨਰ ਪਾਸ ਅਪੀਲ ਕਰਨ ਅਤੇ 10 ਏਕੜ ਤੋਂ ਵੱਧ ਰਕਬੇ ਦੀ ਵੰਡ ਵਾਲੇ ਕੇਸਾਂ ਦੀ ਅਪੀਲ ਵਿੱਤ ਕਮਿਸ਼ਨਰ ਮਾਲ ਵਿਭਾਗ ਪਾਸ ਕਰਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਇਸ ਸੋਧ ਨਾਲ ਐਨ.ਆਰ.ਆਈ. ਦੇ ਨਾਲ-ਨਾਲ ਪੰਜਾਬ ਦੇ ਆਮ ਲੋਕਾਂ ਦੇ ਜ਼ਮੀਨੀ ਤਕਸੀਮ ਬਾਰੇ ਕੇਸਾਂ ਦਾ ਵੀ ਛੇਤੀ ਨਿਪਟਾਰਾ ਹੋਵੇਗਾ।

ਉਨ੍ਹਾਂ ਇਹ ਵੀ ਦੱਸਿਆ ਕਿ 854 ਪਰਵਾਸੀ ਭਾਰਤੀਆਂ ਨੂੰ ਭਗੌੜਾ ਕਰਾਰ ਦਿੱਤਾ ਹੋਇਆ ਹੈ। ਇਨ੍ਹਾਂ ਕੇਸਾਂ ਬਾਰੇ ਗ੍ਰਿਹ ਵਿਭਾਗ ਨੂੰ ਰੀਵਿਊ ਕਰਨ ਵਾਸਤੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਅੱਧੇ ਤੋਂ ਵੱਧ ਅਜਿਹੇ ਕੇਸ ਛੇਤੀ ਹੱਲ ਹੋਣ ਦੀ ਸੰਭਾਵਨਾ ਹੈ। ਪਿਛਲੇ ਦਿਨੀਂ ਪੰਜਾਬ ਵਿਚ ਤਿੰਨ ਥਾਂਵਾਂ 'ਤੇ ਲਗਾਏ ਗਏ ਐਨ.ਆਰ.ਆਈ. ਸੰਗਤ ਦਰਸ਼ਨਾਂ ਵਿਚ ਤਕਰੀਬਨ 684 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ ਤੇ ਇਨ੍ਹਾਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਜਲੰਧਰ ਵਿਚ ਅਤੇ ਇਸੇ ਤਰ੍ਹਾਂ ਹੋਰ ਵੱਖ-ਵੱਖ ਜ਼ਿਲ੍ਹਿਆਂ ਵਿਚ ਜਾ ਕੇ ਰੀਵਿਊ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਹੁਣ ਤੱਕ ਕੁੱਲ ਸ਼ਿਕਾਇਤਾਂ ਦਾ 50 ਫੀਸਦੀ ਨਿਪਟਾਰਾ ਕੀਤਾ ਜਾ ਚੁੱਕਾ ਹੈ ਤੇ ਬਾਕੀ ਸ਼ਿਕਾਇਤਾਂ ਨੂੰ ਅਗਲੇ 15 ਦਿਨਾਂ ਵਿਚ ਹੱਲ ਕਰਨ ਲਈ ਸਮਾਂਬੱਧ ਕੀਤਾ ਗਿਆ ਹੈ। ਜਲੰਧਰ ਜ਼ਿਲ੍ਹੇ ਦੇ ਸੰਗਤ ਦਰਸ਼ਨ ਵਿਚ ਆਈਆਂ 67 ਸ਼ਿਕਾਇਤਾਂ ਵਿਚੋਂ 38 ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ। ਪਰਵਾਸੀ ਭਾਰਤੀਆਂ ਦੇ ਕੇਸਾਂ ਦੇ ਨਿਪਟਾਰੇ ਵਾਸਤੇ ਪੰਜਾਬ ਸਰਕਾਰ ਵਲੋਂ ਜਲੰਧਰ ਤੋਂ ਇਲਾਵਾ ਦੋ ਹੋਰ ਫਾਸਟ ਟਰੈਕ ਅਦਾਲਤਾਂ ਮੋਗਾ ਤੇ ਲੁਧਿਆਣਾ ਵਿਚ ਬਣਨਗੀਆਂ।

ਜਲੰਧਰ ਫਾਸਟ ਟਰੈਕ ਕੋਰਟ ਵਿਚ ਕੇਸਾਂ ਦਾ ਵਧੇਰੇ ਵਰਕ ਲੋਡ ਹੋਣ ਕਰਕੇ ਪੰਜਾਬ ਸਰਕਾਰ ਦੋ ਹੋਰ ਐਨ.ਆਰ.ਆਈ. ਬਹੁਤ ਗਿਣਤੀ ਵਾਲੇ ਜ਼ਿਲ੍ਹਿਆਂ ਵਿਚ ਇਹ ਅਦਾਲਤਾਂ ਸ਼ੁਰੂ ਕਰੇਗੀ। ਉਨ੍ਹਾਂ ਦੱਸਿਆ ਕਿ ਪਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਦੀ ਸੁਣਵਾਈ ਤੇ ਨਿਪਟਾਰੇ ਲਈ ਸਾਰੇ ਜ਼ਿਲ੍ਹਿਆਂ ਵਿਚ ਪੰਜ ਮੈਂਬਰੀ ਕਮੇਟੀਆਂ ਦਾ ਗਠਨ ਵੀ ਕੀਤਾ ਜਾਵੇਗਾ।

## ਐਨ.ਆਰ.ਆਈ. ਸਭਾ ਦੀ ਚੋਣ ਬਾਰੇ ਵਫਦ ਮੰਤਰੀ ਨੂੰ ਮਿਲਿਆ

**ਜਲੰਧਰ:** ਐਨ.ਆਰ.ਆਈ. ਸਭਾ ਪੰਜਾਬ ਦੇ ਸਾਬਕਾ ਪ੍ਰਧਾਨ ਕਮਲਜੀਤ ਸਿੰਘ ਹੇਅਰ ਤੇ ਪ੍ਰੀਤਮ ਸਿੰਘ ਨਾਰੰਗਪੁਰ ਸਮੇਤ ਤਕਰੀਬਨ ਡੇਢ ਦਰਜਨ ਪਰਵਾਸੀ ਪੰਜਾਬੀਆਂ ਨੇ ਪਰਵਾਸੀ ਪੰਜਾਬੀ ਮਾਮਲਿਆਂ ਬਾਰੇ ਮੰਤਰੀ ਤੋਤਾ ਸਿੰਘ ਨਾਲ ਮੁਲਾਕਾਤ ਕਰਕੇ ਮੰਗ ਕੀਤੀ ਕਿ ਸਭਾ ਦੀ ਚੋਣ ਛੇਤੀ ਕਰਵਾਈ ਜਾਵੇ ਤੇ ਪਿਛਲੀ ਮਿਆਦ ਪੂਰਾ ਹੋ ਜਾਣ ਕਾਰਨ ਸਭਾ ਦੀ ਵਾਗਡੋਰ ਕਿਸੇ ਅਧਿਕਾਰੀ ਨੂੰ ਸੌਂਪੀ ਜਾਵੇ।

ਵਰਣਨਯੋਗ ਹੈ ਕਿ ਸਭਾ ਦੇ ਪ੍ਰਧਾਨ ਦੀ ਦੋ ਸਾਲ ਲਈ ਹੋਈ ਚੋਣ ਦੀ ਮਿਆਦ 27 ਜਨਵਰੀ ਨੂੰ ਲੰਘ ਚੁੱਕੀ ਹੈ। ਸ. ਤੋਤਾ ਸਿੰਘ ਨੇ ਵਫਦ ਨੂੰ ਭਰੋਸਾ ਦੁਆਇਆ ਕਿ ਉਹ ਇਸ ਮਾਮਲੇ ਬਾਰੇ ਛੇਤੀ ਹੀ ਮੁੱਖ ਮੰਤਰੀ ਨਾਲ ਗੱਲਬਾਤ ਕਰਨਗੇ ਤੇ ਸਭਾ ਦੀ ਚੋਣ ਆਜ਼ਾਦ ਤੇ ਨਿਰਪੱਖ ਰੂਪ ਵਿਚ ਕਰਵਾਈ ਜਾਵੇਗੀ।

# ਮਹਾਰਾਜਾ ਰਣਜੀਤ ਸਿੰਘ ਪੈਨੋਰਮਾ ਅਣਦੇਖੀ ਦਾ ਸ਼ਿਕਾਰ

**ਅੰਮ੍ਰਿਤਸਰ:** ਪਿਛਲੇ ਦਿਨੀਂ ਸੱਤ ਪੁਰਾਤਨ ਖੰਜਰ ਚੋਰੀ ਹੋਣ ਨਾਲ ਸੁਰਖੀਆਂ ਵਿਚ ਆਇਆ ਇਤਿਹਾਸਕ ਰਾਮ ਬਾਗ ਸਥਿਤ ਮਹਾਰਾਜਾ ਰਣਜੀਤ ਸਿੰਘ ਪੈਨੋਰਮਾ ਹੁਣ ਇਸ ਵਿਚ ਕਈ ਖਾਮੀਆਂ ਕਾਰਨ ਚਰਚਾ ਵਿਚ ਹੈ। ਇਹ ਪੈਨੋਰਮਾ ਕਾਂਗਰਸ ਸਰਕਾਰ ਵੇਲੇ ਪੰਜ ਕਰੋੜ ਰੁਪਏ ਦੀ ਲਾਗਤ ਨਾਲ ਇਤਿਹਾਸਕ ਰਾਮ ਬਾਗ ਵਿਚ ਬਣਾਇਆ ਗਿਆ ਸੀ ਜਿਸ ਵਿਚ ਆਖਰੀ ਸਿੱਖ ਸਾਸ਼ਕ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਨੂੰ ਨਿਵੇਕਲੇ ਢੰਗ ਨਾਲ ਬੁੱਤਾਂ ਰਾਹੀਂ ਦਰਸਾਇਆ ਗਿਆ ਹੈ। ਇਹ ਪੈਨੋਰਮਾ ਆਪਣੀ ਕਿਸਮ ਦਾ ਨਿਵੇਕਲਾ ਪੈਨੋਰਮਾ ਹੈ ਤੇ ਇਸ ਤਰ੍ਹਾਂ ਦਾ ਪੈਨੋਰਮਾ ਭਾਰਤ ਵਿਚ ਸਿਰਫ ਹਰਿਆਣਾ ਸਥਿਤ ਕੁਰੂਕਸ਼ੇਤਰ ਵਿਚ ਬਣਿਆ ਹੋਇਆ ਹੈ।



ਪੈਨੋਰਮਾ ਦੇ ਅੰਦਰ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਕਾਲ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਤਿੰਨ ਵੱਖ ਵੱਖ ਹਾਲਾਂ ਵਿਚ ਇਨ੍ਹਾਂ ਨੂੰ ਬੁੱਤ ਕਲਾ ਨਾਲ ਦਰਸਾਇਆ ਗਿਆ ਹੈ। ਇਕ ਹਾਲ ਵਿਚ ਉਨ੍ਹਾਂ ਦੇ ਬਚਪਨ, ਜਵਾਨੀ, ਵਿਆਹ ਆਦਿ ਦੇ ਦ੍ਰਿਸ਼ ਹਨ। ਇਕ ਵੱਡੇ ਹਾਲ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਲਾਹੌਰ ਦਰਬਾਰ ਤੇ ਛੇ ਜੰਗਾਂ ਦੇ ਵੱਖ ਵੱਖ ਦ੍ਰਿਸ਼ ਹਨ। ਤੀਜੇ ਹਾਲ ਵਿਚ ਮਹਾਰਾਜਾ ਰਣਜੀਤ ਸਿੰਘ ਵਲੋਂ ਅੰਗਰੇਜ਼ਾਂ ਨਾਲ ਕੀਤੀ ਗਈ ਸੰਧੀ ਅਤੇ ਹੋਰ ਸਬੰਧਤ ਦ੍ਰਿਸ਼ ਹਨ। ਪੈਨੋਰਮਾ ਦਾ ਅਹਿਮ ਹਿੱਸਾ ਉਪਰਲੀ ਮੰਜ਼ਿਲ 'ਤੇ ਹੈ, ਜਿਸ ਵਿਚ ਲਾਹੌਰ ਦਰਬਾਰ ਅਤੇ ਛੇ ਜੰਗਾਂ ਦੇ ਦ੍ਰਿਸ਼ ਹਨ। ਇਥੇ ਆਵਾਜ਼ ਤੇ ਰੌਸ਼ਨੀ ਦਾ ਵੀ ਪ੍ਰਬੰਧ ਹੈ, ਜਿਸ ਰਾਹੀਂ ਜੰਗ ਦੇ ਦ੍ਰਿਸ਼ ਨੂੰ ਦਿਖਾਇਆ ਗਿਆ ਹੈ। ਆਦਮਕੱਦ ਬੁੱਤਾਂ 'ਤੇ ਰੌਸ਼ਨੀ ਤੇ ਆਵਾਜ਼ ਨਾਲ ਜੰਗ ਦਾ ਮਾਹੌਲ ਪ੍ਰਤੀਤ ਹੁੰਦਾ ਹੈ ਪਰ ਹੁਣ ਇਥੇ ਕੁਝ ਲਾਈਟਾਂ ਖਰਾਬ ਹੋ ਰਹੀਆਂ ਹਨ।

ਇਸੇ ਤਰ੍ਹਾਂ ਇਥੇ ਟੱਚ ਸਕਰੀਨ ਕੰਪਿਊਟਰਾਂ ਦੀ ਵੀ ਵਰਤੋਂ ਕੀਤੀ ਗਈ ਹੈ, ਜਿਨ੍ਹਾਂ ਵਿਚੋਂ ਕੁਝ ਖਰਾਬ ਹੋ ਗਏ ਹਨ ਤੇ ਧਿਆਨ ਦੀ ਮੰਗ ਕਰ ਰਹੇ ਹਨ। ਇਸੇ ਤਰ੍ਹਾਂ ਹੇਠਾਂ ਵਿਛੇ ਗਲੀਚੇ ਮਾੜੀ ਸਥਿਤੀ ਵਿਚ ਹਨ, ਕੰਧਾਂ 'ਤੇ ਲੱਗੇ (ਵਾਲ) ਪੇਪਰ, ਜੋ ਪੁਰਾਤਨ ਸਮੇਂ ਦਾ ਦ੍ਰਿਸ਼ ਦਿਖਾਉਂਦੇ ਹਨ, ਵੀ ਕਈ ਥਾਂਵਾਂ ਤੋਂ ਫਟ ਚੁੱਕੇ ਹਨ। ਇਸੇ ਤਰ੍ਹਾਂ ਪੈਨੋਰਮਾ ਕੰਪਲੈਕਸ ਵਿਚ ਦਾਖਲ ਹੁੰਦਿਆਂ ਹੀ ਪੈਦਲ ਰਸਤੇ ਦੇ ਆਸੇ-ਪਾਸੇ ਲੱਗੀਆਂ ਕਈ ਲਾਈਟਾਂ ਟੁੱਟ ਗਈਆਂ ਹਨ ਤੇ ਇਨ੍ਹਾਂ ਨੂੰ ਮੁਰੰਮਤ ਦੀ ਲੋੜ ਹੈ।

ਰਸਤੇ ਵਿਚ ਲੱਗੇ ਘੋੜ ਸਵਾਰਾਂ ਦੇ ਬੁੱਤਾਂ ਦਾ ਰੰਗ ਫਿੱਕਾ ਪੈ ਰਿਹਾ ਹੈ। ਪੈਨੋਰਮਾ ਦੇ ਅੰਦਰ ਸਾਫ ਤੇ ਸ਼ੁੱਧ ਪਾਣੀ ਦਾ ਪ੍ਰਬੰਧ ਕਰਨ ਦੀ ਵੀ ਲੋੜ ਹੈ। ਇਸ ਵੇਲੇ ਇਕ ਵਾਟਰ ਕੂਲਰ ਲੱਗਾ ਹੋਇਆ ਹੈ ਪਰ ਬਦੱਤਰ ਸਥਿਤੀ ਵਿਚ ਹੈ। ਪੈਨੋਰਮਾ ਵਿਚ ਯਾਤਰੂਆਂ ਲਈ ਖਾਣ-ਪੀਣ ਵਾਸਤੇ ਕੈਫੇਟੇਰੀਆ ਖੋਲਣ ਦੀ ਯੋਜਨਾ ਸੀ ਤੇ ਇਸ ਲਈ ਢੁਕਵੀਂ ਥਾਂ ਵੀ ਬਣੀ ਹੋਈ ਹੈ ਪਰ ਹੁਣ ਤੱਕ ਕੈਫੇਟੇਰੀਆ ਸਥਾਪਤ ਨਹੀਂ ਹੋ ਸਕਿਆ। ਇਸੇ ਤਰ੍ਹਾਂ ਸਿੱਖਿਅਤ ਸਟਾਫ ਦੀ ਵੀ ਘਾਟ ਹੈ, ਜੋ ਇਥੇ ਆਏ ਯਾਤਰੂਆਂ ਨੂੰ ਸਿੱਖ ਇਤਿਹਾਸ ਤੋਂ ਭਲੀਭਾਂਤ ਜਾਣੂ ਕਰਾ ਸਕੇ। ਇਸੇ ਤਰ੍ਹਾਂ ਪੈਨੋਰਮਾ ਦੀ ਇਮਾਰਤ ਵਿਚ ਲੱਗੇ 15 ਸੀ.ਸੀ.ਟੀ.ਵੀ. ਕੈਮਰੇ ਵੀ ਪਿਛਲੇ ਇਕ ਸਾਲ ਤੋਂ ਖਰਾਬ ਹਨ। ਪੈਨੋਰਮਾ ਬਾਰੇ ਪ੍ਰਚਾਰ ਦੀ ਘਾਟ ਕਾਰਨ ਇਹ ਹੁਣ ਤੱਕ ਯਾਤਰੂਆਂ ਦੀ ਖਿੱਚ ਦਾ ਕੇਂਦਰ ਵੀ ਨਹੀਂ ਬਣ ਸਕਿਆ ਹੈ।

ਦੱਸਣਯੋਗ ਹੈ ਕਿ ਪੈਨੋਰਮਾ ਦਾ ਪ੍ਰਬੰਧ ਨਗਰ ਨਿਗਮ ਕੋਲ ਹੈ ਜਦਕਿ ਰਾਮ ਬਾਗ ਸਥਿਤ ਮਹਾਰਾਜਾ ਰਣਜੀਤ ਸਿੰਘ ਅਜਾਇਬਘਰ ਦਾ ਪ੍ਰਬੰਧ ਪੰਜਾਬ ਸੈਰ ਸਪਾਟਾ ਤੇ ਅਜਾਇਬ ਘਰ ਵਿਭਾਗ ਕੋਲ ਹੈ। ਅਜਾਇਬ ਘਰ ਦੀ ਇਮਾਰਤ ਦੀ ਮੁਰੰਮਤ 2007 ਤੋਂ ਜਾਰੀ ਹੈ, ਜਿਸ ਕਾਰਨ ਅਜਾਇਬ ਘਰ ਦਾ ਸਾਰਾ ਸਾਮਾਨ ਵੀ ਪੈਨੋਰਮਾ ਦੀ ਇਮਾਰਤ ਵਿਚ ਰੱਖਿਆ ਹੋਇਆ ਹੈ। ਇਸ ਵੇਲੇ ਇਹ ਪੈਨੋਰਮਾ ਦੋ ਵੱਖ-ਵੱਖ ਵਿਭਾਗਾਂ ਦੇ ਕਬਜ਼ੇ ਹੇਠ ਹੈ, ਇਸ ਕਾਰਨ ਵੀ ਇਸ ਦੀ ਸਾਂਭ-ਸੰਭਾਲ ਪ੍ਰਭਾਵਿਤ ਹੋ ਰਹੀ ਹੈ।


Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)





ਪੰਜਾਬ ਟਾਈਮਜ਼

ਸਨਿਚਰਵਾਰ, 7 ਫਰਵਰੀ 2015

# ਸਿੱਖ ਕਤਲੇਆਮ 'ਤੇ ਸਿਆਸਤ

ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠਲੀ ਮੋਦੀ ਸਰਕਾਰ ਨੇ 1984 ਵਿਚ ਸਿੱਖਾਂ ਦੇ ਕਤਲੇਆਮ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਬਣਾਉਣ ਦੇ ਸੰਕੇਤ ਦਿੱਤੇ ਹਨ। ਕਤਲੇਆਮ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਬਣਾਉਣ ਬਾਰੇ ਖਬਰਾਂ ਮੀਡੀਆਂ ਵਿਚ ਮੁੱਖ ਰੂਪ ਵਿਚ ਨਸ਼ਰ ਹੋਈਆਂ ਹਨ। ਦਰਅਸਲ ਮੋਦੀ ਸਰਕਾਰ ਨੇ ਪਿਛਲੇ ਸਾਲ ਦਸੰਬਰ ਵਿਚ ਇਸ ਮਸਲੇ ਬਾਰੇ ਵਿਚਾਰ ਲਈ ਜਸਟਿਸ ਮਾਥੁਰ ਕਮੇਟੀ ਬਣਾਈ ਸੀ। ਇਸ ਕਮੇਟੀ ਨੇ ਇਸ ਮਸਲੇ ਬਾਰੇ ਆਪਣੀਆਂ ਸਿਫਾਰਿਸ਼ਾਂ ਸਰਕਾਰ ਨੂੰ ਦੇਣੀਆਂ ਸਨ। ਹੁਣ ਜਸਟਿਸ ਮਾਥੁਰ ਕਮੇਟੀ ਨੇ ਵਿਸ਼ੇਸ਼ ਜਾਂਚ ਟੀਮ ਬਣਾਉਣ ਦੀ ਸਿਫਾਰਿਸ਼ ਕੀਤੀ ਹੈ। ਇਸ ਬਾਰੇ ਅਜੇ ਰਸਮੀ ਐਲਾਨ ਨਹੀਂ ਕੀਤਾ ਗਿਆ। ਸਰਕਾਰ ਦਾ ਕਹਿਣਾ ਹੈ ਕਿ ਅਜਿਹਾ ਕਰਨਾ ਅਜੇ ਸੰਭਵ ਨਹੀਂ ਕਿਉਂਕਿ ਦਿੱਲੀ ਵਿਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ ਅਤੇ ਇਸੇ ਕਰ ਕੇ ਚੋਣ ਜ਼ਾਬਤਾ ਲੱਗਿਆ ਹੋਇਆ ਹੈ। ਹੁਣ ਵਿਚਾਰਨ ਵਾਲਾ ਮਸਲਾ ਇਹ ਹੈ ਕਿ ਜੇ ਚੋਣ ਜ਼ਾਬਤਾ ਲੱਗਿਆ ਹੋਇਆ ਹੈ ਤਾਂ ਸਰਕਾਰ ਨੇ ਜਸਟਿਸ ਮਾਥੁਰ ਕਮੇਟੀ ਦੀਆਂ ਸਿਫਾਰਿਸ਼ਾਂ ਬਾਰੇ ਖਬਰਾਂ ਮੀਡੀਆਂ ਕੋਲ ਕਿਸ ਮਕਸਦ ਨਾਲ ਲੀਕ ਕੀਤੀਆਂ ਹਨ। ਅਸਲ ਵਿਚ ਹੁਣ ਮਸਲਾ ਸਿਰਫ ਚੋਣਾਂ ਦਾ ਹੈ। ਦਿੱਲੀ ਵਿਧਾਨ ਸਭਾ ਚੋਣਾਂ ਦਾ ਪਿੜ ਖੂਬ ਭਖਿਆ ਹੋਇਆ ਹੈ, ਸਾਫ ਹੈ ਕਿ ਸਰਕਾਰ ਨੇ ਜਸਟਿਸ ਮਾਥੁਰ ਕਮੇਟੀ ਵਲੋਂ ਕੀਤੀਆਂ ਸਿਫਾਰਿਸ਼ਾਂ ਜਾਣ-ਬੁੱਝ ਨੇ ਲੀਕ ਕਰਵਾਈਆਂ ਹਨ। ਇਸ ਦਾ ਇਕੋ-ਇਕ ਮਕਸਦ ਇਨ੍ਹਾਂ ਚੋਣਾਂ ਵਿਚ ਸਿੱਖਾਂ ਦੀਆਂ ਵੋਟਾਂ ਹਾਸਲ ਕਰਨਾ ਹੈ। ਜੇ ਅਜਿਹਾ ਨਾ ਹੁੰਦਾ ਅਤੇ ਇਹ ਸਰਕਾਰ ਜੇ ਸੱਚਮੁੱਚ ਹੀ ਕਤਲੇਆਮ ਦੀ ਜਾਂਚ ਲਈ ਗੰਭੀਰ ਹੁੰਦੀ ਤਾਂ ਸਭ ਤੋਂ ਪਹਿਲਾਂ ਇਹ ਕੇਜਰੀਵਾਲ ਸਰਕਾਰ ਵਲੋਂ ਇਸ ਮੁੱਦੇ ਬਾਰੇ ਬਣਾਈ ਵਿਸ਼ੇਸ਼ ਜਾਂਚ ਟੀਮ ਬਾਬਤ ਬਾਕਾਇਦਾ ਨੋਟੀਫਿਕੇਸ਼ਨ ਜਾਰੀ ਕਰਦੀ। ਇਸ ਸਰਕਾਰ ਨੇ ਤਾਂ ਸਗੋਂ ਇਸ ਕਮੇਟੀ ਦੀ ਕਾਇਮੀ ਉਤੇ ਹੀ ਰੋਕ ਲਗਾ ਦਿੱਤੀ ਸੀ। ਇਸ ਦਾ ਸਿੱਧਾ, ਸਰਲ ਅਤੇ ਸਪਸ਼ਟ ਮਤਲਬ ਇਹੀ ਹੈ ਕਿ ਹੁਣ ਸਾਰਾ ਪ੍ਰਚਾਰ ਚੋਣ ਫਾਇਦਿਆਂ ਲਈ ਕੀਤਾ ਜਾ ਰਿਹਾ ਹੈ। ਇਸ ਪ੍ਰਚਾਰ ਦਾ ਸਿੱਖਾਂ ਨੂੰ ਇਨਸਾਫ ਦਿਵਾਉਣ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਜੇ ਭਾਰਤੀ ਜਨਤਾ ਪਾਰਟੀ ਦਾ ਅਜਿਹਾ ਕੋਈ ਲੈਣਾ-ਦੇਣਾ ਹੁੰਦਾ, ਤਾਂ ਪਹਿਲਾਂ ਵੀ ਪੂਰੇ ਛੇ ਸਾਲ ਕੇਂਦਰ ਵਿਚ ਇਸ ਪਾਰਟੀ ਦੀ ਸਰਕਾਰ ਰਹੀ ਹੈ ਪਰ ਉਸ ਸਮੇਂ ਦੌਰਾਨ ਇਸ ਕਤਲੇਆਮ ਦੀ ਜਾਂਚ ਤਾਂ ਕੀ ਸ਼ੁਰੂ ਕਰਵਾਉਣੀ ਸੀ, ਵਿਚਾਰ ਤੱਕ ਨਹੀਂ ਕੀਤੀ ਗਈ। ਉਂਜ ਵੀ ਵੱਖ-ਵੱਖ ਸਮਿਆਂ ਦੌਰਾਨ ਇਸ ਸਬੰਧੀ ਘੱਟੋ-ਘੱਟ ਦਸ ਕਮੇਟੀਆਂ ਅਤੇ ਕਮਿਸ਼ਨ ਬਣਾਏ ਜਾ ਚੁੱਕੇ ਹਨ। ਇਨ੍ਹਾਂ ਵਿਚੋਂ ਕੁਝ ਕਮੇਟੀਆਂ ਅਤੇ ਕਮਿਸ਼ਨਾਂ ਨੇ ਆਪੋ-ਆਪਣੇ ਸੁਝਾਅ ਵੀ ਦਿੱਤੇ ਪਰ ਇਨ੍ਹਾਂ ਉਤੇ ਅਜੇ ਤੱਕ ਅਮਲ ਨਹੀਂ ਕੀਤਾ ਗਿਆ। ਇਸ ਮਸਲੇ ਉਤੇ ਅਜਿਹੀ ਸਿਆਸਤ ਇਕੱਲੀ ਭਾਰਤੀ ਜਨਤਾ ਪਾਰਟੀ ਨਹੀਂ ਕਰ ਰਹੀ, ਪੰਜਾਬ ਤੇ ਸਿੱਖਾਂ ਦੇ ਹੱਕਾਂ ਦੀ ਪਹਿਰੇਦਾਰ ਅਖਵਾਉਂਦੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਵੀ ਇਸ ਮਾਮਲੇ ਵਿਚ ਪਿੱਛੇ ਨਹੀਂ ਹੈ। ਅਕਾਲੀ ਦਲ ਨੇ ਵੀ ਇਸ ਜਾਂਚ ਨੂੰ ਕਦੀ ਆਪਣੇ ਏਜੰਡੇ ਉਤੇ ਨਹੀਂ ਰੱਖਿਆ। ਨਤੀਜਾ ਸਭ ਦੇ ਸਾਹਮਣੇ ਹੈ। ਅੱਜ ਵੀ ਕਤਲੇਆਮ ਦੇ ਪੀੜਤ ਇਨਸਾਫ ਲਈ ਦਰ-ਦਰ ਠੋਕਰਾਂ ਖਾ ਰਹੇ ਹਨ। ਕਾਂਗਰਸ ਤੋਂ ਤਾਂ ਆਸ ਹੀ ਕੀ ਕੀਤੀ ਜਾ ਸਕਦੀ ਸੀ। ਕਾਂਗਰਸ ਨੇ ਤਾਂ ਸਗੋਂ ਆਪਣੇ ਉਨ੍ਹਾਂ ਲੀਡਰਾਂ ਦੀ ਸਰਪ੍ਰਸਤੀ ਕਰਨ ਵਿਚ ਵੀ ਕਦੀ ਕੋਈ ਝਿਜਕ ਨਹੀਂ ਦਿਖਾਈ ਜਿਨ੍ਹਾਂ ਉਤੇ ਇਸ ਕਤਲੇਆਮ ਲਈ ਸਿੱਧੇ ਦੋਸ਼ ਲੱਗਦੇ ਰਹੇ ਹਨ। ਇਹ ਪਾਰਟੀ ਤਾਂ ਅੱਜ ਤੱਕ ਵੀ ਇਨ੍ਹਾਂ ਲੀਡਰਾਂ ਦੀ ਪੁਸ਼ਤ-ਪਨਾਹੀ ਕਰ ਰਹੀ ਹੈ ਅਤੇ ਗਾਹੇ-ਬਗਾਹੇ ਇਨ੍ਹਾਂ ਲੀਡਰਾਂ ਨੂੰ ਪਾਰਟੀ ਅਤੇ ਸਰਕਾਰ ਵਿਚ ਵੱਖ-ਵੱਖ ਅਹੁਦਿਆਂ ਨਾਲ ਨਿਵਾਜਦੀ ਰਹੀ ਹੈ।

ਸਿੱਖਾਂ ਦੇ ਇਸ ਕਰੂਰ ਕਤਲੇਆਮ ਨੂੰ ਪੂਰੇ 30 ਸਾਲ ਬੀਤ ਚੁੱਕੇ ਹਨ। ਇਸ ਨਾਲ ਭਾਰਤ ਦੇ ਨਿਆਂ ਢਾਂਚੇ ਉਤੇ ਵੀ ਸਵਾਲੀਆ ਨਿਸ਼ਾਨ ਲੱਗ ਰਿਹਾ ਹੈ ਕਿ ਸ਼ਰੇਆਮ ਹੋਏ ਕਤਲੇਆਮ ਦੇ ਦੋਸ਼ੀਆਂ ਦੀ ਨਿਸ਼ਾਨਦੇਹੀ ਵੀ ਨਹੀਂ ਕੀਤੀ ਜਾ ਸਕੀ, ਸਜ਼ਾ ਦਿਵਾਉਣੀ ਤਾਂ ਦੂਰ ਦੀ ਗੱਲ ਹੈ। ਹੁਣ ਤਾਂ ਹਾਲ ਇਹ ਹੋ ਗਿਆ ਹੈ ਕਿ ਸਬੰਧਤ ਕੇਸਾਂ ਨਾਲ ਸਬੂਤ ਲੱਭਣੇ ਵੀ ਮੁਸ਼ਕਿਲ ਹੋ ਰਹੇ ਹਨ। ਮੌਕੇ ਦੇ ਗਵਾਹਾਂ ਵਿਚੋਂ ਬਹੁਤੇ ਇਸ ਸੰਸਾਰ ਤੋਂ ਕੂਚ ਕਰ ਚੁੱਕੇ ਹਨ। ਉਦੋਂ ਜਿਨ੍ਹਾਂ ਸਿੱਖ ਪਰਿਵਾਰਾਂ ਦਾ ਉਜਾੜਾ ਹੋਇਆ ਸੀ, ਉਨ੍ਹਾਂ ਦਾ ਢੰਗ ਨਾਲ ਮੁੜ-ਵਸੇਬੇ ਦਾ ਪ੍ਰਬੰਧ ਵੀ ਨਹੀਂ ਹੋ ਸਕਿਆ ਹੈ। ਅਸਲ ਵਿਚ ਇਸ ਕਤਲੇਆਮ ਤੋਂ ਕਿਸੇ ਵੀ ਸਿਆਸੀ ਧਿਰ ਨੇ ਕੋਈ ਸਬਕ ਨਹੀਂ ਸਿੱਖਿਆ ਹੈ। ਜੇ ਸਬਕ ਸਿੱਖਿਆ ਹੁੰਦਾ ਤਾਂ ਗੁਜਰਾਤ ਕਤਲੇਆਮ ਵਿਚ ਬੇਕਸੂਰ ਲੋਕ ਕਤਲ ਹੋਣ ਤੋਂ ਬਚ ਜਾਂਦੇ, ਜਾਂ ਦੇਸ਼ ਦੇ ਹੋਰ ਹਿੱਸਿਆਂ ਵਿਚ ਜਿਹੜੇ ਫਿਰਕੂ ਫਸਾਦ ਆਏ ਦਿਨ ਹੁੰਦੇ ਰਹਿੰਦੇ ਹਨ, ਉਨ੍ਹਾਂ ਤੋਂ ਬਚਿਆ ਜਾ ਸਕਦਾ ਸੀ। ਅਜਿਹਾ ਇਸ ਕਰ ਕੇ ਨਹੀਂ ਹੋ ਸਕਿਆ ਕਿਉਂਕਿ ਭਾਰਤ ਦਾ ਸਮੁੱਚਾ ਢਾਂਚਾ ਮਹਿਜ਼ ਚੋਣ ਢਾਂਚੇ ਦੁਆਲੇ ਘੁੰਮ ਰਿਹਾ ਹੈ। ਵਿਕਾਸ ਦੀ ਹਰ ਗੱਲ ਹਰ ਵੇਲੇ ਚੋਣ ਢਾਂਚੇ ਦੇ ਹਿਸਾਬ ਨਾਲ ਕੀਤੀ ਜਾ ਰਹੀ ਹੈ। ਹਰ ਸਰਕਾਰ ਚਾਰ, ਸਾਢੇ ਚਾਰ ਸਾਲ ਲੋਕਾਂ ਨਾਲ ਸਬੰਧਤ ਮੁੱਖ ਮਸਲਿਆਂ ਨੂੰ ਕਦੀ ਗੌਲਦੀ ਨਹੀਂ ਪਰ ਜਿਉਂ ਹੀ ਚੋਣਾਂ ਨੇੜੇ ਆਉਂਦੀਆਂ ਹਨ, ਵਿਕਾਸ ਕਾਰਜਾਂ ਦੇ ਨਾਂ ਉਤੇ ਹਨ੍ਹੇਰੀਆਂ ਵਗਾਈਆਂ ਜਾਂਦੀਆਂ ਹਨ ਅਤੇ ਆਵਾਮ ਦਾ ਇਕੱਠਾ ਹੋਇਆ ਪੈਸਾ ਦਿਨਾਂ-ਮਹੀਨਿਆਂ ਵਿਚ ਹੀ ਉਜਾੜ ਤੇ ਰੋੜ੍ਹ ਦਿੱਤਾ ਜਾਂਦਾ ਹੈ। ਖਜ਼ਾਨੇ ਦੇ ਇਸ ਉਜਾੜੇ ਦੀ ਦੌੜ ਸਿਰਫ ਚੋਣਾਂ ਜਿੱਤਣ ਤੱਕ ਹੀ ਸੀਮਤ ਰਹਿੰਦੀ ਹੈ। ਇਸ ਸੂਰਤ ਵਿਚ ਅਜਿਹੇ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦਾ ਮੁੱਦਾ ਬਹੁਤ ਪਿਛਾਂਹ ਰਹਿ ਜਾਂਦਾ ਹੈ। ਅਜੇ ਵੀ ਅਸਲ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵੱਲ ਕੋਈ ਪੁਖਤਾ ਕਦਮ ਨਹੀਂ ਚੁੱਕਿਆ ਗਿਆ ਹੈ। ਉਂਜ ਵੀ ਦੇਰੀ ਨਾਲ ਮਿਲਿਆ ਨਿਆਂ ਵੀ ਅਨਿਆਂ ਹੀ ਹੁੰਦਾ ਹੈ। ਹੁਣ ਦੇਖਣਾ ਇਹ ਹੈ ਕਿ ਭਾਰਤੀ ਜਨਤਾ ਪਾਰਟੀ ਇਸ ਮਸਲੇ ਨੂੰ ਕਿਸ ਪਾਸੇ ਲੈ ਕੇ ਜਾਂਦੀ ਹੈ ਕਿਉਂਕਿ ਇਹ ਪਾਰਟੀ ਹੁਣ ਅਕਾਲੀ ਦਾ ਸਾਥ ਛੱਡ ਕੇ ਪੰਜਾਬ 'ਚ ਇਕੱਲਿਆਂ ਵਿਚਰਨ ਬਾਰੇ ਵੀ ਖੰਭ ਤੋਲ ਰਹੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਆਪ ਬਨਾਮ ਭਾਜਪਾ*

ਭਾਗ ਦਿੱਲੀ ਦੇ ਬਦਲਣ ਨੂੰ ਲੋਕ ਕਾਹਲੇ, ਅੱਜ ਕੱਲ੍ਹ ਪੈਂਦਾ ਏ ਹਰ ਥਾਂ ਸ਼ੋਰ ਪੂਰਾ।<br>
ਢਾਹ ਲਵਾਂਗੇ ਕੇਜਰੀਵਾਲ ਰਲ ਕੇ, ਸੱਚੀਂ ਭਾਜਪਾ ਦਾ ਲੱਗਿਆ ਜ਼ੋਰ ਪੂਰਾ।<br>
ਘਟਾ ਸਾਉਣ ਦੀ ਪਤਾ ਨਹੀਂ ਚੜ੍ਹ ਕਿਧਰੋਂ, ਬਿਨਾਂ ਖੰਭਾਂ ਤੋਂ ਮਸਤਿਆ ਮੋਰ ਪੂਰਾ।<br>
ਸੱਤ ਫਰਵਰੀ ਨੂੰ ਝਾਂਜਰਾਂ ਬੰਨ੍ਹਣੀਆਂ ਨੇ, ਛਣਕੂ ਦਸ ਨੂੰ ਇਨ੍ਹਾਂ ਦਾ ਬੋਰ ਪੂਰਾ।<br>
ਜ਼ੋਰਾਵਰ ਨਾ ਮਾੜੇ ਦੀ ਪਿੱਠ ਲਾ ਜੇ, ਦੁਨੀਆਂ ਚਾਹੁੰਦੀ ਤਬਦੀਲੀ ਹੈ ਕੁੱਲ ਮਿੱਤਰੋ।<br>
ਵਾਂਗ ਗੋਲੀ ਦੇ ਲੱਗੇਗਾ 'ਆਪ' ਤਾਈਂ, ਖਿੜਿਆ ਦਿੱਲੀ ਜੇ ਕਮਲ ਦਾ ਫੁੱਲ ਮਿੱਤਰੋ!

# ਮਰ ਕੇ ਵੀ ਜ਼ਿੰਦਾ ਹੈ ਲੇਖਕ

*ਤਾਮਿਲ ਲੇਖਕ ਪੇਰੂਮਲ ਮੁਰੂਗਨ ਨੇ 14 ਜਨਵਰੀ ਨੂੰ ਫੇਸਬੁੱਕ ਉਪਰ ਲਿਖਿਆ, 'ਲੇਖਕ ਪੇਰੂਮਲ ਮੁਰੂਗਨ ਮਰ ਗਿਆ।...ਅੱਗੇ ਤੋਂ ਪੇਰੂਮਲ ਮੁਰੂਗਨ ਸਿਰਫ ਅਧਿਆਪਕ ਦੇ ਤੌਰ 'ਤੇ ਹੀ ਜ਼ਿੰਦਾ ਰਹੇਗਾ ਜੋ ਉਹ ਹਮੇਸ਼ਾ ਰਿਹਾ ਹੈ।' ਮੁਰੂਗਨ ਦੇ ਇਨ੍ਹਾਂ ਸ਼ਬਦਾਂ ਦਾ ਸੇਕ ਦੁਨੀਆਂ ਭਰ ਵਿਚ ਮਹਿਸੂਸ ਕੀਤਾ ਗਿਆ ਅਤੇ ਵਿੰਹਦਿਆਂ-ਵਿੰਹਦਿਆਂ ਅਣਗਿਣਤ ਲੋਕ ਉਸ ਦੇ ਹੱਕ ਵਿਚ ਚਲਾਈ ਮੁਹਿੰਮ ਦਾ ਹਿੱਸਾ ਬਣ ਗਏ। ਹਰ ਮੰਚ ਤੋਂ ਇਹ ਆਵਾਜ਼ ਉਠੀ ਕਿ ਬੋਲਣ/ਲਿਖਣ ਦੀ ਆਜ਼ਾਦੀ ਹਰ ਹਾਲ ਕਾਇਮ ਰਹਿਣੀ ਚਾਹੀਦੀ ਹੈ। ਪੱਤਰਕਾਰ, ਲੇਖਕਾ ਅਤੇ ਕਾਰਕੁਨ ਭਾਸ਼ਾ ਸਿੰਘ, ਪੇਰੂਮਲ ਮੁਰੂਗਨ ਨੂੰ ਮਿਲਣ ਦਿੱਲੀ ਤੋਂ ਦੂਰ ਦੱਖਣ ਤਾਮਿਲਨਾਡੂ ਦੇ ਸ਼ਹਿਰ ਨਾਮੱਕਲ ਪਹੁੰਚੀ ਅਤੇ ਉਹਦੀ ਕਲਮ ਦੇ ਕਟਾਰ ਵਾਂਗ ਚੱਲਣ ਬਾਰੇ ਗੱਲਾਂ ਕੀਤੀਆਂ। ਉਸ ਵਲੋਂ ਕੀਤੀ ਲੰਮੀ ਮੁਲਾਕਾਤ ਦੇ ਆਧਾਰ 'ਤੇ ਬੂਟਾ ਸਿੰਘ ਨੇ ਇਹ ਲੇਖ ਉਚੇਚੇ ਤੌਰ 'ਤੇ ਤਿਆਰ ਕੀਤਾ ਹੈ। -ਸੰਪਾਦਕ*

"ਹੁਣ ਵੀ ਮੇਰੇ ਦਿਮਾਗ ਵਿਚ 7-8 ਨਾਵਲ ਹਨ। ਕਈਆਂ ਦਾ ਤਾਂ ਪੂਰਾ ਨਕਸ਼ਾ ਵੀ ਤਿਆਰ ਹੈ। ਬੱਸ ਦੇਰ ਹੈ ਉਨ੍ਹਾਂ ਨੂੰ (ਕਾਗਜ਼ ਉਤੇ) ਉਤਾਰਨ ਦੀ। ਇਨ੍ਹਾਂ ਸਾਰੇ ਨਾਵਲਾਂ ਦੀ ਵਿਸ਼ਾ-ਵਸਤੂ ਇਕ ਤੋਂ ਵਧ ਕੇ ਇਕ ਹੈ। ਵੈਸੇ ਵੀ ਮੈਨੂੰ ਲਿਖਣ ਵਿਚ ਜ਼ਿਆਦਾ ਵਕਤ ਨਹੀਂ ਲੱਗਦਾ। ਤੁਹਾਨੂੰ ਪਤਾ ਹੈ, ਹੁਣੇ ਜਿਹੇ ਜਨਵਰੀ ਵਿਚ ਹੀ ਮੇਰੇ ਦੋ ਨਾਵਲ 'ਅਲਾਵਾਇਨ' ਅਤੇ 'ਅਰਧਨਾਰੀ' ਚੇਨਈ ਪੁਸਤਕ ਮੇਲੇ ਵਿਚ ਆਏ

**ਬੂਟਾ ਸਿੰਘ**

ਅਤੇ ਵਧੀਆ ਹੁੰਗਾਰਾ ਮਿਲਿਆ। ਇਹ ਦੋਨੋਂ ਨਾਵਲ ਮਾਦੋਰੂਬਾਗਨ ਦੀ ਅਗਲੀ ਕੜੀ ਹਨ।"

ਇਹ ਦੱਸਦਾ ਹੋਇਆ 48 ਸਾਲਾ ਪੇਰੂਮਲ ਮੁਰੂਗਨ ਉਤਸ਼ਾਹ ਵਿਚ ਆ ਜਾਂਦਾ ਹੈ। ਉਸ ਨਾਲ ਬਿਤਾਏ ਕਰੀਬ ਤਿੰਨ ਘੰਟਿਆਂ ਵਿਚ ਮੁਰੂਗਨ ਸਿਰਫ ਆਪਣੀ ਲੇਖਣੀ ਬਾਰੇ ਦੱਸਦਾ ਰਿਹਾ, ਐਨ ਖੁੱਭ ਕੇ। ਹਰ ਸਵਾਲ ਦਾ ਜਵਾਬ ਉਸ ਦੀ ਕਿਸੇ ਨਾਵਲ ਜਾਂ ਕਹਾਣੀ 'ਤੇ ਆ ਮੁੱਕਦਾ। ਉਹ ਆਪਣੇ ਰਚਨਾ ਸੰਸਾਰ ਬਾਰੇ ਜਿਵੇਂ ਵਹਾਅ ਨਾਲ ਬਿਆਨ ਕਰ ਰਿਹਾ ਸੀ, ਉਸ ਨੂੰ ਦੇਖ ਕੇ ਯਕੀਨ ਹੀ ਨਹੀਂ ਸੀ ਆਉਂਦਾ ਕਿ ਮੈਂ ਤਾਮਿਲਨਾਡੂ ਦੇ ਉਸੇ ਚਰਚਿਤ ਲੇਖਕ ਦੇ ਅੱਗੇ ਬੈਠੀ ਹਾਂ ਜਿਸ ਨੇ ਆਪਣੇ ਲੇਖਕ ਦੀ ਮੌਤ ਦਾ ਐਲਾਨ ਕਰ ਦਿੱਤਾ ਹੈ। ਉਸ ਨੇ ਓਪਰੇ ਬੰਦਿਆਂ ਨੂੰ ਮਿਲਣਾ ਬੰਦ ਕੀਤਾ ਹੋਇਆ ਹੈ ਅਤੇ ਖੁਦ ਨੂੰ ਆਪਣੇ ਪਰਿਵਾਰ ਤੇ ਜਾਣੂਆਂ ਦੇ ਦਾਇਰੇ ਵਿਚ ਕੈਦ ਕਰ ਲਿਆ ਹੈ। ਸਾਨੂੰ ਮਿਲਣ ਲਈ ਉਹ ਸਿਰਫ ਇਸ ਕਰ ਕੇ ਰਾਜ਼ੀ ਹੋਇਆ ਕਿਉਂਕਿ ਅਸੀਂ ਹਜ਼ਾਰਾਂ ਕਿਲੋਮੀਟਰ ਦੂਰ ਦਿੱਲੀ ਤੋਂ ਉਥੇ ਸਿਰਫ ਉਹਨੂੰ ਮਿਲਣ ਗਏ ਸੀ; ਹਾਲਾਂਕਿ ਜਦੋਂ ਫੋਨ ਉਪਰ ਉਹਨੂੰ ਮਿਲਣ ਦੀ ਖ਼ਵਾਇਸ਼ ਜ਼ਾਹਿਰ ਕੀਤੀ ਸੀ, ਤਾਂ ਉਹਨੇ ਕਿਹਾ ਕਿ ਮਿਲੇ ਬਿਨਾਂ ਕੋਈ ਰਚਨਾਕਾਰ ਜ਼ਿੰਦਾ ਨਹੀਂ ਰਹਿ ਸਕਦਾ ਪਰ ਹੁਣ ਹਾਲਾਤ ਚੰਗੇ ਨਹੀਂ ਹਨ। ਨਾਮੱਕਲ ਵਿਚ ਪੀ. ਮੁਰੂਗਨ ਦੇ ਨਿੱਕੇ ਜਿਹੇ ਘਰ ਨੇੜੇ ਪਹੁੰਚ ਕੇ ਇਸ ਦਾ ਅਹਿਸਾਸ ਹੋ ਗਿਆ। ਉਥੇ ਪੁਲਿਸ ਤਾਇਨਾਤ ਸੀ। ਉਹਦੀ ਪਤਨੀ ਤੇ ਦੋਵਾਂ ਬੱਚਿਆਂ ਦੇ ਚਿਹਰਿਆਂ ਉਪਰ ਤਣਾਓ ਸੀ। ਉਸ ਦੀ ਪਤਨੀ ਅਲਿਰਾਸੀ ਜੋ ਖ਼ੁਦ ਤਾਮਿਲ ਸਾਹਿਤ ਦੀ ਲੈਕਚਰਰ ਤੇ ਕਵਿੱਤਰੀ ਹੈ, ਨੇ ਬੱਸ ਇਹੀ ਕਿਹਾ, 'ਸਾਡੀ ਜ਼ਿੰਦਗੀ ਦਾ ਸਭ ਕੁਛ ਬਦਲ ਗਿਆ।' ਅਗਲੀ ਕਿਤਾਬ ਬਾਰੇ ਪੁੱਛਣ 'ਤੇ ਮੁਰੂਗਨ ਬਹੁਤ ਬੋਝਲ ਆਵਾਜ਼ ਵਿਚ ਬੋਲਿਆ, 'ਹੁਣ ਕਾਗਜ਼ ਨਹੀਂ, ਮਨ ਉਪਰ ਲਿਖਾਂਗਾ। ਇਥੇ ਕਿਸੇ ਦਾ ਕੋਈ ਦਖ਼ਲ ਨਹੀਂ ਹੋ ਸਕਦਾ।'

ਕੋਇੰਬਟੂਰ (ਤਾਮਿਲਨਾਡੂ) ਤੋਂ ਕਰੀਬ 200 ਕਿਲੋਮੀਟਰ ਦੂਰ, ਬੇਹੱਦ ਸ਼ਾਂਤ ਨਜ਼ਰ ਆਉਣ ਵਾਲੇ ਸ਼ਹਿਰ ਨਾਮੱਕਲ ਵਿਚ ਇਸ ਵਕਤ ਹਲਚਲ ਮਚੀ ਹੋਈ ਹੈ, ਤੇ ਇਸ ਦਾ ਅਸਰ ਤਾਮਿਲਨਾਡੂ ਦੀ ਸਿਆਸਤ ਤੋਂ ਲੈ ਕੇ ਮੁਲਕ ਦੀ ਰਾਜਧਾਨੀ ਤੱਕ ਮਹਿਸੂਸ ਹੋ ਰਿਹਾ ਹੈ। ਪੀ. ਮੁਰੂਗਨ ਦੇ ਤਾਮਿਲ ਨਾਵਲ 'ਮਾਦੋਰੂਬਾਗਨ' (2010) ਦਾ 2014 ਵਿਚ ਅੰਗਰੇਜ਼ੀ ਤਰਜਮਾ ਪੇਂਗੁਇਨ ਪ੍ਰਕਾਸ਼ਨ ਨੇ 'ਵਨ ਪਾਰਟ ਵੂਮੈਨ' ਨਾਂ ਨਾਲ ਛਾਪਿਆ। ਰਾਤੋ-ਰਾਤ ਇਸ ਉਪਰ ਹੈਰਤਅੰਗੇਜ਼ ਢੰਗ ਨਾਲ ਹਿੰਦੂਤਵੀ ਅਤੇ ਜਾਤੀਵਾਦੀ ਸਿਆਸਤ ਗਰਮਾ ਗਈ। ਨਿਸ਼ਚੇ ਹੀ ਇਸ ਦਾ ਸਬੰਧ ਸੂਬੇ ਵਿਚ ਭਾਜਪਾ ਅਤੇ ਅਤਿਵਾਦੀ ਹਿੰਦੂਤਵੀ ਜਥੇਬੰਦੀਆਂ ਵਲੋਂ ਫਿਰਕੂ-ਜਾਤਪਾਤੀ ਪਾਲਾਬੰਦੀ ਤੇਜ਼ ਕਰਨ ਦੀ ਕਵਾਇਦ ਨਾਲ ਹੈ। ਇਹ ਮੁਹਿੰਮ ਵੱਟਸ-ਐਪ ਉਪਰ ਸ਼ੁਰੂ ਹੋਈ। ਇਸ ਦੀ ਸ਼ੁਰੂਆਤ ਗਾਊਂਡਰ ਜਾਤ (ਜਿਸ ਨਾਲ ਖ਼ੁਦ ਪੀ. ਮੁਰੂਗਨ ਤੁਅੱਲਕ ਰੱਖਦਾ ਹੈ) ਦੀ ਪਾਰਟੀ ਕੋਂਗੂਨਾਡੂ ਮਕਲਕਛੀ ਨੇ ਕੀਤੀ ਜਿਸ ਦਾ ਸੂਬੇ ਵਿਚ ਭਾਜਪਾ ਨਾਲ ਚੋਣ ਗੱਠਜੋੜ ਹੈ। ਇਸ ਪਾਰਟੀ 'ਤੇ ਅਤਿਵਾਦੀ ਜਥੇਬੰਦੀ ਹਿੰਦੂ ਮੁਨਾਨੀ ਤੇ ਭਾਜਪਾ ਨੇ ਮਿਲ ਕੇ ਨਾਮੱਕਲ ਤੋਂ ਲੈ ਕੇ ਚੇਨਈ ਤੱਕ ਲੇਖਕ ਅਤੇ ਉਸ ਦੀ ਕਿਤਾਬ ਨੂੰ ਨਿਸ਼ਾਨਾ ਬਣਾ ਕੇ ਹੱਲਾ ਬੋਲ ਦਿੱਤਾ। ਮੁਕਾਮੀ ਪ੍ਰਸ਼ਾਸਨ ਨੇ ਇਨ੍ਹਾਂ ਅਤਿਵਾਦੀ ਜਥੇਬੰਦੀਆਂ ਦਾ ਸਾਥ ਦਿੰਦੇ ਹੋਏ, ਲੇਖਕ ਮੁਰੂਗਨ ਨੂੰ ਤਿੰਨ ਮੀਟਿੰਗਾਂ (7, 9 ਅਤੇ 12 ਜਨਵਰੀ) ਵਿਚ ਸੱਦ ਕੇ ਉਸ ਉਪਰ ਕਿਤਾਬ ਵਾਪਸ ਲੈਣ ਲਈ ਦਬਾਅ ਪਾਇਆ। ਡਰਾਉਣ-ਧਮਕਾਉਣ ਦੇ ਇਸ ਲੰਮੇ ਸਿਲਸਿਲੇ ਤੋਂ ਪ੍ਰੇਸ਼ਾਨ ਪੇਰੂਮਲ ਨੇ 14 ਜਨਵਰੀ ਨੂੰ ਫੇਸਬੁੱਕ ਉਪਰ ਲਿਖਿਆ, 'ਲੇਖਕ ਪੇਰੂਮਲ ਮੁਰੂਗਨ ਮਰ ਗਿਆ। ਉਹ ਭਗਵਾਨ ਨਹੀਂ ਹੈ, ਲਿਹਾਜ਼ਾ ਉਹ ਖ਼ੁਦ ਨੂੰ ਮੁੜ ਜਿਉਂਦਾ ਨਹੀਂ ਕਰ ਸਕਦਾ। ਉਸ ਦਾ ਪੁਨਰ-ਜਨਮ ਵਿਚ ਵੀ ਯਕੀਨ ਨਹੀਂ। ਅੱਗੇ ਤੋਂ ਪੇਰੂਮਲ ਮੁਰੂਗਨ ਸਿਰਫ਼ ਅਧਿਆਪਕ ਦੇ ਤੌਰ 'ਤੇ ਹੀ ਜ਼ਿੰਦਾ ਰਹੇਗਾ ਜੋ ਉਹ ਹਮੇਸ਼ਾ ਰਿਹਾ ਹੈ।'

ਲੇਖਕ ਦੇ ਇਨ੍ਹਾਂ ਡੂੰਘੀ ਪੀੜ ਅਤੇ ਵਿਰੋਧ ਨਾਲ ਲਬਰੇਜ਼ ਲਫ਼ਜ਼ਾਂ ਨੇ ਸਾਹਿਤਕ ਜਗਤ ਵਿਚ ਹਲਚਲ ਮਚਾ ਦਿੱਤੀ। ਪੂਰੇ ਮੁਲਕ ਵਿਚ ਉਸ ਦੇ ਹੱਕ ਵਿਚ ਲੇਖਕ, ਕਲਾਕਾਰ, ਬੁੱਧੀਜੀਵੀ ਆਵਾਜ਼ ਉਠਾਉਣ ਲੱਗੇ। ਚੇਨਈ ਵਿਚ ਪ੍ਰਗਤੀਸ਼ੀਲ ਲੇਖਕ ਸੰਘ ਨੇ ਮਦਰਾਸ ਹਾਈਕੋਰਟ ਵਿਚ ਜਨਹਿੱਤ ਪਟੀਸ਼ਨ ਦਾਇਰ ਕਰ ਕੇ ਗ਼ੈਰਸੰਵਿਧਾਨਕ ਮੀਟਿੰਗਾਂ ਵਿਚ 'ਮਾਦੋਰੂਬਾਗਨ' ਅਤੇ 'ਵਨ ਪਾਰਟ ਵੂਮੈਨ' ਕਿਤਾਬ ਬਾਰੇ ਫ਼ੈਸਲਿਆਂ ਨੂੰ ਖ਼ਾਰਜ ਕਰਨ ਦੀ ਅਪੀਲ ਕੀਤੀ, ਤੇ ਵਿਚਾਰ-ਪ੍ਰਗਟਾਵੇ ਦੀ ਆਜ਼ਾਦੀ ਨੂੰ ਬਚਾਉਣ ਦੀ ਮੰਗ ਕੀਤੀ ਗਈ। ਚੇਨੱਈ, ਬੰਗਲੌਰ ਤੋਂ ਲੈ ਕੇ ਦਿੱਲੀ, ਜੈ ਪੁਰ, ਕੋਲਕਾਤਾ ਤੱਕ ਇਨ੍ਹਾਂ ਥਾਂਵਾਂ ਉਤੇ 'ਮਾਦੋਰੂਬਾਗਨ' ਦਾ ਪਾਠ ਕੀਤਾ ਗਿਆ। ਤਮਾਮ ਜ਼ਬਾਨਾਂ ਦੇ ਲੇਖਕ ਮੁਰੂਗਨ ਦੇ ਹੱਕ ਵਿਚ ਖੜ੍ਹੇ ਹੋਏ ਅਤੇ 'ਮੈਂ ਮੁਰੂਗਨ ਹਾਂ' ਵਰਗੀਆਂ ਮੁਹਿੰਮਾਂ ਵੀ ਚਲਾਈਆਂ ਗਈਆਂ।

ਕਿਤਾਬ 'ਮਾਦੋਰੂਬਾਗਲ' ਅਤੇ 'ਵਨ ਪਾਰਟ ਵੂਮੈਨ' ਨੂੰ ਕੋਇੰਬਟੂਰ ਵਿਚ ਦੋ ਘੰਟੇ ਭਾਲਣ 'ਚ ਨਾਕਾਮ ਰਹਿਣ 'ਤੇ ਸਮਝ ਆਇਆ ਕਿ ਕਿਸੇ ਕਿਤਾਬ ਉਪਰ ਅਣਐਲਾਨੀ ਪਾਬੰਦੀ ਕਿਵੇਂ ਲਗਾਈ ਜਾਂਦੀ ਹੈ; ਹਾਲਾਂਕਿ ਇਕ ਕਿਤਾਬ ਵਿਕਰੇਤਾ ਅਨੁਸਾਰ, ਇਸ ਹੰਗਾਮੇ ਕਾਰਨ ਮੁਰੂਗਨ ਦੀ ਇਹ ਕਿਤਾਬ ਅਤੇ ਨਾਮੱਕਲ ਸ਼ਹਿਰ ਕੁਲ ਆਲਮ ਵਿਚ ਮਸ਼ਹੂਰ ਹੋ ਗਏ। ਬੇਹੱਦ ਹਲੀਮੀ ਨਾਲ ਗੱਲ ਕਰਨ ਵਾਲਾ ਪੀ. ਮੁਰੂਗਨ ਇਨ੍ਹਾਂ ਤਮਾਮ ਗੱਲਾਂ ਤੋਂ ਜਾਣੂ ਹੈ ਅਤੇ ਉਸ ਨੂੰ ਲੱਗਦਾ ਹੈ ਕਿ ਲੇਖਣੀ ਉਪਰ ਗਹਿਰਾਇਆ ਸੰਕਟ ਛੇਤੀ ਕੀਤਿਆਂ ਮੁੱਕਣ ਵਾਲਾ ਨਹੀਂ ਹੈ। ਜਾਤ ਬਾਰੇ ਉਹ ਕਹਿੰਦਾ ਹੈ, 'ਇਹ ਮੇਰੇ ਲਈ ਤਾਂ ਵੱਡਾ ਮੁੱਦਾ ਨਹੀਂ ਹੈ, ਲੇਕਿਨ ਸਮਾਜ ਵਿਚ ਵੱਡਾ ਮੁੱਦਾ ਹੈ। ਇਸ ਵਿਚੋਂ ਅਸੀਂ ਕਿਵੇਂ ਨਿਕਲ ਸਕਦੇ ਹਾਂ, ਇਹ ਕੋਈ ਨਹੀਂ ਜਾਣ ਸਕਿਆ; ਹਾਲਾਂਕਿ ਇਹ ਪੇਰੀਆਰ ਦੀ ਧਰਤੀ ਹੈ, ਉਸ ਵਲੋਂ ਜਾਤ-ਪਾਤ, ਬ੍ਰਾਹਮਣਵਾਦ ਅਤੇ ਅੰਧਵਿਸ਼ਵਾਸ ਖਿਲਾਫ ਇਤਿਹਾਸਕ ਅੰਦੋਲਨ ਦੇ ਬਾਵਜੂਦ ਜਾਤ-ਪਾਤ ਲੋਕਾਂ ਨੂੰ ਜਥੇਬੰਦ ਕਰਨ ਦਾ ਸਭ ਤੋਂ ਵੱਡਾ ਸੰਦ ਬਣੀ ਹੋਈ ਹੈ। ਮੈਂ 2013 ਵਿਚ 'ਪੂਕਲੀ' (ਅਰਥੀ) ਨਾਵਲ ਅੰਤਰਜਾਤੀ ਵਿਆਹ ਉਪਰ ਹੋਣ ਵਾਲੀ ਸਿਆਸਤ ਉਪਰ ਹੀ ਲਿਖਿਆ ਸੀ ਜੋ ਤਾਮਿਲਨਾਡੂ ਵਿਚ ਅੰਤਰਜਾਤੀ ਵਿਆਹ ਕਰਨ ਤੋਂ ਪਿੱਛੋਂ ਮਾਰੇ ਗਏ ਦਲਿਤ ਨੌਜਵਾਨ ਇਲਾਵਰਸਨ ਅਤੇ ਉਸ ਦੀ ਪਤਨੀ ਨੂੰ ਸਮਰਪਿਤ ਕੀਤਾ ਗਿਆ ਸੀ। ਇਹ ਕਿਤਾਬ ਵੀ ਅੰਗਰੇਜ਼ੀ ਵਿਚ ਅਨੁਵਾਦ ਹੋ ਰਹੀ ਹੈ।'

### 'ਮਾਦੋਰੂਬਾਗਨ' ਉਪਰ ਹੰਗਾਮਾ ਕਿਉਂ?

*'ਮਾਦੋਰੂਬਾਗਨ' ਨਾਵਲ ਬੇਔਲਾਦ ਕਿਸਾਨ ਜੋੜੇ ਪੋਨਾ ਅਤੇ ਕਾਲੀ ਦੀ ਦਾਸਤਾਂ ਹੈ ਜਿਨ੍ਹਾਂ ਦਾ ਆਪਸ ਵਿਚ ਬਹੁਤ ਪਿਆਰ ਹੈ। ਇਸ ਪਿਆਰ ਉਪਰ ਔਲਾਦ ਨਾ ਹੋਣ ਦੀ ਵਜ੍ਹਾ ਨਾਲ ਸਮਾਜ ਤੇ ਟੱਬਰ ਦੇ ਤਾਅਨੇ ਅਤੇ ਦਬਾਅ ਕਿਵੇਂ ਕਹਿਰ ਵਰਤਾਉਂਦੇ ਹਨ, ਇਸ ਦਾ ਟੁੰਬਵਾਂ ਚਿਤਰਨ ਨਾਵਲ ਵਿਚ ਹੈ। ਇਸ ਵਿਚ ਤਿਰੁਚੇਂਗੋੜ ਸਥਿਤ ਸ਼ਿਵ ਦੇ ਅਰਧਨਾਰੀਸ਼ਵਰ ਮੰਦਰ ਵਿਚ ਹਰ ਸਾਲ ਲੱਗਣ ਵਾਲੇ 14 ਦਿਨਾ ਮੇਲੇ ਦਾ ਜ਼ਿਕਰ ਹੈ ਜਿਸ ਵਿਚ ਮਾਨਤਾ ਹੈ ਕਿ ਛੇਕੜਲੇ ਦਿਨ ਮੇਲੇ ਵਿਚ ਹਾਜ਼ਰ ਸਾਰੇ ਮਰਦ ਦੇਵਤੇ ਬਣ ਗਏ ਮੰਨੇ ਜਾਂਦੇ ਹਨ ਅਤੇ ਬੇਔਲਾਦ ਔਰਤਾਂ ਕਿਸੇ ਵੀ ਦੇਵਤਾ ਨਾਲ ਹਮਬਿਸਤਰ ਹੋ ਕੇ ਔਲਾਦ ਪਾ ਸਕਦੀਆਂ ਹਨ। ਮਾਨਤਾ ਦੇ ਅਨੁਸਾਰ ਐਸੀ ਔਲਾਦ ਨੂੰ ਦੇਵਤੇ ਦਾ ਪ੍ਰਸਾਦ ਮੰਨਿਆ ਜਾਂਦਾ ਹੈ। ਇਸ ਤ੍ਰਾਸਦਿਕ ਨਾਵਲ ਵਿਚ ਨਾਇਕਾ ਉਥੇ ਜਾਂਦੀ ਹੈ। ਇਸੇ ਹਿੱਸੇ ਉਪਰ ਹਿੰਦੂਤਵੀ ਜਥੇਬੰਦੀਆਂ ਨੇ ਕਹਿਰ ਢਾਹਿਆ ਹੈ।*

ਤਿਰੁਚੇਂਗੋੜ ਪਿੰਡ ਦੇ ਗ਼ਰੀਬ ਬੇਜ਼ਮੀਨੇ ਟੱਬਰ ਵਿਚ ਜਨਮਿਆ ਮੁਰੂਗਨ, ਖਾਨਦਾਨ ਦਾ ਪਹਿਲਾ ਪੜ੍ਹਿਆ-ਲਿਖਿਆ ਬੰਦਾ ਸੀ। ਇਸੇ ਪਿੰਡ ਦੇ ਅਰਧਨਾਰੀਸ਼ਵਰ ਮੰਦਰ ਦੀ ਇਕ ਪ੍ਰਥਾ ਦਾ ਜ਼ਿਕਰ ਉਸ ਨੇ ਆਪਣੇ ਨਾਵਲ 'ਮਾਦੋਰੂਬਾਗਨ' ਵਿਚ ਕੀਤਾ ਹੈ ਜਿਸ ਵਿਚ ਬੇਔਲਾਦ ਔਰਤਾਂ ਨੂੰ ਸਹਿਮਤੀ ਨਾਲ ਕਿਸੇ 'ਦੇਵਤਾ' ਨਾਲ ਜਿਸਮਾਨੀ ਸਬੰਧ ਬਣਾਉਣ ਦੀ ਖੁੱਲ੍ਹ ਹੁੰਦੀ ਹੈ। ਨਾਵਲ ਦੇ ਇਸੇ ਹਿੱਸੇ ਨੂੰ ਇਥੋਂ ਦੀਆਂ ਔਰਤਾਂ ਦੇ ਸਨਮਾਨ ਨੂੰ ਠੇਸ ਪਹੁੰਚਾਉਣ ਵਾਲਾ ਤੇ ਉਨ੍ਹਾਂ ਦੇ ਚਾਲ-ਚੱਲਣ ਉਪਰ ਸਵਾਲ ਉਠਾਉਣ ਵਾਲਾ ਗਰਦਾਨ ਕੇ ਸਾਰੇ ਹਿੰਦੂਆਂ ਨੂੰ ਇਸ ਦੇ ਖਿਲਾਫ ਆਵਾਜ਼ ਉਠਾਉਣ ਲਈ ਉਕਸਾਇਆ ਗਿਆ। ਇਸ ਵਿਵਾਦ ਬਾਰੇ ਪੀ. ਮੁਰੂਗਨ ਸਿੱਧਾ ਕਹਿਣ ਦੀ ਥਾਂ ਕਹਿੰਦਾ ਹੈ, 'ਮੇਰੇ ਸਾਰੇ ਨਾਵਲ ਜ਼ਮੀਨੀ ਹਕੀਕਤ ਉਪਰ ਆਧਾਰਤ ਹਨ। ਸਾਹਿਤ ਵਿਚ ਕਲਪਨਾ ਦਾ ਪੁੱਠ ਹੁੰਦਾ ਹੈ ਪਰ ਮੇਰਾ ਹਕੀਕਤ ਤੋਂ ਜੁਦਾ ਹੋ ਕੇ ਲਿਖਣ ਵਿਚ ਯਕੀਨ ਨਹੀਂ।'

ਹੁਣ ਤਕ 35 ਕਿਤਾਬਾਂ ਲਿਖ ਚੁੱਕਾ ਮੁਰੂਗਨ ਪੇਰੀਆਰ, ਮਾਰਕਸ ਅਤੇ ਅੰਬੇਦਕਰ ਦੀ ਵਿਚਾਰਧਾਰਾ ਤੋਂ ਡੂੰਘਾ ਪ੍ਰਭਾਵਿਤ ਹੈ। ਉਹ ਹਾਲਾਂਕਿ ਕਿਸੇ ਖੱਬੀ ਪਾਰਟੀ ਨਾਲ ਜੁੜਿਆ ਹੋਇਆ ਨਹੀਂ ਪਰ ਖ਼ੁਦ ਨੂੰ ਮਾਰਕਸਵਾਦੀ ਮੰਨਦਾ ਹੈ। ਆਪਣੇ ਨਾਵਲਾਂ ਵਿਚ ਉਸ ਨੂੰ ਸਭ ਤੋਂ ਪਿਆਰਾ ਹੈ 'ਸੀਜਨਜ਼ ਆਫ ਪਾਮ' ਜਿਸ ਵਿਚ ਉਸ ਨੇ ਇਕ ਦਲਿਤ ਅਰੁੰਧਤਿਆਰ ਬੇਜ਼ਮੀਨੇ ਬੰਧੂਆ ਮਜ਼ਦੂਰ ਦੀ ਦਾਸਤਾਂ ਬਿਆਨ ਕੀਤੀ ਹੈ। ਉਹ ਹੁਣ ਤਕ ਨੌਂ ਨਾਵਲ ਲਿਖ ਚੁੱਕਾ ਹੈ ਜਿਨ੍ਹਾਂ ਵਿਚੋਂ ਪੰਜ ਪਿਛਲੇ ਸਾਲ ਹੀ ਛਪੇ ਹਨ।

ਮੁਰੂਗਨ ਇਸ ਵਿਵਾਦ ਬਾਰੇ ਕੁਝ ਬੋਲਣਾ ਨਹੀਂ ਚਾਹੁੰਦਾ, ਉਹ ਸੰਕਟ ਟਲਣ ਦਾ ਖ਼ਾਮੋਸ਼ੀ ਨਾਲ ਇੰਤਜ਼ਾਰ ਕਰਨਾ ਚਾਹੁੰਦਾ ਹੈ। ਉਥੇ ਅੰਨਾ ਡੀ.ਐਮ.ਕੇ. ਦੀ ਸਰਕਾਰ ਹੈ ਅਤੇ ਉਹ ਹਿੰਦੂਤਵੀ ਜਥੇਬੰਦੀਆਂ ਦੀ ਪੁਸ਼ਤ-ਪਨਾਹੀ ਕਰ ਰਹੀ ਹੈ। ਡੀ.ਐਮ.ਕੇ. ਆਗੂ ਸਟਾਲਿਨ ਲੇਖਕ ਦੇ ਹੱਕ ਵਿਚ ਬਿਆਨ ਦੇਣ ਤੱਕ ਮਹਿਦੂਦ ਰਿਹਾ, ਖੱਬੇਪੱਖੀ ਹਮਾਇਤ ਵਿਚ ਤਾਂ ਹਨ ਪਰ ਮੁਰੂਗਨ ਦੀ ਖ਼ਾਮੋਸ਼ੀ ਉਨ੍ਹਾਂ ਦੇ ਕਈ ਸਾਥੀਆਂ ਨੂੰ ਚੁੱਭਦੀ ਹੈ। ਤਾਮਿਲ ਲੇਖਕਾ ਵਾਸੰਤੀ ਕਹਿੰਦੀ ਹੈ ਕਿ ਮੁਰੂਗਨ ਨੂੰ ਇੰਜ ਹਥਿਆਰ ਨਹੀਂ ਸੁੱਟਣੇ ਚਾਹੀਦੇ। ਚੇਨਈ ਰਹਿੰਦੀ ਕਾਰਕੁਨ ਕੇ. ਮੰਜੁਲਾ ਦਾ ਕਹਿਣਾ ਹੈ ਕਿ ਉਹ ਮੁਰੂਗਨ ਦੇ ਸ਼ੁਕਰਗੁਜ਼ਾਰ ਹਨ ਕਿ ਉਹਨੇ ਬੇਔਲਾਦ ਔਰਤ ਦੇ ਔਖੇ ਹਾਲਾਤ ਸਾਹਮਣੇ ਲਿਆਂਦੇ ਹਨ। ਮੁਰੂਗਨ ਦੇ ਸਹਿਕਰਮੀ ਪ੍ਰੋਫੈਸਰ ਮੁਤੂਸਵਾਮੀ ਦਾ ਮੰਨਣਾ ਹੈ ਕਿ ਇਸ ਪੂਰੇ ਪ੍ਰਸੰਗ ਵਿਚ ਜਿੱਤ ਲੇਖਕ ਦੀ ਹੋਈ ਹੈ, ਉਸ ਦੀ ਲੇਖਣੀ ਜਿੱਤੀ ਹੈ। ਪੂਰੇ ਮੁਲਕ ਤੇ ਆਲਮ ਵਿਚ ਲੋਕਾਂ ਦਾ ਲੇਖਕ ਦੇ ਹੱਕ ਵਿਚ ਖੜ੍ਹਨਾ ਇਸ ਦਾ ਸਬੂਤ ਹੈ।

ਤਾਮਿਲ ਸਾਹਿਤ ਦੇ ਜੁਝਾਰੂ ਇਤਿਹਾਸ ਵਿਚ ਪਹਿਲੀ ਦਫਾ ਕਿਸੇ ਲੇਖਕ ਨੇ ਆਪਣੇ ਲੇਖਕ ਦੀ ਮੌਤ ਦਾ ਐਲਾਨ ਕੀਤਾ ਹੈ। ਹਾਲਾਂਕਿ ਇਸ ਨੂੰ ਵੀ ਵਿਰੋਧ ਦੇ ਉਸ ਅਮਰ ਸਿਲਸਿਲੇ ਦੇ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ ਜਿਸ ਵਿਚ ਤਾਮਿਲ ਦੇ ਕਵੀ ਭਾਰਤੀਆਰ ਨੇ ਕਿਹਾ ਸੀ, 'ਜੇ ਕਿਸੇ ਬੰਦੇ ਕੋਲ ਖਾਣ ਲਈ ਅੰਨ ਨਹੀਂ, ਤਾਂ ਅਸੀਂ ਉਸ ਦੁਨੀਆਂ ਨੂੰ ਜਲਾ ਦਿਆਂਗੇ।'

# ਸੁੱਖਾ ਕਾਹਲਵਾਂ ਨੂੰ ਕੋਈ ਸੁਖਬੀਰ ਕਿਉਂ ਨਹੀਂ ਕਹਿੰਦਾ?

***ਜੁੰਡਲੀਆਂ ਵਿਚ ਸ਼ਾਮਿਲ ਮੁੰਡਿਆਂ ਦੀ ਘਰ ਵਾਪਸੀ ਵਿਚ ਸਿਆਸੀ ਨਿਜ਼ਾਮ ਦੀ ਕੋਈ ਦਿਲਚਸਪੀ ਨਹੀਂ। ਇਨ੍ਹਾਂ ਦੀ ਜ਼ਿੰਦਗੀ ਸਿਆਸੀ ਨਿਜ਼ਾਮ ਦਾ ਸੰਦ ਅਤੇ ਮੌਤ ਪ੍ਰਾਪਤੀ ਬਣਦੀ ਹੈ। ਇਹ ਧੰਦਾ ਹੀ ਛੋਟੀ ਉਮਰ ਦੀ ਬੇਦਲੀਲ, ਬੇਪਰਵਾਹ ਅਤੇ ਬੇਰੂਹ ਜਵਾਨੀ ਦੀ ਮੂੰਹਜ਼ੋਰੀ ਦਾ ਹੈ। ਇਨ੍ਹਾਂ ਨੇ ਕੁਝ ਦਿਨਾਂ ਦੀ ਚਮਕ ਨੂੰ ਦੇਖਣਾ ਹੈ। ਇਸੇ ਚਮਕ ਨੇ ਅਲੂੰਏ ਮੁੰਡਿਆਂ ਨੂੰ ਖਿੱਚਣਾ ਹੈ। ਇਸ ਧੰਦੇ ਵਿਚ ਭਰਤੀ ਨਹੀਂ ਘਟਦੀ, ਭਰਤੀ ਦੀ ਉਮਰ ਜ਼ਰੂਰ ਘਟ ਰਹੀ ਹੈ। ਮੌਤ ਦੀ ਉਮਰ ਵੀ ਘਟ ਰਹੀ ਹੈ। ਸਤਾਈ ਸਾਲ ਤਾਂ ਕੋਈ ਮਰਨ ਦੀ ਉਮਰ ਨਹੀਂ ਹੁੰਦੀ। ਪਿਆਰ ਕਰਨ ਦੀ ਉਮਰੇ ਇਹ ਲਾਸ਼ਾਂ ਉੱਤੇ ਭੰਗੜਾ ਪਾ ਰਹੇ ਹਨ। ਇਨ੍ਹਾਂ ਵਿਚੋਂ ਜੰਨਤ ਅਤੇ ਹੂਰਾਂ ਦੇ ਲਾਲਚ ਵਿਚ ਫਿਦਾਇਨ ਬਣੇ ਜਹਾਦੀਆਂ ਦਾ ਝਉਲਾ ਪੈਂਦਾ ਹੈ। ਇਨ੍ਹਾਂ ਹਾਲਾਤ ਵਿਚ ਇਨ੍ਹਾਂ ਨਾਲ ਸੰਵਾਦ ਕਰਨਾ ਦੋ-ਧਾਰੀ ਤਲਵਾਰ ਹੈ।***

ਸਤਾਈ ਸਾਲਾਂ ਦੇ ਮੁੰਡੇ ਸੁੱਖਾ ਕਾਹਲਵਾਂ ਦਾ ਕਤਲ ਕੌਮੀ ਸ਼ਾਹਮਾਰਗ-1 ਉਤੇ ਦਿਨ ਦਿਹਾੜੇ ਪੁਲਿਸ ਦੀ ਹਾਜ਼ਰੀ ਵਿਚ ਹੋਇਆ। ਕਾਤਲਾਂ ਦੀ ਗਿਣਤੀ ਦਰਜਨ ਤੋਂ ਜ਼ਿਆਦਾ ਦੱਸੀ ਜਾਂਦੀ ਹੈ। ਸੁੱਖੇ ਦੀ ਦੁਸ਼ਮਣੀ ਕਾਰਨ ਕਤਲ ਦਾ ਸ਼ੱਕ ਕਈ ਜੁੰਡਲੀਆਂ ਉਤੇ ਕੀਤਾ ਜਾ ਰਿਹਾ ਹੈ। ਅਖ਼ਬਾਰਾਂ ਵਿਚ ਛਪੇ ਬਿਆਨਾਂ ਮੁਤਾਬਕ ਪੁਲਿਸ ਦਾ ਦਾਅਵਾ ਹੈ ਕਿ ਸੁੱਖਾ ਭਾੜੇ ਦਾ ਕਾਤਲ ਸੀ ਅਤੇ ਜੇਲ੍ਹ ਵਿਚੋਂ ਉਸ ਨੇ ਕਿਸੇ ਹੋਰ ਗੁੰਡਾ-ਢਾਣੀ ਦੇ ਬੰਦੇ ਨਾਲ ਰਲ਼ ਕੇ ਕਤਲ ਦਾ ਠੇਕਾ ਲਿਆ ਸੀ। ਸੁੱਖੇ ਦੀ ਸੋਸ਼ਲ ਮੀਡੀਆ ਉਪਰ ਹਾਜ਼ਰੀ ਚੋਖੀ ਹੈ। ਉਸ ਦੇ ਹਮਾਇਤੀਆਂ ਨੇ ਸੁੱਖੇ ਦੀ ਯਾਦ ਵਿਚ ਕਈ ਗੀਤਾਂ ਦੇ ਵੀਡੀਓ



**ਦਲਜੀਤ ਅਮੀ**
**ਫੋਨ: 91-97811-21873**

ਬਣਾਏ ਹਨ। ਇਹ ਗੀਤ ਹਥਿਆਰਾਂ ਅਤੇ ਧੌਂਸ ਨਾਲ ਜੁੜੇ ਹੋਏ ਹਨ ਅਤੇ ਤਸਵੀਰਾਂ ਸੁੱਖਾ ਕਾਹਲਵਾਂ ਤੇ ਉਸ ਦੇ ਸਾਥੀਆਂ ਦੀਆਂ ਲੱਗੀਆਂ ਹੋਈਆਂ ਹਨ। ਇਨ੍ਹਾਂ ਸੱਤ ਫ਼ਿਕਰਿਆਂ ਦਾ ਮਕਸਦ ਸੁੱਖਾ ਕਾਹਲਵਾਂ ਦੇ ਕਤਲ ਦੀ ਜਾਂਚ ਕਰਨਾ ਨਹੀਂ ਹੈ। ਇਨ੍ਹਾਂ ਫਿਕਰਿਆਂ ਵਿਚ ਉਹ ਤੱਥ ਹਨ ਜੋ ਪੁਲਿਸ ਅਤੇ ਸੋਸ਼ਲ ਮੀਡੀਆ ਵਿਚ ਆਪਣੀ ਕਹਾਣੀ ਆਪ ਬੋਲਦੇ ਹਨ। ਸੁੱਖੇ ਦੀ ਵੱਡੀ ਢਾਣੀ ਸੀ। ਉਸ ਦੀ ਢਾਣੀ ਦੂਜੀਆਂ ਢਾਣੀਆਂ ਨਾਲ ਹਿੱਸਾ ਕਰ ਕੇ ਕਤਲਾਂ ਅਤੇ ਕੁੱਟਮਾਰ ਦੇ ਠੇਕੇ ਲੈਂਦੀ ਸੀ। ਉਸ ਦੇ ਖਿਲਾਫ ਕਤਲ, ਇਰਾਦਾ ਕਤਲ ਅਤੇ ਲੁੱਟਮਾਰ ਦੇ ਕਈ ਕੇਸ ਦਰਜ ਸਨ। ਉਨ੍ਹਾਂ ਦੇ ਮੁਕਾਬਲੇ ਦੀਆਂ ਹੋਰ ਢਾਣੀਆਂ ਹਨ। ਇਨ੍ਹਾਂ ਢਾਣੀਆਂ ਦਾ ਆਪਸ ਵਿਚ ਖ਼ੂਨੀ ਟਕਰਾਅ ਚੱਲ ਰਿਹਾ ਹੈ।

ਇਨ੍ਹਾਂ ਤੱਥਾਂ ਅਤੇ ਇੰਟਰਨੈਟ ਉਤੇ ਘੁੰਮਦੀਆਂ ਤਸਵੀਰਾਂ ਤੋਂ ਇਹ ਅੰਦਾਜ਼ਾ ਲਗਾਉਣਾ ਸੁਖਾਲਾ ਹੈ ਕਿ ਪੰਜਾਬ ਅੰਦਰ ਘੱਟੋ-ਘੱਟ ਪੰਜ-ਸੱਤ ਸੌ ਮੁੰਡਾ ਇਸ ਧੰਦੇ ਵਿਚ ਲੱਗਿਆ ਹੋਇਆ ਹੈ। ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੀ ਪੌਣੇ ਤਿੰਨ ਕਰੋੜ ਦੀ ਆਬਾਦੀ ਵਿਚ ਪੰਜ-ਸੱਤ ਸੌ ਮੁੰਡੇ ਕੋਈ ਵੱਡੀ ਗਿਣਤੀ ਨਹੀਂ ਬਣਦੇ। ਦੂਜਾ ਪਾਸਾ ਇਹ ਵੀ ਹੈ ਕਿ ਪੰਜਾਬ ਅੰਦਰ ਜਿੰਨੇ ਵੀ ਮਸਲੇ ਪੰਜਾਬ ਪੁਲਿਸ ਅਹਿਮ ਮੰਨਦੀ ਹੈ, ਉਨ੍ਹਾਂ ਵਿਚੋਂ ਸ਼ਾਇਦ ਹੀ ਕਿਸੇ ਹੋਰ ਵਿਚ ਇੰਨੀ ਵੱਡੀ ਗਿਣਤੀ ਮੁੰਡਿਆਂ ਦੀ ਲੱਗੀ ਹੋਵੇ। ਪੰਜਾਬ ਦੀਆਂ ਹਥਿਆਰਬੰਦ ਲਹਿਰਾਂ ਵਿਚ ਕਦੇ ਵੀ ਇੰਨੀ ਵੱਡੀ ਗਿਣਤੀ ਵਿਚ ਹਥਿਆਰਬੰਦ ਮੁੰਡੇ ਨਹੀਂ ਰਹੇ। ਕੌਮੀ ਮੁਕਤੀ ਲਹਿਰ ਤੋਂ ਲੈ ਕੇ ਨਕਸਲਬਾੜੀ ਅਤੇ ਸਿੱਖ ਖਾੜਕੂ ਲਹਿਰ ਵਿਚ ਹਥਿਆਰਬੰਦ ਮੁੰਡਿਆਂ ਦੀ ਇੰਨੀ ਵੱਡੀ ਗਿਣਤੀ ਇੱਕ ਵੇਲੇ ਕਦੇ ਨਹੀਂ ਰਹੀ। ਇਸ ਤੋਂ ਘੱਟ ਹਥਿਆਰਬੰਦ ਮੁੰਡਿਆਂ ਦੀ ਗਿਣਤੀ ਨਾਲ ਲਹਿਰਾਂ ਨਿਜ਼ਾਮ ਬਦਲਣ ਦਾ ਸੁਫਨਾ ਦੇਖਦੀਆਂ ਰਹੀਆਂ ਹਨ। ਸਰਕਾਰਾਂ ਉਨ੍ਹਾਂ ਤੋਂ ਭੈਅਭੀਤ ਹੁੰਦੀਆਂ ਰਹੀਆਂ ਹਨ। ਉਨ੍ਹਾਂ ਨਾਲ ਸਮਝੌਤਿਆਂ ਰਾਹੀਂ ਸਰਕਾਰਾਂ ਨੇ ਅਮਨ-ਕਾਨੂੰਨ ਬਹਾਲ ਕਰਨ ਜਾਂ ਜਮਹੂਰੀਅਤ ਨੂੰ ਮਜ਼ਬੂਤ ਕਰਨ ਦੇ ਦਾਅਵੇ ਕੀਤੇ ਹਨ।

ਮੌਜੂਦਾ ਜੁੰਡਲੀਆਂ ਅਤੇ ਹਥਿਆਰਬੰਦ ਸਿਆਸੀ ਲਹਿਰਾਂ ਦੀ ਤੁਲਨਾ ਬਹੁਤ ਸਾਰੀ ਆਲੋਚਨਾ ਸਹੇੜ ਕੇ ਵੀ ਕਰਨੀ ਬਣਦੀ ਹੈ। ਇਸ ਲੇਖ ਦਾ ਮਕਸਦ ਹਥਿਆਰਬੰਦ ਸਿਆਸੀ ਲਹਿਰਾਂ ਦੀ ਸਿਆਸਤ, ਉਨ੍ਹਾਂ ਦੀਆਂ ਕਾਮਯਾਬੀਆਂ, ਨਾ-ਕਾਮਯਾਬੀਆਂ, ਸਬਕਾਂ ਅਤੇ ਵਿਰਾਸਤ ਉਤੇ ਟਿੱਪਣੀ ਕਰਨਾ ਨਹੀਂ ਹੈ। ਸੁਆਲ ਇਹ ਹੈ ਕਿ ਕੀ ਪੰਜ-ਸੱਤ ਸੌ ਹਥਿਆਰਬੰਦ ਮੁੰਡੇ ਕਿਸੇ ਮੁਲਕ ਦਾ ਨਿਜ਼ਾਮ ਬਦਲ ਸਕਦੇ ਹਨ? ਇਤਿਹਾਸ ਵਿਚ ਇਸ ਦੇ ਪੱਖ ਵਿਚ ਅਤੇ ਖਿਲਾਫ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਹੁਣ ਵੀ ਇਸ ਦੇ ਪੱਖ ਵਿਚ ਅਤੇ ਖਿਲਾਫ ਦਾਅਵੇ ਕੀਤੇ ਜਾ ਸਕਦੇ ਹਨ। ਇਹ ਦਾਅਵਾ ਤਾਂ ਸੁਖਾਲਾ ਹੀ ਕੀਤਾ ਜਾ ਸਕਦਾ ਹੈ ਕਿ ਪੰਜ-ਸੱਤ ਸੌ ਹਥਿਆਰਬੰਦ ਮੁੰਡੇ ਨਿਜ਼ਾਮ ਉਤੇ ਅਸਰਅੰਦਾਜ਼ ਤਾਂ ਹੋ ਹੀ ਸਕਦੇ ਹਨ। ਇਹ ਨਿਜ਼ਾਮ ਦੀਆਂ ਤਰਜੀਹਾਂ ਬਦਲ ਸਕਦੇ ਹਨ। ਨੀਤੀਆਂ ਦਾ ਮੁਹਾਣ ਬਦਲਣ ਦੀਆਂ ਮਜਬੂਰੀਆਂ ਪੈਦਾ ਕਰ ਸਕਦੇ ਹਨ।

ਜਦੋਂ ਇਹ ਦਲੀਲ ਸੁੱਖਾ ਕਾਹਲਵਾਂ ਦੇ ਹਵਾਲੇ ਨਾਲ ਦਿੱਤੀ ਜਾਵੇਗੀ, ਤਾਂ ਕਿਹਾ ਜਾਵੇਗਾ ਕਿ ਮੌਜੂਦਾ ਜੁੰਡਲੀਆਂ ਵਿਚ ਏਕੇ ਦੀ ਘਾਟ ਇਨ੍ਹਾਂ ਦਾ ਬੱਝਵਾਂ ਅਸਰ ਨਹੀਂ ਬਣਨ ਦਿੰਦੀ। ਪੰਜਾਬ ਦੀਆਂ ਹਥਿਆਰਬੰਦ ਲਹਿਰਾਂ ਵਿਚ ਹਰ ਵੇਲੇ ਵੱਖ-ਵੱਖ ਧੜੇ ਰਹੇ ਹਨ ਅਤੇ ਉਨ੍ਹਾਂ ਦਾ ਆਪਸ ਵਿਚ ਕਲੇਸ਼ ਖ਼ੂਨੀ ਰੂਪ ਅਖ਼ਤਿਆਰ ਕਰਦਾ ਰਿਹਾ ਹੈ। ਮੌਜੂਦਾ ਜੁੰਡਲੀਆਂ ਦੀ ਹਥਿਆਰਾਂ ਨੂੰ ਵਰਤਣ ਦੀ ਬੇਕਿਰਕੀ ਅਤੇ ਮੂੰਹਜ਼ੋਰੀ ਕਿਸੇ ਵੀ ਸਿਆਸੀ ਲਹਿਰ ਨਾਲੋਂ ਜ਼ਿਆਦਾ ਹੈ। ਸਿਆਸੀ ਲਹਿਰਾਂ ਦੀ ਦਾਅਵੇਦਾਰੀ ਹੁੰਦੀ ਹੈ ਕਿ ਉਨ੍ਹਾਂ ਦੇ ਹਮਦਰਦ ਸਭਿਆਚਾਰਕ ਕਾਮੇ ਜਾਂ ਪ੍ਰਚਾਰਕ, ਸਮਾਜ ਉਤੇ ਅਸਰਅੰਦਾਜ਼ ਹੁੰਦੇ ਹਨ। ਇਸ ਲਿਹਾਜ ਨਾਲ ਪੰਜਾਬ ਦੀ ਗਾਇਕੀ ਸਨਅਤ ਅੰਦਰ ਹਥਿਆਰਾਂ, ਧੌਂਸ, ਕਬਜ਼ਿਆਂ ਅਤੇ ਕਤਲਾਂ ਦਾ 'ਸਭਿਆਚਾਰਕ' ਮੁਹਾਜ਼ ਬਹੁਤ ਮਜ਼ਬੂਤ ਹੈ। ਗੀਤਾਂ, ਫਿਲਮਾਂ ਅਤੇ ਅਖਾੜਿਆਂ ਦਾ ਇਸ ਤੋਂ ਵੱਡਾ ਢਾਂਚਾ ਕਦੇ ਕਿਸੇ ਸਿਆਸੀ ਲਹਿਰ ਕੋਲ ਨਹੀਂ ਰਿਹਾ। ਇਨ੍ਹਾਂ ਗਾਇਕਾਂ ਤੇ ਕਲਾਕਾਰਾਂ ਦੀ ਪ੍ਰਵਾਨਗੀ ਸਰਕਾਰੇ ਦਰਬਾਰੇ ਹੈ ਅਤੇ ਚੋਣਾਂ ਦੌਰਾਨ ਇਹ ਵੱਖ-ਵੱਖ ਸਿਆਸੀ ਪਾਰਟੀਆਂ ਦੇ ਬਰੈਂਡ ਅੰਬੈਸਡਰ ਬਣਦੇ ਹਨ।

ਇਨ੍ਹਾਂ ਹਾਲਾਤ ਵਿਚ ਇਹ ਤਾਂ ਹੋ ਨਹੀਂ ਸਕਦਾ ਕਿ ਹਥਿਆਰਬੰਦ ਜੁੰਡਲੀਆਂ ਨਿਜ਼ਾਮ ਉਤੇ ਅਸਰਅੰਦਾਜ਼ ਨਾ ਹੋਣ। ਇਹ ਅਸਰ ਸਮਝਣ ਲਈ ਇਨ੍ਹਾਂ ਜੁੰਡਲੀਆਂ ਦੇ ਨੁਮਾਇੰਦੇ ਜੀਅ ਦੀ ਤਫ਼ਸੀਲ ਸਹਾਈ ਹੋ ਸਕਦੀ ਹੈ। ਜੇ ਸੁੱਖਾ ਕਾਹਲਵਾਂ ਨੂੰ ਇਸ ਰੁਝਾਨ ਦਾ ਨੁਮਾਇੰਦਾ ਮੰਨ ਲਈਏ, ਤਾਂ ਕੀ ਖਾਕਾ ਸਾਡੇ ਸਾਹਮਣੇ ਆਉਂਦਾ ਹੈ। ਸਤਾਈ ਸਾਲ ਦਾ ਬਾਲ-ਚਿਹਰੇ ਵਾਲਾ ਛੋਹਲਾ ਜਿਹਾ ਮੁੰਡਾ। ਮਾਪੇ ਅਮਰੀਕਾ ਦੇ ਸ਼ਹਿਰੀ ਹਨ। ਸੁੱਖਾ ਅਮਰੀਕਾ ਜਾਣ ਵਾਲਾ ਹੋਵੇ ਜਾਂ ਜਾਣ ਵਿਚ ਨਾ-ਕਾਮਯਾਬ ਰਿਹਾ ਹੋਵੇ ਪਰ ਅਮਰੀਕਾ ਜਾਣ ਦਾ ਜੁਗਾੜ ਕਰਨ ਵਿਚ ਜ਼ਰੂਰ ਰਿਹਾ ਹੋਵੇਗਾ। ਇਸ ਜੁਗਾੜਬੰਦੀ ਦੌਰਾਨ ਬੰਦਾ ਦਿਮਾਗ਼ੀ ਪੱਖੋਂ ਤਾਂ ਦੂਜੇ ਮੁਲਕ ਪੁੱਜ ਹੀ ਜਾਂਦਾ ਹੈ। ਸੁੱਖਾ ਪੰਜਾਬ ਵਿਚ ਸਰਦੇ-ਪੁੱਜਦੇ ਘਰੋਂ ਜਾਪਦਾ ਹੈ ਅਤੇ ਅਮਰੀਕਾ ਤੋਂ ਡਾਲਰਾਂ ਦੀ ਇਮਦਾਦ ਦੀ ਸੰਭਾਵਨਾ ਸਦਾ ਕਾਇਮ ਹੈ। ਹਥਿਆਰਾਂ ਅਤੇ ਕਾਰਾਂ ਦਾ ਸ਼ੌਕੀ ਹੈ। ਉਹ ਆਪਣੇ ਫੇਸਬੁੱਕ ਪੰਨੇ ਉਤੇ ਲੋਕਾਂ ਨੂੰ ਉਨ੍ਹਾਂ ਦੇ ਪਿੰਡਾਂ ਦੇ ਬਦਮਾਸ਼ਾਂ ਦੇ ਨਾਮ ਪੁੱਛਦਾ ਹੈ। ਉਨ੍ਹਾਂ ਤੋਂ ਇਲਾਕੇ ਦੇ ਡੌਨ ਦੇ ਨਾਮ ਪੁੱਛਦਾ ਹੈ। ਨਸ਼ਿਆਂ ਦੇ ਖਿਲਾਫ ਬੋਲਦਾ ਹੈ। ਕੁੜੀਆਂ ਦੀ ਇੱਜ਼ਤ ਕਰਨ ਦਾ ਦਾਅਵਾ ਕਰਦਾ ਹੈ, ਪਰ ਉਨ੍ਹਾਂ ਉਤੇ ਯਕੀਨ ਨਾ ਕਰਨ ਦਾ ਹੋਕਾ ਦਿੰਦਾ ਹੈ। ਲੜਾਈ ਕਰਨ ਅਤੇ ਕਿਸੇ ਦੀ ਲੜਾਈ ਵਿਚ ਮਦਦ ਕਰਨ ਲਈ ਕਾਹਲਾ ਜਾਪਦਾ ਹੈ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਤਸਵੀਰ ਪਾੜਨ ਦਾ ਬਿਆਨ ਦੇਣ ਵਾਲੀ 'ਬਾਂਦਰ ਸੈਨਾ' ਨੂੰ ਹਰ ਥਾਂ ਕੁੱਟਣ ਦਾ ਸੱਦਾ ਦਿੰਦਾ ਹੈ। ਗੁਰਬਖ਼ਸ਼ ਸਿੰਘ ਖ਼ਾਲਸਾ ਦੀ ਭੁੱਖ-ਹੜਤਾਲ ਦੀ ਹਮਾਇਤ ਕਰਦਾ ਹੈ। ਇਸ ਤੋਂ ਬਾਅਦ ਪੁਲਿਸ ਦੀਆਂ ਮਿਸਲਾਂ ਵਿਚ ਕਤਲ, ਇਰਾਦਾ ਕਤਲ, ਕਬਜ਼ੇ, ਲੁੱਟ-ਖੋਹ ਅਤੇ ਹੋਰ ਮਾਮਲੇ ਦਰਜ ਹਨ। ਇਸ ਨਾਲ ਉਨ੍ਹਾਂ ਪੰਜ-ਸੱਤ ਸੌ ਮੁੰਡਿਆਂ ਦਾ ਖਾਕਾ ਬਣ ਜਾਂਦਾ ਹੈ ਜਿਨ੍ਹਾਂ ਦੀ ਪਛਾਣ ਕੁਝ ਤੱਥਾਂ ਦੇ ਵਖਰੇਵੇਂ ਨਾਲ ਇਸੇ ਚੌਖਟੇ ਦੇ ਨੇੜੇ-ਤੇੜੇ ਆ ਜਾਵੇਗੀ। ਮੌਜੂਦਾ ਗਾਇਕ ਇਸ ਚੌਖਟੇ ਵਿਚੋਂ ਨਾਇਕ ਦੇ ਨਕਸ਼ ਪੇਸ਼ ਕਰਦੇ ਹਨ। ਜ਼ਿਆਦਾਤਰ ਗੀਤਕਾਰਾਂ ਦਾ ਮੌਜੂਦਾ ਪੂਰ ਅਜਿਹੇ ਬੰਦੇ ਵਿਚੋਂ ਹੀ ਸੁੱਚਾ ਸੂਰਮਾ, ਜਿਊਣਾ ਮੌੜ, ਜੱਗਾ ਡਾਕੂ, ਭਗਤ ਸਿੰਘ, ਜਗਤਾਰ ਹਵਾਰਾ, ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਹੋਰ ਕਈਆਂ ਦੇ ਸਮਕਾਲੀ ਰੂਪ ਲੱਭਦਾ ਹੈ। ਪੰਜਾਬ ਦਾ ਰੇਤ, ਜ਼ਮੀਨ, ਸ਼ਰਾਬ, ਕੇਬਲ ਅਤੇ ਹੋਰ ਤਰ੍ਹਾਂ ਦਾ ਮਾਫ਼ੀਆ ਇਸੇ ਚੌਖਟੇ ਵਾਲੇ ਬੰਦੇ ਦੇ ਜ਼ੋਰ ਨਾਲ ਮੂੰਹਜ਼ੋਰ ਹੋਇਆ ਹੈ। ਸਿਆਸੀ ਸਰਪ੍ਰਸਤੀ ਵਾਲੇ ਇਸ ਮਾਫ਼ੀਆ 'ਚ ਇਹ ਜੁੰਡਲੀਆਂ ਵਗਾਰ ਅਤੇ ਵੀੜੀ-ਵੱਟੇ ਉਤੇ ਜਾਂਦੀਆਂ ਹਨ ਜਾਂ ਹਿੱਸੇਦਾਰ ਹਨ।

ਇਸ ਬੰਦੇ ਦੀ ਅਸਰਅੰਦਾਜ਼ੀ ਇਸ ਦੀ ਆਪਣੀ ਸਿਆਸਤ ਵਿਚ ਨਹੀਂ, ਸਗੋਂ ਮੌਜੂਦਾ ਦੌਰ ਦੀ ਭਾਰੂ ਸਿਆਸਤ ਵਿਚੋਂ ਪਛਾਣੀ ਜਾ ਸਕਦੀ ਹੈ। ਸੁੱਖਾ ਕਾਹਲਵਾਂ ਦੀ ਜ਼ਿੰਦਗੀ ਅਤੇ ਮੌਤ ਦੇ ਕੁਝ ਹੋਰ ਤੱਥ ਇਸ ਰੁਝਾਨ ਦੀਆਂ ਪਰਤਾਂ ਖੋਲ੍ਹਦੇ ਹਨ। ਜੇਲ੍ਹ ਵਿਚ ਇਨ੍ਹਾਂ ਜੁੰਡਲੀਆਂ ਦਾ ਕੰਮ ਜਿਉਂ ਦਾ ਤਿਉਂ ਚੱਲਦਾ ਰਹਿੰਦਾ ਹੈ; ਸਗੋਂ ਜੇਲ੍ਹ ਇਨ੍ਹਾਂ ਲਈ ਸਿਖਲਾਈ ਕੇਂਦਰ ਬਣਦੀ ਹੈ। ਇੱਕ ਪਾਸੇ ਜੇਲ੍ਹ-ਤੰਤਰ ਦਾ ਡਰ ਮਨਾਂ ਵਿਚੋਂ ਨਿਕਲ ਜਾਂਦਾ ਹੈ, ਦੂਜੇ ਪਾਸੇ ਕਾਨੂੰਨੀ ਚੋਰ-ਮੋਰੀਆਂ ਨਾਲ ਜਾਣ-ਪਛਾਣ ਹੁੰਦੀ ਹੈ। ਜੁੰਡਲੀਆਂ ਦੇ ਗੱਠਜੋੜ ਜੇਲ੍ਹਾਂ ਵਿਚ ਬਣਦੇ ਹਨ। ਇਹ ਤੱਥ ਸੁੱਖੇ ਦੀ ਜ਼ਿੰਦਗੀ ਨਾਲ ਜੁੜੇ ਹੋਏ ਸਨ। ਉਸ ਦੀ ਮੌਤ ਨਾਲ ਜੁੜੇ ਤੱਥ ਇਸੇ ਰੁਝਾਨ ਦੀਆਂ ਕੜੀਆਂ ਦੀ ਸ਼ਨਾਖਤ ਕਰਦੇ ਹਨ। ਸੁੱਖੇ ਦੇ ਕਾਤਲ ਪੁਲਿਸ ਹਿਰਾਸਤ ਵਿਚ ਆਪਣੇ ਸ਼ਰੀਕ ਉਤੇ ਹਮਲਾ ਕਰਦੇ ਹਨ ਪਰ ਪੁਲਿਸ ਮੁਲਾਜ਼ਮਾਂ ਤੋਂ ਬੇਖ਼ੌਫ਼ ਰਹਿੰਦੇ ਹਨ। ਓਹ ਪੁਲਿਸ ਦੇ ਹਥਿਆਰ ਵੀ ਛੱਡ ਜਾਂਦੇ ਹਨ। ਇਨ੍ਹਾਂ ਤੱਥਾਂ ਦੀ ਇੱਕ ਵਿਆਖਿਆ ਇਹ ਹੋ ਸਕਦੀ ਹੈ ਕਿ ਉਹ ਹਰ ਹਾਲਤ ਵਿਚ ਪੁਲਿਸ ਨਾਲ ਘੱਟ ਤੋਂ ਘੱਟ ਦੁਸ਼ਮਣੀ ਮੁੱਲ ਲੈਣਾ ਚਾਹੁੰਦੇ ਹਨ। ਉਨ੍ਹਾਂ ਨੂੰ ਪੁਲਿਸ ਦੇ ਹਥਿਆਰਾਂ ਦੀ ਲੋੜ ਨਹੀਂ। ਮਤਲਬ ਇਹ ਵੀ ਕੱਢਿਆ ਜਾ ਸਕਦਾ ਕਿ ਉਨ੍ਹਾਂ ਨੂੰ ਲੋੜ ਜੋਗੇ ਹਥਿਆਰਾਂ ਦੀ ਕੋਈ ਘਾਟ ਨਹੀਂ। ਵੱਡੀਆਂ ਕਾਰਾਂ, ਵੰਨ-ਸਵੰਨੇ ਮਾਰੂ ਹਥਿਆਰ ਅਤੇ ਤੰਦਰੁਸਤ ਮੁੰਡਿਆਂ ਦਾ ਇਹ ਜਮ੍ਹਾਂਜੋੜ ਸਿਖਲਾਈਯਾਫ਼ਤਾ ਜਾਪਣ ਦੇ ਨਾਲ-ਨਾਲ ਹੋਰ ਵੀ ਕਈ ਇਸ਼ਾਰੇ ਕਰਦਾ ਹੈ।



*ਇਕ ਪੇਸ਼ੀ ਭੁਗਤਣ ਮੌਕੇ ਪੁਲਿਸ ਦੀ ਬੱਸ ਅੰਦਰ ਬੈਠਾ ਸੁੱਖਾ ਕਾਹਲਵਾਂ*

ਆਖ਼ਰ ਜੇ ਇਹ ਮੁੰਡੇ ਸਰਕਾਰ ਅਤੇ ਪੁਲਿਸ ਨਾਲ ਲੱਗਦੇ ਹੱਥ ਦੁਸ਼ਮਣੀ ਲੈਣੀ ਨਹੀਂ ਚਾਹੁੰਦੇ, ਤਾਂ ਇਹ ਨਿਜ਼ਾਮ ਉਤੇ ਅਸਰਅੰਦਾਜ਼ ਕਿਵੇਂ ਹੋ ਸਕਦੇ ਹਨ? ਜੇ ਨਿਜ਼ਾਮ ਦੇ ਅਰਥ ਘਟਾ ਕੇ ਸਿਰਫ਼ ਸਿਆਸਤ ਅਤੇ ਇੰਤਜ਼ਾਮੀਆ ਤੱਕ ਮਹਿਦੂਦ ਕਰ ਦਿੱਤੇ ਜਾਣ, ਤਾਂ ਇਨ੍ਹਾਂ ਦੀ ਅਸਰਅੰਦਾਜ਼ੀ ਬੇਮਾਅਨਾ ਹੋ ਸਕਦੀ ਹੈ। ਸਮਾਜ, ਸਤਿਕਾਰ, ਸਵੈਮਾਣ, ਸਿੱਖਿਆ, ਸਬਰ, ਸੰਤੋਖ ਅਤੇ ਸਲੀਕਾ ਮਨੁੱਖੀ ਨਿਜ਼ਾਮ ਦਾ ਅਨਿੱਖੜਵਾਂ ਅੰਗ ਹਨ। ਸੁੱਖਾ ਕਾਹਲਵਾਂ ਵਾਲਿਆਂ ਵਰਗੀਆਂ ਜੁੰਡਲੀਆਂ ਪੰਜਾਬੀ ਬੰਦੇ ਦੇ ਇਸੇ ਨਿਜ਼ਾਮ ਉਤੇ ਅਸਰਅੰਦਾਜ਼ ਹੋ ਰਹੀਆਂ ਹਨ। ਜੇ ਸੁੱਖਾ ਕਾਹਲਵਾਂ ਵਰਗਿਆਂ ਬਾਰੇ ਹਮਦਰਦੀ ਨਾਲ ਗੱਲ ਕਰਨੀ ਹੋਵੇ, ਤਾਂ ਉਨ੍ਹਾਂ ਅੰਦਰਲਾ ਇਹੋ ਮਨੁੱਖੀ ਨਿਜ਼ਾਮ ਮਨਫ਼ੀ ਹੋਇਆ ਹੈ। ਰੂਹ ਨੂੰ ਲੱਗਿਆ ਖ਼ੋਰਾ ਉਹ ਬੰਦੂਕਾਂ ਦੀ ਲੋਰ ਅਤੇ ਮਾਰ-ਕੁੱਟ ਦੇ ਨਸ਼ੇ ਵਿਚ ਭੁੱਲਣਾ ਚਾਹੁੰਦੇ ਹਨ। ਇਹ ਪੰਜਾਬੀ ਬੰਦੇ ਦੀ ਰੂਹ ਨੂੰ ਚੱਟ ਰਹੇ ਹਨ। ਰੂਹ-ਬੁੱਤ ਦੇ ਝੇੜੇ ਵਿਚ ਇਹ ਬੁੱਤ ਨੂੰ ਮੈਦਾਨਿ-ਜੰਗ ਅਤੇ ਸਰਬ-ਸ਼ਕਤੀਮਾਨ ਮੰਨਦੇ ਜਾਪਦੇ ਹਨ। ਇੱਕ ਪਾਸੇ ਇਹ ਬੁੱਤਾਂ ਤੋਂ ਬੇਵਕਤ ਲਾਸ਼ਾਂ ਬਣਾਉਣ ਦੀਆਂ ਦੁਕਾਨਾਂ ਬਣ ਗਏ ਜਾਪਦੇ ਹਨ, ਦੂਜੇ ਪਾਸੇ ਬੇਵਕਤ ਲਾਸ਼ਾਂ ਬਣਨ ਨੂੰ ਆਪਣੀ ਹੋਣੀ ਮੰਨੀ ਬੈਠੇ ਲੱਗਦੇ ਹਨ। ਇਹ ਭਾਵੇਂ ਸਿਆਸੀ ਲਹਿਰਾਂ ਤੋਂ ਜ਼ਿਆਦਾ ਖ਼ੂਨ ਵਹਾ ਦੇਣ ਅਤੇ ਸਿਆਸੀ ਨਿਜ਼ਾਮ ਤੇ ਇੰਤਜ਼ਾਮੀਆ ਤੋਂ ਕੰਨੀ ਕਤਰਾ ਕੇ ਸਮਾਜਕ ਅਤੇ ਮਨੁੱਖੀ ਨਿਜ਼ਾਮ ਦੀਆਂ ਚੂਲਾਂ ਹਿਲਾ ਦੇਣ ਪਰ ਇਹ ਅਮਨ-ਕਾਨੂੰਨ ਜਾਂ ਏਕਤਾ-ਅਖੰਡਤਾ ਨੂੰ ਖਤਰਾ ਨਹੀਂ ਹੋ ਸਕਦੇ। ਇਹ ਆਵਾਮ ਦੇ ਮਨੁੱਖੀ, ਜਮਹੂਰੀ ਅਤੇ ਸ਼ਹਿਰੀ ਹਕੂਕ ਦੇ ਭਾਵੇਂ ਤੂੰਬੇ ਉਡਾ ਦੇਣ ਪਰ ਇਹ ਅਤਿਵਾਦ ਦੇ ਘੇਰੇ ਵਿਚ ਨਹੀਂ ਆਉਣ ਵਾਲੇ। ਇਹ ਭਾਵੇਂ ਆਪੋ-ਆਪਣੇ ਇਲਾਕੇ ਵਿਚ ਆਪੋ-ਆਪਣਾ ਸਿੱਕਾ ਚਲਾਉਣ ਅਤੇ ਹਰ ਕੰਮ-ਧੰਦੇ ਦੀ ਪ੍ਰਵਾਨਗੀ ਦੀ ਕੀਮਤ ਤੈਅ ਕਰ ਕੇ ਵਸੂਲਣ ਪਰ ਇਹ ਦੇਸ਼ ਧਰੋਹ ਦੇ ਇਲਜ਼ਾਮ ਤੋਂ ਬਚੇ ਰਹਿਣਗੇ।

ਇਸ ਹਵਾਲੇ ਨਾਲ ਸੁਰੱਖਿਆ ਦੀ ਚਿੰਤਾ ਕਰਦੀਆਂ ਸਰਕਾਰਾਂ ਦੀ ਗੱਲ ਕਰਨੀ ਬਣਦੀ ਹੈ। ਸੁਰੱਖਿਆ ਦੇ ਨਾਮ ਹੇਠ ਆਵਾਮ ਉਤੇ ਹਰ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਜਾਂਦੀਆਂ ਹਨ। ਇਨ੍ਹਾਂ ਸੁਰੱਖਿਆ ਬੰਦੋਬਸਤਾਂ ਦੀ ਨੁਮਾਇਸ਼ ਹਰ ਮੌਕੇ ਉਤੇ ਪਤਵੰਤਿਆਂ ਨਾਲ ਤੋਰੀ ਜਾਂਦੀ ਹੈ। ਸਰਕਾਰ ਖ਼ੁਫ਼ੀਆ-ਤੰਤਰ ਅਤੇ ਨਿਗਰਾਨੀ ਦੀ ਨਵੀਂ ਤਕਨਾਲੋਜੀ ਨਾਲ ਸੂਹਾਂ ਲੈਂਦੀ ਹੈ। ਸੂਚਨਾ ਤਕਨਾਲੋਜੀ ਰਾਹੀਂ ਸਬੂਤ ਇਕੱਠੇ ਕਰਦੀ ਹੈ ਅਤੇ ਹਰ ਸੂਹ ਜਾਂ ਜਾਣਕਾਰੀ ਨੂੰ ਕਾਰਵਾਈ ਦੇ ਘੇਰੇ ਵਿਚ ਲਿਆਉਣ ਲਈ ਸਰਗਰਮ ਰਹਿਣ ਦਾ ਦਾਅਵਾ ਕਰਦੀ ਹੈ। ਸੁਰੱਖਿਆ-ਤੰਤਰ ਸਮੁੰਦਰ, ਅਸਮਾਨ, ਸੜਕ-ਲਾਂਘਿਆਂ ਅਤੇ ਸਾਈਬਰ-ਸਪੇਸ ਉਤੇ ਪਹਿਰਾ ਬਿਠਾਏ ਜਾਣ ਦਾ ਭਰੋਸਾ ਦਿੰਦਾ ਹੈ। ਇਹ ਸਭ ਕੁਝ ਆਵਾਮ ਨੂੰ ਸੁਰੱਖਿਆ ਦੇਣ ਦੇ ਨਾਮ ਉਤੇ ਕੀਤਾ ਜਾਂਦਾ ਹੈ।

ਸੁੱਖਾ ਕਾਹਲਵਾਂ ਵਰਗਿਆਂ ਦੀਆਂ ਢਾਣੀਆਂ ਵੀ ਤਾਂ ਆਵਾਮ ਦੀ ਜਾਨ-ਮਾਲ ਨੂੰ ਖ਼ਤਰਾ ਪੈਦਾ ਕਰਦੀਆਂ ਹਨ, ਪਰ ਇਹ ਇਸ ਸਾਰੇ ਸੁਰੱਖਿਆ-ਤੰਤਰ ਦੀ ਪਹੁੰਚ ਅਤੇ ਪਹਿਲਕਦਮੀ ਤੋਂ ਬਾਹਰ ਕਿਉਂ ਹਨ? ਇਨ੍ਹਾਂ ਦੀਆਂ ਪੈੜਾਂ ਸਾਈਬਰ-ਸਪੇਸ ਉਤੇ ਉਘੜੀਆਂ ਪਈਆਂ ਹਨ। ਜਦੋਂ ਅਤਿਵਾਦੀ ਜਥੇਬੰਦੀਆਂ ਦੇ ਮਹਿਜ਼ ਇਸ਼ਾਰਾ ਕਰਦੇ ਟਵੀਟ ਦੀਆਂ ਰਮਜ਼ਾਂ ਫਰੋਲੀਆਂ ਜਾਂਦੀਆਂ ਹਨ, ਤਾਂ ਇਨ੍ਹਾਂ ਦੀਆਂ ਧਮਕੀਆਂ ਜਾਂ ਕਾਰਵਾਈਆਂ ਦੇ ਜਸ਼ਨ ਨਜ਼ਰਅੰਦਾਜ਼ ਕਿਉਂ ਹੋ ਜਾਂਦੇ ਹਨ? ਇਨ੍ਹਾਂ ਸੁਆਲਾਂ ਦੇ ਪਿੱਛੇ ਹੀ ਹੁਕਮਰਾਨ ਧਿਰ ਦੀ ਸੋਚ ਲੁਕੀ ਹੋਈ ਹੈ। ਜੇ ਇਹ ਜੁੰਡਲੀਆਂ ਸਰਕਾਰ ਜਾਂ ਪੁਲਿਸ ਪ੍ਰਸ਼ਾਸਨ ਲਈ ਖ਼ਤਰਾ ਨਹੀਂ ਹਨ, ਤਾਂ ਇਨ੍ਹਾਂ ਨੂੰ ਖ਼ਤਰਨਾਕ ਕਰਾਰ ਨਹੀਂ ਦਿੱਤਾ ਜਾ ਸਕਦਾ। ਦੂਜਾ ਇਹ ਜੁੰਡਲੀਆਂ ਸਿਆਸਤਦਾਨਾਂ ਤੋਂ ਲੈ ਕੇ ਮੁਨਾਫ਼ਾਮੁਖੀ ਨਿਜ਼ਾਮ ਦੀਆਂ ਬੇ-ਵਰਦੀ ਫ਼ੌਜਾਂ ਹੋਣ ਦੀ ਸਮਰੱਥਾ ਰੱਖਦੀਆਂ ਹਨ ਜੋ ਸਿਆਸੀ ਸੁਆਲਾਂ ਦੇ ਬਰੂਦ ਨਾਲ ਜੁਆਬ ਦੇਣ ਦਾ ਕੰਮ ਕਰ ਸਕਦੀਆਂ ਹਨ। ਇਹ ਸਿਆਸੀ ਨਿਜ਼ਾਮ (ਜਿਸ ਵਿਚ ਸਰਕਾਰ ਤੇ ਸਰਕਾਰ ਬਣਾਉਣ ਦੀਆਂ ਦਾਅਵੇਦਾਰ ਧਿਰਾਂ ਸ਼ਾਮਿਲ ਹੁੰਦੀਆਂ ਹਨ) ਦੀ ਵਗਾਰ ਕਰ ਦਿੰਦੇ ਹਨ। ਜ਼ਮੀਨਾਂ ਉਤੇ ਕਬਜ਼ਿਆਂ ਤੋਂ ਲੈ ਕੇ ਸ਼ਰੀਕਾਂ ਨੂੰ ਚੁੱਪ ਕਰਵਾਉਣ ਜਾਂ ਚੋਣਾਂ ਵਿਚ ਵਿਰੋਧੀਆਂ ਨੂੰ ਖੂੰਜੇ ਲਗਾਉਣ ਅਤੇ ਕੁਰਕ ਹੋ ਰਹੀਆਂ ਜਾਇਦਾਦਾਂ ਖਰੀਦਣ ਲਈ ਇਹੋ ਲਾਣਾ ਤਾਂ ਹੁਮ-ਹੁਮਾ ਕੇ ਪੁੱਜਦਾ ਹੈ। ਮਾਝੇ ਵਿਚ ਮੁਜ਼ਾਹਰਿਆਂ ਦੇ ਹਕੂਕ ਲਈ ਲੜਦੇ ਕਿਸਾਨ ਆਗੂ ਸਾਧੂ ਸਿੰਘ ਤਖ਼ਤੂਪੁਰਾ ਅਤੇ ਮਾਲਵੇ ਵਿਚ ਜ਼ਮੀਨ ਕੁਰਕ ਹੋਣ ਤੋਂ ਬਚਾਉਣ ਲਈ ਸੰਘਰਸ਼ ਕਰਦੇ ਪ੍ਰਿਥੀ ਚੱਕਅਲੀਸ਼ੇਰ ਦੇ ਕਤਲ ਇਸੇ ਲਾਣੇ ਤੋਂ ਕਰਵਾਏ ਜਾਂਦੇ ਹਨ। ਇਹੋ ਖ਼ਾਸਾ ਇਨ੍ਹਾਂ ਜੁੰਡਲੀਆਂ ਨੂੰ ਸਿਆਸੀ ਲਹਿਰਾਂ ਤੋਂ ਵੱਖਰਾ ਅਤੇ ਲੋਕ-ਦੋਖੀ ਬਣਾਉਂਦਾ ਹੈ। ਸਿਆਸੀ ਲਹਿਰਾਂ ਦੀ ਹਰ ਕਾਰਵਾਈ ਦੀ ਸੇਧ ਨਿਜ਼ਾਮ ਨੂੰ ਸੁਆਲ ਕਰਦੀ ਹੈ, ਦੂਜੇ ਪਾਸੇ ਇਨ੍ਹਾਂ ਜੁੰਡਲੀਆਂ ਦੀ ਹਰ ਕਾਰਵਾਈ ਸਿਆਸੀ ਨਿਜ਼ਾਮ ਨੂੰ ਯਕੀਨ ਦਿਵਾਉਂਦੀ ਹੈ। ਇਹ ਜ਼ਰੂਰੀ ਨਹੀਂ ਕਿ ਇਹ ਜੁੰਡਲੀਆਂ ਅਤੇ ਸਿਆਸੀ ਨਿਜ਼ਾਮ ਦਾ ਤਾਲਮੇਲ ਪੁਖ਼ਤਾ ਹੋਵੇ ਪਰ ਇਨ੍ਹਾਂ ਦਾ ਖ਼ਾਸਾ ਇਨ੍ਹਾਂ ਨੂੰ ਜੋਟੀਦਾਰ ਬਣਾਉਂਦਾ ਹੈ। ਇਹ ਜੁੰਡਲੀਆਂ ਸਿਆਸੀ ਨਿਜ਼ਾਮ ਦੀ ਰਜ਼ਾ ਵਿਚ ਆਪਣੀਆਂ ਛੋਟੀਆਂ-ਛੋਟੀਆਂ ਰਿਆਸਤਾਂ ਚਲਾਉਣਾ ਚਾਹੁੰਦੀਆਂ ਹਨ ਅਤੇ ਬਦਲੇ ਵਿਚ ਵਗਾਰ ਕਰਨ ਅਤੇ ਮਾਲੀਆ ਦੇਣ ਨੂੰ ਤਿਆਰ ਹਨ।

ਇਨ੍ਹਾਂ ਜੁੰਡਲੀਆਂ ਵਿਚ ਸ਼ਾਮਿਲ ਮੁੰਡਿਆਂ ਦੀ ਘਰ ਵਾਪਸੀ ਵਿਚ ਸਿਆਸੀ ਨਿਜ਼ਾਮ ਦੀ ਕੋਈ ਦਿਲਚਸਪੀ ਨਹੀਂ। ਇਨ੍ਹਾਂ ਦੀ ਜ਼ਿੰਦਗੀ ਸਿਆਸੀ ਨਿਜ਼ਾਮ ਦਾ ਸੰਦ ਅਤੇ ਮੌਤ ਪ੍ਰਾਪਤੀ ਬਣਦੀ ਹੈ। ਇਹ ਧੰਦਾ ਹੀ ਛੋਟੀ ਉਮਰ ਦੀ ਬੇਦਲੀਲ, ਬੇਪਰਵਾਹ ਅਤੇ ਬੇਰੂਹ ਜਵਾਨੀ ਦੀ ਮੂੰਹਜ਼ੋਰੀ ਦਾ ਹੈ। ਇਨ੍ਹਾਂ ਨੇ ਕੁਝ ਦਿਨਾਂ ਦੀ ਚਮਕ ਨੂੰ ਦੇਖਣਾ ਹੈ। ਇਸੇ ਚਮਕ ਨੇ ਅਲੂੰਏ ਮੁੰਡਿਆਂ ਨੂੰ ਖਿੱਚਣਾ ਹੈ। ਇਸ ਧੰਦੇ ਵਿਚ ਭਰਤੀ ਨਹੀਂ ਘਟਦੀ, ਭਰਤੀ ਦੀ ਉਮਰ ਜ਼ਰੂਰ ਘਟ ਰਹੀ ਹੈ। ਮੌਤ ਦੀ ਉਮਰ ਵੀ ਘਟ ਰਹੀ ਹੈ। ਸਤਾਈ ਸਾਲ ਤਾਂ ਕੋਈ ਮਰਨ ਦੀ ਉਮਰ ਨਹੀਂ ਹੁੰਦੀ। ਪਿਆਰ ਕਰਨ ਦੀ ਉਮਰੇ ਇਹ ਲਾਸ਼ਾਂ ਉਤੇ ਭੰਗੜਾ ਪਾ ਰਹੇ ਹਨ। ਇਨ੍ਹਾਂ ਵਿਚੋਂ ਜੰਨਤ ਅਤੇ ਹੂਰਾਂ ਦੇ ਲਾਲਚ ਵਿਚ ਫਿਦਾਇਨ ਬਣੇ ਜਹਾਦੀਆਂ ਦਾ ਝਉਲਾ ਪੈਂਦਾ ਹੈ। ਇਨ੍ਹਾਂ ਹਾਲਾਤ ਵਿਚ ਇਨ੍ਹਾਂ ਨਾਲ ਸੰਵਾਦ ਕਰਨਾ ਦੋ-ਧਾਰੀ ਤਲਵਾਰ ਹੈ। ਇਨ੍ਹਾਂ ਨੂੰ ਸਿਰਫ ਹੱਥੋਪਾਈ, ਹੂਰੇ-ਮੁੱਕੀ, ਚਾਕੂ-ਛੁਰਿਆਂ ਅਤੇ ਬੰਦੂਕਾਂ-ਪਿਸਤੌਲਾਂ ਦੀ ਬੋਲੀ ਆਉਂਦੀ ਹੈ। ਇਨ੍ਹਾਂ ਦੀ ਘਰ ਵਾਪਸੀ ਦੀ ਲੜਾਈ ਸਿਆਸੀ ਜੰਗ ਤੋਂ ਘੱਟ ਨਹੀਂ ਹੈ ਜੋ ਮੌਜੂਦਾ ਸਰਕਾਰਾਂ ਅਤੇ ਪੁਲਿਸ ਪ੍ਰਸ਼ਾਸਨ ਨੇ ਨਹੀਂ ਲੜਨੀ।

ਪੰਜਾਬ ਦੀ ਖ਼ਾਨਾਜੰਗੀ ਇਨ੍ਹਾਂ ਮੁੰਡਿਆਂ ਦੇ ਪਿੰਡੇ ਉਤੇ ਖੁਣੀ ਗਈ ਹੈ। ਇਨ੍ਹਾਂ ਦਾ ਜਿਉਣਾ-ਮਰਨਾ ਸੋਗਵਾਰ ਹੈ। ਇਨ੍ਹਾਂ ਨੂੰ ਕੀਤੇ ਸੁਆਲ ਇਨ੍ਹਾਂ ਨੇ ਨਹੀਂ ਸੁਣਨੇ। ਸਿਆਸੀ ਨਿਜ਼ਾਮ ਅਤੇ ਪੁਲਿਸ ਪ੍ਰਸ਼ਾਸਨ ਨੇ ਇਨ੍ਹਾਂ ਸੁਆਲਾਂ 'ਤੇ ਕੰਨ ਨਹੀਂ ਧਰਨਾ। ਨਿਜ਼ਾਮ ਬਦਲੀ ਦੀਆਂ ਸਿਆਸੀ ਲਹਿਰਾਂ ਲਈ ਇਨ੍ਹਾਂ ਦੀ ਮਾਰ ਵਿਚ ਰਹਿਣਾ, ਇਨ੍ਹਾਂ ਖਿਲਾਫ ਲੜਨਾ ਅਤੇ ਉਸੇ ਵੇਲੇ ਇਨ੍ਹਾਂ ਨਾਲ ਸੰਵਾਦ ਕਰਨਾ ਔਖਾ ਸਾਬਤ ਹੋਇਆ ਹੈ।

ਬੇਉਮੀਦੀ ਦੇ ਇਸ ਦੌਰ ਵਿਚ ਕੁਝ ਸੁਆਲ ਤਾਂ ਕੀਤੇ ਹੀ ਜਾਣੇ ਚਾਹੀਦੇ ਹਨ। ਕੋਈ ਇਨ੍ਹਾਂ ਦੀ ਘਰ ਵਾਪਸੀ ਦੇ ਗੀਤ ਕਿਉਂ ਨਹੀਂ ਲਿਖਦਾ? ਕੋਈ ਵਿਦਵਾਨ ਇਨ੍ਹਾਂ ਦੀ ਬਹਾਲੀ ਦੇ ਪਰਚੇ ਕਿਉਂ ਨਹੀਂ ਪੜ੍ਹਦਾ? ਕੋਈ ਇਨ੍ਹਾਂ ਦੀ ਬੇਕਿਰਕ ਜ਼ਿੰਦਗੀ ਵਿਚ ਧੜਕਣ ਭਰਨ ਵਾਲੀਆਂ ਫਿਲਮਾਂ ਕਿਉਂ ਨਹੀਂ ਬਣਾਉਂਦਾ? ਕੋਈ ਸੁੱਖੇ ਕਾਹਲਵਾਂ ਤੋਂ ਆਪਣੇ ਚਿਹਰੇ ਵਰਗਾ ਬਾਲ ਹੋਣ ਦੀ ਮੰਗ ਕਿਉਂ ਨਹੀਂ ਕਰਦਾ? ਜੇ ਇਨ੍ਹਾਂ ਨੂੰ ਘਰਾਂ ਦੇ ਬੂਹੇ ਤੰਗ ਲੱਗਦੇ ਹਨ, ਤਾਂ ਕੋਈ ਬੂਹਿਆਂ ਦੀਆਂ ਨਵੀਆਂ ਚੌਗਾਠਾਂ ਦੀ ਬਾਤ ਕਿਉਂ ਨਹੀਂ ਪਾਉਂਦਾ? ਕੋਈ ਇਨ੍ਹਾਂ ਦੀ ਜ਼ਿੰਦਗੀ ਵਿਚ ਭਰੋਸੇ ਦੀ ਬਹਾਲੀ ਦੀ ਅਰਦਾਸ ਕਿਉਂ ਨਹੀਂ ਕਰਦਾ? ਸੁੱਖਾ ਕਾਹਲਵਾਂ ਨੂੰ ਕੋਈ ਸੁਖਬੀਰ ਕਹਿਣ ਤੋਂ ਕਿਉਂ ਝਿਜਕਦਾ ਹੈ?

ਪੰਥ ਖਾਲਸਾ

# ਸਿੱਖ ਪੰਥ ਨੂੰ ਦਰਪੇਸ਼ ਚੁਣੌਤੀਆਂ

ਡਾ. ਸਵਰਨਜੀਤ ਸਿੰਘ

ਸਿੱਖ ਧਰਮ ਤੇ ਸਿੱਖ ਕੌਮ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਹਰ ਸਮੇਂ ਰਚੀਆਂ ਜਾਂਦੀਆਂ ਰਹੀਆਂ ਹਨ। ਅੱਜ ਕਲ੍ਹ ਇਹ ਹਮਲਾ ਪੂਰੇ ਜ਼ੋਰਾਂ 'ਤੇ ਹੈ। ਹਰ ਗੁਰਸਿੱਖ ਨੂੰ ਇਸ ਪਾਸੇ ਸੁਚੇਤ ਹੋਣ ਦੀ ਲੋੜ ਹੈ। ਸਿੱਖਾਂ ਉਤੇ ਆਏ ਇਸ ਸੰਕਟ ਨੂੰ ਮਿਟਾਉਣ ਲਈ ਹੋਰ ਯਤਨਾਂ ਦੇ ਨਾਲ-ਨਾਲ ਇਹ ਵੀ ਜ਼ਰੂਰੀ ਹੈ ਕਿ ਗੁਰਬਾਣੀ ਤੋਂ ਦੂਰ ਜਾ ਰਹੇ ਸਿੱਖਾਂ ਨੂੰ ਗੁਰੂ ਚਰਨਾਂ ਦੇ ਨਾਲ ਜੋੜਨ ਲਈ ਪ੍ਰੇਰਿਤ ਕੀਤਾ ਜਾਵੇ:

1. ਦੂਜੇ ਮਤਾਂ ਦੇ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਅਤੇ ਤਸਵੀਰਾਂ ਆਦਿ ਨਾਲ ਗੁਰੂ ਸਾਹਿਬਾਨ ਦੀਆਂ ਮੂਰਤੀਆਂ ਬਣਾ ਕੇ ਅਤੇ ਤਸਵੀਰਾਂ ਛਾਪ ਕੇ ਬਾਜ਼ਾਰਾਂ ਵਿਚ ਵੇਚੀਆਂ ਜਾ ਰਹੀਆਂ ਹਨ ਅਤੇ ਸਾਂਝੀਵਾਲਤਾ ਦੇ ਨਾਮ 'ਤੇ ਭੁਲੇਖਾ ਪਾਉਣ ਦੀ ਬਹੁਤ ਜ਼ਿਆਦਾ ਕੋਸ਼ਿਸ਼ ਕੀਤੀ ਜਾ ਰਹੀ ਹੈ। ਗੁਰਬਾਣੀ ਮੂਰਤੀ-ਪੂਜਾ ਦੀ ਸਖਤ ਨਿਖੇਧੀ ਕਰਦੀ ਹੈ। ਗੁਰੂ ਸਾਹਿਬਾਨ ਅਤੇ ਖਾਲਸਾ ਜੀ ਨੇ ਸਦਾ ਅਜਿਹੇ ਬ੍ਰਾਹਮਣੀ ਰਿਵਾਜ਼ਾਂ ਦਾ ਖੰਡਨ ਕੀਤਾ ਹੈ। ਇਸ ਲਈ ਹਰ ਗੁਰਸਿੱਖ ਦਾ ਫਰਜ਼ ਬਣਦਾ ਹੈ ਕਿ ਗੁਰੂ ਸਾਹਿਬਾਨ ਦੀਆਂ ਫੋਟੋਆਂ ਦੀ ਪੂਜਾ ਛੱਡ ਕੇ ਗੁਰੂ ਦੇ ਹੁਕਮਾਂ ਨੂੰ ਮੰਨਣ। ਸਿੱਖੀ ਵਿਚ ਇਹੋ ਅਸਲ ਪੂਜਾ ਹੈ।

2. ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦੇ ਮਾਣ-ਸਤਿਕਾਰ ਅਤੇ ਇਸ ਵਿਚ ਦਰਜ ਬਾਣੀ ਦੇ ਰੁਤਬੇ ਨੂੰ ਘਟਾਉਣ ਲਈ 'ਦਸਮ ਗ੍ਰੰਥ' ਨੂੰ ਇਸ ਦੇ ਬਰਾਬਰ ਪ੍ਰਚਾਰਿਆ ਜਾ ਰਿਹਾ ਹੈ। ਅਜਿਹੇ ਹੀ ਥੋਥੇ ਖਿਆਲਾਂ ਅਧੀਨ ਗੁਰੂ ਗ੍ਰੰਥ ਸਾਹਿਬ ਨੂੰ ਪੰਜਵਾਂ ਵੇਦ ਕਿਹਾ ਜਾ ਰਿਹਾ ਹੈ। ਯਾਦ ਰਹੇ, ਦੁਨੀਆਂ ਵਿਚ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਦੀ ਪਦਵੀ ਪ੍ਰਾਪਤ ਹੈ। ਗੁਰੂ ਗ੍ਰੰਥ ਸਾਹਿਬ ਦੀ ਤੁਲਨਾ ਕਿਸੇ ਹੋਰ ਗ੍ਰੰਥ ਨਾਲ ਕਰਨੀ ਘੋਰ ਅਨਿਆਂ, ਪਾਪ ਅਤੇ ਪੰਥਕ ਰਹਿਤ ਮਰਿਆਦਾ ਦੀ ਉਲੰਘਣਾ ਹੈ।

3. ਸਿੱਖਾਂ ਨੂੰ ਕੇਵਲ ਗੁਰਬਾਣੀ ਵਿਚ ਵਿਖਾਏ ਰਾਹ 'ਤੇ ਗੁਰੂ ਸਾਹਿਬਾਨ ਨੇ ਚੱਲਣ ਦਾ ਹੁਕਮ ਦਿੱਤਾ ਹੈ। ਦਸਮੇਸ਼ ਪਿਤਾ ਨੇ ਅਧਿਆਤਮਕ ਤੇ ਦੁਨਿਆਵੀ ਗੁਰੂ ਦੀ ਪਦਵੀ ਸਾਹਿਬ ਗੁਰੂ ਗ੍ਰੰਥ ਸਾਹਿਬ ਨੂੰ ਦਿੱਤੀ ਹੈ। ਸਿੱਖਾਂ ਨੇ ਕੇਵਲ ਗੁਰੂ ਗ੍ਰੰਥ ਸਾਹਿਬ ਅੱਗੇ ਹੀ ਮੱਥਾ ਟੇਕਣਾ ਹੈ। ਕਿਸੇ ਦੇਹਧਾਰੀ ਨੂੰ ਗੁਰੂ ਨਹੀਂ ਮੰਨਣਾ। ਇਸ ਲਈ ਜਿਹੜੇ ਡੇਰੇਦਾਰ ਜਾਂ ਹੋਰ ਮਹੰਤ ਸਿੱਖ ਸਰੂਪ ਵਿਚ ਹੁੰਦੇ ਹੋਏ ਵੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਆਪਣੇ ਪੈਰਾਂ 'ਤੇ ਮੱਥਾ ਟਿਕਵਾਉਂਦੇ ਹਨ, ਉਹ ਆਪਣੇ ਆਪ ਨੂੰ ਗੁਰੂ ਗ੍ਰੰਥ ਸਾਹਿਬ ਦਾ ਸ਼ਰੀਕ ਪੇਸ਼ ਕਰਨ ਦੀ ਹਿਮਾਕਤ ਕਰ ਰਹੇ ਹਨ।

4. ਸਿੱਖਾਂ ਨੂੰ ਦੁਨੀਆਂ ਵਿਚ ਆਪਣੇ ਵਿਲੱਖਣ ਤੇ ਮਹਾਨ ਵਿਰਸੇ ਅਤੇ ਇਤਿਹਾਸ 'ਚ ਨਿਭਾਈ ਭੂਮਿਕਾ ਸਦਕਾ ਇਕ ਨਿਵੇਕਲਾ ਸਥਾਨ ਪ੍ਰਾਪਤ ਹੈ। ਪਰ ਇਕ ਸੋਚੀ ਸਮਝੀ ਸਾਜ਼ਿਸ਼ ਅਧੀਨ ਸਿੱਖਾਂ ਦੀ ਵੱਖਰੀ ਪਛਾਣ ਤੇ ਸ਼ਾਨ ਨੂੰ ਫਿਲਮਾਂ, ਟੈਲੀਵਿਜ਼ਨ ਅਤੇ ਹੋਰ ਸੰਚਾਰ-ਮਾਧਿਅਮਾਂ ਰਾਹੀਂ, ਜਾਣ ਬੁਝ ਕੇ, ਵਿਗਾੜ ਕੇ ਪੇਸ਼ ਕੀਤਾ ਜਾ ਰਿਹਾ ਹੈ ਤਾਂ ਜੋ ਗੈਰ-ਸਿੱਖਾਂ ਅੰਦਰ ਸਿੱਖਾਂ ਪ੍ਰਤੀ ਨਫਰਤ ਅਤੇ ਸਿੱਖਾਂ ਦੇ ਮਨਾਂ ਅੰਦਰ ਹੀਣ-ਭਾਵਨਾ ਪੈਦਾ ਕੀਤੀ ਜਾ ਸਕੇ ਅਤੇ ਸਿੱਖ ਆਪਣੀ ਵੱਖਰੀ ਪਛਾਣ ਨੂੰ ਦਰਸਾਉਣਾ ਹੀ ਛੱਡ ਦੇਣ। ਨਤੀਜੇ ਵਜੋਂ 'ਸਿੰਘ' ਅਤੇ 'ਕੌਰ' ਪਦਵੀ ਦੀ ਵਰਤੋਂ ਤਕਰੀਬਨ ਮੀਡੀਏ ਵਿਚੋਂ ਅਲੋਪ ਹੋ ਚੁੱਕੀ ਹੈ। ਆਉਣ ਵਾਲੀ ਸਿੱਖ ਪੀੜ੍ਹੀ ਨੂੰ ਸਿੱਖ ਸਰੂਪ ਅਤੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਤੋਂ ਦੂਰ ਕਰਨ ਲਈ ਅਜਿਹਾ ਫਿਰਕਾਪ੍ਰਸਤ ਸਹਿ 'ਤੇ ਕੀਤਾ ਜਾ ਰਿਹਾ ਹੈ।

5. ਸਾਡੀਆਂ ਬਹੁਤੀਆਂ ਧਾਰਮਕ ਸੰਸਥਾਵਾਂ ਅਤੇ ਸਮੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੁਰਾਣੀਆਂ ਸਿੱਖ ਯਾਦਗਾਰਾਂ ਨੂੰ ਮਿਟਾਉਣ ਲਈ ਜ਼ੋਰ-ਸ਼ੋਰ ਨਾਲ ਲੱਗੀਆਂ ਹੋਈਆਂ ਹਨ। ਸਾਡੀ ਅਜੋਕੀ ਲੀਡਰਸ਼ਿਪ ਗੈਰਾਂ ਦੀ ਵਾਹ-ਵਾਹ ਖੱਟਣ ਵਾਸਤੇ ਇਸ ਦਿਸ਼ਾ ਵਿਚ ਮੋਢੀ ਦੀ ਭੂਮਿਕਾ ਨਿਭਾ ਰਹੀ ਹੈ। ਸਿੱਖ ਸੰਸਥਾਵਾਂ ਉਤੇ ਸਿੱਖ ਵਿਰੋਧੀ ਲੋਕਾਂ ਦਾ ਕਬਜ਼ਾ ਹੁੰਦਾ ਜਾ ਰਿਹਾ ਹੈ।

6. ਫਿਰਕਾਪ੍ਰਸਤ ਸ਼ਹਿ 'ਤੇ ਲਿਖੀਆਂ ਜਾ ਰਹੀਆਂ ਕਿਤਾਬਾਂ, ਰਸਾਲਿਆਂ ਅਤੇ ਸਕੂਲਾਂ-ਕਾਲਜਾਂ ਦੀਆਂ ਪਾਠ-ਪੁਸਤਕਾਂ ਵਿਚ ਗੁਰਬਾਣੀ ਅਤੇ ਸਿੱਖ ਇਤਿਹਾਸ ਨੂੰ ਤਰੋੜ-ਮਰੋੜ ਕੇ, ਗਲਤ



ਢੰਗ ਨਾਲ ਪੇਸ਼ ਕੀਤਾ ਜਾ ਰਿਹਾ ਹੈ ਅਤੇ ਸਿੱਖ ਬੱਚਿਆਂ ਨੂੰ ਬਚਪਨ ਵਿਚ ਹੀ ਸਿੱਖ ਵਿਰਸੇ ਬਾਰੇ ਗਲਤ ਅਤੇ ਢਾਹੂ ਜਾਣਕਾਰੀ ਦਿੱਤੀ ਜਾ ਰਹੀ ਹੈ ਤਾਂ ਜੋ ਉਹ ਆਪਣੇ ਇਤਿਹਾਸਕ ਵਿਰਸੇ, ਸਾਹਿਤ, ਸਭਿਆਚਾਰ ਅਤੇ ਇਤਿਹਾਸਕ ਯਾਦਗਾਰਾਂ ਤੋਂ ਹਮੇਸ਼ਾ ਲਈ ਦੂਰ ਹੋ ਜਾਣ।

7. ਸਕੂਲਾਂ-ਕਾਲਜਾਂ ਵਿਚ ਨੌਜਵਾਨ ਬੱਚਿਆਂ ਅਤੇ ਬੱਚੀਆਂ ਨੂੰ ਸਿੱਖ ਸਰੂਪ ਅਤੇ ਸਿੱਖੀ ਅਸੂਲਾਂ ਤੋਂ ਦੂਰ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਦਾ ਅਸਰ ਉਨ੍ਹਾਂ ਦੇ ਚਾਲ-ਚਲਨ ਨੂੰ ਪ੍ਰਭਾਵਿਤ ਕਰ ਕੇ ਉਨ੍ਹਾਂ ਨੂੰ ਗੁਰਬਾਣੀ ਦੁਆਰਾ ਵਿਖਾਏ ਰਾਹ ਤੋਂ ਦੂਰ ਲੈ ਕੇ ਜਾ ਰਿਹਾ ਹੈ। ਵਿਸ਼ੇਸ਼ ਤੌਰ 'ਤੇ ਸਿੱਖ ਬੱਚੀਆਂ ਦੇ ਉਚੇ-ਸੁੱਚੇ ਕਿਰਦਾਰ ਨੂੰ ਵਿਗਾੜ ਕੇ ਉਨ੍ਹਾਂ ਦਾ ਜੀਵਨ ਨਸ਼ਟ ਕੀਤਾ ਜਾ ਰਿਹਾ ਹੈ।

8. ਖ਼ਾਲਸਾ ਸਕੂਲਾਂ ਤੇ ਕਾਲਜਾਂ ਵਿਚ ਸਿੱਖੀ ਮਾਹੌਲ ਦੀ ਥਾਂ ਨਾਸਤਕ ਪ੍ਰਭਾਵ ਦਾ ਬੋਲਬਾਲਾ ਹੈ ਜਦਕਿ ਇਨ੍ਹਾਂ ਨੂੰ ਸਿੱਖੀ ਪ੍ਰਚਾਰ ਦਾ ਮੂਲ ਸੋਮਾ ਹੋਣਾ ਚਾਹੀਦਾ ਹੈ। ਇਸ ਦਾ ਮੂਲ ਕਾਰਨ ਇਨ੍ਹਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਅਧਿਆਪਕਾਂ ਦਾ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਨਾ ਹੋਣਾ, ਆਪਣੇ ਨਿਜੀ-ਹਿਤਾਂ ਲਈ ਹਮੇਸ਼ਾ ਝਗੜਦੇ ਰਹਿਣਾ ਅਤੇ ਨਾਸਤਕ ਪ੍ਰਭਾਵਾਂ ਵਾਲੇ ਲੋਕਾਂ ਨੂੰ ਅਧਿਆਪਕ ਨਿਯੁਕਤ ਕਰਨਾ ਹੈ। ਇਨ੍ਹਾਂ ਸੰਸਥਾਵਾਂ ਵਿਚ ਅਜਿਹੇ ਲੋਕ ਜ਼ਿਆਦਾ ਹਨ ਜਿਹੜੇ ਮੁੱਢੋਂ ਹੀ ਸਿੱਖੀ ਦੇ ਵਿਰੁਧ ਹਨ।

9. ਸਿੱਖ ਸੰਗਤਾਂ ਗੁਰਦੁਆਰਿਆਂ ਵਿਚ ਇਕੱਠੀਆਂ ਹੋਇਆ ਕਰਨ ਅਤੇ ਆਪਣੇ ਭਵਿੱਖ ਦੇ ਫ਼ੈਸਲੇ ਆਪ ਕਰਿਆ ਕਰਨ। ਮੌਜੂਦਾ ਸਮੇਂ ਦੀਆਂ ਔਕੜਾਂ ਦੂਰ ਕਰਨ ਲਈ ਅਤੇ ਇਕ ਦੂਜੇ ਦੇ ਔਖੇ ਸਮੇਂ ਕੰਮ ਆਉਣ ਨੂੰ ਪਹਿਲ ਦੇਣ।

10. "ਨ ਹਮ ਹਿੰਦੂ ਨ ਹਮ ਮੁਸਲਮਾਨ" ਦੇ ਮਹਾਂ ਵਾਕ ਦੇ ਬਾਵਜੂਦ ਸਿੱਖ ਧਰਮ ਨੂੰ ਹਿੰਦੂ ਮਤ ਦੀ ਇਕ ਸ਼ਾਖ ਦੇ ਤੌਰ 'ਤੇ ਪ੍ਰਚਾਰਿਆ ਜਾ ਰਿਹਾ ਹੈ।

11. ਸ਼ਹਿਰੀ ਸਿੱਖ ਪਰਿਵਾਰਾਂ ਅੰਦਰ ਹਿੰਦੀ ਬੋਲਣ ਦਾ ਰੁਝਾਨ ਵਧਦਾ ਜਾ ਰਿਹਾ ਹੈ। ਉਹ ਆਪਣੀ ਮਾਤ-ਭਾਸ਼ਾ ਪੰਜਾਬੀ ਅਤੇ ਸਿੱਖ ਸਭਿਆਚਾਰ ਤੋਂ ਦੂਰ ਹੁੰਦੇ ਜਾ ਰਹੇ ਹਨ। ਸਿੱਖ ਪਰਿਵਾਰ ਇਸ ਪਾਸੇ ਧਿਆਨ ਦੇਣ ਅਤੇ ਆਪਣੇ ਪਰਿਵਾਰਾਂ ਵਿਚ ਆਪਣੀ ਮਾਂ-ਬੋਲੀ ਨੂੰ ਪੜ੍ਹਨ, ਲਿਖਣ ਤੇ ਬੋਲਣ ਵਿਚ ਲਿਆਉਣ ਲਈ ਅੱਜ ਤੋਂ ਹੀ ਜੁਟ ਜਾਣ।

12. ਅੱਜ-ਕੱਲ੍ਹ ਬਹੁਤੀਆਂ ਪੰਜਾਬੀ ਅਖਬਾਰਾਂ ਵੀ ਸਿੱਖਾਂ ਦੇ ਵਿਰੁਧ ਹਨ। ਦੂਜੀਆਂ ਅਖਬਾਰਾਂ ਸਿੱਖਾਂ ਦੀ ਗੱਲ ਨਹੀਂ ਕਰਦੀਆਂ। ਇਸ ਸਬੰਧੀ ਸਿੱਖ ਆਪਣੀ ਜਾਣਕਾਰੀ ਆਪਸ ਵਿਚ ਮਿਲ ਕੇ ਇਕ ਦੂਜੇ ਤੋਂ ਇਕੱਤਰ ਕਰਿਆ ਕਰਨ। ਭਵਿੱਖ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਆਜ਼ਾਦ ਸਿੱਖ ਮੀਡੀਆ ਕਾਇਮ ਕਰਨ ਦੀ ਅਤਿ ਜ਼ਰੂਰੀ ਲੋੜ ਪੂਰੀ ਕਰਨ ਲਈ ਹਰ ਸੰਭਵ ਉਪਰਾਲਾ ਕਰਨਾ ਚਾਹੀਦਾ ਹੈ।

13. ਜੋ ਸਿੱਖ-ਵਿਰੋਧੀ ਸਮਾਜੀ ਤੇ ਸਿਆਸੀ ਹਮਲੇ ਹੋ ਰਹੇ ਹਨ, ਉਨ੍ਹਾਂ ਦਾ ਵਿਰੋਧ ਸਿੱਖ ਸੰਗਤਾਂ ਧਾਰਮਕ ਸਮਾਗਮਾਂ ਅਤੇ ਕੀਰਤਨ ਦਰਬਾਰਾਂ ਵਿਚ ਕਰਿਆ ਕਰਨ ਅਤੇ ਸਿੱਖੀ ਸਬੰਧੀ ਉਸਾਰੂ ਵਿਚਾਰਾਂ ਦੇ ਪ੍ਰਚਾਰ ਹਿਤ ਯੋਗ ਪ੍ਰਬੰਧ ਕਰਨ ਲਈ ਪ੍ਰਬੰਧਕਾਂ ਤੋਂ ਜ਼ੋਰਦਾਰ ਮੰਗ ਨਿਰੰਤਰ ਕਰਦੀਆਂ ਰਿਹਾ ਕਰਨ।

14. ਪੰਥ ਦੇ ਉਜਲੇ ਭਵਿੱਖ ਦੀ ਕਾਮਨਾ ਕਰਨ ਵਾਲੇ ਸਿੱਖ ਨਾ ਕੇਵਲ ਧਾਰਮਕ ਮਾਮਲਿਆਂ ਵਿਚ ਅੱਗੇ ਆ ਕੇ ਆਪਣੀ ਜ਼ਿੰਮੇਵਾਰੀ ਸੰਭਾਲਣ ਬਲਕਿ ਇਸ ਦੇ ਨਾਲ-ਨਾਲ ਰਾਜਸੀ ਮਾਮਲਿਆਂ 'ਚ ਅੱਗੇ ਆਉਣ ਤਾਂ ਜੋ ਸਮਾਜਕ ਢਾਂਚੇ ਨੂੰ ਚੰਗੇਰਾ ਬਣਾਇਆ ਜਾ ਸਕੇ ਅਤੇ ਭ੍ਰਿਸ਼ਟ ਸਿੱਖ ਆਗੂਆਂ ਨੂੰ ਇਸ ਖੇਤਰ ਤੋਂ ਬਾਹਰ ਕੀਤਾ ਜਾ ਸਕੇ।

15. ਸਿੱਖਾਂ ਦੇ ਰਾਜਸੀ ਤੇ ਧਾਰਮਕ ਆਗੂਆਂ ਦੇ ਕਿਰਦਾਰ ਵਿਚ ਬਹੁਤ ਵੱਡੀ ਗਿਰਾਵਟ ਆ ਚੁੱਕੀ ਹੈ। ਉਹ ਕੇਵਲ ਰਾਜਸੀ ਚੌਧਰ ਨੂੰ ਕਾਬੂ ਕਰਨ ਅਤੇ ਨਿਜੀ ਹਿਤਾਂ ਨੂੰ ਪੂਰਾ ਕਰਨ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ। ਇਨ੍ਹਾਂ ਕੋਲੋਂ ਕਿਸੇ ਕਿਸਮ ਦੀ ਪੰਥਕ ਭਲਾਈ ਦੀ ਆਸ ਰੱਖਣੀ ਠੀਕ ਨਹੀਂ। ਇਸ ਲਈ ਪੰਥ ਪ੍ਰਤੀ ਵਫਾਦਾਰ ਰਹਿਣ ਵਾਲੀ ਨਵੀਂ, ਗੁਰੂ ਨੂੰ ਸਮਰਪਿਤ, ਲੀਡਰਸ਼ਿਪ ਨੂੰ ਉਭਾਰਨ ਲਈ ਸਮੂਹ ਸੰਗਤਾਂ ਇਕਜੁੱਟ ਹੋ ਕੇ ਅੱਗੇ ਆਉਣ।

16. ਪੰਥ ਨੂੰ ਦਰਪੇਸ਼ ਮਸਲਿਆਂ ਦੇ ਹੱਲ ਲੱਭਣ ਲਈ ਮਿਲ ਬੈਠ ਕੇ ਗੁਰਮਤਾ ਕਰਨ ਦੀ ਪਰੰਪਰਾ ਨੂੰ ਲਾਗੂ ਕੀਤਾ ਜਾਵੇ।

17. ਸਿੱਖ ਮਾਤਾਵਾਂ ਅਠਾਰ੍ਹਵੀਂ ਸਦੀ ਦੀਆਂ ਮਾਂਵਾਂ ਦੀ ਤਰ੍ਹਾਂ ਆਪਣੇ ਬੱਚਿਆਂ-ਬੱਚੀਆਂ ਨੂੰ ਗੁਰੂ ਨਾਨਕ ਸਚੁ ਨਾਲ ਜੋੜਨ ਲਈ ਆਪਣੇ ਸ਼ਾਨਦਾਰ ਵਿਰਸੇ ਵਲ ਪਰਤਣ ਦੀਆਂ ਪਰੰਪਰਕ ਰਵਾਇਤਾਂ ਨੂੰ ਕਾਇਮ ਕਰਨ।

ਤਾਏ ਨੌਰੀਏ ਦੀ ਚਿੱਠੀ

# ਹੁਣ ਤਾਂ ਬਾਈ ਪੋਸਤ ਵੀ ਮੋਬਾਈਲਾਂ 'ਤੇ ਵਿਕਦੈ

ਗੱਜਣ ਵਾਲਾ ਸੁਖਵਿੰਦਰ
ਫੋਨ: 224-365-4283

ਲਿਖ ਬਾਈ ਲਾਟੂ ਭਤੀਜ ਚਿੱਠੀ, "ਲਿਖਤੁਮ ਨਾਹਰ ਸਿਹੁੰ। ਅੱਗੇ ਮਿਲੇ ਸਮੁੰਦਰ ਪਾਰ ਬੈਠੇ ਤੇਰੇ ਚਾਚੇ ਹਰਨੇਕ ਸਿਹੁੰ ਨੂੰ।"

"ਪਰਦੇਸਾਂ 'ਚ ਰਹਿੰਦਿਆਂ ਹਰਨੇਕ ਸਿੰਹਾਂ ਬਾਪੂ ਟੁਰ ਗਿਆ ਸੀ, ਸਭ ਨੇ ਟੁਰ ਜਾਣਾ। ਆਪਣੀ ਜ਼ਮੀਨ ਦਾ ਖਾਤਾ ਹੋ ਗਿਆ। ਕੁੜੀਆਂ ਬਿਆਨ ਦੇ ਗਈਆਂ ਸੀ। ਪੈਲੀ ਆਪਣੇ ਸਾਰੇ ਭਰਾਵਾਂ ਦੇ ਨਾਂ ਚੜ੍ਹ ਗਈ ਐ। ਮੈਂ ਤਾਂ ਕਿਹਾ ਸੀ- ਕੰਨ ਨਹੀਂ ਰੰਨ ਨਹੀਂ, ਆਵਦੇ ਨਾਂ ਲੁਆ ਕੇ ਕੇਹੜਾ ਮੈਂ ਬੈਂਕ ਤੋਂ ਲਿਮਟਾਂ ਬੰਨ੍ਹਾਉਣੀਆਂ। ਪਰ ਵੱਡੀ ਭੈਣ ਭੂਰੋ ਆਂਹਦੀ ਵੇਖੀਂ ਬਈ ਹੱਥ ਨਾ ਵਢਾ ਲਈਂ, ਮੁੜ ਕੇ ਤੈਨੂੰ ਕਿਸੇ ਨੇ ਸਿਆਨਣਾ ਨਹੀਂ।"


"ਬਾਕੀ ਬਾਈ ਲੱਕ ਤੋਂ ਉਪਰ-ਉਪਰ ਸਾਰਾ ਕੁਝ ਠੀਕ ਐ, ਪੋਸਤ ਨੇ ਗੋਡਿਆਂ 'ਚ ਰੇਸ਼ਾ ਜੇਹਾ ਬਣਾ'ਤਾ ਲੱਗਦੈ। ਕਿਤੇ ਕਿਤੇ ਉਠੀਦਾ ਤਾਂ ਚਸਕਾਂ ਜਿਹੀਆਂ ਪੈਣ ਲੱਗ ਪੈਂਦੀਆਂ। ਨਿਗ੍ਹਾ ਦੂਰ ਦੀ ਤਾਂ ਕੈਅਮ ਐ, ਐਥੋਂ ਘਰੋਂ ਬੈਠੀਆਂ ਹੀ ਖੇਤ 'ਚ ਐਰੀਆਂ ਗੈਰੀਆਂ ਜਿਹੀਆਂ ਸਾਗ ਤੋੜੀ ਜਾਂਦੀਆਂ ਦਿਸ ਪੈਂਦੀਆਂ। ਸਰ੍ਹੋਂ ਦੀਆਂ ਚਾਰ ਚੀਰਨੀਆਂ ਦੀ ਗੱਲ ਨਹੀਂ, ਕਣਕ ਦਾ ਜੋ ਉਜਾੜਾ ਕਰਦੀਆਂ ਉਦੋਂ ਵੱਟ ਜਿਹਾ ਖਾ ਕੇ ਜੀਅ ਕਰਦੈ ਬਈ ਖੇਤ ਦੇ ਦੋਨੋਂ ਪਾਸੀਂ ਝਾਪੇ ਲਾ ਕੇ ਏਹਨਾਂ ਦਾ ਆਉਣਾ-ਜਾਣਾ ਬੰਦ ਕਰ ਦਿਆਂ। ਹਾਂ, ਨੇੜੇ ਦੀ ਨਿਗ੍ਹਾ ਬਹੁਤ ਘਟ ਗਈ ਐ। ਰੋਟੀ ਖਾਣ ਵੇਲੇ ਦਾਲ ਦੀ ਕੌਲੀ ਹੱਥ ਦੀ ਤਲੀ 'ਤੇ ਰੱਖ ਕੇ ਮੂੰਹ ਦੇ ਨੇੜੇ ਕਰਕੇ ਬੁਰਕੀ ਭਰਨੀ ਪੈਂਦੀ ਹੈ।"

"ਬਾਕੀ ਬਾਈ ਮੈਂ ਸੁਣਿਐ, ਆਪਣੀ ਭੂਰੋ ਹੀ ਦੱਸਦੀ ਸੀ ਬਈ ਤੂੰ ਦਾਰੂ ਛੱਡਣ ਦਾ ਮਨ ਜਿਹਾ ਬਣਾਈ ਫਿਰਦੈ। ਵੇਖੀਂ ਕਿਤੇ ਭੁੱਲ ਕੇ ਵੀ ਇਹ ਕੰਮ ਨਾ ਕਰ ਬੈਠੀਂ। ਪਾਗਲਾ ਜਿਦੇਂ ਤੂੰ ਏਹਨੂੰ ਛੱਡ'ਤਾ ਸਮਝ ਲੈ ਉਸ ਦਿਨ ਤੋਂ ਤੇਰੇ ਕੋਲੋਂ ਏਹ ਦੁਨੀਆਂ ਦੀਆਂ ਸਾਰੀਆਂ ਰੰਗੀਨੀਆਂ ਗੁਆਚ ਜਾਣੀਆਂ। ਨਾਗਾ ਨੂਗਾ ਪਾ ਲਿਆ ਕਰ। ਪੀਣੀ ਘੱਟ ਕਰ ਲੈ, ਪਰ ਵੇਖੀ ਬਾਈ ਛੱਡੀਂ ਨਾ। ਜਿੱਦੇਂ ਨੇਕ ਤੂੰ ਛੱਡ'ਤੀ ਨਾ ਤਾਂ ਤੈਨੂੰ ਦੁਨੀਆਂ ਦੇ ਸਾਰੇ ਰੰਗ ਈ ਫੋਕੜ ਜਿਹੇ ਲੱਗਣ ਲੱਗ ਪੈਣਗੇ। ਆਹ ਲਾਟੂ ਕਿਤੇ ਕਿਤੇ ਗਲਾਸੀ ਨਾਲ ਉਬਲਿਆ ਜਿਹਾ ਆਂਡਾ ਦੇ ਜਾਂਦਾ ਨਾ, ਧਰਮ ਨਾਲ ਜੈਅਕੇ ਹੀ ਹੋਰ ਹੋ ਜਾਂਦੇ ਐ।"

"ਨਾਲੇ ਬਾਈ ਨੇਕ ਕੱਲ੍ਹ ਨੂੰ ਤੂੰ ਸੁੱਖ ਨਾਲ ਧੀ-ਪੁੱਤਾਂ ਦੀਆਂ ਮੰਗਣੀਆਂ-ਸੰਗਣੀਆਂ ਕਰਨੀਆਂ ਹੈਗੀਆਂ। ਰੌਣਕਾਂ 'ਤੇ ਹੱਸਦੇ ਖੇਡਦੇ ਹੀ ਚਿਹਰੇ ਸੋਹਣੇ ਲੱਗਦੇ ਹੁੰਦੇ ਆ। ਪਤੰਦਰਾ ਮੁਰਗੇ-ਮੱਛੀ ਖਾਂਦੇ ਕੁੜਮਾਚਾਰੀਆਂ 'ਚ ਮਸੋਸਿਆ ਜਿਹਾ ਮੂੰਹ ਬਣਾਈ ਬੈਠਾ ਸੋਹਣਾ ਲੱਗੇਂਗਾ। ਵੇਖ ਉਏ, ਜਦੋਂ ਨਵੀਂ ਕਰੂੰਬਲ ਫੁਟਦੀ ਐ ਨਾ ਉਹ ਪੁਰਾਣੇ ਪੱਤੇ ਨੂੰ ਧੱਕ ਕੇ ਪਰਾਂ ਮਾਰਦੀ ਐ। ਏਵੇਂ ਆਪਣੀ ਪੰਜਾਬੀ ਬਾਈਆਂ ਦੀ ਦੁਨੀਆਂ ਵੀ ਚੜ੍ਹਦੇ ਪਾਸੇ ਵਾਂਗੂੰ ਦਿਨੋਂ ਦਿਨ ਨਿਖਰਦੀ ਤੁਰੀ ਆਉਂਦੀ ਐ। ਨਵੇਂ ਫੈਸ਼ਨਾਂ 'ਚ ਪਠੀਰ ਜਿਹੇ ਮੁੰਡੇ-ਕੁੜੀਆਂ, ਸਹੁਰੇ ਛੋਟੋ ਛੋਟੇ ਬਰੈਲਰਾਂ ਵਰਗੇ ਮੋਹਖੋਰੇ ਹੀ ਬਹੁਤ ਲੱਗਦੇ ਆ। ਬਾਈ ਕਦੇ ਕਦੇ ਆਹ ਲਾਟੂ ਭਤੀਜ ਮਣਕੇ, ਗਾਨੀਆਂ, ਮੋਰਨੀਆਂ, ਮੌੜ ਦੀਆਂ ਪੱਗਾਂ ਦੀ ਨੱਚਣ-ਟੱਪਣ ਦੀ ਰੀਲ ਜਿਹੀ ਪਾ ਕੇ ਚਲਾਉਂਦਾ ਐ ਨਾ ਤਾਂ ਵੇਖ ਰੂਹ ਰੱਜ ਜਾਂਦੀ ਆ।"

"ਬਾਕੀ ਬਾਈ ਲੋਕੀਂ ਸਾਨੂੰ ਭੁੱਕੀਆਂ ਫੀਮਾਂ ਖਾਣ ਵਾਲਿਆਂ ਨੂੰ ਠਿੱਠ ਬਹੁਤ ਕਰਨ ਲੱਗ ਪਏ ਆ। ਸਾਡੇ 'ਤੇ ਤਵੇ ਲਿਖਦੇ ਆ। ਏਹ ਸਾਨੂੰ ਕਹਿੰਦੇ ਤਾਂ ਆਵਦੇ ਜਾਣੇ ਅਨਿੱਖੜਵਾਂ ਹੁੰਦੇ ਆ ਪਰ ਸਾਨੂੰ ਐਂ ਲੱਗ ਰਿਹਾ ਹੁੰਦਾ ਜਿਵੇਂ ਏਹ ਨਿੱਖੜਵਾਂ ਅੰਗ ਕਹਿ ਰਹੇ ਹੋਣ ਸਮਾਜ ਦਾ। ਗੀਤਾਂ ਦੇ ਮੁਖੜਿਆਂ 'ਚ ਸਾਡੇ ਹਵਾਲੇ ਦੇ ਦੇ ਆਖਦੇ ਆ- ਪੀਂਗਾਂ ਪੈ ਜਾਂਦੀਆਂ, ਦਾੜ੍ਹੀਆਂ ਮੋਰ ਵਰਗੀਆਂ ਬਣਾ ਕੇ ਰੱਖਦੇ, ਤਖਤਿਆਂ 'ਚ ਮੋਰੀਆਂ ਰੱਖੀਆਂ ਏਹਨਾਂ ਨੇ। ਵੇਖੋ ਯਾਰੋ ਲੋਕਾਂ ਵਾਂਗੂੰ ਹੀ ਗੁਰੂ ਘਰੀਂ ਪੂਰਾ ਲਿਫ ਕੇ ਮੱਥਾ ਟੇਕੀ ਦਾ, ਪੂਰਾ ਝੁਕ ਕੇ। ਉਸ ਨੀਲੀ ਛਤਰੀ ਵਾਲੇ ਕੋਲੋਂ ਜੀਅ ਜਨੌਰ ਸਭ ਨੂੰ ਦੇਈਂ-ਮਹੇਸ਼ਾਂ ਏਹਾ ਹੀ ਸੁੱਖ ਮੰਗੀਦੀ ਐ। ਬੰਬਲ, ਪਿੰਨੇ, ਜੁਆਕ ਵਰਾਈਦੇ ਆ, ਖਿਡਾਈਦੇ ਆ। ਤੇ ਜਦੋਂ ਨਿੱਕ-ਸੁੱਕ ਬਿਜਲੀ ਦੇ ਬਿਲ ਤਾਰਨੇ ਹੁੰਦੇ ਆ, ਉਦੋਂ ਸੈਕਲ ਫੜਾ ਕੇ, ਸਾਡੇ ਵਰਗਿਆਂ ਨੂੰ ਬਾਘੇਆਲੇ ਵੱਲ ਤੋਰ ਦਿੰਦੇ ਆ। ਹੱਡ ਗੋਡੇ, ਕੱਠੇ ਕਰਕੇ ਜੰਗਲ ਪਾਣੀ ਮਸਾਂ ਜਾਈਦਾ, ਬੇਫਜ਼ੂਲ 'ਚ ਹੀ ਬਾਈ ਹੇਠੀ ਬਹੁਤ ਕਰੀ ਜਾਂਦੇ ਐ।"

"ਬਾਈ ਨੇਕ...ਆਪਣੇ ਚੌੜੀ ਪੂਛ ਵਾਲਿਆਂ ਦੀ ਬੁੜ੍ਹੀ ਹੁੰਦੀ ਸੀ ਨਾ ਹਰਨਾਮੀ। ਉਹ ਮਰ'ਗੀ। ਬਹੁਤ ਕਾਢੂ ਸੀ। ਆਵਦੇ ਹੱਥੀਂ ਵਾਹੀਆਂ ਕਰਕੇ ਘਰ ਦਾ ਮੂੰਹ ਸਵਾਰ ਕੇ ਰੱਖ'ਤਾ ਸੀ। ਪਿੱਛੇ ਜਿਹੇ ਅਧਰੰਗ ਦਾ ਟੈਕ ਹੋਣ ਨਾਲ ਜਦ ਉਸ ਦਾ ਪਾਸਾ ਜਿਹਾ ਖੜਨ ਲੱਗਾ ਸੀ ਤਾਂ ਅਸੀਂ ਤਿੰਨਾਂ-ਚਾਰਾਂ ਨੇ ਵਿਚਾਰ ਕਰਕੇ ਝੱਬਦੇ ਹੀ ਮਾਵੇ ਘੋਲ ਕੇ ਬਚਦੀ ਕਰ'ਤੀ ਸੀ। ਸਾਡੇ ਕਹਿਣ 'ਤੇ ਉਹ ਬਾਜਰੇ ਜਿੰਨੀ ਖਾਣ ਲੱਗ ਪਈ ਸੀ। ਪ ਰ ਬੁੜ੍ਹੀਆਂ ਦ ਾ



ਦਿਲ ਥੋੜ੍ਹਾ ਹੁੰਦਾ। ਡਰ'ਗੀ, ਕਿਤੇ ਮੈਂ ਪੱਕ ਹੀ ਨਾ ਜਾਵਾਂ। ਬਸ ਕਜੂੰਸੀ ਨੇ ਈ ਮਾਰ'ਤੀ।"

ਤਾਂ ਲੰਬਾ ਸਾਹ ਲੈ ਕੇ ਲਾਟੂ ਬੋਲਿਆ, "ਤਾਇਆ ਹੁਣ ਬਸ ਕਰ ਬਾਕੀ ਦੀ ਕੱਲ੍ਹ ਨੂੰ ਸਵਖਤੇ ਲਿਖ ਦੂੰ'ਗਾ। ਮੈਂ ਵੀ ਹੁਣ ਖੇਡਣ ਜਾਣੈ।"

"ਲਾਟੂਆ ਲਾਟੂਆ ਮੈਂ ਸਭ ਜਾਣਦਾਂ, ਇਕ ਦਿਨ ਨਾ ਖੇਡੇਂਗਾ ਤੈਨੂੰ ਕਬਜ਼ੀ ਨਹੀਂ ਹੋਣ ਲੱਗੀ। ਚੱਕ ਦੋ ਰੁਪਏ ਤੇ ਲਿਖ ਅੱਗੇ ਦੋ ਕੁ ਹੀ ਤਾਂ ਗੱਲਾਂ ਲਿਖਣ ਵਾਲੀਆਂ ਰਹਿ'ਗੀਆਂ।"

'ਨੇਕ! ਭਾਨੋ ਦਾ ਭਗਤਾ ਵੀ ਪਿਛਲੇ ਮਹੀਨੇ ਉਡ ਗਿਆ। ਮਹੀਆਂ ਚਾਰਦੇ ਨੂੰ ਹੀ ਨਸ਼ਿਆਂ ਨੇ ਡੰਗ'ਤਾ ਸੀ। ਵਧੀਆ ਗਣਵੰਤਰੀ, ਪਿੰਗਲ ਪੜ੍ਹਿਆ ਸੀ। ਕੜੇ 'ਚ ਕੜਾ ਬਹਾਈ ਤੁਰਿਆ ਆਉਂਦਾ ਹੁੰਦਾ ਸੀ। ਅਲਾਦ ਬਈ ਉਹਦੀ ਬਹੁਤ ਸਲੱਗ ਨਿਕਲੀ ਸੀ। ਇਕ ਦਿਨ ਵੀ ਨਸ਼ੇ ਵਲੋਂ ਟੋਟ ਨਹੀਂ ਸੀ ਆਉਣ ਦਿੱਤੀ। ਪਰ ਸਹੁਰਿਆਂ ਨੇ ਫੂਕਣ ਵੇਲੇ ਇਕ ਗੱਲ ਬਹੁਤ ਮਾੜੀ ਕੀਤੀ। ਚਾਰ-ਪੰਜ ਛਟਾਂਕਾਂ ਦੇ ਵਾਰਾ ਬਹੁਤ ਖਰਾ ਮਾਲ ਕਾਂ ਦੇ ਸਿਰ ਵਰਗੀ ਫੀਮ ਦਾ ਘਰੇ ਪਿਆ ਸੀਗਾ। ਉਹਦੀ ਦੇਹ ਦੇ ਨਾਲ ਹੀ ਸਿਵੇ 'ਚ ਰੱਖ'ਤੀ, ਮਰਨ ਵਾਲੇ ਦੀ ਨਿਗ੍ਹਾ ਕਿਤੇ ਘਰ 'ਚ ਪਿਛੇ ਹੀ ਨਾ ਰਹਿ'ਜੇ। ਬਾਹਲਾ ਮਾੜਾ ਕੀਤਾ ਕਿਸੇ ਇਨਸਾਨ ਅਮਲੀ ਦਾ ਭਲਾ ਹੋ ਜਾਂਦਾ ਚਾਰ ਸੀਸਾਂ ਮਿਲਣੀਆਂ ਸੀ। ਅਗ 'ਚ ਸਿਟ ਕੇ ਕੀ ਮਿਲਿਆ।"

ਅੱਗੇ ਲਿਖ ਬਈ ਲਾਟੂ ਬਦਮਾਸ਼ਾ 'ਨੇਕ ਸਿੰਹਾ! ਸਾਰੀਆਂ ਗੱਲਾਂ ਖੁਸ਼ ਮਨਾਂ ਦੀਆਂ ਹੁੰਦੀਆਂ। ਅਸੀਂ ਤਿੰਨ-ਚਾਰ ਜੋਟੀਦਾਰਾਂ ਨੇ ਬੋਹੜ ਥੱਲੇ ਬੈਠਿਆਂ ਪਿੰਡ ਦੇ ਘਰ ਘਰ 'ਚ ਨਜ਼ਰ ਮਾਰ ਕੇ ਜੈਅਜਾ ਲਾਇਆ। ਬਈ ਸਾਡੀ ਸੁੱਕਾ ਸੀਦਾ ਖਾਣ ਵਾਲੀ ਦੁਨੀਆਂ ਦਾ ਕੋਈ ਵੀ ਨਗਰ ਨਾ ਤਾਂ ਮੰਜੇ 'ਤੇ ਡਿਗ ਕੇ ਛੀ ਛੀ ਮ੍ਹੀਨੇ ਵਿਲਕ ਵਿਲਕ ਕੇ ਪੂਰਾ ਹੋਇਆ ਤੇ ਨਾ ਹੀ ਸੱਤਰਾਂ ਵਰ੍ਹਿਆਂ ਤੋਂ ਘੱਟ ਉਮਰ ਦਾ ਹੋ ਕੇ ਮਰਿਆ। ਪੁਰਾਣੇ ਸਰਪੈਂਚ ਦੀ ਗੱਲ ਲੈ ਲੈ। ਪਾਕਿਸਤਾਨ ਬਣਨ ਤੋਂ ਪਹਿਲੇ ਵੇਲਿਆਂ ਤੋਂ ਖਾਂਦਾ ਤੁਰਿਆ ਆਉਂਦਾ ਸੀ। ਜਿਦੇਂ ਪੂਰਾ ਹੋਇਆ ਉਹਦਾ ਵੱਡਾ ਮੁੰਡਾ ਦੱਸਦਾ ਸੀ, ਬਾਪੂ ਪਚਾਸੀਵਾਂ ਟੱਪ ਗਿਆ ਸੀ। ਇਸ ਵਾਸਤੇ ਨੇਕ ਸਿੰਹਾਂ ਚਿੱਤ ਪ੍ਰਸਿੰਨ ਰਹੇ ਤਾਂ ਬੰਦੇ ਦੀ ਉਮਰ ਨੇ ਕਾਹਦਾ ਘਟਣਾ ਹੁੰਦਾ। ਵੇਖ ਐਵੇਂ ਤੂੰ ਕਿਸੇ ਦੇ ਮਗਰ ਨਾ ਲੱਗ ਜਾਈਂ ਕਿ ਇਹ ਲੀਵਰ ਜਿਗਰਾਂ ਤੇ ਅਸਰ ਕਰਦੂ-ਵੇਖੀਂ ਆਵਦਾ ਅੱਗਾ ਨਾ ਮਾਰ ਬੈਠੀਂ। ਸੌਦਾਗਰ ਦਾ ਜੱਗਾ ਪੌਣੀ ਪੌਣੀ ਪੀ ਕੇ ਅਜੇ ਵੀ ਸਿਉ ਵਰਗਾ ਪਿਆ। ਉਸ ਨੇ ਕਿੰਨੀ ਪੀਤੀ ਹੋਵੇ, ਰਾਤ ਨੂੰ ਰੋਟੀਆਂ ਦੀਆਂ ਬਾਉਂਡਰੀਆਂ ਜ਼ਰੂਰ ਠੋਕਦਾ, ਜਾਣੀ ਚਾਰ ਚਾਰ। ਪੀਰ ਥਾਲ ਥਾਲ ਰੋਟੀਆਂ ਦਾ ਰੰਬੜ ਦਿੰਦਾ। ਚੱਜ ਦੀ ਖੁਰਾਕ ਕਾਹਨੂੰ ਡੋਲਣ ਦਿੰਦੀ ਆ ਬੰਦੇ ਨੂੰ।"

ਲੈ ਬਈ ਲਾਟੂਆ ਅਖੀਰ 'ਚ ਆਵਦੇ ਟਰਾਂਟੋ ਵਾਲੇ ਚਾਚੇ ਨੂੰ ਲਿਖਦੇ, "ਬਾਈ ਨੇਕ ਸਿੰਹਾਂ! ਸੈਇੰਸ ਨੇ ਬਹੁਤ ਤਰੱਕੀ ਕਰ ਲਈ ਐ। ਜੋ ਪਿਛੇ ਤਕਲੀਫਾਂ ਝੱਲਣੀਆਂ ਸੀ, ਝੱਲ ਲਈਆਂ। ਪੋਸਤ ਵੇਚਣ ਵਾਲਿਆਂ ਦਾ ਕੰਮ ਬਹੁਤ ਸੌਖਾ ਹੋ ਗਿਆ। ਉਨ੍ਹਾਂ ਕੋਲ ਬੱਚੜਾ ਜਿਹਾ ਫੜਿਆ ਹੁੰਦਾ। ਜਦੋਂ ਕੋਈ ਪਿੱਛੇ ਖਤਰਾ ਬਣਦਾ, ਲੰਮੀਆਂ ਲੰਮੀਆਂ ਘੰਟੀਆਂ ਵੱਜਣ ਲੱਗ ਪੈਂਦੀਆਂ। ਪਿੱਛੇ ਮੋੜਾਂ 'ਤੇ ਖੜ੍ਹੇ ਵੇਚਣ ਵਾਲਿਆਂ ਦੇ ਬੰਦੇ ਅੱਧੇ ਮਿਨਟ 'ਚ ਫੂਨ ਠੋਕ ਦਿੰਦੇ ਆ-ਚੰਦਾ ਵਾਲੇ ਪਾਸਿਓਂ ਕਾਲਾ ਜਿਹਾ ਹੌਲਦਾਰ ਜੀਪ ਭਜਾਈ ਆ ਰਿਹਾ, ਟਿੰਡ ਫੌੜ੍ਹੀ ਲਵੇਟ ਕੇ ਦੋ ਮਿਨਟਾਂ 'ਚ ਪੱਤਰੇ ਵਾਚ ਜੋ।" ਵਾਰੇ ਵਾਰੇ ਜਾਈਏ ਬਈ ਨਵੀਆਂ ਨਵੀਆਂ ਸੈਇੰਸਾਂ ਦੇ ਪੋਸਤ ਨੇ ਵੀ ਨੇਕ, ਮੋਬਾਈਲਾਂ 'ਤੇ ਵਿਕਣਾ ਸੀ। "ਅਖੀਰ 'ਚ ਮੇਰਿਆ ਛੋਟਿਆ ਵੀਰਾਂ ਤੈਨੂੰ ਮੈਂ ਬਾਹਲਾ ਕੀ ਆਖਾਂ, ਦੁਨੀਆਂ ਬਹੁਤ ਹੀ ਖੂਬਸੂਰਤੀ ਭਰਿਆ ਮੇਲਾ ਐ। ਮੇਰੇ ਕਹੇ ਦੀ ਥੋੜ੍ਹੀ ਜੇਹੀ ਜ਼ਰੂਰ ਗੌਰ ਕਰ'ਲੀਂ। ਚੰਗਾ! ਉਤਲੇ ਦੀਆਂ ਖੈਰਾਂ ਤੇ ਬੇੜੇ ਪਾਰ...ਤੇਰਾ ਵੱਡਾ ਵੀਰ ਨਾਹਰ ਸਿਹੁੰ ਨੌਰੀਆ।"

# ਵਖਰੇ ਸੈਂਸਰ ਬੋਰਡ ਪਿਛੇ ਸ਼੍ਰੋਮਣੀ ਕਮੇਟੀ ਦਾ ਮਕਸਦ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇੱਕ ਖਬਰ, ਜਿਹੜੀ ਪੰਜਾਬੀ ਲੇਖਕਾਂ ਦਾ ਧਿਆਨ ਖਿੱਚਣ ਵਾਲੀ ਸੀ, ਵਿਚਾਰਨ ਦੀ ਥਾਂ ਅਣਗੌਲੀ ਜਿਹੀ ਕਰ ਦਿੱਤੀ ਗਈ ਜਾਪਦੀ ਹੈ। ਪੰਜਾਬੀ ਲੇਖਕਾਂ ਨੂੰ ਇਸ ਦੀ ਪੂਰੀ ਗੰਭੀਰਤਾ ਸਮਝ ਨਹੀਂ ਆਈ ਜਾਂ ਉਨ੍ਹਾਂ ਨੇ ਆਪਣਾ ਸਿਰ ਫਸਾਉਣ ਤੋਂ ਬਚਣ ਦਾ ਯਤਨ ਕੀਤਾ ਹੈ, ਇਹ ਤਾਂ ਪਤਾ ਨਹੀਂ ਪਰ ਇਸ ਵਿਹਾਰ ਤੋਂ ਸਾਨੂੰ ਹੈਰਾਨੀ ਹੋਈ ਹੈ। ਕੁਝ ਮੌਕੇ ਹੁੰਦੇ ਹਨ, ਜਦੋਂ ਚੁੱਪ ਰਹਿਣਾ ਵੀ ਇੱਕ ਤਰ੍ਹਾਂ ਗਲਤ ਕਦਮ ਦਾ ਸਮੱਰਥਨ ਕਰਨ ਵਾਂਗ ਹੁੰਦਾ ਹੈ। ਜਿਨ੍ਹਾਂ ਨੇ ਚੁੱਪ ਧਾਰੀ ਹੋਈ ਹੈ, ਸ਼ਾਇਦ ਉਹ ਨਾ ਚਾਹੁੰਦੇ ਹੋਏ ਵੀ ਇਸ ਗਲਤ ਕਦਮ ਦੇ ਸਮੱਰਥਕਾਂ ਨਾਲ ਖੜੋਨ ਲੱਗੇ ਹਨ। ਅਸੀਂ ਇਸ ਬਾਰੇ ਚੁੱਪ ਰਹਿਣ ਦੀ ਥਾਂ ਪਾਠਕਾਂ ਕੋਲ, ਅਤੇ ਲੇਖਕਾਂ ਕੋਲ ਵੀ ਆਪਣਾ ਪੱਖ ਰੱਖਣਾ ਚਾਹੁੰਦੇ ਹਾਂ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੋਹਰੀ ਦਾ ਬਿਆਨ ਆਇਆ ਹੈ ਕਿ ਫਿਲਮ ਸੈਂਸਰ ਬੋਰਡ ਵਰਗਾ ਇੱਕ ਸੈਂਸਰ ਬੋਰਡ ਹੁਣ ਉਹ ਵੀ ਬਣਾਉਣ ਲੱਗੇ ਹਨ। ਉਨ੍ਹਾਂ ਵੱਲੋਂ ਬਣਾਇਆ ਜਾ ਰਿਹਾ ਇਹ ਬੋਰਡ ਸਿੱਖੀ ਦੇ ਨਾਲ ਸਬੰਧਤ ਹਰ ਫਿਲਮ ਹੀ ਨਹੀਂ, ਸਿੱਖੀ ਬਾਰੇ ਛਪ ਰਹੀ ਹਰ ਨਵੀਂ ਕਿਤਾਬ ਦੀ ਘੋਖ ਵੀ ਕਰ ਕੇ ਫਿਰ ਇਹ ਫੈਸਲਾ ਦਿਆ ਕਰੇਗਾ ਕਿ ਉਹ ਰਿਲੀਜ਼ ਕਰਨ ਦੀ ਆਗਿਆ ਦੇਣੀ ਹੈ ਜਾਂ ਨਹੀਂ? ਕਾਰਨ ਇਸ ਦਾ ਇਹ ਦੱਸਿਆ ਗਿਆ ਹੈ ਕਿ ਕਈ ਵਾਰੀ ਕੁਝ ਲੋਕ ਇਹੋ ਜਿਹੀਆਂ ਫਿਲਮਾਂ ਬਣਾ ਦਿੰਦੇ ਹਨ, ਜਿਨ੍ਹਾਂ ਨਾਲ ਸਿੱਖੀ ਦਾ ਅਕਸ ਖਰਾਬ ਹੁੰਦਾ ਹੈ ਅਤੇ ਸਿੱਖਾਂ ਵਿਚ ਰੋਸ ਪੈਦਾ ਹੁੰਦਾ ਹੈ। ਨਵਾਂ ਸੈਂਸਰ ਬੋਰਡ ਅਜਿਹੀ ਨੌਬਤ ਨਹੀਂ ਆਉਣ ਦੇਵੇਗਾ।

ਮੁੱਦਾ ਸਿਰਸੇ ਵਾਲੇ ਡੇਰਾ ਸੱਚਾ ਸੌਦਾ ਦੇ ਮੁਖੀ ਦੀ ਫਿਲਮ 'ਮੈਸੰਜਰ ਆਫ ਗਾਡ' ਉਤੇ ਰੋਕ ਲਾਉਣ ਜਾਂ ਜਾਰੀ ਕਰਨ ਦੇ ਵਿਵਾਦ ਦਾ ਸੀ, ਜਿਹੜਾ ਫਿਲਮ ਸੈਂਸਰ ਬੋਰਡ ਵਿਚ ਵੀ ਚਲਾ ਗਿਆ ਤੇ ਕਾਨੂੰਨ ਦੀਆਂ ਅਦਾਲਤਾਂ ਤੱਕ ਵੀ ਗਿਆ। ਦੇਸ਼ ਦਾ ਕਾਨੂੰਨ ਹਰ ਕਿਸੇ ਉਤੇ ਲਾਗੂ ਹੁੰਦਾ ਹੈ। ਪੂਰੇ ਦੇਸ਼ ਵਿਚ ਕੋਈ ਇਹੋ ਜਿਹਾ ਸ਼ਖਸ ਨਹੀਂ, ਜਿਹੜਾ ਇਹ ਕਹਿੰਦਾ ਹੋਵੇ ਕਿ ਉਸ ਨੂੰ ਅਦਾਲਤਾਂ ਉਤੇ ਭਰੋਸਾ ਨਹੀਂ। ਫਿਰ ਜੋ ਅਦਾਲਤ ਕਹਿ ਦੇਵੇ, ਸਾਰੇ ਜਣੇ ਪ੍ਰਵਾਨ ਕਰ ਸਕਦੇ ਹਨ। ਇਹ ਗੱਲ ਹਰ ਕੇਸ ਉਤੇ ਲਾਗੂ ਹੁੰਦੀ ਹੈ। ਸ਼੍ਰੋਮਣੀ ਕਮੇਟੀ ਦਾ ਆਪਣਾ ਵੱਖਰਾ ਸੈਂਸਰ ਬੋਰਡ ਬਣਾਉਣ ਦਾ ਖਿਆਲ ਹੀ ਇਹ ਪ੍ਰਭਾਵ ਦਿੰਦਾ ਹੈ ਕਿ ਉਸ ਦੇ ਮੁਖੀ ਨੂੰ ਦੇਸ਼ ਦੇ ਸਮੁੱਚੇ ਸੰਵਿਧਾਨਕ ਢਾਂਚੇ ਉਤੇ ਮੁਕੰਮਲ ਭਰੋਸਾ ਨਹੀਂ। ਜਿਸ ਤਰ੍ਹਾਂ ਦੀ ਬੇਭਰੋਸਗੀ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਜ਼ਾਹਰ ਕਰਦੀ ਹੈ, ਉਸ ਤੋਂ ਵੱਧ ਬੇਭਰੋਸਗੀ ਤਾਂ ਖੁਦ ਸ਼੍ਰੋਮਣੀ ਕਮੇਟੀ ਬਾਰੇ ਜ਼ਾਹਰ ਕੀਤੀ ਜਾ ਸਕਦੀ ਹੈ। ਪਿਛਲੇਰੇ ਸਾਲ ਸ਼੍ਰੋਮਣੀ ਕਮੇਟੀ ਦੀ ਚੋਣ ਹੋਈ ਸੀ, ਉਸ ਦੀ ਨਵੀਂ ਚੁਣੀ ਕਮੇਟੀ ਅਜੇ ਤੱਕ ਜ਼ਿਮੇਵਾਰੀ ਨਹੀਂ ਸੰਭਾਲ ਸਕੀ, ਅਦਾਲਤ ਨੇ ਰੋਕਿਆ ਹੋਇਆ ਹੈ ਤੇ ਪੁਰਾਣੀ ਸ਼੍ਰੋਮਣੀ ਕਮੇਟੀ ਆਰਜ਼ੀ ਕਮੇਟੀ ਵਾਂਗ ਕੰਮ ਚਲਾ ਰਹੀ ਹੈ, ਪਰ ਛੜੱਪਾ ਵੱਡਾ ਮਾਰਨ ਤੁਰ ਪਈ ਹੈ।

ਸੈਂਸਰ ਬੋਰਡ ਬਣਾਉਣ ਦੇ ਇਸ ਮੁੱਦੇ ਉਪਰ ਵਿਚਾਰ ਦੌਰਾਨ ਅਸੀਂ ਕੁਝ ਗੱਲਾਂ ਹੋਰ ਚੇਤੇ ਕਰਾਉਣ ਦੀ ਲੋੜ ਸਮਝਦੇ ਹਾਂ। ਸ਼੍ਰੋਮਣੀ ਕਮੇਟੀ ਦੇ ਕੋਲ ਸ੍ਰੀ ਅਕਾਲ ਤਖਤ ਅਤੇ ਹੋਰ ਤਖਤ ਸਾਹਿਬਾਨ ਦੇ ਜਥੇਦਾਰਾਂ ਦੀ ਇੱਕ ਵੱਖਰੀ ਸੰਸਥਾ ਹੈ, ਜਿੱਥੇ ਉਹ ਸਿੱਖੀ ਬਾਰੇ ਕਈ ਫੈਸਲੇ ਕਰਦੇ ਹਨ। ਉਸ ਦਾ ਤਜਰਬਾ ਕੀ ਹੈ? ਨਾਨਕਸ਼ਾਹੀ ਕੈਲੰਡਰ ਜਦੋਂ ਲਾਗੂ ਕੀਤਾ ਗਿਆ ਸੀ, ਕਿਸੇ ਸੈਂਸਰ ਬੋਰਡ ਨਾਲੋਂ ਸਿੱਖਾਂ ਵਿਚ ਵੱਧ ਮਕਬੂਲ ਅਕਾਲ ਤਖਤ ਸਾਹਿਬ ਤੋਂ ਪ੍ਰਵਾਨਗੀ ਲੈ ਕੇ ਲਾਗੂ ਕੀਤਾ ਗਿਆ ਸੀ। ਫਿਰ ਨਤੀਜਾ ਕੀ ਨਿਕਲਿਆ? ਪੰਦਰਾਂ ਸਾਲ ਲੰਘਾ ਕੇ ਹੁਣ ਇਥੇ ਪਹੁੰਚ ਗਏ ਹਨ ਕਿ ਇਸ ਕੈਲੰਡਰ ਦਾ ਭੋਗ ਪਾ ਦਿੱਤਾ ਜਾਵੇ। ਅਕਾਲ ਤਖਤ ਸਾਹਿਬ ਤੇ ਤਖਤ ਸਾਹਿਬਾਨ ਦੇ ਜਥੇਦਾਰ ਵੀ ਸ਼੍ਰੋਮਣੀ ਕਮੇਟੀ ਹੀ ਆਪ ਚੁਣ ਕੇ ਅਤੇ ਬੜੇ ਸਤਿਕਾਰਤ ਵਿਦਵਾਨ ਦੱਸ ਕੇ ਨਿਯੁਕਤ ਕਰਦੀ ਹੈ, ਜਿਹੜੇ ਲੋਕਾਂ ਨੂੰ ਸੈਂਸਰ ਬੋਰਡ ਵਿਚ ਪਾਉਣਾ ਹੈ, ਉਹ ਵੀ ਕਿਸੇ ਨਵੀਂ 'ਗੁਰੂ ਕੀ ਕਾਸ਼ੀ' ਤੋਂ ਪੜ੍ਹ ਕੇ ਨਹੀਂ ਆਉਣਗੇ। ਜਿਵੇਂ ਨਾਨਕਸ਼ਾਹੀ ਕੈਲੰਡਰ ਬਾਰੇ ਸਿੰਘ ਸਾਹਿਬਾਨ ਦੇ ਆਪਸੀ ਮੱਤਭੇਦ ਨਹੀਂ ਮੁੱਕੇ ਤੇ ਇੱਕ ਜਥੇਦਾਰ ਦੀ ਜਥੇਦਾਰੀ ਖੋਹਣ ਮਗਰੋਂ ਕੈਲੰਡਰ ਸਮੇਟਣ ਦੀਆਂ ਗੱਲਾਂ ਸੁਣੀਆਂ ਜਾ ਰਹੀਆਂ ਹਨ, ਕੀ ਇਹ ਸਥਿਤੀ ਸੈਂਸਰ ਬੋਰਡ ਬਣਨ ਪਿੱਛੋਂ ਕਦੇ ਪੈਦਾ ਨਹੀਂ ਹੋਵੇਗੀ?




***ਸ਼੍ਰੋਮਣੀ ਕਮੇਟੀ ਜਿਹੜਾ ਸੈਂਸਰ ਬੋਰਡ ਬਣਾਵੇਗੀ, ਉਸ ਦੀ ਤਸਵੀਰ ਦਾ ਅੰਦਾਜ਼ਾ ਲਾਉਣਾ ਸਾਡੇ ਲਈ ਔਖਾ ਨਹੀਂ। ਮੁੱਦਾ ਸਿਰਸੇ ਦੇ ਡੇਰਾ ਸੱਚਾ ਸੌਦਾ ਵਾਲੇ ਬਾਬੇ ਦੀ ਫਿਲਮ ਤੋਂ ਉਭਰਿਆ ਹੈ। ਪਿਛਲਾ ਤਜਰਬਾ ਹੈ ਕਿ ਉਸ ਬਾਬੇ ਦੇ ਪੈਰੋਕਾਰ ਜਦੋਂ ਕਾਂਗਰਸ ਨੂੰ ਵੋਟਾਂ ਪਾ ਦੇਣ, ਉਸ ਦੇ ਖਿਲਾਫ ਅਕਾਲੀਆਂ ਵੱਲੋਂ ਕੇਸ ਦਰਜ ਕਰਵਾਏ ਜਾਂਦੇ ਹਨ ਤੇ ਜਦੋਂ ਉਹ ਬਾਦਲ ਬਾਪ-ਬੇਟੇ ਨਾਲ ਅੱਖ ਮਿਲਾ ਕੇ ਆਪਣੀਆਂ ਵੋਟਾਂ ਦਾ ਪਰਾਗਾ ਇਨ੍ਹਾਂ ਦੀ ਝੋਲੀ ਵਿਚ ਪਾ ਦੇਵੇ, ਉਸ ਦੇ ਕੇਸ ਰੱਦ ਕਰਵਾ ਦਿੱਤੇ ਜਾਂਦੇ ਹਨ। ਇਹੋ ਕੁਝ ਸੈਂਸਰ ਬੋਰਡ ਕਰੇਗਾ। ਸਿਰਸੇ ਵਾਲੇ ਬਾਬੇ ਦੀ ਫਿਲਮ ਚਲਾਉਣ ਜਾਂ ਰੋਕਣ ਦਾ ਰਿਮੋਟ ਵੀ ਸ਼੍ਰੋਮਣੀ ਕਮੇਟੀ ਦੇ ਇਸ ਸੈਂਸਰ ਬੋਰਡ ਦੇ ਰਾਹੀਂ ਅਸਲ ਵਿਚ ਬਾਦਲ ਸਾਹਿਬ ਦੇ ਹੱਥਾਂ ਵਿਚ ਹੋਵੇਗਾ।***

ਦੂਸਰਾ ਸਵਾਲ ਇਹ ਹੈ ਕਿ ਸਿੰਘ ਸਾਹਿਬਾਨ ਦੀਆਂ ਮੀਟਿੰਗਾਂ ਵਿਚ ਸਿੱਖੀ ਬਾਰੇ ਕਈ ਲੇਖਕਾਂ ਦੀਆਂ ਲਿਖਤਾਂ ਬੀਤੇ ਵਕਤ ਵਿਚ ਵੀ ਚਰਚਾ ਦਾ ਮੁੱਦਾ ਬਣੀਆਂ ਸਨ। ਡਾਕਟਰ ਪਿਆਰ ਸਿੰਘ ਦੀ ਕਿਤਾਬ 'ਗਾਥਾ ਸ੍ਰੀ ਆਦਿ ਗ੍ਰੰਥ' ਬਾਰੇ ਲੇਖਕ ਦੀ ਗੱਲ ਸੁਣੇ ਬਿਨਾਂ ਉਸ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਤੇ ਉਸ ਬਜ਼ੁਰਗ ਨੇ ਕਮਜ਼ੋਰ ਸਿਹਤ ਦੇ ਬਾਵਜੂਦ ਲੱਗੀ ਹੋਈ ਸੇਵਾ ਪੂਰੀ ਕੀਤੀ। ਉਸ ਦੇ ਪਿੱਛੋਂ ਉਸ ਨੇ ਕਈ ਚਿੱਠੀਆਂ ਲਿਖੀਆਂ ਕਿ ਉਸ ਨੂੰ ਇਹ ਤਾਂ ਦੱਸ ਦਿੱਤਾ ਜਾਵੇ ਕਿ ਉਸ ਦੀ ਕਿਤਾਬ ਵਿਚ ਗਲਤ ਕੀ ਸੀ, ਜਿਸ ਨੂੰ ਸੋਧ ਕੇ ਉਹ ਨਵੀਂ ਕਿਤਾਬ ਲਿਖ ਦੇਵੇ। ਕਿਸੇ ਇੱਕ ਚਿੱਠੀ ਦਾ ਵੀ ਜਵਾਬ ਨਹੀਂ ਦਿੱਤਾ ਗਿਆ। ਜਵਾਬ ਦੇਣ ਲਈ ਕਿਤਾਬ ਨੂੰ ਪੜ੍ਹਨਾ ਅਤੇ ਸਮਝਣਾ ਪੈਣਾ ਸੀ। ਜਿਨ੍ਹਾਂ ਨੇ ਕਿਤਾਬ ਪੜ੍ਹੇ ਬਿਨਾਂ ਸਜ਼ਾ ਲਾਈ ਸੀ, ਉਹ ਸੱਜਣ ਉਸ ਦੀ ਕਿਤਾਬ ਨੂੰ ਪੜ੍ਹਦੇ ਵੀ ਤਾਂ ਉਨ੍ਹਾਂ ਦੇ ਪੱਲੇ ਨਹੀਂ ਸੀ ਪੈਣੀ। ਅਕਾਲ ਤਖਤ ਦੇ ਜਿਸ ਜਥੇਦਾਰ ਨੇ ਡਾਕਟਰ ਪਿਆਰ ਸਿੰਘ ਨੂੰ ਤਨਖਾਹ ਲਾਈ ਸੀ, ਜਦੋਂ ਸਮਾਂ ਪਾ ਕੇ ਖੁਦ ਉਸ ਨੂੰ ਜਥੇਦਾਰੀ ਛੱਡਣ ਦਾ ਹੁਕਮ ਹੋਇਆ, ਉਸ ਉਤੇ ਜਿਹੜੇ ਦੋਸ਼ ਲੱਗੇ ਸਨ, ਉਨ੍ਹਾਂ ਬਾਰੇ ਦੱਸਣ ਵਿਚ ਸਾਨੂੰ ਵੀ ਸ਼ਰਮ ਲੱਗਦੀ ਹੈ। ਇਦਾਂ ਦੇ ਲੋਕ ਉਸ ਤੋਂ ਬਾਅਦ ਵੀ ਸਤਿਕਾਰਤ ਪਦਵੀਆਂ ਉਤੇ ਆਉਂਦੇ ਰਹੇ ਹਨ।

ਅਕਾਲ ਤਖਤ ਸਾਹਿਬ ਦੇ ਇੱਕ ਜਥੇਦਾਰ ਨੇ ਜਥੇਦਾਰ ਬਣਨ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੀ ਕੁਝ ਜ਼ਮੀਨ ਨਾਜਾਇਜ਼ ਕਬਜ਼ੇ ਵਿਚ ਲਈ ਹੋਈ ਸੀ ਤੇ ਅਦਾਲਤ ਵਿਚ ਉਸ ਦਾ ਕੇਸ ਚੱਲਦਾ ਸੀ। ਹੈਰਾਨੀ ਦੀ ਗੱਲ ਹੈ ਕਿ ਜਿਸ ਬੰਦੇ ਦਾ ਸ਼੍ਰੋਮਣੀ ਕਮੇਟੀ ਦੀ ਜਾਇਦਾਦ ਉਤੇ ਨਾਜਾਇਜ਼ ਕਬਜ਼ਾ ਸੀ ਅਤੇ ਸ਼੍ਰੋਮਣੀ ਕਮੇਟੀ ਨਾਲ ਕੇਸ ਕਰੀ ਬੈਠਾ ਸੀ, ਉਸੇ ਨੂੰ ਕਮੇਟੀ ਨੇ ਅਕਾਲ ਤਖਤ ਸਾਹਿਬ ਦਾ ਜਥੇਦਾਰ ਬਣਾ ਦਿੱਤਾ! ਜਦੋਂ ਨਿਭਣਾ ਔਖਾ ਹੋ ਗਿਆ ਤਾਂ ਅਗਲੇ ਸਾਲ ਉਸ ਨੂੰ ਬੇਆਬਰੂ ਕਰ ਕੇ ਕੱਢ ਵੀ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਨੇ ਕਈ ਵਾਰੀ ਇਦਾਂ ਦੀ ਹਾਸੋਹੀਣੀ ਸਥਿਤੀ ਪੈਦਾ ਕੀਤੀ ਹੈ। ਹੁਣ ਉਹੋ ਸ਼੍ਰੋਮਣੀ ਕਮੇਟੀ ਸੈਂਸਰ ਬੋਰਡ ਬਣਾਉਣ ਦਾ ਹਾਸੋਹੀਣਾ ਐਲਾਨ ਕਰ ਰਹੀ ਹੈ।

ਸਾਨੂੰ ਇੱਕ ਮਿਸਾਲ ਹੋਰ ਵੀ ਯਾਦ ਹੈ। ਅਕਾਲ ਤਖਤ ਸਾਹਿਬ ਛੇਵੇਂ ਗੁਰੂ ਸਾਹਿਬ ਨੇ ਸਥਾਪਤ ਕੀਤਾ ਸੀ ਤੇ ਇਸ ਦੇ ਇੱਕ ਜਥੇਦਾਰ ਨੇ ਛੇਵੇਂ ਗੁਰੂ ਸਾਹਿਬ ਬਾਰੇ ਇੱਕ ਕਿਤਾਬ ਲਿਖੀ ਤਾਂ ਸ਼੍ਰੋਮਣੀ ਕਮੇਟੀ ਨੂੰ ਉਸ ਕਿਤਾਬ ਉਤੇ ਵੀ ਪਾਬੰਦੀ ਲਾਉਣੀ ਪੈ ਗਈ ਸੀ। ਹੈ ਨਾ ਕਮਾਲ ਦੀ ਗੱਲ! ਛੇਵੇਂ ਗੁਰੂ ਸਾਹਿਬ ਦਾ ਤਖਤ, ਛੇਵੇਂ ਗੁਰੂ ਸਾਹਿਬ ਦੇ ਬਾਰੇ ਲਿਖੀ ਕਿਤਾਬ, ਲਿਖੀ ਉਸ ਜਥੇਦਾਰ ਨੇ, ਜਿਸ ਨੂੰ ਸ਼੍ਰੋਮਣੀ ਕਮੇਟੀ ਨੇ ਲਾਇਆ ਸੀ ਤੇ ਸ਼੍ਰੋਮਣੀ ਕਮੇਟੀ ਨੂੰ ਉਸ ਦੀ ਕਿਤਾਬ ਉਤੇ ਪਾਬੰਦੀ ਲਾਉਣੀ ਪੈ ਗਈ! ਕੀ ਹੁਣ ਅਸੀਂ ਵੀ ਬਰਾਕ ਓਬਾਮਾ ਵਾਂਗ ਇਹ ਕਹੀਏ ਕਿ 'ਵੱਡੇ ਵੱਡੇ ਸ਼ਹਿਰਾਂ ਵਿਚ ਇਸ ਤਰ੍ਹਾਂ ਹੋ ਹੀ ਜਾਂਦਾ ਹੈ।' ਸਿਰਫ ਇਨਾ ਕੁਝ ਹੀ ਨਹੀਂ, ਹੋਰ ਵੀ ਬੜਾ ਕੁਝ ਹੋ ਜਾਂਦਾ ਹੈ।

ਖਾਲਸੇ ਦਾ ਤਿੰਨ ਸੌ ਸਾਲਾ ਦਿਵਸ ਮਨਾਉਣ ਵੇਲੇ ਸ਼੍ਰੋਮਣੀ ਕਮੇਟੀ ਨੇ ਤਿੰਨ ਸੌ ਕਿਤਾਬਾਂ ਜਾਰੀ ਕੀਤੀਆਂ ਸਨ। ਕੁਝ ਚਿਰ ਬਾਅਦ ਉਨ੍ਹਾਂ ਕਿਤਾਬਾਂ ਵਿਚੋਂ ਸਿੱਖ ਇਤਿਹਾਸ ਬਾਰੇ ਹਿੰਦੀ ਵਿਚ ਛਪੀ ਹੋਈ ਇੱਕ ਕਿਤਾਬ ਦਾ ਰੌਲਾ ਪੈ ਗਿਆ ਕਿ ਉਸ ਵਿਚ ਗੁਰੂ ਸਾਹਿਬਾਨ ਦੀ ਸ਼ਾਨ ਦੇ ਖਿਲਾਫ ਬਹੁਤ ਕੁਝ ਲਿਖਿਆ ਹੈ। ਇੱਕ ਅਖਬਾਰ ਨੇ ਇਹ ਮੁੱਦਾ ਚੁੱਕ ਲਿਆ ਅਤੇ ਕਈ ਧਿਰਾਂ ਨੇ ਇਸ ਦੀ ਜਾਂਚ ਦੀ ਮੰਗ ਕੀਤੀ। ਸਾਰੀ ਫੋਲਾ-ਫਾਲੀ ਦੇ ਬਾਅਦ ਵੀ ਉਸ ਕਿਤਾਬ ਦਾ ਖਰੜਾ ਚੈਕ ਕਰਨ ਜਾਂ ਛਾਪਣ ਅਤੇ ਖਰਚਾ ਕਰਨ ਦੀ ਪ੍ਰਵਾਨਗੀ ਦੇਣ ਵਾਲੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਦਾ ਪਤਾ ਨਹੀਂ ਲੱਗ ਸਕਿਆ। ਇਹੋ ਗੱਲ ਕਹੀ ਜਾਂਦੀ ਰਹੀ ਕਿ ਉਸ ਕਿਤਾਬ ਦੀ ਫਾਈਲ ਗਾਇਬ ਹੈ। ਪੰਜਾਬ ਦੇ ਸਰਕਾਰੀ ਅਧਿਕਾਰੀਆਂ ਦੇ ਭ੍ਰਿਸ਼ਟਾਚਾਰ ਦੀਆਂ ਚਾਲੀ ਤੋਂ ਵੱਧ ਫਾਈਲਾਂ ਜਿਵੇਂ ਸਕੱਤਰੇਤ ਵਿਚੋਂ ਗਾਇਬ ਹੋਈਆਂ, ਅਸਲ ਵਿਚ ਗਾਇਬ ਕਰਵਾਈਆਂ ਜਾਪਦੀਆਂ ਹਨ, ਇਹੋ ਕਿੱਸਾ ਸ਼੍ਰੋਮਣੀ ਕਮੇਟੀ ਦੀ ਉਸ ਕਿਤਾਬ ਦੀ ਫਾਈਲ ਦਾ ਹੈ।

ਸਿੱਖ ਪੰਥ ਆਪਣੇ ਅਣਗਿਣਤ ਵਿਵਾਦ ਹੀ ਅਜੇ ਤੱਕ ਸੁਲਝਾ ਨਹੀਂ ਸਕਿਆ। ਰਾਗ-ਮਾਲਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਮੰਨਣਾ ਹੈ ਜਾਂ ਨਹੀਂ, ਇਹ ਗੱਲ ਸਿੱਖ ਪੰਥ ਅਜੇ ਤੱਕ ਨਹੀਂ ਸੁਲਝਾ ਸਕਿਆ ਅਤੇ ਦਸਮ ਗ੍ਰੰਥ ਨੂੰ ਮਾਨਤਾ ਦੇਣ ਜਾਂ ਨਾ ਦੇਣ ਦਾ ਮੁੱਦਾ ਵੀ ਨਹੀਂ ਨਿਪਟ ਸਕਿਆ। ਨਵਾਂ ਵਿਵਾਦ ਇਸ ਗੱਲ ਤੋਂ ਪੈਦਾ ਕਰ ਦਿੱਤਾ ਹੈ ਕਿ ਤਖਤ ਦਮਦਮਾ ਸਾਹਿਬ ਨੂੰ ਸਿੱਖੀ ਦਾ ਪੰਜਵਾਂ ਤਖਤ ਮੰਨਣਾ ਹੈ ਜਾਂ ਚੌਥਾ? ਲਿਖਤਾਂ ਵਿਚ ਹਰ ਥਾਂ ਉਸ ਨੂੰ ਪੰਜਵਾਂ ਤਖਤ ਹੀ ਲਿਖਿਆ ਗਿਆ ਹੈ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਉਸ ਨੂੰ ਚੌਥਾ ਬਣਾ ਕੇ ਪੇਸ਼ ਕੀਤਾ ਤੇ ਫਿਰ ਇਸ ਬਾਰੇ ਸਿੱਖਾਂ ਵਿਚ ਇੱਕ ਨਵੀਂ ਬਹਿਸ ਛਿੜ ਗਈ ਹੈ। ਕੀ ਇਹ ਮੁੱਦੇ ਵੀ ਸੈਂਸਰ ਬੋਰਡ ਆ ਕੇ ਹੱਲ ਕਰੇਗਾ?

ਸ਼੍ਰੋਮਣੀ ਕਮੇਟੀ ਜਿਹੜਾ ਸੈਂਸਰ ਬੋਰਡ ਬਣਾਵੇਗੀ, ਉਸ ਦੀ ਤਸਵੀਰ ਦਾ ਅੰਦਾਜ਼ਾ ਲਾਉਣਾ ਸਾਡੇ ਲਈ ਔਖਾ ਨਹੀਂ। ਮੁੱਦਾ ਸਿਰਸੇ ਦੇ ਡੇਰਾ ਸੱਚਾ ਸੌਦਾ ਵਾਲੇ ਬਾਬੇ ਦੀ ਫਿਲਮ ਤੋਂ ਉਭਰਿਆ ਹੈ। ਪਿਛਲਾ ਤਜਰਬਾ ਹੈ ਕਿ ਉਸ ਬਾਬੇ ਦੇ ਪੈਰੋਕਾਰ ਜਦੋਂ ਕਾਂਗਰਸ ਨੂੰ ਵੋਟਾਂ ਪਾ ਦੇਣ, ਉਸ ਦੇ ਖਿਲਾਫ ਅਕਾਲੀਆਂ ਵੱਲੋਂ ਕੇਸ ਦਰਜ ਕਰਵਾਏ ਜਾਂਦੇ ਹਨ ਤੇ ਜਦੋਂ ਉਹ ਬਾਦਲ ਬਾਪ-ਬੇਟੇ ਨਾਲ ਅੱਖ ਮਿਲਾ ਕੇ ਆਪਣੀਆਂ ਵੋਟਾਂ ਦਾ ਪਰਾਗਾ ਇਨ੍ਹਾਂ ਦੀ ਝੋਲੀ ਵਿਚ ਪਾ ਦੇਵੇ, ਉਸ ਦੇ ਕੇਸ ਰੱਦ ਕਰਵਾ ਦਿੱਤੇ ਜਾਂਦੇ ਹਨ। ਇਹੋ ਕੁਝ ਸੈਂਸਰ ਬੋਰਡ ਕਰੇਗਾ। ਸਿਰਸੇ ਵਾਲੇ ਬਾਬੇ ਦੀ ਫਿਲਮ ਚਲਾਉਣ ਜਾਂ ਰੋਕਣ ਦਾ ਰਿਮੋਟ ਵੀ ਸ਼੍ਰੋਮਣੀ ਕਮੇਟੀ ਦੇ ਇਸ ਸੈਂਸਰ ਬੋਰਡ ਦੇ ਰਾਹੀਂ ਅਸਲ ਵਿਚ ਬਾਦਲ ਸਾਹਿਬ ਦੇ ਹੱਥਾਂ ਵਿਚ ਹੋਵੇਗਾ। ਸਾਨੂੰ ਉਸ ਬਾਬੇ ਨਾਲ ਕੋਈ ਹਮਦਰਦੀ ਨਹੀਂ, ਸਗੋਂ ਅਸੀਂ ਹੀ ਉਸ ਦੇ ਵਿਰੁਧ ਓਦੋਂ ਸਭ ਤੋਂ ਪਹਿਲਾਂ ਲਿਖਿਆ ਸੀ, ਜਦੋਂ ਸਭ ਸਿਆਸੀ ਪਾਰਟੀਆਂ ਦੇ ਆਗੂ ਉਸ ਬਾਬੇ ਦੀਆਂ ਚੌਕੀਆਂ ਭਰਦੇ ਹੁੰਦੇ ਸਨ। ਸਾਨੂੰ ਇਹ ਖਦਸ਼ਾ ਹੈ ਕਿ ਜਿਵੇਂ ਇੱਕ ਖਾਸ ਧੜੇ ਦੀ ਚੁੱਕਣਾ ਵਿਚ ਆ ਕੇ ਡਾਕਟਰ ਪਿਆਰ ਸਿੰਘ, ਡਾਕਟਰ ਪਸ਼ੌਰਾ ਸਿੰਘ ਅਤੇ ਅਮਰਜੀਤ ਸਿੰਘ ਗਰੇਵਾਲ ਵਰਗੇ ਲੇਖਕਾਂ ਦੀਆਂ ਬਿਨਾਂ ਵਜ੍ਹਾ ਪੇਸ਼ੀਆਂ ਪੁਆਈਆਂ ਗਈਆਂ ਸਨ, ਇਹ ਸੈਂਸਰ ਬੋਰਡ ਬਣਨ ਮਗਰੋਂ ਚੁਣ-ਚੁਣ ਕੇ ਨਿਸ਼ਾਨੇ ਫੁੰਡਣ ਦਾ ਉਹੋ ਜਿਹਾ ਚੱਕਰ ਫਿਰ ਸ਼ੁਰੂ ਹੋ ਜਾਵੇਗਾ। ਫਿਰ ਗੁਰਪੁਰਬ ਮੌਕੇ ਕਿਸੇ ਲੇਖਕ ਨੂੰ ਇੱਕ ਸਾਧਾਰਨ ਲੇਖ ਲਿਖਣ ਦੇ ਬਾਅਦ ਵੀ ਅਖਬਾਰ ਨੂੰ ਭੇਜਣ ਤੋਂ ਪਹਿਲਾਂ ਇਸ ਸੈਂਸਰ ਬੋਰਡ ਕੋਲੋਂ ਪਾਸ ਕਰਵਾਉਣਾ ਪਿਆ ਕਰੇਗਾ, ਉਸ ਸੈਂਸਰ ਬੋਰਡ ਤੋਂ, ਜਿਸ ਦਾ ਗਠਨ ਕਰਨ ਵਾਲੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਕਾਰ ਗੁਰੂ ਕੀ ਗੋਲਕ ਵਿਚੋਂ ਮਿਲੇ ਪੈਸਿਆਂ ਨਾਲ ਜਹਾਜ਼ ਜਿੰਨਾ ਤੇਲ ਫੂਕਦੀ ਫਿਰਦੀ ਹੈ।

ਇਕ ਸਵਾਲ ਹੋਰ ਵੀ ਹੈ, ਤੇ ਉਹ ਇਹ ਹੈ ਕਿ ਕੀ ਇਹੋ ਜਿਹੇ ਵਿਵਾਦ ਸਿਰਫ ਸਿੱਖ ਧਰਮ ਬਾਰੇ ਉਠਦੇ ਹਨ? ਕੀ ਹੋਰ ਧਰਮਾਂ ਬਾਰੇ ਵਿਵਾਦ ਨਹੀਂ ਉਠਦੇ? 'ਰਾਮ ਤੇਰੀ ਗੰਗਾ ਮੈਲੀ' ਅਤੇ 'ਮੈਂ ਤੁਮ ਸੇ ਮਿਲਨੇ ਆਈ ਮੰਦਿਰ ਜਾਨੇ ਕੇ ਬਹਾਨੇ' ਵਾਲੇ ਗੀਤ ਨੂੰ ਅਦਾਲਤ ਵਿਚ ਲਿਜਾਣ ਤੋਂ ਲੈ ਕੇ ਆਮਿਰ ਖਾਨ ਦੀ ਤਾਜ਼ਾ ਫਿਲਮ 'ਪੀ ਕੇ' ਤੱਕ ਦਾ ਹਿੰਦੂ ਸਮਾਜ ਵਿਚ ਵਿਰੋਧ ਹੋਇਆ ਹੈ, ਪਰ ਕਿਸੇ ਵੀ ਹਿੰਦੂ ਸੰਸਥਾ ਨੇ, ਕਿਸੇ ਜਗਤ ਗੁਰੂ ਸ਼ੰਕਰਾਚਾਰੀਆ ਨੇ, ਇਹ ਨਹੀਂ ਆਖਿਆ ਕਿ ਅਸੀਂ ਹਿੰਦੂ ਧਰਮ ਦਾ ਆਪਣਾ ਵੱਖਰਾ ਸੈਂਸਰ ਬੋਰਡ ਬਣਾਵਾਂਗੇ। ਇਸਲਾਮ ਬਾਰੇ ਵੀ ਇਹੋ ਜਿਹੇ ਵਿਵਾਦ ਉਠੇ ਹਨ, ਸਲਮਾਨ ਰਸ਼ਦੀ ਤੇ ਤਸਲੀਮਾ ਨਸਰੀਨ ਦੇ ਖਿਲਾਫ ਫਤਵੇ ਵੀ ਦਿੱਤੇ ਗਏ, ਪਰ ਉਨ੍ਹਾਂ ਨੇ ਆਪਣਾ ਵੱਖਰਾ ਸੈਂਸਰ ਬੋਰਡ ਬਣਾਉਣ ਦੀ ਗੱਲ ਕਦੇ ਨਹੀਂ ਕੀਤੀ। ਸ਼੍ਰੋਮਣੀ ਕਮੇਟੀ ਇਹ ਨਵੀਂ ਲੀਹ ਪਾਉਣ ਲੱਗੀ ਹੈ, ਜਿਸ ਨਾਲ ਹਰ ਧਰਮ ਦੇ ਲਿਖਾਰੀਆਂ ਤੇ ਫਿਲਮਕਾਰਾਂ ਲਈ ਇੱਕ ਨਵਾਂ ਕਟਹਿਰਾ ਬਣਨ ਲੱਗ ਪਵੇਗਾ। ਵਿਦਵਾਨਾਂ ਦੇ ਸੰਘ ਵਿਚ ਬਿੰਗ ਦੇਣ ਲਈ ਬਣਾਇਆ ਜਾ ਰਿਹਾ ਇਹ ਬੋਰਡ ਪੰਜਾਬੀ ਲੇਖਕਾਂ ਤੇ ਇਤਿਹਾਸਕਾਰਾਂ ਨੂੰ ਹੁਣ ਤੱਕ ਚੁਭਿਆ ਕਿਉਂ ਨਹੀਂ, ਉਨ੍ਹਾਂ ਨੂੰ ਇਸ ਦਾ ਕਾਰਨ ਹੀ ਦੱਸ ਦੇਣਾ ਚਾਹੀਦਾ ਹੈ।

#



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

24/7 Customer Service Available
Same rate for lanline and mobile.

ਟੌਲ ਫਰੀ ਨੰਬਰ 1-888-652-6268
732-983-4332/4333

# ਅਮਿੱਟ ਯਾਦਾਂ ਛੱਡ ਗਈਆਂ ਖੇਡਾਂ ਕਿਲਾ ਰਾਇਪੁਰ ਦੀਆਂ

**ਲੁਧਿਆਣਾ:** ਪੇਂਡੂ ਓਲੰਪਿਕ ਵਜੋਂ ਜਾਣੀਆਂ ਜਾਂਦੀਆਂ ਕਿਲ੍ਹਾ ਰਾਇਪੁਰ ਦੀਆਂ 79ਵੀਆਂ ਖੇਡਾਂ ਇਥੇ ਗਰੇਵਾਲ ਖੇਡ ਸਟੇਡੀਅਮ ਵਿਖੇ ਵੱਖ-ਵੱਖ ਫਾਈਨਲ ਮੁਕਾਬਲਿਆਂ ਨਾਲ ਅਮਿੱਟ ਯਾਦਾਂ ਨਾਲ ਸਮਾਪਤ ਹੋ ਗਈਆਂ। ਫਾਈਨਲ ਮੁਕਾਬਲਿਆਂ ਵਿਚ ਹਾਕੀ ਭਗਵੰਤ ਯਾਦਗਾਰੀ ਸੌ ਤੋਲੇ ਦੇ ਕੱਪ, ਕਬੱਡੀ, ਘੋੜਿਆਂ ਦੀਆਂ ਦੌੜਾਂ, ਖੱਚਰ-ਰੇਹੜਾ ਦੌੜ, ਐਥਲੈਟਿਕਸ, ਸਾਈਕਲਿੰਗ, ਟਰਾਲੀ ਲੋਡਿੰਗ ਤੇ ਅਨਲੋਡਿੰਗ, ਟਰਾਈ ਸਾਈਕਲ ਦੌੜ ਆਦਿ ਮੁਕਾਬਲੇ ਖਿੱਚ ਦਾ ਕੇਂਦਰ ਰਹੇ। ਇਸ ਦੇ ਨਾਲ ਹੀ ਗਿੱਧਾ, ਭੰਗੜਾ, ਮਲਵਈ ਗਿੱਧਾ, ਮੋਟਰਸਾਈਕਲਾਂ 'ਤੇ ਕਰਤੱਬ, ਵਿਅਕਤੀਗਤ ਕਰਤੱਬ ਆਦਿ ਨੇ ਵੀ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ।

ਖੇਡਾਂ ਦੌਰਾਨ ਸੁਪਰੀਮ ਕੋਰਟ ਵਲੋਂ ਪਸ਼ੂਆਂ 'ਤੇ ਅੱਤਿਆਚਾਰ ਰੋਕਣ ਲਈ ਜਾਰੀ ਹੁਕਮਾਂ ਕਾਰਨ ਬੈਲਗੱਡੀਆਂ ਦੀਆਂ ਦੌੜਾਂ ਨਹੀਂ ਕਰਵਾਈਆਂ ਜਾ ਸਕੀਆਂ ਪਰ ਗਰੇਵਾਲ ਸਪੋਰਟਸ ਐਸੋਸੀਏਸ਼ਨ ਵਲੋਂ ਘੋੜਿਆਂ ਦੀਆਂ ਦੌੜਾਂ ਕਰਵਾ ਕੇ ਇਸ ਦੀ ਪੂਰਤੀ ਕੀਤੀ ਗਈ ਪਰ ਨਾਮੀ ਬਲਦ ਦੌੜਾਕਾਂ ਨੇ ਆਪਣੇ ਸ਼ਿੰਗਾਰੇ ਬਲਦਾਂ ਨਾਲ ਗਰੇਵਾਲ ਖੇਡ ਸਟੇਡੀਅਮ ਵਿਚ ਰੋਸ ਵਜੋਂ ਗੇੜਾ ਲਾਇਆ ਜੋ ਦਰਸ਼ਕਾਂ ਵਿਚ ਖਿੱਚ ਦਾ ਕੇਂਦਰ ਬਣਿਆ। ਇਨ੍ਹਾਂ ਖੇਡਾਂ ਵਿਚ ਸ਼ਿੰਗਾਰੇ ਹੋਏ ਘੋੜਿਆਂ ਤੇ ਉਨ੍ਹਾਂ ਦੇ ਮਾਲਕਾਂ ਨੇ ਅਗਲੇ ਸਾਲ ਇਨ੍ਹਾਂ ਪਿੱਛੇ ਰੇਹੜੇ ਪਾ ਕੇ ਦੌੜ ਲਾਉਣ ਦੀ ਹਾਮੀ ਭਰਨੀ ਸ਼ੁਰੂ ਕਰ ਦਿੱਤੀ ਹੈ, ਜਿਸ ਨਾਲ ਇਨ੍ਹਾਂ ਖੇਡਾਂ ਦਾ ਪੁਰਾਣਾ ਦੌਰ ਵਾਪਸ ਆਉਣ ਦੀ ਉਮੀਦ ਬੱਝੀ ਹੈ। ਮੇਲੇ ਵਿਚ ਕਈ ਸਾਲਾਂ ਤੋਂ ਆਪਣੇ ਊਠ ਤੇ ਘੋੜੇ ਸ਼ਿੰਗਾਰ ਕੇ ਲਿਆ ਰਹੇ ਬਠਿੰਡੇ ਦੇ ਜਗਤਾਰ ਸਿੰਘ ਉਰਫ ਲਾਡੀ ਬਾਬਾ ਤੇ ਹਰਵਿੰਦਰ ਸਿੰਘ ਨੇ ਦੱਸਿਆ ਕਿ ਜੇਕਰ ਅਗਲੇ ਸਾਲ ਵੀ ਬੈਲ ਗੱਡੀ ਦੌੜ 'ਤੇ ਰੋਕ ਲੱਗਦੀ ਹੈ ਤਾਂ ਉਹ ਊਠ ਪਿੱਛੇ ਰੇਹੜਾ ਪਾ ਕੇ ਭਜਾਉਣ ਲਈ ਤਿਆਰ ਹਨ।

ਮੇਲੇ ਦੇ ਆਖਰੀ ਦਿਨ 70 ਤੋਂ 80 ਸਾਲਾ 'ਗੱਭਰੂਆਂ' ਦੀ 100 ਮੀਟਰ ਦੌੜ ਵਿਚ ਅੰਮ੍ਰਿਤਸਰ ਦੇ ਅਜੀਤ ਸਿੰਘ ਰੰਧਾਵਾ ਜੇਤੂ ਰਿਹਾ। ਧਨੌਲਾ ਦਾ ਛੱਜੂ ਰਾਮ ਦੂਜੇ ਤੇ ਮੰਜੀ ਕੋਟ ਦਾ ਨਛੱਤਰ ਸਿੰਘ ਤੀਜੇ ਸਥਾਨ 'ਤੇ ਰਿਹਾ। ਲੜਕਿਆਂ ਦੀ 200 ਮੀਟਰ ਦੌੜ ਵਿਚੋਂ ਨੀਰਜ ਨੇ ਪਹਿਲਾ, ਪਟਿਆਲਾ ਦੇ ਨਰਿੰਦਰ ਸਿੰਘ ਨੇ ਦੂਜਾ ਤੇ ਮੁਨੀਸ਼ ਨੇ ਤੀਜਾ ਸਥਾਨ, ਲੜਕੀਆਂ ਦੀ ਦੌੜ ਵਿਚ ਸ਼ਰੁਤੀ ਸਿੰਘ ਨੇ ਪਹਿਲਾ, ਸੁਖਵਿੰਦਰ ਕੌਰ ਨੇ ਦੂਜਾ ਤੇ ਮਨਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਲੜਕਿਆਂ ਦੀ 800 ਮੀਟਰ ਦੌੜ ਵਿਚੋਂ ਹਰਿਆਣਾ ਦਾ ਮਨਜੀਤ ਸਿੰਘ ਚਾਹਲ ਪਹਿਲੇ, ਪਟਿਆਲਾ ਦਾ ਵਿਜੇ ਸਿੰਘ ਤੇ ਨਿਖਲ ਅਰੋੜਾ ਕ੍ਰਮਵਾਰ ਦੂਜੇ ਤੇ ਤੀਜੇ ਸਥਾਨ 'ਤੇ ਰਹੇ। ਲੜਕੀਆਂ ਦੇ ਇਸੇ ਦੌੜ ਵਿਚ ਆਗਰਾ ਦੀ ਸੁਗੰਧਾ ਗੁੱਜਰ, ਪੰਜਾਬੀ ਯੂਨੀਵਰਸਿਟੀ ਦੀ ਮੰਜੂ ਕੁਮਾਰੀ ਤੇ ਪਟਿਆਲਾ ਦੀ ਅਨੁਪਮ ਨੇ ਕ੍ਰਮਵਾਰ ਪਹਿਲੇ ਤਿੰਨ ਸਥਾਨ ਹਾਸਲ ਕੀਤੇ।

ਮਰਦਾਂ ਦੀ ਉਚੀ ਛਾਲ ਵਿਚ ਬਠਿੰਡਾ ਦਾ ਗੁਰਦੀਪ ਸਿੰਘ ਜੇਤੂ ਰਿਹਾ। 100 ਮੀਟਰ ਟਰਾਈ-ਸਾਈਕਲ ਰੇਸ ਵਿਚ ਕਿਲਾ ਰਾਇਪੁਰ ਦਾ ਸੁੱਖਾ ਪਹਿਲੇ, ਸੰਗਰੂਰ ਦਾ ਕਾਲਾ ਦੂਜੇ ਤੇ ਹੈਬੋਵਾਲ ਦਾ ਪ੍ਰਮੋਦ ਕੁਮਾਰ ਤੀਜੇ ਥਾਂ 'ਤੇ ਰਿਹਾ। ਭਗਵੰਤ ਮੈਮੋਰੀਅਲ ਹਾਕੀ ਗੋਲਡ ਕੱਪ ਟੂਰਨਾਮੈਂਟ ਵਿਚ ਜਰਖੜ ਅਕੈਡਮੀ ਨੇ ਹਰਿਆਣਾ ਇਲੈਵਨ ਨੂੰ 4-1 ਨਾਲ ਮਾਤ ਦਿੱਤੀ। ਟਰਾਲੀ ਭਰਨ ਤੇ ਖਾਲੀ ਕਰਨ ਦੇ ਮੁਕਾਬਲੇ ਵਿਚ ਸੰਗਰੂਰ ਦੇ ਜੱਗਾ ਸਿੰਘ ਦੀ ਟੀਮ ਜੇਤੂ ਰਹੀ। ਤਿੰਨ ਮੀਲ ਸਾਈਕਲ ਦੌੜ ਵਿਚੋਂ ਅੰਮ੍ਰਿਤਸਰ ਦਾ ਸਵਪਨਿਲ ਮਿਸ਼ਰਾ ਪਹਿਲੇ, ਲੁਧਿਆਣਾ ਦਾ ਲਵਪ੍ਰੀਤ ਦੂਜੇ ਸਥਾਨ 'ਤੇ ਰਿਹਾ। ਖੱਚਰ-ਰੇਹੜਾ ਦੌੜ ਵਿਚ ਕੰਗਣਵਾਲ ਦੇ ਬੱਬੂ ਦਾ ਖੱਚਰ ਪਹਿਲੇ, ਪੱਖੋਵਾਲ ਦੇ ਸਰੂਪ ਸਿੰਘ ਦਾ ਖੱਚਰ ਦੂਜੇ ਸਥਾਨ 'ਤੇ ਰਿਹਾ। ਘੋੜਿਆਂ ਦੀ ਦੌੜ ਬਾਲੋਂ ਦੇ ਲੱਖੀ ਦੇ ਘੋੜੇ ਨੇ ਜਿੱਤੀ। ਬੱਸੀ ਗੁੱਜਰਾਂ ਦੇ ਲਵਲੀ ਦਾ ਘੋੜਾ ਦੂਜੇ ਸਥਾਨ 'ਤੇ ਰਿਹਾ। ਕਬੱਡੀ ਪਿੰਡ ਓਪਨ ਦਾ ਮੁਕਾਬਲਾ ਗਲੋਟੀ ਦੀ ਟੀਮ ਨੇ ਜਿੱਤਿਆ। ਟਰੈਕਟਰ ਦੌੜ ਸੁੱਖੇ ਨੇ ਜਿੱਤੀ

### ਬੈਲਗੱਡੀਆਂ ਦੀ ਥਾਂ ਲੈਣ 'ਚ ਨਾਕਾਮ ਰਹੀਆਂ ਘੋੜ ਦੌੜਾਂ



### ਨਿਹੰਗ ਸਿੰਘਾਂ ਨੇ ਗੱਤਕੇ ਦੇ ਜੌਹਰ ਨਾਲ ਬੰਨ੍ਹਿਆ ਸਮਾਂ

**ਲੁਧਿਆਣਾ:** ਕਿਲਾ ਰਾਇਪੁਰ ਦੀਆਂ ਖੇਡਾਂ ਵਿਚ ਸੂਬੇ ਦੇ ਸਭਿਆਚਾਰ ਦੇ ਰੰਗ ਵੀ ਦੇਖਣ ਨੂੰ ਮਿਲੇ। ਬਲਦ ਦੌੜਾਂ ਉਤੇ ਪਾਬੰਦੀ ਹੋਣ ਕਾਰਨ ਜਿਥੇ ਪਹਿਲਾਂ ਬਲਦਾਂ ਦੀਆਂ ਹੀਟਾਂ ਹੁੰਦੀਆਂ ਸਨ, ਉਥੇ ਕੁੱਤੇ ਤੇ ਘੋੜੇ ਦੌੜਦੇ ਨਜ਼ਰ ਆਏ। ਹਰ ਇਕ ਦੇ ਚਿਹਰੇ ਉਤੇ ਬਲਦਾਂ ਦੀਆਂ ਦੌੜਾਂ ਨਾ ਹੋਣ ਦੀ ਨਿਰਾਸ਼ਾ ਝਲਕਦੀ ਸੀ, ਫਿਰ ਵੀ ਇਨ੍ਹਾਂ ਪੇਂਡੂ ਖੇਡਾਂ ਵਿਚ ਸੂਬੇ ਦੇ ਵੱਖ-ਵੱਖ ਰੰਗ ਦੇਖਣ ਨੂੰ ਨਜ਼ਰ ਆਏ।

ਨਿਹੰਗ ਸਿੰਘਾਂ ਨੇ ਗੱਤਕੇ ਦੇ ਜੌਹਰ ਦਿਖਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਵਿਦੇਸ਼ੀ ਕੁੱਤਿਆਂ ਦੀ ਦੌੜਾਂ ਨੇ ਵੀ ਇਸ ਵਾਰ ਲੋਕਾਂ ਦਾ ਕਾਫੀ ਮਨੋਰੰਜਨ ਕੀਤਾ। ਭਗਵੰਤ ਯਾਦਗਾਰੀ ਹਾਕੀ ਗੋਲਡ ਕੱਪ ਵਿਚ ਮੇਜ਼ਬਾਨ ਕਿਲਾ ਰਾਇਪੁਰ ਦੀ ਟੀਮ ਨੇ ਸੰਗਰੂਰ ਨੂੰ 2-0 ਨਾਲ ਹਰਾਇਆ। ਅਮਲੋਹ ਦੀ ਟੀਮ ਨੇ ਫਸਵੇਂ ਮੁਕਾਬਲੇ ਵਿਚ ਗੁਰਦਾਸਪੁਰ ਨੂੰ 5-4 ਨੂੰ ਹਰਾਇਆ। ਘੋੜਾ ਦੌੜ ਵਿਚ ਲਖਨੂਰ ਸਿੰਘ ਨੇ ਪਹਿਲਾ ਸਥਾਨ ਤੇ ਕੁੱਤਿਆਂ ਦੀਆਂ ਦੌੜਾਂ ਵਿਚ ਗੁੱਜਰਵਾਲ ਦੇ ਮਨਤੇਜ ਸਿੰਘ ਦੇ ਕੁੱਤੇ ਨੇ ਪਹਿਲਾਂ ਸਥਾਨ ਹਾਸਲ ਕੀਤਾ।

## ਕਤਲੇਆਮ 84: ਕੇਸ ਬਦਲੀ ਬਾਰੇ ਫ਼ੈਸਲਾ ਰਾਖਵਾਂ

**ਨਵੀਂ ਦਿੱਲੀ:** ਦਿੱਲੀ ਵਿਚ 1984 ਦੇ ਸਿੱਖ ਕਤਲੇਆਮ ਦੇ ਕੇਸ ਵਿਚ ਅਧਿਕਾਰ ਖੇਤਰ ਦੇ ਆਧਾਰ 'ਤੇ ਕੇਸ ਤਬਦੀਲ ਕੀਤੇ ਜਾਣ ਦੀ ਮੰਗ ਕਰ ਰਹੇ ਤਿੰਨ ਮੁਲਜ਼ਮਾਂ ਦੀਆਂ ਅਪੀਲਾਂ 'ਤੇ ਅਦਾਲਤ ਨੇ ਆਪਣਾ ਫੈਸਲਾ 12 ਫਰਵਰੀ ਲਈ ਰਾਖਵਾਂ ਰੱਖ ਲਿਆ। ਇਹ ਤਿੰਨ ਮੁਲਜ਼ਮ ਕਾਂਗਰਸ ਦੇ ਆਗੂ ਸੱਜਣ ਕੁਮਾਰ ਸਮੇਤ ਇਸ ਕੇਸ ਵਿਚੋਂ ਮੁਕੱਦਮੇ ਦਾ ਸਾਹਮਣਾ ਕਰ ਰਹੇ ਹਨ। ਦਿੱਲੀ ਅਦਾਲਤ ਦੇ ਜ਼ਿਲ੍ਹਾ ਜੱਜ ਰਾਕੇਸ਼ ਸਿਧਾਰਥ, ਜਿਨ੍ਹਾਂ ਨੇ ਹਾਲ ਹੀ ਵਿਚ ਅਹੁਦਾ ਸੰਭਾਲਿਆ ਹੈ, ਨੇ ਅਰਜ਼ੀਆਂ ਉਤੇ ਨਵੇਂ ਸਿਰਿਓਂ ਦਲੀਲਾਂ ਸੁਣੀਆਂ ਤੇ ਮਾਮਲੇ ਦੀ ਸੁਣਵਾਈ ਫੈਸਲਾ ਸੁਣਾਉਣ ਤੱਕ ਟਾਲ ਦਿੱਤੀ।

ਮੁਲਜ਼ਮਾਂ ਵਲੋਂ ਕੇਸ ਤਬਦੀਲ ਕੀਤੇ ਜਾਣ ਦੀ ਮੰਗ ਲਈ ਪਾਈ ਨਵੀਂ ਅਰਜੀ 'ਤੇ ਅਦਾਲਤ ਨੇ ਮੁੜ ਦਲੀਲਾਂ ਸੁਣੀਆਂ ਤੇ ਕਿਹਾ ਕਿ ਇਸ ਬਾਰੇ ਫੈਸਲਾ 12 ਫਰਵਰੀ 2015 ਨੂੰ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਜ਼ਿਲ੍ਹਾ ਜੱਜ ਤਲਵੰਤ ਸਿੰਘ ਨੇ ਇਸ ਮਾਮਲੇ ਬਾਰੇ ਫੈਸਲਾ 31 ਜਨਵਰੀ ਤੱਕ ਰਾਖਵਾਂ ਰੱਖ ਲਿਆ ਸੀ।

## ਘੋੜ ਦੌੜ ਉਤੇ ਰੋਕ ਕਾਰਨ ਨਿਰਾਸ਼ ਹੋਏ ਦਰਸ਼ਕ

**ਲੁਧਿਆਣਾ:** ਸੁਪਰੀਮ ਕੋਰਟ ਵਲੋਂ ਬੈਲ ਗੱਡੀ ਦੌੜਾਂ 'ਤੇ ਰੋਕ ਲਾਏ ਜਾਣ ਬਾਅਦ ਕਿਲਾ ਰਾਇਪੁਰ ਖੇਡਾਂ ਵਿਚ ਇਸ ਵਾਰ ਘੋੜਿਆਂ ਪਿੱਛੇ ਰੇਹੜੇ ਪਾ ਕੇ ਕਰਵਾਈ ਦੌੜ ਦਰਸ਼ਕਾਂ ਦੀ ਭੀੜ ਇਕੱਠੀ ਕਰਨ ਵਿਚ ਨਾਕਾਮ ਰਹੀ ਹੈ। ਖੇਡਾਂ ਵਿਚ ਹਿੱਸਾ ਲੈਣ ਵਾਲੇ ਲੋਕ ਤਾਂ ਇਥੇ ਭਾਰੀ ਗਿਣਤੀ ਵਿਚ ਪੁੱਜੇ ਪਰ ਉਨ੍ਹਾਂ ਨੂੰ ਦੇਖਣ ਵਾਲਿਆਂ ਵਿਚ ਪਹਿਲਾਂ ਵਾਲਾ ਉਤਸ਼ਾਹ ਨਹੀਂ ਸੀ। ਸਟੇਡੀਅਮ ਵਿਚ ਬੈਠਣ ਲਈ ਬਣਾਈਆਂ ਸੀਟਾਂ ਅੱਧਿਓਂ ਵੱਧ ਖਾਲੀ ਸਨ। ਪ੍ਰਬੰਧਕਾਂ ਵਲੋਂ ਬੈਲ ਗੱਡੀਆਂ ਦੀ ਥਾਂ ਘੋੜਿਆਂ ਪਿੱਛੇ ਰੇਹੜੇ ਪਾ ਕੇ ਕਰਵਾਈ ਦੌੜ ਦਰਸ਼ਕਾਂ ਨੂੰ ਬਹੁਤਾ ਪ੍ਰਭਾਵਿਤ ਨਹੀਂ ਕਰ ਸਕੀ। ਕਈ ਸਾਲਾਂ ਤੋਂ ਇਸ ਖੇਡ ਮੇਲੇ ਨੂੰ ਦੇਖਦੇ ਆ ਰਹੇ ਤੇ ਰੱਖਿਆ ਮੰਤਰਾਲੇ ਵਿਚੋਂ ਸੇਵਾਮੁਕਤ ਹੋਏ ਰਵਿੰਦਰਪਾਲ ਸਿੰਘ ਨੇ ਕਿਹਾ ਕਿ ਭਾਵੇਂ ਪ੍ਰਬੰਧਕ ਕੁਝ ਵੀ ਕਰ ਲੈਣ ਪਰ ਬਲਦਾਂ ਦੀ ਦੌੜ ਦੇਖਣ ਦਾ ਮਜ਼ਾ ਹੀ ਅਲੱਗ ਸੀ।

ਕਿਲਾ ਰਾਇਪੁਰ ਵਿਚ ਬੈਲ ਗੱਡੀਆਂ ਦੀ ਥਾਂ ਘੋੜਿਆਂ ਦੀਆਂ ਦੌੜਾਂ ਕਰਵਾਏ ਜਾਣ ਤੋਂ ਦਰਸ਼ਕਾਂ ਨੂੰ ਭਾਰੀ ਨਿਰਾਸ਼ਾ ਹੋਈ। ਖੇਡ ਮੈਦਾਨ ਦੀਆਂ ਪੌੜੀਆਂ 'ਤੇ ਬੈਠੇ ਕਈ ਬਜ਼ੁਰਗਾਂ ਦਾ ਤਾਂ ਇਹ ਵੀ ਕਹਿਣਾ ਸੀ ਕਿ 1944 ਤੋਂ ਇਥੇ ਬੈਲ ਗੱਡੀਆਂ ਦੌੜਾਈਆਂ ਜਾਂਦੀਆਂ ਆ ਰਹੀਆਂ ਸਨ ਪਰ ਪਿਛਲੇ ਦੋ ਸਾਲਾਂ ਤੋਂ ਦੌੜਾਂ ਵਿਚ ਅੜਿੱਕੇ ਪੈਣੇ ਸ਼ੁਰੂ ਹੋਏ ਹਨ। ਉਹ ਖੁਦ ਬੈਲ ਰੱਖਣ ਦੇ ਸ਼ੌਕੀਨ ਹਨ ਤੇ ਇਹ ਸ਼ੌਕ ਉਨ੍ਹਾਂ ਨੂੰ ਖੇਡਾਂ ਵਿਚ ਦੌੜਦੇ ਬਲਦਾਂ ਨੂੰ ਦੇਖ ਕੇ ਹੀ ਲੱਗਾ ਸੀ। ਪਿਛਲੇ ਕਈ ਸਾਲਾਂ ਤੋਂ ਇਥੇ ਆਪਣੇ ਬੈਲ ਦੌੜਾਉਣ ਆਉਂਦੇ ਕਈ ਲੋਕਾਂ ਨੇ ਆਪੋ ਆਪਣੀਆਂ ਬੈਲ ਗੱਡੀਆਂ ਲੈ ਕੇ ਇਸ ਰੋਸ ਪ੍ਰਗਟਾਇਆ। ਸੁਪਰੀਮ ਕੋਰਟ ਵਲੋਂ ਲਾਈ ਰੋਕ ਨੂੰ ਦੇਖਦਿਆਂ ਪ੍ਰਬੰਧਕਾਂ ਨੇ ਇਸ ਵਾਰ ਕਿਲਾ ਰਾਇਪੁਰ ਵਿਚ ਘੋੜੇ ਭਜਾਏ ਜਾਣ ਦਾ ਫੈਸਲਾ ਕੀਤਾ ਸੀ। 1944 ਤੋਂ ਬਾਅਦ ਇਹ ਦੂਜੀ ਵਾਰ ਹੈ ਕਿ ਕਿਲਾ ਰਾਇਪੁਰ ਵਿਚ ਬੈਲ ਗੱਡੀਆਂ ਦੀਆਂ ਦੌੜਾਂ ਨਹੀਂ ਹੋ ਰਹੀਆਂ। ਇਸ ਤੋਂ ਪਹਿਲਾਂ 2012 ਵਿਚ ਵੀ ਕਿਲ੍ਹਾ ਰਾਇਪੁਰ ਵਿਚ ਬੈਲ ਗੱਡੀਆਂ ਦੀ ਦੌੜ ਕਰਵਾਉਣ 'ਤੇ ਰੋਕ ਲਾਈ ਗਈ ਸੀ।

ਪਿਛਲੇ ਲਗਾਤਾਰ ਦੋ ਸਾਲਾਂ ਤੋਂ ਜੇਤੂ ਬੈਲ-ਗੱਡੀਆਂ ਦੇ ਮਾਲਕਾਂ ਸੁੱਖ ਨਾਗਰਾ ਤੇ ਗੋਲੂ ਜੋਧਾਂ ਨੇ ਦੱਸਿਆ ਕਿ ਖੇਡਾਂ ਤੋਂ ਤੀਸਰੀ ਵਾਰ ਜਿੱਤ ਪ੍ਰਾਪਤ ਕਰਨ ਲਈ ਲੱਖਾਂ ਰੁਪਏ ਖਰਚ ਕੇ ਪੁੱਤਰਾਂ ਵਾਂਗਰਾ ਪਾਲੇ ਬਲਦਾਂ ਨੂੰ ਤਿਆਰ ਕਰਕੇ ਖੇਡਾਂ ਵਿਚ ਸ਼ਾਮਲ ਹੋਣ ਲਈ ਕੈਨੇਡਾ ਤੋਂ ਵਾਪਸ ਆਏ ਹਨ ਪਰ ਬਲਦ ਨਾ ਭੱਜਣ ਦਾ ਅਤਿ ਅਫ਼ਸੋਸ ਹੈ। ਉਨ੍ਹਾਂ ਪ੍ਰਸ਼ਾਸਨ, ਖੇਡ ਐਸੋਸੀਏਸ਼ਨ ਸਮੇਤ ਬਲਦ ਦੌੜਾਕ ਐਸੋਸੀਏਸ਼ਨ ਤੋਂ ਮੰਗ ਕੀਤੀ ਕਿ ਇਕ ਮੰਚ 'ਤੇ ਇਕੱਤਰ ਹੋ ਕੇ ਮੁੜ ਬਲਦ ਭਜਾਉਣ ਦੀ ਰਾਹਤ ਪ੍ਰਾਪਤ ਕੀਤੀ ਜਾਵੇ।



## ਪੰਜਾਬ ਵਿਚ ਕਮਾਈ ਦਾ ਸੌਖਾ ਜ਼ਰੀਆ ਬਣੀ ਨਸ਼ਾ ਤਸਕਰੀ

**ਚੰਡੀਗੜ੍ਹ:** ਪੰਜਾਬ ਵਿਚ ਨਸ਼ਾ ਤਸਕਰੀ ਰਾਹੀਂ ਪੈਸਾ ਕਮਾਉਣ ਨੂੰ ਸਭ ਤੋਂ ਸੌਖਾ ਢੰਗ ਸਮਝਿਆ ਜਾਣ ਲੱਗਾ ਹੈ। ਪਿਛਲੇ ਦਿਨੀਂ ਹੋਈਆਂ ਪੁਲਿਸ ਕਾਰਵਾਈਆਂ ਵਿਚ ਪਤਾ ਲੱਗਾ ਹੈ ਕਿ ਸਰਹੱਦ ਪਾਰੋਂ ਆਈ ਨਸ਼ੇ ਦੀ ਇਕ ਖੇਪ ਨੂੰ ਅਸਲ ਟਿਕਾਣੇ 'ਤੇ ਪੁੱਜਦੀ ਕਰਨ ਨਾਲ ਸਾਰੀ ਜ਼ਿੰਦਗੀ ਦੀ ਰੋਟੀ ਬਣ ਜਾਂਦੀ ਹੈ। ਇਹੀ ਕਾਰਨ ਹੈ ਕਿ ਪਿੰਡ ਦੇ ਸਰਪੰਚ ਤੋਂ ਲੈ ਕੇ ਪੁਲਿਸ ਮੁਲਾਜ਼ਮ, ਬੀ.ਐਸ.ਐਫ. ਦੇ ਜਵਾਨ ਤੋਂ ਡਾਕਟਰ ਤੇ ਰੇਲਵੇ ਟੀ.ਟੀ. ਤੇ ਇਥੋਂ ਤੱਕ ਕਿ ਵੱਡੇ ਕਾਰੋਬਾਰੀ ਵੀ ਨਸ਼ਿਆਂ ਦੇ ਕਾਰੋਬਾਰ ਵੱਲ ਖਿੱਚੇ ਆ ਰਹੇ ਹਨ। ਇਕ ਕਿਲੋਗ੍ਰਾਮ ਹੈਰੋਇਨ ਦੀ ਖੇਪ ਟਿਕਾਣੇ 'ਤੇ ਪਹੁੰਚਾਉਣ ਲਈ 50 ਹਜ਼ਾਰ ਤੋਂ ਲੈ ਕੇ ਇਕ ਲੱਖ ਰੁਪਏ ਮਿਲਦੇ ਹਨ।

ਯੂਥ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਗੁਰਦਾਸਪੁਰ ਜ਼ਿਲ੍ਹੇ ਵਿਚ ਡੇਰਾ ਬਾਬਾ ਨਾਨਕ ਲਾਗਲੇ ਪਿੰਡ ਵੈਰੋਕੇ ਦੇ ਸਰਪੰਚ ਰਾਜਿੰਦਰ ਸਿੰਘ ਨੂੰ 2010 ਵਿਚ ਬੀ.ਐਸ.ਐਫ. ਵਲੋਂ ਪੰਜ ਕਿਲੋ ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ ਸੀ ਤੇ ਇਸ ਵੇਲੇ ਉਹ ਜੇਲ੍ਹ ਵਿਚ ਹੈ। ਉਸ ਦੀ ਪਤਨੀ ਸੁਖਜੀਤ ਕੌਰ ਅਕਾਲੀ ਦਲ ਦੀ ਟਿਕਟ 'ਤੇ ਸਰਪੰਚ ਬਣ ਗਈ। ਘਰ ਦੇ ਡਰਾਇੰਗ ਰੂਮ ਵਿਚ ਰਾਜਿੰਦਰ ਸਿੰਘ ਦੀਆਂ ਵੱਡੇ ਅਕਾਲੀ ਆਗੂਆਂ ਨਾਲ ਤਸਵੀਰਾਂ ਸਜਾ ਕੇ ਰੱਖੀਆਂ ਹੋਈਆਂ ਹਨ। ਲੰਘੀ 10 ਜਨਵਰੀ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਮੁੱਲਾਕੋਟ ਤੋਂ ਬੀ.ਐਸ.ਐਫ. ਨੇ ਸੁਰਜੀਤ ਦੇ ਖੇਤ ਵਿਚੋਂ ਸੱਤ ਕਿਲੋ ਹੈਰੋਇਨ ਬਰਾਮਦ ਕੀਤੀ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਖੇਪ ਕਾਂਗਰਸ ਪਾਰਟੀ ਨਾਲ ਸਬੰਧਤ ਪਿੰਡ ਦੇ ਸਰਪੰਚ ਗੁਰਮੇਲ ਸਿੰਘ ਲਈ ਭੇਜੀ ਗਈ ਸੀ। ਉਹ ਤਿੰਨ ਕਿਲੋ ਹੈਰੋਇਨ ਸਮੇਤ ਫੜੇ ਜਾਣ ਕਰਕੇ ਪਹਿਲਾਂ ਹੀ ਜੇਲ੍ਹ ਵਿਚ ਹੈ। ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦੀਆਂ ਨਸ਼ਿਆਂ ਦੇ ਧੰਦੇ ਨਾਲ ਜੁੜੀਆਂ ਤਾਰਾਂ ਅਜੇ ਖੁੱਲ੍ਹਣੀਆਂ ਬਾਕੀ ਹਨ ਪਰ ਮੁਕਾਮੀ ਪੱਧਰ 'ਤੇ ਬਹੁਤ ਸਾਰੇ ਸਿਆਸਤਦਾਨ ਸ਼ਿਕੰਜੇ ਵਿਚ ਆ ਚੁੱਕੇ ਹਨ। ਇਨ੍ਹਾਂ ਵਿਚੋਂ ਬਹੁਤਿਆਂ ਦੇ ਸਬੰਧ ਹੁਕਮਰਾਨ ਅਕਾਲੀ ਦਲ ਨਾਲ ਹਨ ਜਦਕਿ ਕਾਂਗਰਸ ਨਾਲ ਸਬੰਧਤ ਕੁਝ ਆਗੂ ਵੀ ਫੜੇ ਗਏ ਹਨ। ਇਸ ਬਾਰੇ ਇਕ ਤਫਤੀਸ਼ੀ ਅਫ਼ਸਰ ਨੇ ਦੱਸਿਆ ਕਿ ਸਾਡੇ ਲਈ ਇਹ ਪਤਾ ਲਾਉਣਾ ਖਾਸ ਕਰਕੇ ਮਾਝਾ ਖੇਤਰ 'ਚ ਔਖਾ ਕੰਮ ਨਹੀਂ ਕਿ ਸਬੰਧਤ ਲਿੰਕ ਮੌਜੂਦਾ ਵਿਧਾਇਕ ਦਾ ਹੈ ਜਾਂ ਫਿਰ ਸਾਬਕਾ ਵਿਧਾਇਕ ਦਾ ਪਰ ਠੋਸ ਸਬੂਤ ਨਾ ਹੋਣ ਕਰਕੇ ਸਿੱਧੇ ਤੌਰ 'ਤੇ ਕਾਰਵਾਈ ਨਹੀਂ ਕੀਤੀ ਜਾ ਸਕਦੀ।



ਕੌਮਾਂਤਰੀ ਸਰਹੱਦ ਦੇ ਆਸ-ਪਾਸ ਫੜੀ ਗਈ ਹੈਰੋਇਨ ਦੀ ਖੇਪ ਆਮ ਤੌਰ 'ਤੇ ਮਾਝੇ ਦੇ ਕੁਝ ਬੰਦਿਆਂ ਲਈ ਭੇਜੀ ਹੁੰਦੀ ਹੈ। ਪਿਛਲੇ ਦਿਨੀਂ ਪੁਲਿਸ ਨੇ ਪਿੰਡ ਕਾਲੀਏਵਾਲਾ ਦੇ ਕਾਂਗਰਸ ਆਗੂ ਕੁਲਵੀਰ ਸਿੰਘ ਕਾਲਾ, ਯੂਥ ਅਕਾਲੀ ਦਲ ਦੇ ਆਗੂ ਸ਼ੇਰ ਸਿੰਘ ਤੇ ਮੈਂਬਰ ਮਨਪ੍ਰੀਤ ਸਿੰਘ ਵਾਸੀ ਪਿੰਡ ਭਲੂਰ ਨੂੰ ਬੱਘੀਪੁਰ ਚੌਕ ਲਾਗਿਓਂ 20 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਸੀ। ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਨੇ ਪਿਛਲੇ ਮਹੀਨੇ ਅੰਕੜੇ ਜਾਰੀ ਕਰਦਿਆਂ ਇਕ ਡੀ.ਐਸ.ਪੀ. ਸਮੇਤ 67 ਪੁਲਿਸ ਮੁਲਾਜ਼ਮਾਂ ਖਿਲਾਫ ਨਸ਼ਿਆਂ ਦੀ ਤਸਕਰੀ ਦੇ ਦੋਸ਼ ਤਹਿਤ ਕਾਰਵਾਈ ਕੀਤੀ ਗਈ ਹੈ। ਇਨ੍ਹਾਂ ਵਿਚੋਂ 48 ਮੁਲਾਜ਼ਮ ਨੂੰ ਬਰਖਾਸਤ ਕੀਤਾ ਗਿਆ ਤੇ 19 ਨੂੰ ਮੁਅੱਤਲ ਕੀਤਾ ਗਿਆ।

### ਡਰੱਗ ਕੇਸ: ਈ.ਡੀ. ਅਫ਼ਸਰ ਦੀ ਬਦਲੀ 'ਤੇ ਰੋਕ ਵਧੀ

**ਚੰਡੀਗੜ੍ਹ:** ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਤੋਂ ਡਰੱਗਜ਼ ਦੇ ਕੇਸ ਵਿਚ ਪੁੱਛ-ਪੜਤਾਲ ਕਰਨ ਵਾਲੇ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਅਫ਼ਸਰ ਨਿਰੰਜਨ ਸਿੰਘ ਦੀ ਬਦਲੀ 'ਤੇ ਲਾਈ ਰੋਕ ਵਿਚ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਵਾਧਾ ਕਰ ਦਿੱਤਾ ਹੈ। ਇਹ ਸਟੇਅ ਦੇ ਹੁਕਮ ਅਗਲੀ ਸੁਣਵਾਈ ਦੀ ਤਰੀਕ 26 ਫਰਵਰੀ ਤੱਕ ਲਾਗੂ ਰਹਿਣਗੇ। ਈ.ਡੀ. ਨੇ ਅਦਾਲਤ ਨੂੰ ਪੂਰਾ ਭਰੋਸਾ ਦਿਵਾਇਆ ਕਿ ਸਬੰਧਤ ਅਫ਼ਸਰ ਦੀ ਬਦਲੀ ਨਾਲ ਕੇਸ ਦੀ ਚਲ ਰਹੀ ਜਾਂਚ ਉਤੇ ਕੋਈ ਅਸਰ ਨਹੀਂ ਪਵੇਗਾ। ਬੈਂਚ ਨੂੰ ਈ.ਡੀ. ਦੀ ਇਹ ਦਲੀਲ ਬਹੁਤ ਵਜ਼ਨੀ ਨਹੀਂ ਜਾਪੀ।

ਸੂਤਰਾਂ ਅਨੁਸਾਰ ਜਾਂਚ ਅਧਿਕਾਰੀ ਨਿਰੰਜਣ ਸਿੰਘ ਵਲੋਂ ਇਹ ਤਿਆਰੀ ਕੀਤੀ ਜਾ ਰਹੀ ਹੈ ਕਿ ਇਸ ਮਾਮਲੇ ਦਾ ਚਲਾਨ ਮਿੱਥੇ ਸਮੇਂ ਦੌਰਾਨ ਹੀ ਪੇਸ਼ ਕਰ ਦਿੱਤਾ ਜਾਵੇ। ਇਸ ਤੋਂ ਪਹਿਲਾਂ 26 ਦਸੰਬਰ ਨੂੰ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਈ.ਡੀ. ਦਫ਼ਤਰ ਵਿਚ ਤਲਬ ਕੀਤਾ ਗਿਆ ਸੀ। ਸਾਬਕਾ ਜੇਲ੍ਹ ਮੰਤਰੀ ਸਰਵਣ ਸਿੰਘ ਫਿਲੌਰ, ਉਨ੍ਹਾਂ ਦੇ ਪੁੱਤਰ ਦਮਨਬੀਰ ਸਿੰਘ, ਮੁੱਖ ਸੰਸਦੀ ਸਕੱਤਰ ਅਵਿਨਾਸ਼ ਚੰਦਰ, ਕਾਂਗਰਸ ਦੇ ਮੈਂਬਰ ਪਾਰਲੀਮੈਂਟ ਚੌਧਰੀ ਸੰਤੋਖ ਸਿੰਘ ਤੇ ਐਨ.ਆਰ.ਆਈ. ਸਭਾ ਪੰਜਾਬ ਦੇ ਸਾਬਕਾ ਪ੍ਰਧਾਨ ਕਮਲਜੀਤ ਸਿੰਘ ਹੇਅਰ ਨੂੰ ਵੀ ਈ.ਡੀ. ਦਫ਼ਤਰ ਤਲਬ ਕਰ ਚੁੱਕਾ ਹੈ।

# ਸੀਨੀਅਰ ਕਮਿਸ਼ਨਰਾਂ ਦੀ ਮੀਟਿੰਗ ਵਿਚ ਬਜ਼ੁਰਗਾਂ ਦੀਆਂ ਮੁਸ਼ਕਲਾਂ 'ਤੇ ਵਿਚਾਰ

**ਸੈਨ ਹੋਜ਼ੇ (ਬਿਊਰੋ):** ਪਿਛਲੇ ਦਿਨੀਂ ਸੈਨ ਹੋਜ਼ੇ ਦੇ ਸਿਟੀ ਹਾਲ ਵਿਚ ਮਿਸਟਰ ਰਿਚਰਡ ਮੱਕੀ ਦੀ ਚੇਅਰਮੈਨਸ਼ਿਪ ਥੱਲੇ ਸੀਨੀਅਰ ਕਮਿਸ਼ਨਰਾਂ ਦੀ ਇਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿਚ ਵੱਖ ਵੱਖ ਜਿਲ੍ਹਿਆਂ ਦੀ ਨੁਮਾਇੰਦੇ ਕਮਿਸ਼ਨਰ- ਪੈਰਕ ਹਾਲ, ਰੀਟਾ ਮੋਰਾ, ਮੇਰੀ ਹੇਟਰ, ਵਾਰਨ ਗੈਨਨ, ਮਾਰਥਾ ਕੈਨਨ, ਜੇਸੀ ਰੇਬੋਰਨ, ਟਰੇਸੀ ਗੌਟ, ਡਾਨ ਰੋਚੈ ਵਲੋਂ ਐਂਡਰੀਓ ਹਾਈਡ ਵਿਚ ਸ਼ਾਮਲ ਹੋਏ। ਬਲਬੀਰ ਸਿੰਘ ਲੱਧੜ ਨੇ ਵਿਸ਼ੇਸ਼ ਤੌਰ 'ਤੇ ਏਸ਼ੀਅਨ ਭਾਈਚਾਰੇ ਦੇ ਪ੍ਰਤੀਨਿਧ ਵਜੋਂ ਹਾਜ਼ਰੀ ਭਰੀ।



ਮੀਟਿੰਗ ਵਿਚ ਹਾਜ਼ਰ ਕਮਿਸ਼ਨਰ ਅਤੇ ਸਿੱਖ ਨੁਮਾਇੰਦੇ

ਚਰਨਜੀਤ ਸਿੰਘ ਪੰਨੂ ਨੇ ਵਿਸ਼ੇਸ਼ ਅਤਿਥੀ ਵਜੋਂ ਸ਼ਮੂਲੀਅਤ ਕੀਤੀ ਤੇ ਆਪਣੀ ਕਿਤਾਬ 'ਮੇਰੀ ਵ੍ਹਾਈਟ ਹਾਊਸ ਫੇਰੀ' ਚੇਅਰਮੈਨ ਨੂੰ ਪੇਸ਼ ਕੀਤੀ। ਸ. ਪੰਨੂ ਨੇ ਦੱਸਿਆ ਕਿ ਵ੍ਹਾਈਟ ਹਾਊਸ ਅਤੇ ਅਮਰੀਕਾ ਦੀ ਹਿਸਟਰੀ ਬਾਰੇ ਪੰਜਾਬੀ ਵਿਚ ਲਿਖੀ ਇਹ ਪਹਿਲੀ ਕਿਤਾਬ ਹੈ ਜਿਸ ਵਿਚ ਅਮਰੀਕਾ ਦੇ ਇਤਿਹਾਸ, ਸਰਕਾਰੀ ਮਸ਼ੀਨਰੀ, ਸਿਟੀਜ਼ਨ ਦੇ ਅਖਤਿਆਰ ਤੇ ਅਧਿਕਾਰ, ਗਦਰੀ ਬਾਬਿਆਂ ਸਮੇਤ ਸਿੱਖਾਂ ਦਾ ਸੌ ਸਾਲਾ ਸੰਘਰਸ਼, ਯੋਗਦਾਨ ਤੇ ਹੋਰ ਲਾਹੇਵੰਦ ਜਾਣਕਾਰੀ ਸ਼ਾਮਲ ਕੀਤੀ ਗਈ ਹੈ।

ਇਸ ਇਕੱਤਰਤਾ ਵਿਚ ਸੀਨੀਅਰ ਵਰਗ ਨੂੰ ਦਰਪੇਸ਼ ਮੁਸ਼ਕਲਾਂ ਉਪਰ ਵਿਚਾਰ-ਵਟਾਂਦਰਾ ਕੀਤਾ ਗਿਆ। ਸਿੱਖਾਂ ਦੇ ਪ੍ਰਤੀਨਿਧ ਵਜੋਂ ਕਲਨਲ ਬਲਬੀਰ ਸਿੰਘ ਲੱਧੜ ਨੇ ਵਿਸ਼ੇਸ਼ ਤੌਰ ਤੇ ਤਿਆਰ ਕੀਤਾ ਪੇਪਰ ਪੇਸ਼ ਕੀਤਾ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸ ਗੁਰੂਆਂ ਤੇ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਬਾਰੇ ਜਾਣਕਾਰੀ ਦਿੱਤੀ ਪਰ ਚੇਅਰਮੈਨ ਨੇ ਇਹ ਕਹਿ ਕੇ ਟੋਕ ਦਿੱਤਾ ਕਿ ਤੁਸੀਂ ਏਜੰਡੇ ਤੋਂ ਬਾਹਰ ਜਾ ਰਹੇ ਹੋ, ਸਿਰਫ ਸੀਨੀਅਰਾਂ ਦੀ ਗੱਲ ਕਰੋ। ਸੀਨੀਅਰ ਕਮਿਊਨਿਟੀ ਮੈਂਬਰ ਮਾਰਥਾ ਨੇ ਚੇਅਰਮੈਨ ਦੇ ਇਸ ਵਤੀਰੇ 'ਤੇ ਇਤਰਾਜ਼ ਕਰਦਿਆਂ ਕਿਹਾ ਕਿ ਗਲਤ ਪਛਾਣ ਕਾਰਨ ਸਿੱਖਾਂ ਨਾਲ ਹੁੰਦੇ ਵਿਤਕਰੇ ਨੂੰ ਖਤਮ ਕਰਨ ਲਈ ਇਨ੍ਹਾਂ ਬਾਰੇ ਜਾਣਨਾ ਜਰੂਰੀ ਹੈ। ਦੋ ਹੋਰ ਮੈਂਬਰਾਂ ਦੇ ਪ੍ਰੋੜਤਾ ਕਰਨ 'ਤੇ ਚੇਅਰਮੈਨ ਦਾ ਇਤਰਾਜ਼ ਨਕਾਰ ਦਿੱਤਾ ਗਿਆ। 9/11 ਤੋਂ ਬਾਅਦ ਇਕ ਖਾਸ ਵਰਗ ਦੇ ਲੋਕਾਂ ਨਾਲ ਮਿਲਦੇ-ਜੁਲਦੇ ਹੁਲੀਏ ਕਾਰਨ ਬੇਕਸੂਰ ਸਿੱਖਾਂ ਤੇ ਹੋਏ/ਹੁੰਦੇ ਤਸ਼ੱਦਦ ਤੇ ਮਾਰਧਾੜ ਦੀਆਂ ਹਕੀਕਤਾਂ ਸਾਰਿਆਂ ਨੇ ਖਾਸ ਦਿਲਚਸਪੀ ਨਾਲ ਸੁਣੀਆਂ ਤੇ ਇਸ ਵਾਸਤੇ ਵਿਸ਼ੇਸ਼ ਉਪਰਾਲੇ ਕਰਨ ਦੇ ਸੁਝਾ ਜਤਾਏ ਗਏ।

# ਸੈਨ ਹੋਜ਼ੇ ਦੀ ਖ਼ੂਨੀ ਸੜਕ ਜ਼ੈਰਬਾ ਬੁਇਨਾ ਰੋਡ

**ਸੈਨ ਹੋਜ਼ੇ (ਬਿਊਰੋ):** ਸੈਨ ਹੋਜ਼ੇ ਸ਼ਹਿਰ ਦੀ ਜ਼ੈਰਬਾ ਬੁਇਨਾ ਰੋਡ ਖ਼ੂਨੀ ਸੜਕ ਬਣ ਗਈ ਹੈ। ਪਿਛਲੇ ਮਹੀਨੇ ਪਾਰਕ ਨੇੜੇ ਹੋਏ ਗੰਭੀਰ ਹਾਦਸੇ ਦੀ ਥਾਂ 'ਤੇ ਰੱਖੇ ਫੁੱਲ ਅਜੇ ਮੁਰਝਾਏ ਵੀ ਨਹੀਂ ਸਨ ਕਿ ਇਕ ਹੋਰ ਘਟਨਾ ਵਿਚ ਏਡਨਵੁੱਡ ਮੋੜ 'ਤੇ ਇੱਕ ਪੰਜਾਬੀ ਮੁਟਿਆਰ ਕਿਰਨ ਪਾਬਲਾ ਮੌਤ ਦੀ ਬਲੀ ਚੜ੍ਹ ਗਈ। ਚੌਵੀ ਸਾਲਾ ਕਿਰਨ ਆਪਣੀ ਰੁਟੀਨ ਸੈਰ ਕਰਦਿਆਂ ਸੜਕ ਕਿਨਾਰੇ ਫੁੱਟਪਾਥ ਤੇ ਜੌਗਿੰਗ ਕਰਦੀ ਜਾ ਰਹੀ ਸੀ। ਕਲੋਲਾਂ ਕਰਦੇ ਹੰਸ 'ਤੇ ਅਚਾਨਕ ਬਾਜ ਨੇ ਝਪਟ ਮਾਰੀ। ਨੀਮਨ ਚੌਂਕ ਵਲੋਂ ਹਨੇਰੀ ਵਾਂਗ ਆਉਂਦੀਆਂ ਦੋ ਕਾਰਾਂ ਆਪਸ ਵਿਚ ਭਿੜੀਆਂ ਤੇ ਉਸ ਮੁਟਿਆਰ ਨੂੰ ਦਰੜਦੀਆਂ ਮੂਧੀਆਂ ਹੋ ਗਈਆਂ।

ਖਬਰ ਅਨੁਸਾਰ ਅਠਾਰਾਂ ਤੇ ਚੌਵੀ ਸਾਲ ਦੇ ਦੋਵੇਂ ਡਰਾਈਵਰ ਆਪੋ ਵਿਚੀਂ ਜਿਦ ਕੇ ਰੇਸ ਲਗਾਉਂਦੇ ਚੈਟਿੰਗ ਕਰ ਰਹੇ ਸਨ। ਇਸ ਜਗ੍ਹਾ ਸਪੀਡ ਦੀ ਹੱਦ 40 ਮੀਲ ਹੈ ਪਰ ਉਹ ਸੱਠ ਤੋਂ ਉਪਰ ਜਾ ਰਹੇ ਸਨ। ਨੇਬਰਹੁੱਡ ਵਲੋਂ ਸਿਟੀ ਪੁਲਿਸ ਨੂੰ ਇਸ ਹੋੜ ਨੂੰ ਕੰਟਰੋਲ ਕਰਨ ਬਾਰੇ ਪਹਿਲਾਂ ਵੀ ਕਈ ਵੇਰਾਂ ਯਾਦ ਪੱਤਰ ਦਿੱਤੇ ਜਾ ਚੁਕੇ ਹਨ ਤੇ ਸਿਟੀ ਪੁਲਿਸ ਇਸ ਨੂੰ ਰੋਕਣ ਲਈ ਤੇਜ ਚਾਲਕਾਂ ਨੂੰ ਮਹੀਨੇ ਵਿਚ ਇੱਕ ਦੋ ਵੇਰਾਂ ਟਿਕਟਾਂ ਨਾਲ ਵੀ ਨਿਵਾਜ਼ਦੀ ਹੈ ਪਰ ਇਸ ਨੂੰ ਨੱਥ ਨਹੀਂ ਪਾਈ ਜਾ ਸਕੀ।



ਹਜਾਰਾਂ ਹਮਦਰਦਾਂ ਨੇ ਸੇਜ਼ਲ ਅੱਖਾਂ ਨਾਲ ਕਿਰਨ ਨੂੰ ਅੰਤਿਮ ਵਿਦਾਈ ਦਿੰਦਿਆਂ ਇਸ ਆਦਮਖਾਣੀ ਰੌਸ ਨੂੰ ਲਾਹਨਤ ਪਾਈ। ਹਰ ਵਰਗ ਧਰਮ ਦੇ ਲੋਕਾਂ ਨੇ ਇਕੱਠੇ ਹੋ ਕੇ ਜਾਗਰੂਕਤਾ ਪੈਗਾਮ ਵਜੋਂ ਕੈਂਡਲ ਪ੍ਰਦਰਸ਼ਨ ਕਰ ਕੇ ਵਿਛੜੀ ਆਤਮਾ ਨੂੰ ਸ਼ਰਧਾਂਜਲੀ ਦਿੱਤੀ। ਸਸਕਾਰ ਤੇ ਅੰਤਿਮ ਅਰਦਾਸ ਵੇਲੇ ਬੁਲਾਰਿਆਂ ਨੇ ਜੋਰਦਾਰ ਆਵਾਜ਼ ਉਠਾਈ ਕਿ ਇਸ ਸੜਕ 'ਤੇ ਚੇਤਾਵਨੀਆਂ ਤੇ ਸਪੀਡ-ਬਰੇਕਰ ਲਗਾਏ ਜਾਣ। ਕਿਰਨ ਦਾ ਬਾਪ ਪਹਿਲਾਂ ਹੀ ਰੱਬ ਨੂੰ ਪਿਆਰਾ ਹੋ ਚੁੱਕਾ ਹੈ ਤੇ ਮਾਂ ਕਈ ਸਾਲਾਂ ਤੋਂ ਕੈਂਸਰ ਪੀੜਤ ਹੈ। ਬੁਲਾਰਿਆਂ ਨੇ ਇਸ ਗੱਲ 'ਤੇ ਵੀ ਲੋੜ ਮਹਿਸੂਸ ਕੀਤੀ ਕਿ ਸਾਰੇ ਮਾਪੇ ਆਪਣੇ ਕਿਸ਼ੋਰ ਬੱਚਿਆਂ ਨੂੰ ਇਸ ਖਤਰਨਾਕ ਅਣਗਹਿਲੀ ਬਾਰੇ ਪੱਟੀ ਪੜ੍ਹਾਉਣ ਕਿ ਵਾਹਨ ਚਲਾਉਣ ਸਮੇਂ ਫੋਨ ਸੁਣਨਾ ਜਾਂ ਟੈਕਸਟ ਕਰਨਾ ਮੌਤ ਨੂੰ ਆਵਾਜ਼ ਮਾਰਨ ਵਾਲੀ ਗੱਲ ਹੈ। ਸਮੇਂ ਨਾਲੋਂ ਜ਼ਿੰਦਗੀ ਜਿਆਦਾ ਕੀਮਤੀ ਹੈ। ਇਸੇ ਸੜਕ 'ਤੇ ਕੁਝ ਸਾਲ ਪਹਿਲਾਂ ਵੀ 20-22 ਸਾਲਾਂ ਦੇ ਦੋ ਪੰਜਾਬੀ ਮੁੰਡਿਆਂ ਦੀ ਕਾਰ ਤੇਜ ਸਪੀਡ ਕਾਰਨ ਉਲਟ ਗਈ ਸੀ ਤੇ ਅੱਗ ਦਾ ਭੜਾਕਾ ਬਣ ਗਈ ਸੀ। ਅੱਗ 'ਚ ਸੜੇ ਉਨ੍ਹਾਂ ਦੇ ਪਿੰਜਰਾਂ ਦੀ ਬੜੀ ਮੁਸ਼ਕਲ ਪਛਾਣ ਹੋਈ ਸੀ।

## ਸਿੱਖ ਰੈਜੀਮੈਂਟ ਨੂੰ ਗਣਤੰਤਰ ਦਿਵਸ ਪਰੇਡ ਵਿਚੋਂ ਪਹਿਲਾ ਇਨਾਮ

**ਨਵੀਂ ਦਿੱਲੀ:** ਗਣਤੰਤਰ ਦਿਵਸ ਪਰੇਡ ਵਿਚ ਸੈਨਾਵਾਂ ਦੇ ਵਰਗ ਵਿਚੋਂ ਸਭ ਤੋਂ ਵਧੀਆ ਮਾਰਚ ਕਰਨ ਵਾਲੇ ਦਸਤੇ ਦਾ ਖਿਤਾਬ ਗਾਰਡਜ਼ ਰੈਜੀਮੈਂਟ ਅਤੇ ਸਿੱਖ ਰੈਜੀਮੈਂਟ ਦੀ ਬ੍ਰਿਗੇਡ ਨੂੰ ਸਾਂਝੇ ਤੌਰ 'ਤੇ ਦਿੱਤਾ ਗਿਆ। ਨੀਮ-ਫੌਜੀ ਤੇ ਸਹਾਇਕ ਵਰਗ ਵਿਚ ਇਹ ਖਿਤਾਬ ਸੀ. ਆਈ. ਐਸ. ਐਫ. ਨੂੰ ਮਿਲਿਆ। ਝਾਕੀ ਵਿਚ ਪਹਿਲਾ ਇਨਾਮ ਮਹਾਰਾਸ਼ਟਰ ਦੀ ਝਾਕੀ ਨੂੰ ਮਿਲਿਆ। ਨੌਂ ਕੇਂਦਰੀ ਮੰਤਰਾਲਿਆਂ ਤੇ ਵਿਭਾਗਾਂ ਸਣੇ ਕੁੱਲ 25 ਝਾਕੀਆਂ ਪਰੇਡ ਵਿਚ ਸ਼ਾਮਲ ਹੋਈਆਂ ਸਨ। ਝਾਰਖੰਡ ਦੀ ਝਾਕੀ ਨੂੰ ਦੂਜਾ ਤੇ ਕਰਨਾਟਕ ਦੀ ਝਾਕੀ ਨੂੰ ਤੀਜਾ ਸਥਾਨ ਦਿੱਤਾ ਗਿਆ।

ਸਕੂਲੀ ਬੱਚਿਆਂ ਦੇ ਵਰਗ ਵਿਚ ਪੱਛਮੀ ਜ਼ੋਨ ਕਲਚਰਲ ਸੈਂਟਰ, ਉਦੈਪੁਰ ਵਲੋਂ ਪੇਸ਼ ਕੀਤੇ ਗਏ ਗੁਜਰਾਤ ਦੇ 'ਡਾਂਗ ਨ੍ਰਿਤ' ਨੂੰ ਪਹਿਲਾ ਇਨਾਮ ਤੇ ਦੱਖਣੀ ਮੱਧ ਜ਼ੋਨ ਕਲਚਰਲ ਸੈਂਟਰ ਨੂੰ ਹੌਸਲਾ ਵਧਾਊ ਇਨਾਮ ਦਿੱਤਾ ਗਿਆ। ਇਸ ਦੌਰਾਨ ਦਿੱਲੀ ਦੇ ਵਿਜੇ ਚੌਕ ਵਿਚ ਹੋਏ ਬੀਟਿੰਗ ਰੀਟਰੀਟ ਸਮਾਰੋਹ ਨਾਲ 66ਵੇਂ ਗਣਤੰਤਰ ਦਿਵਸ ਦੇ ਜਸ਼ਨ ਸਮਾਪਤ ਹੋ ਗਏ।


The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



GLOBAL FREIGHT EXPERTS



1950 E Miner Ave. Stockton, CA

ਡਰਾਈਵਰਾਂ ਅਤੇ Owner Operators ਦੀ ਲੋੜ ਹੈ। ਡਰਾਈਵਰਾਂ ਨੂੰ Dry VAN ਲਈ ਘੱਟੋ ਘੱਟ ਤਨਖ਼ਾਹ 38cents/mile

• ਹੁੱਕ ਡਰਾਪ ਅਤੇ ਲਾਈਵ ਲੋਡ
• ਸਮੇਂ ਸਿਰ ਅਦਾਇਗੀ
• Fuel Advance
• ਤੁਸੀਂ ਸਾਡੇ ਟਰੇਲਰ ਵੀ Pull ਕਰ ਸਕਦੇ ਹੋ
• CA ਤੋਂ AB, BC, OR ਅਤੇ WA ਅਤੇ ਵਾਪਸ CA
• ਸੌਖਾ ਕੰਮ ਤੇ ਚੰਗੇ ਪੈਸੇ

ਸੰਪਰਕ ਕਰੋ
ਰਾਜ
(209) 547-9210
ਲਖਵੀਰ
(209) 922-9696

GLOBAL FREIGHT EXPERTS INC
Email : raj@gfbontime.com, Web : www.gfbontime.com

# A & I Trucking Co.

123 E Lee Rd Watsonville, CA Ph: 831-763-7805

ਜਦੋਂ ਇਸ ਖੁਦਾ ਦੀ ਧਰਤੀ 'ਤੇ ਬੰਦਿਆਂ ਦਾ ਝੂਠਾ ਕਬਜ਼ਾ ਸੀ,
ਜਦੋਂ ਮਾੜੇ ਦੁਖੀ ਗਰੀਬਾਂ ਦਾ ਕੱਖਾਂ ਤੋਂ ਹੋਲਾ ਦਰਜਾ ਸੀ।
ਉਸ ਵੇਲੇ ਤਾਂ ਫਿਰ ਜਿਊਣੇ ਦਾ ਨੁਕਤਾ ਸਮਝਾਇਆ ਖਾਸ ਗੁਰੂ,
ਦੁਖੀਆਂ ਦੇ ਦੁਖ ਵੰਡਾਉਣ ਲਈ ਆਏ ਕਾਸ਼ੀ ਵਿਚ ਰਵਿਦਾਸ ਗੁਰੂ।



## ਗਾਖਲ ਭਰਾਵਾਂ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਸਮੂਹ ਲੋਕਾਈ ਨੂੰ

# ਗੁਰੂ (ਭਗਤ) ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ ਹੋਵੇ



ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਅਮੋਲਕ ਸਿੰਘ ਗਾਖਲ

ਹੋਰ ਜਾਣਕਾਰੀ ਲਈ ਸੰਪਰਕ ਕਰੋ

**ਫੋਨ:1-888-664-4004**

Fax: 831-724-2010, e-mail: aa@aitruckingllc.com

ਗਾਖਲ ਭਰਾਵਾਂ ਦੀ ਕੰਪਨੀ

**ਏ. ਐਂਡ ਆਈ. ਟਰਾਂਸਪੋਰਟ**

ਵਾਟਸਨਵਿਲ, ਕੈਲੀਫੋਰਨੀਆ

*11 ਵੈਸਟਰਨ ਸਟੇਟਾਂ ਅਤੇ ਲੋਕਲ (ਕੈਲੀਫੋਰਨੀਆ) ਵਾਸਤੇ*

**ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ**

> ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ

> 21 ਸਾਲਾਂ ਤੋਂ ਸਮੇਂ ਸਿਰ ਪੇਮੈਂਟ

**Weekly Pay Roll**



# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

## Guru Nanak Free Medical Clinic
## San Jose Gurdwara

## ਗੁਰੂ ਨਾਨਕ ਫਰੀ ਮੈਡੀਕਲ ਕਲਿਨਿਕ
## ਗੁਰਦੁਆਰਾ ਸੈਨ ਹੋਜ਼ੇ



**ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੇ ਪ੍ਰਬੰਧਕਾਂ ਵਲੋਂ ਸੰਗਤਾਂ ਦੀ ਸਹੂਲਤ ਲਈ ਗੁਰੂ ਨਾਨਕ ਫਰੀ ਮੈਡੀਕਲ ਕਲਿਨਿਕ ਖੋਲ੍ਹੀ ਗਈ ਹੈ, ਇਸ ਕਲਿਨਿਕ ਦਾ ਲਾਭ ਉਹ ਲੋੜਵੰਦ ਉਠਾ ਸਕਦੇ ਹਨ, ਜਿਨ੍ਹਾਂ ਕੋਲ ਕੋਈ ਮੈਡੀਕਲ ਇੰਸ਼ੋਰੈਂਸ ਨਹੀਂ ਹੈ**

### ਪਿਛੋਕੜ

ਸੰਨ 2010 ਤੋਂ ਗੁਰਦੁਆਰਾ ਸੈਨ ਹੋਜ਼ੇ ਵਲੋਂ ਗੁਰੂ ਘਰ ਦੇ ਲੰਗਰ ਹਾਲ ਵਿਚ ਫਰੀ ਮੈਡੀਕਲ ਸੇਵਾ ਮੁਹੱਈਆ ਕੀਤੀ ਜਾ ਰਹੀ ਹੈ।

2013 ਵਿਚ ਗੁਰੂ ਨਾਨਕ ਫਰੀ ਮੈਡੀਕਲ ਕਲਿਨਿਕ ਦੀ ਉਸਾਰੀ ਅਰੰਭ ਕੀਤੀ ਗਈ।

ਨਵੰਬਰ 2014 ਗੁਰੂ ਨਾਨਕ ਫਰੀ ਮੈਡੀਕਲ ਕਲਿਨਿਕ ਦੇ ਦਰਵਾਜ਼ੇ ਸੰਗਤ ਲਈ ਖੋਲ੍ਹੇ।



### ਮਕਸਦ

ਲੋੜਵੰਦਾਂ ਨੂੰ ਮੁਫਤ ਮੈਡੀਕਲ ਸੇਵਾਵਾਂ ਮੁਹੱਈਆ ਕਰਨਾ।

ਬਹੁ-ਭਾਸ਼ਾਈ ਸੇਵਾਵਾਂ ਦੇਣਾ।

ਜਿਨ੍ਹਾਂ ਪਾਸ ਕੋਈ ਹੈਲਥ ਇੰਸ਼ੋਰੈਂਸ ਨਹੀਂ ਤਾਂ ਜੋ ਅਮਰੀਕਾ ਘੁੰਮਣ ਆਏ ਹਨ, ਉਨ੍ਹਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਨਾ।

ਕਲਿਨਿਕ ਵਲੋਂ ਹਿੱਪਾ (HIPAA) ਦੀਆਂ ਸ਼ਰਤਾਂ ਦੀ ਪਾਲਣਾ ਕੀਤੀ ਜਾਂਦੀ ਹੈ ਅਤੇ ਸਾਰਾ ਮੈਡੀਕਲ ਰਿਕਾਰਡ ਇਲੈਕਟ੍ਰਾਨਿਕ ਪੂਰੀ ਸੁਰੱਖਿਅਤ ਸੰਭਾਲ ਵਿਚ ਰੱਖਿਆ ਜਾਂਦਾ ਹੈ।

### ਕਲਿਨਿਕ ਦਾ ਸਮਾਂ

ਹਰ ਐਤਵਾਰ ਬਾਅਦ ਦੁਪਹਿਰ ਇਕ ਵਜੇ ਤੋਂ ਤਿੰਨ ਵਜੇ ਤੱਕ

### ਕਲਿਨਿਕ ਦੀਆਂ ਸੇਵਾਵਾਂ ਮੁਹੱਈਆ ਕਰਨ ਵਾਲੇ

ਸਾਰੇ ਵਾਲੰਟੀਅਰ
ਡਾਕਟਰ: 4
ਨਰਸਾਂ: 2
ਮੈਡੀਕਲ ਅਸਿਸਟੈਂਟ: 4



**Dr Anmol Singh Mahal**
**Internal Medicine, Gastroenterology**
Medical degree, All India Institute of Medical Sciences, New Delhi.
Internship in Internal Medicine, College of Medicine and Dentistry of New Jersey, Newark.
Fellowship in Gastroenterology, Stanford University Medical Center, CA



**Dr. Seema Sidhu**
**Obstetrics and Gynecology**
Medical Degree, Creighton University School of Medicine, Omaha, NE.
Residency in Obstetrics and Gynecology, Hawaii Residency Programs, Honolulu, HI.
Fellowship in Hospice and Palliative Medicine, San Jose, CA



**Dr. Gurpreet Kaur Padam**
**Family Medicine**
Medical Degree, Ross University, Edison, NJ.
Residency in Family Medicine, University of Nevada School of Medicine, Reno, NV.
Fellowship in Hospice and Palliative Medicine, VA Palo Alto & Stanford University, CA



**Dr. Harpreet Singh Pannu**
**Internal Medicine**
Medical Degree, Govt. Medical College, Punjab, India.
Internship in Internal Medicine, Jersey City Medical Center, Jersey City, NJ.
Residency in Internal Medicine, Saint Mary's Hospital and Medical Center, San Francisco, CA






**ਤੁਸੀਂ ਕਿਸ ਤਰ੍ਹਾਂ ਮਦਦ ਕਰ ਸਕਦੇ ਹੋ? ■ਸਾਡੇ ਨਾਲ ਵਾਲੰਟੀਅਰ ਬਣ ਕੇ ■ਡਾਕਟਰ ਵਜੋਂ ■ਨਰਸ ਵਜੋਂ ■ਮੈਡੀਕਲ ਅਸਿਸਟੈਂਟ ਵਜੋਂ**

### ਗੁਰਦੁਆਰਾ ਸਾਹਿਬ ਦੇ ਆ ਰਹੇ ਪ੍ਰੋਗਰਾਮ

- ਸਾਲਾਨਾ ਬੇਅ ਏਰੀਆ ਅਖੰਡ ਕੀਰਤਨ ਸਮਾਗਮ 14 ਫਰਵਰੀ ਤੋਂ 22 ਫਰਵਰੀ ਤੱਕ
- 15 ਫਰਵਰੀ: ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਹਰਿ ਰਾਏ ਜੀ
- 22 ਫਰਵਰੀ: ਖਾਲਸਾ ਸਕੂਲ ਦੀ 25ਵੀਂ ਵਰ੍ਹੇਗੰਢ
- ਪਹਿਲੀ ਮਾਰਚ: ਪ੍ਰਕਾਸ਼ ਦਿਹਾੜਾ ਭਗਤ ਰਵਿਦਾਸ ਜੀ
- 7 ਮਾਰਚ: ਸਾਲਾਨਾ ਹੋਲਾ-ਮਹੱਲਾ

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

**3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: www.sanjosegurdwara.org**

# ਲਛਮਣ ਰੇਖਾ ਦਾ ਜਾਦੂ



ਕਾਰਟੂਨਿਸਟ ਆਰ.ਕੇ. ਲਕਸ਼ਮਨ ਦਾ ਸਿਰਜਿਆ ਆਮ ਆਦਮੀ।

## ਕਾਰਟੂਨਿਸਟ ਆਰ.ਕੇ. ਲਕਸ਼ਮਨ ਦੀ ਸਦੀਵੀ ਅਲਵਿਦਾ

ਕਲਾ ਪਰਿਕਰਮਾ

ਕਾਰਟੂਨਿਸਟ ਆਰ.ਕੇ. ਲਕਸ਼ਮਨ ਦਾ ਸਿਰਜਿਆ 'ਆਮ ਆਦਮੀ' ਪੂਰੇ ਪੰਜ ਦਹਾਕੇ, ਹਰ ਸਵੇਰ ਅਖਬਾਰ ਦੇ ਜ਼ਰੀਏ 'ਆਮ ਆਦਮੀਆਂ' ਦੇ ਦਰਾਂ ਉਤੇ ਦਸਤਕ ਦਿੰਦਾ ਰਿਹਾ। ਉਸ ਦੇ ਬਹੁਤੇ ਪ੍ਰਸ਼ੰਸਕ ਅਖਬਾਰ ਦੀ ਸ਼ੁਰੂਆਤ ਉਹਦੇ 'ਆਮ ਆਦਮੀ' ਨਾਲ ਗੱਲ ਕਰ ਕੇ ਹੀ ਸ਼ੁਰੂ ਕਰਦੇ ਸਨ। ਤੇ ਇਹ ਕੋਈ ਛੋਟੀ-ਮੋਟੀ ਗੱਲ ਨਹੀਂ ਸੀ।...ਅਸਲ ਵਿਚ ਲਕਸ਼ਮਨ ਖੂਬਸੂਰਤ ਅਤੇ ਤਰਤੀਬਵਾਰ ਲਕੀਰਾਂ ਵਾਹੁਣ ਦੇ ਨਾਲ-ਨਾਲ ਸ਼ਬਦਾਂ ਦਾ ਜਾਦੂਗਰ ਵੀ ਸੀ। ਉਸ ਦੀਆਂ ਵਾਹੀਆਂ ਲਕੀਰਾਂ ਅਤੇ ਸ਼ਬਦ ਮਿਲ ਕੇ ਅਜਿਹਾ ਫਿਊਜ਼ਨ ਪੈਦਾ ਕਰਦੇ ਸਨ ਕਿ ਪੜ੍ਹਨ/ਦੇਖਣ ਵਾਲੇ ਦੇ ਜ਼ਹਿਨ ਦੇ ਮਾਨੋ ਕਪਾਟ ਹੀ ਖੁੱਲ੍ਹ ਜਾਂਦੇ।


ਸੱਤ ਭੈਣ-ਭਰਾਵਾਂ ਵਿਚੋਂ ਇਕ ਆਰ.ਕੇ. ਲਕਸ਼ਮਨ ਦੀ ਡਰਾਇੰਗ ਸ਼ੁਰੂ ਤੋਂ ਹੀ ਚੰਗੀ ਸੀ। 'ਪੰਚ', 'ਟਿਟ ਬਿਟਸ', 'ਸਟ੍ਰੈਂਡ' ਅਤੇ 'ਬਾਈਸਟੈਂਡਰ' ਵਰਗੇ ਪਰਚੇ ਜਿਨ੍ਹਾਂ ਵਿਚ ਖੂਬ ਮੂਰਤਾਂ ਛਪਦੀਆਂ ਸਨ, ਉਹਨੂੰ ਬਹੁਤ ਖਿੱਚ ਪਾਉਂਦੇ ਸਨ। ਫਿਰ ਜਦੋਂ ਉਸ ਨੇ ਬ੍ਰਿਟਿਸ਼ ਕਾਰਟੂਨਿਸਟ ਸਰ ਡੇਵਿਡ ਲੋਅ ਦੀ ਕਲਾ ਦਾ ਰੰਗ ਦੇਖਿਆ, ਉਹ ਇਸੇ ਰਾਹ ਦਾ ਰਾਹੀ ਹੋ ਗਿਆ। ਆਪਣੀ ਸਵੈ-ਜੀਵਨੀ 'ਦਿ ਟਨਲ ਆਫ ਟਾਈਮ' ਵਿਚ ਉਸ ਨੇ ਆਪਣੀਆਂ ਇਨ੍ਹਾਂ ਮੁਢਲੀਆਂ ਰੁਚੀਆਂ ਬਾਰੇ ਬੜੇ ਵਿਸਥਾਰ ਨਾਲ ਲਿਖਿਆ ਹੈ। ਆਪਣੇ ਕਮਰੇ ਦੀ ਤਾਕੀ ਵਿਚੋਂ ਜੋ ਵੀ ਝਾਕੀ ਉਸ ਦੇ ਜ਼ਹਿਨ ਵਿਚ ਉਤਰ ਜਾਂਦੀ, ਉਹ ਝੱਟ ਉਸ ਨੂੰ ਕਾਗਜ਼ ਉਤੇ ਉਤਾਰਨ ਦਾ ਯਤਨ ਕਰਦਾ। ਇਸੇ ਕੋਸ਼ਿਸ਼ ਵਿਚ ਸੁੱਕੇ ਪੱਤੇ ਅਤੇ ਕਿਰਲੀਆਂ ਉਸ ਦੀ ਕਾਪੀ ਉਤੇ ਅਕਸਰ ਬਣਦੀਆਂ ਰਹਿੰਦੀਆਂ। ਇਕ ਵਾਰ ਉਹਨੇ ਲੱਕੜਾਂ ਪਾੜਦੇ ਕਾਮੇ ਦਾ ਚਿੱਤਰ ਉਲੀਕਿਆ ਅਤੇ ਫਿਰ ਕਾਂ ਦਾ ਚਿੱਤਰ ਵੱਖ-ਵੱਖ ਕੋਣ ਤੋਂ ਬਣਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਬਾਅਦ ਵਿਚ ਇਹੀ ਕਾਂ ਉਸ ਦੇ ਬਹੁਤੇ ਕਾਰਟੂਨਾਂ ਵਿਚ ਨਜ਼ਰੀਂ ਪੈਂਦਾ ਰਿਹਾ, ਲਗਾਤਾਰ।

ਅਧਿਆਪਕ ਪਿਤਾ ਦੀ ਮੌਤ ਤੋਂ ਬਾਅਦ ਉਸ ਦੇ ਸੁਪਨਿਆਂ ਨੂੰ ਲੱਗੇ ਖੰਭ ਇਕ ਵਾਰ ਤਾਂ ਟੁੱਟ ਗਏ ਪਰ ਉਸ ਨੇ ਹਿੰਮਤ ਨਹੀਂ ਹਾਰੀ ਅਤੇ ਸਕੂਲ ਦੀ ਪੜ੍ਹਾਈ ਮੁਕਾ ਲਈ। ਉਹਨੇ ਆਪਣੇ ਸੁਪਨਿਆਂ ਦੀ ਉਡਾਣ ਮੁੜ ਭਰਨ ਲਈ ਮੁੰਬਈ ਦੇ ਮਸ਼ਹੂਰ ਜੇ.ਜੇ. ਸਕੂਲ ਆਫ ਆਰਟਸ ਵਿਚ ਦਾਖਲ ਹੋਣ ਲਈ ਅਰਜ਼ੀ ਦਿੱਤੀ ਪਰ ਉਸ ਦੀ ਅਰਜ਼ੀ ਇਹ ਕਹਿ ਕੇ ਰੱਦ ਕਰ ਦਿੱਤੀ ਗਈ ਕਿ ਉਸ ਵਿਚ ਉਹ ਪ੍ਰਤਿਭਾ ਨਹੀਂ ਜੋ ਉਸ ਨੂੰ ਸੰਸਥਾ ਵਿਚ ਦਾਖਲ ਹੋਣ ਦੇ ਹਾਣ ਦਾ ਬਣਾਵੇ। ਇਕ ਵਾਰ ਫਿਰ ਉਹਦਾ ਦਿਲ ਟੁੱਟ ਗਿਆ ਪਰ ਉਹਨੇ ਮੈਸੂਰ ਯੂਨੀਵਰਸਿਟੀ ਤੋਂ ਬੈਚਲਰ ਆਫ ਆਰਟਸ ਕਰ ਲਈ ਅਤੇ 'ਬਲਟਿਜ਼' ਅਤੇ 'ਸਵਰਾਜਯਾ' ਵਰਗੇ ਪਰਚਿਆਂ ਵਿਚ ਕਾਰਟੂਨ ਭੇਜਦਾ ਰਿਹਾ। ਫਿਰ ਉਹਨੂੰ 'ਫ੍ਰੀ ਪ੍ਰੈਸ ਜਰਨਲ' ਵਿਚ ਬਤੌਰ ਸਿਆਸੀ ਕਾਰਟੂਨਿਸਟ ਨੌਕਰੀ ਮਿਲ ਗਈ ਅਤੇ ਇਸ ਤੋਂ ਬਾਅਦ 'ਟਾਈਜ਼ ਆਫ ਇੰਡੀਆ' ਨਾਲ ਜੁੜਨ ਮਗਰੋਂ ਤਾਂ ਉਹ ਹਰ ਪਾਸੇ ਛਾ ਗਿਆ। ਉਮਰ ਦੇ ਅਖੀਰ ਤੱਕ ਕਾਰਟੂਨ ਵਾਹੁੰਦਾ ਲਕਸ਼ਮਨ 24 ਅਕਤੂਬਰ 1921 ਨੂੰ ਜੰਮਿਆ ਸੀ ਅਤੇ 26 ਜਨਵਰੀ 2015 ਨੂੰ ਸਦੀਵੀ ਅਲਵਿਦਾ ਆਖ ਗਿਆ।


*-ਆਮਨਾ ਸਿੰਘ*



ਕਾਰਟੂਨਿਸਟ ਆਰ.ਕੇ. ਲਕਸ਼ਮਨ ਦਾ ਆਪਣਾ ਤੇ ਆਪਣੇ ਆਮ ਆਦਮੀ ਦਾ ਬਣਾਇਆ ਕਾਰਟੂਨ




ਸ਼ਿਵ ਸੈਨਾ ਆਗੂ ਬਾਲ ਠਾਕਰੇ ਦੀ ਚੜ੍ਹਤ ਵੇਲੇ ਦਾ ਬਣਾਇਆ ਕਾਰਟੂਨ



## ਹਰ ਸਿਆਸਤਦਾਨ ਚਾਹੁੰਦਾ ਸੀ...

*ਆਰ.ਕੇ. ਲਕਸ਼ਮਨ ਦੀ ਚੜ੍ਹਤ ਦੇ ਦਿਨਾਂ ਵਿਚ ਹਰ ਕਹਿੰਦਾ-ਕਹਾਉਂਦਾ ਸਿਆਸਤਦਾਨ ਵੀ ਚਾਹੁੰਦਾ ਸੀ ਕਿ ਲਕਸ਼ਮਨ ਉਹਦਾ ਕਾਰਟੂਨ ਬਣਾਵੇ। ਇਸ ਦਾ ਕਾਰਨ ਇਹੀ ਸੀ ਕਿ ਲਕਸ਼ਮਨ ਆਪਣੇ ਕਾਰਟੂਨਾਂ ਵਿਚ ਕਿਸੇ ਦਾ ਮਜ਼ਾਕ ਨਹੀਂ ਸੀ ਉਡਾਉਂਦਾ ਬਲਕਿ ਇੰਨੀ ਸਟੀਕ ਟਿੱਪਣੀ ਕਰਦਾ ਸੀ ਕਿ ਬਹੁਤੀ ਵਾਰ ਇਸ ਦੀ ਧਾਰ ਖਬਰ ਨਾਲੋਂ ਵੀ ਕਈ ਗੁਣਾਂ ਤਿੱਖੀ ਜਾਪਦੀ ਹੁੰਦੀ ਸੀ। ਬਹੁਤੀ ਵਾਰ ਤਾਂ ਉਹਦੇ ਕਾਰਟੂਨਾਂ ਦੀ ਟੋਨ ਖਬਰਾਂ ਦੇ ਅਰਥਾਂ ਨੂੰ ਜਰਬ ਦਿੰਦੀ ਜਾਪਦੀ। ਮਰਹੂਮ ਇੰਦਰਾ ਗਾਂਧੀ ਬਾਰੇ ਬਣਾਏ ਉਸ ਦੇ ਕਈ ਕਾਰਟੂਨ ਇਸ ਸ਼੍ਰੇਣੀ ਵਿਚ ਰੱਖੇ ਜਾ ਸਕਦੇ ਹਨ। ਸਿਆਸਤ ਉਤੇ ਟਿੱਪਣੀਆਂ ਵਾਲੇ ਉਹਦੇ ਕਾਰਟੂਨ ਬਹੁਤ ਹਿੱਟ ਰਹੇ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਫਰਵਰੀ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-155



**ਲੱਗ ਗਿਆ ਮਾਈਆਂ ਚੜ੍ਹ'ਗੀ ਭੱਠੀ, ਵਿਆਹ ਪਿੰਕੀ ਦਾ ਧਰਿਆ।**
**ਕੱਟ'ਤੇ ਟਮਾਟਰ, ਪਿਆਜ ਤੇ ਆਲੂ, ਕੰਮ ਰੋਟੀ ਦਾ ਕਰਿਆ।**
**ਕਿਉਂ ਢਿੱਲ੍ਹੀ ਜਿਹੀ ਬੈਠੀ ਸੰਤੀਏ, ਖੁੱਲ੍ਹ ਕੇ ਮਾਰ ਲਈਂ ਗੇੜਾ।**
**ਆਊ ਆਥਣੇ ਮੇਲ ਨਾਨਕਾ, ਨੀ ਫਿਰ ਗਿੱਧਾ ਪਊ ਬਥੇਰਾ।**

## ਕੈਪਸ਼ਨ ਮੁਕਾਬਲਾ-153



ਉਹ ਵੀ ਭਲਾ ਜ਼ਮਾਨਾ ਸੀ,
ਜਦ ਡੱਬਾ ਗਾਣੇ ਗਾਉਂਦਾ ਸੀ।
ਆਖ 'ਰੇਡੂਆ' ਹਰ ਕੋਈ
ਉਸ ਦੇ ਨੇੜੇ ਆਉਂਦਾ ਸੀ।
ਠੰਡੂ ਰਾਮ ਹੁੰਗਾਰਾ ਭਰਦਾ,
ਭਾਈਆ ਭਾਅ ਸੁਣਾਉਂਦਾ ਸੀ।
ਨੋਕ-ਝੋਕ ਨਾਲ ਰੌਣਕ ਲਾਉਂਦੇ,
ਹਾਲ ਮੌਸਮ ਦਾ ਆਉਂਦਾ ਸੀ।
ਯਮਲੇ ਵਾਲੀ ਤੂੰਬੀ ਵੱਜਦੀ,
ਲੋਕ ਗੀਤ ਉਹ ਗਾਉਂਦਾ ਸੀ।
ਕੰਨ ਲਾ ਲਾ ਹਰ ਕੋਈ ਸੁਣਦਾ,
ਮਨ ਆਪਣਾ ਪ੍ਰਚਾਉਂਦਾ ਸੀ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਜਦੋਂ ਮਰੋੜੀ ਘੁੱਗੀ,
ਰੇਡੀਓ ਝੱਟ ਪਿਆ ਏ ਬੋਲ।
ਮਰਦ-ਜਨਾਨਾ ਦੋ ਆਵਾਜ਼ਾਂ
ਕਰਦੀਆਂ ਸੁਣਨ ਕਲੋਲ।
ਰਤਾ ਕੁ ਕੰਨ ਮਰੋੜਿਆ
ਸੁਣਿਆ ਵੱਜਦਾ ਚਿਮਟਾ, ਢੋਲ।
ਭੱਲੇ ਦੇ ਛਣਕਾਟੇ ਵਿਚਲੇ
ਹੁੰਦੇ ਸੁਣੇ ਚੋਹਲ-ਮੋਹਲ।
ਗੁੱਠੇ ਲੱਗੇ ਬਾਰੀਆਂ ਵਿਚ
ਪਏ ਬਣ ਕੇ ਡੱਬੇ ਪੁਰਾਣੇ।
ਮੋਦੀ ਦੇ ਆਉਣ 'ਤੇ ਰੇਡੀਓ
ਉਤੇ ਵੱਜਣ ਲੱਗ ਪੇ ਗਾਣੇ।
ਬੰਦਾ ਕਿਤੇ, ਆਵਾਜ਼ਾਂ ਕਿਧਰੇ
ਦੁਨੀਆਂ ਸੁਣੇ ਅਨੰਦ ਮਾਣੇ।
'ਕੈਲਾ' ਮੋਦੀ ਦੇ 'ਮਨ ਦੀ ਬਾਤ'
ਹਰ ਹਫਤੇ ਭਾਰਤ ਜਾਣੇ।

***-ਕਰਨੈਲ ਸਿੰਘ ਕੈਲ, ਸਿਆਟਲ***
***ਫੋਨ: 206-557-9419***

---

ਪੁਰਾਣੇ ਜ਼ਮਾਨੇ ਦਾ ਰੇਡੀਓ
ਹੁਣ ਕਿਧਰੇ ਲੱਭੇ ਨਾ।
ਠੰਡੂ ਰਾਮ ਦੇ ਚੁਬਾਰੇ ਉਤੇ
ਹੁਣ ਰੇਡੀਓ ਵੱਜੇ ਨਾ।

***-ਪਰਸ਼ੋਤਮ ਸਿੰਘ ਯੂਬਾ ਸਿਟੀ***

---

ਕੰਨ ਮਰੋੜਿਆਂ ਰੌਲਾ ਪਾਵੇ
ਕੰਨ ਮਰੋੜਿਆਂ ਚੁਪ ਕਰ ਜਾਵੇ।
ਰੇਡੀਓ ਦਾ, ਵੀਹਵੀਂ ਸਦੀ ਦਾ
ਵੱਡਾ ਚਮਤਕਾਰ ਸੀ ਆਇਆ।
ਸਭ ਦੇ ਮਨ ਨੂੰ ਸੀ ਭਾਇਆ।
ਸਭ ਹੈਰਾਨ ਜਦ ਇਹ ਬੋਲੇ।
ਚੁੱਪ ਕਰ ਕੇ ਖੜ੍ਹ ਜਾਂਦੇ ਸੀ ਕੋਲੇ।
ਕੋਈ ਕਹੇ, ਵਿਚੋਂ ਸ਼ੈਤਾਨ ਬੋਲੇ।
ਖਬਰਾਂ, ਮੌਸਮ ਤੇ ਗੀਤ-ਸੰਗੀਤ
ਸੁਣਦੇ ਸੀ ਨਿਆਣੇ ਤੇ ਸਿਆਣੇ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

## ਵਿਸ਼ੇਸ਼ ਜਾਣਕਾਰੀ

-ਪਾਕਿਸਤਾਨ ਦਾ ਰਾਸ਼ਟਰੀ ਚਿੰਨ੍ਹ ਚਮੇਲੀ ਦਾ ਫੁੱਲ ਹੈ।
-ਭਾਰਤ ਦਾ ਰਾਸ਼ਟਰੀ ਚਿੰਨ੍ਹ ਅਸ਼ੋਕ ਚੱਕਰ ਹੈ।
-ਜਰਮਨੀ ਦਾ ਰਾਸ਼ਟਰੀ ਚਿੰਨ੍ਹ ਈਗਲ ਹੈ।
-ਅਮਰੀਕਾ ਦਾ ਰਾਸ਼ਟਰੀ ਚਿੰਨ੍ਹ ਗੋਲਡਨ ਰੋਜ਼ ਹੈ।
-ਕੈਨੇਡਾ ਦਾ ਰਾਸ਼ਟਰੀ ਚਿੰਨ੍ਹ ਮੈਪਲ ਪੱਤੀ ਹੈ।
-ਜਪਾਨ ਦਾ ਰਾਸ਼ਟਰੀ ਚਿੰਨ੍ਹ ਕ੍ਰਾਈਸਨਥੀਮਸ ਹੈ।

## ਧਾਰਮਿਕ ਐਲਬਮ 'ਕਾਸ਼ੀ ਵਾਲੀ ਰੇਲ' ਰਿਲੀਜ਼

**ਜਲੰਧਰ (ਬਿਊਰੋ):** ਪ੍ਰੋਮੋਟਰ ਤੇ ਗੀਤਕਾਰ ਜੱਸੀ ਬੰਗਾ ਯੂ.ਐਸ.ਏ. ਅਤੇ ਹੈਪੀ ਮਨੀਲਾ ਵਲੋਂ ਸਥਾਪਿਤ ਐਚ.ਐਮ.ਈ. ਮਿਊਜ਼ਿਕ ਕੰਪਨੀ ਵਲੋਂ ਗਾਇਕ ਗੁਰਬਖਸ਼ ਸ਼ੌਂਕੀ ਦੀ ਗੁਰੂ ਰਵਿਦਾਸ ਜੀ ਦੇ ਧਾਰਮਿਕ ਸ਼ਬਦਾਂ ਦੀ ਇਕ




ਐਲਬਮ 'ਕਾਸ਼ੀ ਵਾਲੀ ਰੇਲ' ਪਿਛਲੇ ਦਿਨੀਂ ਰਿਲੀਜ਼ ਕੀਤੀ ਗਈ।

ਇਸ ਸਬੰਧੀ ਜੱਸੀ ਬੰਗਾ ਨੇ ਦੱਸਿਆ ਕਿ ਗਾਇਕ ਗੁਰਬਖਸ਼ ਸ਼ੌਂਕੀ ਵਲੋਂ ਗਾਏ 8 ਸ਼ਬਦਾਂ 'ਚੋਂ ਇਕ ਗੀਤ 'ਚੱਲੀਏ ਕਾਸ਼ੀ ਵਾਲੀ ਰੇਲੇ' ਜਲਦ ਹੀ ਵੱਖ ਵੱਖ ਚੈਨਲਾਂ 'ਤੇ ਪ੍ਰਸਾਰਿਤ ਕੀਤਾ ਜਾਵੇਗਾ। ਇਹ ਗੀਤ ਜੱਸੀ ਬੰਗਾ ਦਾ ਹੀ ਲਿਖਿਆ ਹੋਇਆ ਹੈ। ਇਸ ਐਲਬਮ ਦਾ ਸੰਗੀਤ ਅਮਦਾਦ ਅਲੀ ਨੇ ਤਿਆਰ ਕੀਤਾ ਹੈ ਜਦਕਿ ਹੈਪੀ ਮਨੀਲਾ ਇਸ ਐਲਬਮ ਨੂੰ ਵੱਡੇ ਪੱਧਰ 'ਤੇ ਰਿਲੀਜ਼ ਕਰਨਗੇ।

ਦੱਸਣਯੋਗ ਹੈ ਕਿ ਜੱਸੀ ਬੰਗਾ ਹਰ ਸਾਲ ਗੁਰੂ ਰਵਿਦਾਸ ਜੀ ਦੇ ਗੁਰਪੁਰਬ 'ਤੇ ਆਪਣੇ ਲਿਖੇ ਸ਼ਬਦ ਗਾਇਕਾਂ ਤੋਂ ਗੁਆ ਕੇ ਰਿਲੀਜ਼ ਕਰਵਾਉਂਦੇ ਹਨ। ਉਹ ਅਮਰੀਕਾ ਵਿਚ ਕਈ ਨਾਮੀ ਗਾਇਕਾਂ ਦੇ ਸ਼ੋਅ ਕਰਵਾ ਚੁੱਕੇ ਹਨ।

## ਮਨਰਾਜ ਭੌਰਾ ਦੀ ਧਾਰਮਿਕ ਐਲਬਮ 'ਬਾਬਾ ਰਵਿਦਾਸ, ਬਾਣੀ ਵਿਚ ਵਾਸ' ਜਾਰੀ



*ਮਨਰਾਜ ਭੌਰਾ ਦੀ ਡੀ ਵੀ ਡੀ ਜਾਰੀ ਕਰਦੇ ਹੋਏ ਭਾਈਚਾਰੇ ਦੇ ਪਤਵੰਤੇ ਸੱਜਣ*

**ਫਰੀਮਾਂਟ (ਬਿਊਰੋ):** ਬੇਅ ਏਰੀਆ ਦੀਆਂ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਹਸਤੀਆਂ ਦੀ ਹਾਜ਼ਰੀ ਵਿਚ ਆਸਟ੍ਰੀਆ ਦੀ ਰਾਜਧਾਨੀ ਵਿਆਨਾ ਵਸਦੇ ਗਾਇਕ ਮਨਰਾਜ ਭੌਰਾ ਦੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ 'ਤੇ ਉਨ੍ਹਾਂ ਦੀ ਜੀਵਨ ਮਹਿਮਾ ਬਾਰੇ ਗਾਏ ਗੀਤਾਂ ਦੀ ਡੀ ਵੀ ਡੀ ਲੰਘੇ ਸਨਿਚਰਵਾਰ ਇਥੇ ਸੀ ਪੀ ਏ ਹਰਭਜਨ ਲਾਖਾ ਦੇ ਦਫਤਰ ਵਿਚ ਰਿਲੀਜ਼ ਕੀਤੀ ਗਈ।

ਪ੍ਰਧਾਨਗੀ ਮੰਡਲ ਵਿਚ ਰਾਮ ਮੂਰਤੀ ਸਰੋਏ, ਡਾ. ਹਰਮੇਸ਼ ਕੁਮਾਰ, ਅਮਰੀਕ ਚੰਦ ਲਾਖਾ ਅਤੇ ਬੇਅ ਏਰੀਆ ਗੁਰੂ ਰਵਿਦਾਸ ਸਭਾ ਦੇ ਉਪ ਚੇਅਰਮੈਨ ਵਿਨੋਦ ਕੁਮਾਰ ਚੁੰਬਰ ਸ਼ਾਮਿਲ ਹੋਏ। ਇਸ ਮੌਕੇ ਬੋਲਦਿਆਂ ਸ੍ਰੀ ਰਾਮ ਮੂਰਤੀ ਸਰੋਏ ਨੇ ਕਿਹਾ ਕਿ ਜਿਸ ਅੰਦਾਜ਼ ਨਾਲ ਇਸ ਡੀ ਵੀ ਡੀ ਦੇ ਗੀਤਾਂ ਦੀ ਭਾਵਨਾ ਨੂੰ ਸਮਝਦਿਆਂ ਫਿਲਮਾਂਕਣ ਕੀਤਾ ਗਿਆ ਹੈ, ਉਹ ਵਰਤਮਾਨ ਸਮੇਂ ਵਿਚ ਅਤਿ ਪ੍ਰਭਾਵਸ਼ਾਲੀ ਹੋਵੇਗਾ ਅਤੇ ਇਸ ਗੱਭਰੂ ਦੇ ਨਿਸ਼ਕਾਮ ਯਤਨ ਨੂੰ ਸਲਾਹਿਆ ਜਾਣਾ ਚਾਹੀਦਾ ਹੈ। ਡਾ. ਹਰਮੇਸ਼ ਕੁਮਾਰ ਨੇ ਕਿਹਾ ਕਿ ਮਨਰਾਜ ਭੌਰਾ ਨੇ ਵਿਦੇਸ਼ਾਂ ਵਿਚ ਰਹਿ ਕੇ ਵੀ ਰਵਿਦਾਸੀਆ ਕੌਮ ਲਈ ਇਹ ਇਕ ਮਹੱਤਵਪੂਰਨ ਕਾਰਜ ਕੀਤਾ ਹੈ। ਸ੍ਰੀ ਅਮਰੀਕ ਲਾਖਾ ਨੇ ਐਲਬਮ ਦੀ ਚਰਚਾ ਕਰਦਿਆਂ ਇਸ ਨੂੰ ਮਹੱਤਵਪੂਰਨ ਤੇ ਸ਼ਰਧਾਵਾਨ ਕਾਰਜ ਦੱਸਿਆ।

ਸ੍ਰੀ ਗੁਰੂ ਰਵਿਦਾਸ ਸਭਾ ਬੇ ਏਰੀਆ ਦੇ ਉਪ ਚੇਅਰਮੈਨ ਵਿਨੋਦ ਕੁਮਾਰ ਚੁੰਬਰ ਨੇ ਗੀਤਾਂ ਅਤੇ ਗਾਇਕੀ ਤੋਂ ਪ੍ਰਭਾਵਿਤ ਹੋ ਕੇ ਮਨਰਾਜ ਨੂੰ ਅਗਲੇ ਵਰ੍ਹਿਆਂ ਵਿਚ ਉਚੇਚੇ ਤੌਰ ਤੇ ਗੁਰੂ ਰਵਿਦਾਸ ਜੀ ਦੇ ਗੁਰਪੂਰਬ ਤੇ ਅਮਰੀਕਾ ਬੁਲਾਉਣ ਦੀ ਪੇਸ਼ਕਸ਼ ਕੀਤੀ।


ਕਾਲਮਨਵੀਸ ਜਗਤਾਰ ਗਿੱਲ ਨੇ ਕਿਹਾ ਕਿ ਜਿਥੇ ਮਨਰਾਜ ਨੇ ਸਾਫ ਸੁਥਰੇ ਗੀਤਾਂ 'ਮਹਾਰਾਜਾ' ਅਤੇ 'ਬਾਪੂ' ਨਾਲ ਆਪਣੀ ਵੱਖਰੀ ਪਹਿਚਾਣ ਬਣਾਈ ਹੈ, ਉਥੇ ਉਹ ਆਪਣੇ ਇਸ ਯਤਨ ਵਿਚ ਵੀ ਸਫਲ ਹੋਇਆ ਹੈ। ਕੁਲਵੰਤ ਚੁੰਬਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

ਮੰਚ ਸੰਚਾਲਨ ਕਰਦਿਆਂ ਪੱਤਰਕਾਰ ਐਸ. ਅਸ਼ੋਕ ਭੌਰਾ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਮੇਰਾ ਭਤੀਜਾ ਮਨਰਾਜ ਭੌਰਾ ਸਾਡੇ ਘਰ ਦੇ ਸੰਗੀਤਕ ਮਾਹੌਲ ਨਾਲ ਹੀ ਗਾਇਕ ਬਣਨ ਦੇ ਯੋਗ ਹੋਇਆ ਹੈ। ਉਸ ਨੇ ਆਪਣੀ ਮਿਹਨਤ ਤੇ ਲਗਨ ਨਾਲ ਵਿਆਨਾ ਵਿਚ ਰਹਿੰਦਿਆਂ ਵੀ ਚੰਗਾ ਨਾਂ ਕਮਾਇਆ ਹੈ। ਐਲਬਮ ਵਿਚਲੇ ਕੁਝ ਵੀਡੀਓ ਗੀਤਾਂ ਦਾ ਵੱਡੀ ਟੀ.ਵੀ. ਸਕਰੀਨ ਤੇ ਪ੍ਰਦਰਸ਼ਨ ਵੀ ਕੀਤਾ ਗਿਆ।


**Jammu Chiropractic**

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

**Medicare & Most Private Insurances Accepted**



*Contact:* **Dr. Baljit Jammu**

*Doctor of Chiropractic*

**Ph: 510-940-8236**

1090 La Playa Dr., Hayward CA 94545



# ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

**Punjab Truck Wash & Repair 2301 Simpson Street, Kingsburg, CA 93631**

*ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114*




*ਨਵੇਂ ਪੁਰਾਣੇ ਟਾਇਰ *ਬਰੇਕ *ਆਇਲ ਚੇਂਜ *ਰੀਅਰਐਂਡ *ਸਸਪੈਂਸ਼ਨ *ਇੰਸ਼ਪੈਕਸ਼ਨ *ਕਲੱਚ *ਵੈਲਡਿੰਗ


**Oil Change Special $179.99**

**Labour $55 per hour**

**All major and minor repairs.**

ਤਸੱਲੀਬਖਸ਼ ਕੰਮ ਵਾਜਬ ਰੇਟ

*Free Parking*







ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ

ਫੋਨ: 559-897-2323, ਸੈਲ: 209-923-1110

# ਸਰਕਾਰ ਨੇ ਛੋਟੀਆਂ ਸਨਅਤੀ ਇਕਾਈਆਂ ਤੋਂ ਮੂੰਹ ਫੇਰਿਆ

**ਲੁਧਿਆਣਾ:** ਪੰਜਾਬ ਸਰਕਾਰ ਦੀ ਬੇਰੁਖੀ ਕਾਰਨ ਸੂਬੇ ਵਿਚ ਛੋਟੀਆਂ ਉਦਯੋਗਿਕ ਇਕਾਈਆਂ ਦਾ ਭਵਿੱਖ ਖਤਰੇ ਵਿਚ ਪੈ ਗਿਆ ਹੈ। ਵੱਡੇ ਸਨਅਤੀ ਘਰਾਣਿਆਂ ਨੂੰ ਪੰਜਾਬ ਵੱਲ ਖਿੱਚਣ ਦੇ ਚੱਕਰ ਵਿਚ ਸਰਕਾਰ ਨੇ ਛੋਟੀਆਂ ਸਨਅਤੀ ਇਕਾਈਆਂ ਤੋਂ ਮੂੰਹ ਫੇਰ ਲਿਆ ਹੈ ਜਿਸ ਕਾਰਨ ਇਹ ਛੋਟੇ ਉਦਯੋਗ ਗੁਆਂਢੀ ਸੂਬਿਆਂ ਵੱਲ ਰੁਖ ਕਰਨ ਲਈ ਮਜਬੂਰ ਹਨ। ਸਨਅਤੀ ਸ਼ਹਿਰ ਲੁਧਿਆਣਾ ਸਮੇਤ ਸੂਬੇ ਦੀਆਂ 45 ਹਜ਼ਾਰ ਐਮ.ਐਸ.ਐਮ.ਈ. ਸਨਅਤਾਂ ਦਾ ਭਵਿੱਖ ਖਤਰੇ ਵਿਚ ਪੈ ਗਿਆ ਹੈ ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਮੇਕ ਇਨ ਇੰਡੀਆ ਨਾਅਰਾ ਪੰਜਾਬ ਦੇ ਸਨਅਤਕਾਰਾਂ ਲਈ ਰਾਹਤ ਲੈ ਕੇ ਆਉਣ ਦੀ ਬਜਾਏ ਉਨ੍ਹਾਂ ਨੂੰ ਪਿਛਾਂਹ ਵਾਲੇ ਪਾਸੇ ਹੀ ਧੱਕਣ ਵਾਲਾ ਸਾਬਤ ਹੋਇਆ ਹੈ।



ਪੰਜਾਬ ਦੀ ਸਨਅਤੀ ਰਾਜਧਾਨੀ ਲੁਧਿਆਣਾ ਵਿਖੇ ਇਸ ਸਮੇਂ 39000 ਮਾਈਕਰੋ, ਲਘੂ ਤੇ ਮੀਡੀਅਮ ਸਨਅਤੀ ਇਕਾਈਆਂ ਹਨ, ਜੋ ਸਾਈਕਲ ਤੇ ਸਾਈਕਲ ਦੇ ਪਾਰਟਸ, ਆਟੋ ਪਾਰਟਸ, ਟ੍ਰੈਕਟਰ ਪਾਰਟਸ, ਹੌਜ਼ਰੀ, ਸਿਲਾਈ ਮਸ਼ੀਨ, ਟੈਕਸਟਾਈਲ, ਇੰਜੀਨੀਅਰਿੰਗ ਨਾਲ ਸਬੰਧਤ ਹਨ। ਪੰਜਾਬ ਦੇ ਜਲੰਧਰ, ਅੰਮ੍ਰਿਤਸਰ, ਮੁਹਾਲੀ, ਬਰਨਾਲਾ ਤੋਂ ਇਲਾਵਾ ਹੋਰ ਸ਼ਹਿਰ ਵਿਚ ਵੀ ਲੱਗੀਆਂ ਤਕਰੀਬਨ ਛੇ ਹਜ਼ਾਰ ਸਨਅਤੀ ਇਕਾਈਆਂ ਵੀ ਆਪਣੀ ਹੋਂਦ ਬਚਾਉਣ ਲਈ ਜੂਝ ਰਹੀਆਂ ਹਨ। ਪੰਜਾਬ ਸਰਕਾਰ ਵਲੋਂ ਐਮ.ਐਸ.ਐਮ.ਈ. ਸਨਅਤਾਂ ਦੀ ਭਲਾਈ ਲਈ ਲਘੂ ਉਦਯੋਗ ਬੋਰਡ ਦਾ ਗਠਨ ਕੀਤਾ ਗਿਆ ਸੀ ਪਰ ਸਰਕਾਰ ਦੀ ਇਸ ਬੋਰਡ ਵਾਲੇ ਪਾਸਿਓਂ ਬੇਰੁਖੀ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਬੋਰਡ ਦੇ ਚੇਅਰਮੈਨ ਇੰਦਰਜੀਤ ਸਿੰਘ ਪ੍ਰਧਾਨ ਦੇ ਅਕਾਲ ਚਲਾਣਾ ਕਰਨ ਤੋਂ ਬਾਅਦ ਤਕਰੀਬਨ ਤਿੰਨ ਸਾਲਾਂ ਤੋਂ ਕਿਸੇ ਵੀ ਸਨਅਤੀ ਆਗੂ ਨੂੰ ਬੋਰਡ ਦੇ ਚੇਅਰਮੈਨ ਤੇ ਉਪ ਚੇਅਰਮੈਨ ਨਿਯੁਕਤ ਨਹੀਂ ਕੀਤਾ, ਜੋ ਮਾਈਕਰੋ, ਲਘੂ ਤੇ ਮੀਡੀਅਮ ਸਨਅਤਾਂ ਦੀ ਭਲਾਈ ਲਈ ਨੀਤੀਆਂ ਤਿਆਰ ਕਰਵਾਉਣ ਜਾਂ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਸਰਕਾਰ ਤੇ ਸਨਅਤਕਾਰਾਂ ਵਿਚ ਕੜੀ ਵਜੋਂ ਕੰਮ ਕਰ ਸਕਦਾ।

ਕੇਂਦਰ ਸਰਕਾਰ ਵਲੋਂ ਨੌਜਵਾਨਾਂ ਨੂੰ ਹੁਨਰਮੰਦ ਕਰਨ ਲਈ ਪੰਜਾਬ ਸਰਕਾਰ ਦੀ ਭਾਈਵਾਲੀ ਵਾਲੀ ਸਕਿੱਲ ਡਿਵੈਲਪਮੈਂਟ ਇਨਸਟਰੂਮੈਂਟ ਸਕੀਮ ਚਾਲੂ ਕੀਤੀ ਗਈ ਸੀ ਪਰ ਕੇਂਦਰ ਤੇ ਪੰਜਾਬ ਸਰਕਾਰ ਵਲੋਂ ਫੰਡ ਨਾ ਦੇਣ ਕਰਕੇ ਇਹ ਸਕੀਮ ਵੀ ਪਿਛਲੇ ਛੇ ਮਹੀਨੇ ਤੋਂ ਬੰਦ ਪਈ ਹੈ। ਸਨਅਤਕਾਰਾਂ ਨੂੰ ਪਿਛਾਂਹ ਧੱਕਣ ਲਈ ਕਰਜ਼ਾ ਨੀਤੀ ਵੀ ਵੱਡਾ ਕਾਰਨ ਬਣੀ ਹੋਈ ਹੈ ਕਿਉਂਕਿ ਜੇਕਰ ਜਪਾਨ ਤੋਂ ਆ ਕੇ ਕਿਸੇ ਸਨਅਤਕਾਰ ਜਾਂ ਕੰਪਨੀ ਨੇ ਆਪਣੀ ਸਨਅਤੀ ਇਕਾਈ ਲਾਉਣੀ ਹੁੰਦੀ ਹੈ ਤਾਂ ਉਸ ਨੂੰ ਮਸ਼ੀਨਰੀ 'ਤੇ 2 ਤੋਂ 3 ਫੀਸਦੀ ਵਿਆਜ ਦਰ 'ਤੇ ਕਰਜ਼ਾ ਦਿੱਤਾ ਜਾਂਦਾ ਹੈ ਪਰ ਜੇਕਰ ਕਿਸੇ ਭਾਰਤੀ ਨੇ ਮਸ਼ੀਨਰੀ ਲੈਣੀ ਹੋਵੇ ਤਾਂ ਉਨ੍ਹਾਂ ਨੂੰ 13 ਫੀਸਦੀ ਵਿਆਜ ਦੇਣਾ ਪੈਂਦਾ ਹੈ।

ਹੋਰ ਤਾਂ ਹੋਰ ਚੀਨ ਤੋਂ ਆਉਣ ਵਾਲਾ ਲੋਹਾ ਜਾਂ ਪਾਈਪ ਭਾਰਤ ਨਾਲੋਂ 10 ਰੁਪਏ ਕਿਲੋ ਸਸਤਾ ਹੁੰਦੀ ਹੈ ਪਰ ਉਸ ਉਪਰ ਭਾਰਤ ਆਉਣ 'ਤੇ 20 ਫੀਸਦੀ ਐਂਟੀ ਡੰਪਿੰਗ ਡਿਊਟੀ ਲਗਾ ਕੇ ਉਸ ਦਾ ਭਾਅ ਵਧਾਇਆ ਜਾਂਦਾ ਹੈ।

ਚੈਂਬਰ ਆਫ ਇੰਡਸਟਰੀਅਲ ਐਂਡ ਕਮਰਸ਼ੀਅਲ ਅੰਡਰਟੇਕਿੰਗ ਦੇ ਪ੍ਰਧਾਨ ਅਵਤਾਰ ਸਿੰਘ ਤੇ ਜਨਰਲ ਸਕੱਤਰ ਉਪਕਾਰ ਸਿੰਘ ਆਹੂਜਾ ਨੇ ਕਿਹਾ ਕਿ ਕੇਂਦਰ ਸਰਕਾਰ ਸਨਅਤਕਾਰਾਂ ਨੂੰ ਜਾਪਾਨ ਦੀ ਤਰਜ਼ 'ਤੇ 2 ਤੋਂ 3 ਫੀਸਦੀ ਵਿਆਜ 'ਤੇ ਸਾਲਾਨਾ ਟਰਨ ਓਵਰ ਦੇ ਅਨੁਸਾਰ ਕਰਜ਼ਾ ਦੇਣ, ਸਟੀਲ 'ਤੇ ਐਂਟੀ ਡੰਪਿੰਗ ਡਿਊਟੀ ਸਮਾਪਤ ਕਰਨ, ਮਾਈਕਰੋ ਸਨਅਤ ਦੀ ਪੈਸਿਆਂ ਦੀ ਸੀਮਾ ਇਕ ਕਰੋੜ ਤੋਂ ਦੋ ਕਰੋੜ, ਲਘੂ ਸਨਅਤ ਦੀ ਸੀਮਾ ਪੰਜ ਕਰੋੜ ਤੋਂ 10 ਕਰੋੜ ਤੇ ਮੀਡੀਅਮ ਸਨਅਤ ਦੀ ਪੈਸਿਆਂ ਦੀ ਸੀਮਾ 10 ਤੋਂ 20 ਕਰੋੜ ਰੁਪਏ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਸਕਿੱਲ ਡਿਵੈਲਪਮੈਂਟ ਇਨਸਟਰੂਮੈਂਟ ਸਕੀਮ ਨੂੰ ਮੁੜ ਤੋਂ ਚਾਲੂ ਕਰਨ ਦੀ ਵੀ ਅਪੀਲ ਕੀਤੀ।

## ਈ-ਟਰਿੱਪ ਪ੍ਰਣਾਲੀ ਨੂੰ ਕਹੀ ਅਲਵਿਦਾ

**ਜ਼ੀਰਕਪੁਰ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਨਅਤਾਂ 'ਤੇ ਲਾਗੂ ਈ-ਟਰਿੱਪ ਪ੍ਰਣਾਲੀ ਨੂੰ ਸਮਾਪਤ ਕਰਨ ਦਾ ਐਲਾਨ ਕੀਤਾ ਹੈ। ਪੰਜਾਬ ਸਰਕਾਰ ਤੇ ਵਪਾਰੀਆਂ ਵਿਚਾਲੇ ਨਵੇਂ ਰਿਸ਼ਤਿਆਂ ਦੀ ਸ਼ੁਰੂਆਤ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਇਥੇ ਵਪਾਰੀਆਂ ਨਾਲ ਮੀਟਿੰਗ ਦੌਰਾਨ ਲੋਹਾ ਤੇ ਸਟੀਲ, ਧਾਗਾ, ਖਾਣ-ਪੀਣ ਵਾਲੇ ਤੇਲਾਂ, ਸਰੋਂ, ਕਾਟਨ ਤੇ ਪੇਪਰ ਬੋਰਡ ਸਨਅਤਾਂ ਲਈ ਈ-ਟਰਿੱਪ ਪ੍ਰਣਾਲੀ ਸਮਾਪਤ ਕਰਨ ਦਾ ਐਲਾਨ ਕੀਤਾ। ਇਸ ਤੋਂ ਇਲਾਵਾ ਟੈਕਸ ਮੁਲਾਂਕਣ ਦੀ ਨਵੀਂ ਨੀਤੀ ਦਾ ਐਲਾਨ ਕੀਤਾ। ਈ-ਟਰਿੱਪ ਦੀ ਸਮਾਪਤੀ ਦਾ ਐਲਾਨ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਅੱਜ ਤੋਂ ਬਾਅਦ ਸੂਬੇ ਵਿਚ ਈ-ਟਰਿੱਪ ਲਾਗੂ ਨਹੀਂ ਰਹੇਗਾ।

# ਪ੍ਰੇਮੀ ਜੋੜਿਆਂ ਵਲੋਂ ਸੁਰੱਖਿਆ ਮੰਗਣ ਦੇ ਕੇਸਾਂ ਦੀ ਗਿਣਤੀ ਵਿਚ ਵਾਧਾ

**ਚੰਡੀਗੜ੍ਹ:** ਮਾਪਿਆਂ ਦੀ ਮਰਜ਼ੀ ਦੇ ਉਲਟ ਵਿਆਹ ਕਰਵਾਉਣ ਵਾਲੇ ਜੋੜਿਆਂ ਵਲੋਂ ਪੁਲਿਸ ਸੁਰੱਖਿਆ ਮੰਗਣ ਦੇ ਮਾਮਲਿਆਂ ਵਿਚ ਵੱਡਾ ਵਾਧਾ ਹੋਇਆ ਹੈ। ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਅਜਿਹੀਆਂ ਅਰਜ਼ੀਆਂ ਦੇ ਢੇਰ ਲੱਗੇ ਪਏ ਹਨ। ਪੰਜਾਬ ਤੇ ਹਰਿਆਣਾ ਹਾਈਕੋਰਟ ਵਲੋਂ ਪ੍ਰੇਮੀ ਜੋੜਿਆਂ ਨੂੰ ਪੁਲਿਸ ਸੁਰੱਖਿਆ ਦੇਣ ਦਾ ਫੈਸਲਾ 2011 ਵਿਚ ਲਿਆ ਗਿਆ ਸੀ। ਹਾਈਕੋਰਟ ਨੇ ਸੂਬਾ ਸਰਕਾਰ ਨੂੰ ਅਜਿਹੇ ਜੋੜਿਆਂ ਲਈ ਜ਼ਿਲ੍ਹਾ ਪੱਧਰ 'ਤੇ 'ਪ੍ਰੋਟੈਕਸ਼ਨ ਹੋਮ' ਬਣਾਉਣ ਦੇ ਹੁਕਮ ਵੀ ਦਿੱਤੇ ਸਨ। ਕਮਿਸ਼ਨ ਕੋਲ ਪ੍ਰੇਮੀ ਜੋੜਿਆਂ ਵਲੋਂ ਪੁਲਿਸ ਸੁਰੱਖਿਆ ਲਈ ਅਰਜ਼ੀਆਂ ਦੇਣ ਦਾ ਸਿਲਸਿਲਾ ਵੀ ਸਾਲ 2011 ਵਿਚ ਸ਼ੁਰੂ ਹੋ ਗਿਆ ਸੀ। ਇਸੇ ਸਾਲ 297 ਪ੍ਰੇਮੀ ਜੋੜਿਆਂ ਨੇ ਪੁਲਿਸ ਸੁਰੱਖਿਆ ਲਈ ਅਰਜ਼ੀ ਦਿੱਤੀ ਸੀ। ਅਗਲੇ ਸਾਲ ਹੀ ਇਹ ਗਿਣਤੀ 427 ਨੂੰ ਜਾ ਪੁੱਜੀ ਸੀ। ਸਾਲ 2013 ਵਿਚ 453 ਜੋੜਿਆਂ ਤੇ ਬੀਤੇ ਸਾਲ 488 ਜੋੜਿਆਂ ਨੇ ਕਮਿਸ਼ਨ ਦਾ ਦਰਵਾਜ਼ਾ ਸੁਰੱਖਿਆ ਲਈ ਖੜਕਾਇਆ ਹੈ।



ਹਾਈਕੋਰਟ ਜਾਂ ਹੇਠਲੀਆਂ ਅਦਾਲਤਾਂ ਵਿਚ ਆਪਣੀ ਮਰਜ਼ੀ ਨਾਲ ਵਿਆਹ ਕਰਵਾ ਕੇ ਪੁਲਿਸ ਸੁਰੱਖਿਆ ਮੰਗਣ ਵਾਲੇ ਜੋੜਿਆਂ ਦੀ ਗਿਣਤੀ ਇਸ ਤੋਂ ਵੱਖਰੀ ਹੈ। ਅਜਿਹੇ ਕੇਸ ਵੀ ਸਾਹਮਣੇ ਆ ਰਹੇ ਹਨ ਜਿਹੜੇ ਅਦਾਲਤ ਜਾਂ ਕਮਿਸ਼ਨ ਦੀ ਸ਼ਰਨ ਵਿਚ ਜਾਣ ਦੀ ਥਾਂ ਲੋਪ ਹੋ ਜਾਂਦੇ ਹਨ। ਕਮਿਸ਼ਨ ਕੋਲ ਪੁਲਿਸ ਸੁਰੱਖਿਆ ਲਈ ਅਰਜ਼ੀ ਦੇਣ ਵਾਲਿਆਂ ਵਿਚ ਸਭ ਤੋਂ ਜ਼ਿਆਦਾ ਕੇਸ ਜ਼ਿਲ੍ਹਾ ਲੁਧਿਆਣਾ ਤੋਂ ਆ ਰਹੇ ਹਨ। ਉਸ ਤੋਂ ਬਾਅਦ ਅੰਮ੍ਰਿਤਸਰ ਦਾ ਨਾਂ ਹੈ ਤੇ ਮੁਹਾਲੀ ਜ਼ਿਲ੍ਹਾ ਤੀਜੇ ਥਾਂ 'ਤੇ ਹੈ। ਸਾਲ 2014 ਵਿਚ ਕਮਿਸ਼ਨ ਕੋਲ ਸੁਰੱਖਿਆ ਲਈ ਲੁਧਿਆਣਾ ਤੋਂ 81 ਪਟੀਸ਼ਨਾਂ ਦਾਇਰ ਹੋਈਆਂ ਹਨ। ਅੰਮ੍ਰਿਤਸਰ ਦੇ 75 ਤੇ ਮੁਹਾਲੀ ਦੇ 49 ਜੋੜਿਆਂ ਨੇ ਅਰਜ਼ੀਆਂ ਕੀਤੀਆਂ ਹਨ। ਸੰਗਰੂਰ ਜ਼ਿਲ੍ਹੇ ਦੇ 48 ਜੋੜੇ ਸੁਰੱਖਿਆ ਮੰਗਣ ਲਈ ਕਮਿਸ਼ਨ ਦੇ ਦੁਆਰ ਪੁੱਜੇ। ਬਠਿੰਡਾ ਜ਼ਿਲ੍ਹੇ ਦੇ 13, ਫਰੀਦਕੋਟ ਦੇ ਸੱਤ, ਫਤਹਿਗੜ੍ਹ ਸਾਹਿਬ ਦੇ ਪੰਜ, ਫਿਰੋਜ਼ਪੁਰ ਦੇ 12, ਗੁਰਦਾਸਪੁਰ ਦੇ 14 ਤੇ ਹੁਸ਼ਿਆਰਪੁਰ ਦੇ 43 ਜੋੜੇ ਕਮਿਸ਼ਨ ਦੀ ਸ਼ਰਨ ਵਿਚ ਪੁੱਜੇ ਹਨ।

ਕਮਿਸ਼ਨ ਕੋਲ ਜਲੰਧਰ ਦੇ 10, ਮਾਨਸਾ, ਮੋਗਾ ਤੇ ਮੁਕਤਸਰ ਸਾਹਿਬ ਦੇ ਅੱਠ-ਅੱਠ, ਸ਼ਹੀਦ ਭਗਤ ਸਿੰਘ ਨਗਰ ਦੇ ਛੇ, ਪਟਿਆਲਾ ਦੇ 15, ਰੋਪੜ ਦੇ ਸੱਤ, ਤਰਨਤਾਰਨ ਦੇ 40, ਬਰਨਾਲਾ ਦੇ ਦੋ, ਫਾਜ਼ਿਲਕਾ ਦੇ 14, ਪਠਾਨਕੋਟ ਦੇ ਦੋ ਤੇ ਪੰਜਾਬ ਤੋਂ ਬਾਹਰੋਂ ਤਿੰਨ ਜੋੜਿਆਂ ਨੇ ਪੁਲਿਸ ਸੁਰੱਖਿਆ ਲਈ ਕਮਿਸ਼ਨ ਅੱਗੇ ਵਾਸਤਾ ਪਾਇਆ ਹੈ। ਹਾਈਕੋਰਟ ਦੇ ਹੁਕਮ ਲਾਗੂ ਹੋਣ ਦੇ ਸਾਲ (2011) ਵਿਚ 297 ਜੋੜਿਆਂ ਨੇ ਕਮਿਸ਼ਨ ਦਾ ਪੁਲਿਸ ਸੁਰੱਖਿਆ ਲਈ ਦਰਵਾਜ਼ਾ ਖੜਕਾ ਦਿੱਤਾ ਸੀ। ਇਸ ਸਾਲ ਸਭ ਤੋਂ ਵੱਧ ਲੁਧਿਆਣਾ ਤੋਂ 32 ਜੋੜੇ ਪੁਲਿਸ ਸੁਰੱਖਿਆ ਵਾਸਤੇ ਕਮਿਸ਼ਨ ਦੇ ਦੁਆਰ ਪੁੱਜੇ ਸਨ। 2012 'ਚ ਸੁਰੱਖਿਆ ਮੰਗਣ ਵਾਲੇ ਪ੍ਰੇਮੀ ਜੋੜਿਆਂ ਦੀ ਗਿਣਤੀ ਵਧ ਕੇ 427 ਹੋ ਗਈ ਸੀ। ਇਕ ਸਾਲ ਵਿਚ ਹੀ 130 ਅਰਜ਼ੀਆਂ ਜ਼ਿਆਦਾ ਆ ਗਈਆਂ ਸਨ। ਕਮਿਸ਼ਨ ਦੇ ਸਿਸਟਮ ਮੈਨੇਜਰ ਰੋਹਿਤ ਚਤਰਥ ਦਾ ਦੱਸਣਾ ਹੈ ਕਿ ਸੁਰੱਖਿਆ ਲਈ ਮਿਲ ਰਹੀਆਂ ਅਰਜ਼ੀਆਂ ਦੀ ਗਿਣਤੀ ਵਧਣ ਦੇ ਬਾਵਜੂਦ ਨਿਪਟਾਰਾ ਸਮੇਂ ਸਿਰ ਕੀਤਾ ਜਾ ਰਿਹਾ ਹੈ।

# ਡੇਰਾ ਬਿਆਸ ਨੂੰ ਕਲੀਨ ਚਿੱਟ ਦੇਣ ਵਾਲੇ ਨੇ ਮੰਗੀ ਮੁਆਫੀ

## ਅਫਸਰ ਨੇ ਗੁਰਦੁਆਰੇ ਦੀ ਜ਼ਮੀਨ 'ਤੇ ਕਬਜ਼ੇ ਬਾਰੇ ਦਿੱਤੀ ਸੀ ਜਾਣਕਾਰੀ

**ਚੰਡੀਗੜ੍ਹ:** ਪਿੰਡ ਮੰਡ ਬੂਤਾਲਾ ਸਥਿਤ ਗੁਰਦੁਆਰਾ ਸਾਹਿਬ ਪੱਤੀ ਪਿਰਥੀਪੁਰ ਦੀ ਜ਼ਮੀਨ 'ਤੇ ਡੇਰਾ ਰਾਧਾ ਸੁਆਮੀ ਬਿਆਸ ਦੇ ਨਾਜਾਇਜ਼ ਕਬਜ਼ੇ ਨਾਲ ਸਬੰਧਤ ਇਕ ਅਹਿਮ ਆਰ.ਟੀ.ਆਈ. ਅਰਜ਼ੀ ਦੇ ਜਵਾਬ ਵਿਚ ਗਲਤ ਜਾਣਕਾਰੀ ਦੇਣ ਵਾਲੇ ਮਾਲ ਮਹਿਕਮੇ ਦੇ ਅਧਿਕਾਰੀ ਨੇ ਸਰਕਾਰੀ ਤੌਰ 'ਤੇ ਲਿਖਤੀ ਮੁਆਫੀ ਮੰਗੀ ਹੈ। ਜਾਂਚ ਵਿਚ ਅਧਿਕਾਰੀ ਨੇ ਗਲਤ ਜਾਣਕਾਰੀ ਲਈ ਪਟਵਾਰੀ ਨੂੰ ਜ਼ਿੰਮੇਵਾਰ ਠਹਿਰਾਇਆ।

ਅਫਸਰ ਨੇ ਕਿਹਾ ਕਿ ਮਾਲ ਰਿਕਾਰਡ ਪਟਵਾਰੀਆਂ ਕੋਲ ਹੁੰਦਾ ਹੈ ਤੇ ਪਹਿਲਾਂ ਜੋ ਸੂਚਨਾ ਤੁਹਾਨੂੰ ਭੇਜੀ ਗਈ ਸੀ ਉਹ ਪਟਵਾਰੀਆਂ ਨੇ ਤਿਆਰ ਕਰਕੇ ਦਿੱਤੀ ਸੀ ਪਰ ਜੇਕਰ ਫਿਰ ਵੀ ਇਸ ਮਸਲੇ ਵਿਚ ਕੋਈ ਗਲਤੀ ਹੋਈ ਲੱਗਦੀ ਹੈ ਤਾਂ ਦਾਸ ਖਿਮਾ ਦਾ ਜਾਚਕ ਹੈ। ਆਰ.ਟੀ.ਆਈ. ਪਾਉਣ ਵਾਲੇ ਸਿੱਖ ਆਗੂ ਨੇ ਇਸ ਸਾਰੇ ਮਾਮਲੇ ਦੀ ਸ਼ਿਕਾਇਤ ਪੰਜਾਬ ਦੇ ਵਿੱਤ ਕਮਿਸ਼ਨਰ ਮਾਲ ਨੂੰ ਕਰ ਦਿੱਤੀ ਹੈ ਤੇ ਡੇਰਾ ਰਾਧਾ ਸੁਆਮੀ 'ਤੇ ਹੋਰ ਕਈ ਜ਼ਮੀਨਾਂ ਉਤੇ ਨਾਜਾਇਜ਼ ਕਬਜ਼ਿਆਂ ਦੇ ਦੋਸ਼ ਲਾਉਂਦਿਆਂ ਇਸ ਮਾਮਲੇ ਦੀ ਜਾਂਚ ਕਰਾਉਣ ਦੀ ਮੰਗ ਕੀਤੀ ਹੈ।

ਜਾਣਕਾਰੀ ਮੁਤਾਬਕ ਅੰਮ੍ਰਿਤਸਰ ਤੋਂ ਪੰਥਕ ਆਗੂ ਬਲਦੇਵ ਸਿੰਘ ਸਿਰਸਾ ਨੇ ਮਾਲ ਮਹਿਕਮੇ ਨੂੰ ਆਰ.ਟੀ.ਆਈ. ਤਹਿਤ ਕਪੂਰਥਲਾ ਜ਼ਿਲ੍ਹੇ ਦੇ ਛੇ ਪਿੰਡਾਂ ਵਿਚਲੇ ਗੁਰਦੁਆਰਿਆਂ, ਮੰਦਰ ਮਸੀਤਾਂ, ਗਿਰਜਾ ਘਰਾਂ ਤੇ ਹੋਰ ਜ਼ਮੀਨਾਂ ਦਾ ਖੁਲਾਸਾ ਕਰਨ ਲਈ ਕਿਹਾ ਸੀ, ਜਿਨ੍ਹਾਂ 'ਤੇ ਡੇਰਾ ਰਾਧਾ ਸੁਆਮੀ ਬਿਆਸ ਨੇ ਨਾਜਾਇਜ਼ ਕਬਜ਼ੇ ਕੀਤੇ ਜਾਣ ਦਾ ਦਾਅਵਾ ਕੀਤਾ ਹੈ।

ਜਵਾਬ ਵਿਚ ਕਪੂਰਥਲਾ ਜ਼ਿਲ੍ਹੇ ਵਿਚ ਤਾਇਨਾਤ ਇਕ ਨਾਇਬ ਤਹਿਸੀਲਦਾਰ (ਸਹਾਇਕ ਲੋਕ ਸੂਚਨਾ ਅਫਸਰ) ਨੇ ਇਹ ਆਖ ਦਿੱਤਾ ਸੀ ਕਿ ਇਸ ਬਾਰੇ ਸਾਰੇ ਪਟਵਾਰੀਆਂ ਵਲੋਂ ਰਿਕਾਰਡ ਮਾਲ ਦੀ ਪੜਤਾਲ ਕਰਕੇ ਰਿਪੋਰਟ ਤਿਆਰ ਕੀਤੀ ਗਈ ਹੈ, ਜਿਸ ਅਨੁਸਾਰ ਉਪਰੋਕਤ ਪਿੰਡਾਂ ਵਿਚਲੇ ਰਕਬਿਆਂ ਵਿਚੋਂ ਕੋਈ ਵੀ ਰਕਬਾ ਡੇਰਾ ਬਿਆਸ ਦੇ ਅਧੀਨ ਨਾਜਾਇਜ਼ ਕਬਜ਼ੇ ਹੇਠ ਨਹੀਂ ਹੈ। ਸ. ਸਿਰਸਾ ਨੂੰ ਜਦੋਂ ਸਰਕਾਰੀ ਅਧਿਕਾਰੀ ਦਾ ਇਹ ਜੁਆਬ ਮਿਲਿਆ ਤਾਂ ਉਨ੍ਹਾਂ ਨੇ ਇਸ ਦੀ ਸ਼ਿਕਾਇਤ ਡਿਪਟੀ ਕਮਿਸ਼ਨਰ ਕਪੂਰਥਲਾ ਨੂੰ ਕਰ ਦਿੱਤੀ।

ਸ. ਸਿਰਸਾ ਨੇ ਜ਼ਿਲ੍ਹਾ ਅਧਿਕਾਰੀਆਂ ਨਾਲ ਜਮ੍ਹਾਂਬੰਦੀ ਰਿਕਾਰਡ ਦੀਆਂ ਕਾਪੀਆਂ ਵੀ ਸਾਂਝੀਆਂ ਕੀਤੀਆਂ ਤੇ ਦੱਸਿਆ ਕਿ ਉਥੋਂ ਦੇ ਪਿੰਡ ਮੰਡ ਬੂਤਾਲਾ ਸਥਿਤ ਗੁਰਦੁਆਰਾ ਸਾਹਿਬ ਪੱਤੀ ਪਿਰਥੀਪੁਰ ਦੀ ਜ਼ਮੀਨ 'ਤੇ ਡੇਰਾ ਰਾਧਾ ਸੁਆਮੀ ਬਿਆਸ ਦਾ ਨਾਜਾਇਜ਼ ਕਬਜ਼ਾ ਹੈ, ਜਦਕਿ ਉਪਰੋਕਤ ਸਹਾਇਕ ਲੋਕ ਸੂਚਨਾ ਅਫਸਰ ਵਲੋਂ ਦਿੱਤੀ ਗਈ ਜਾਣਕਾਰੀ ਬਿਲਕੁਲ ਝੂਠ ਹੈ।

ਸਿਰਸਾ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਕਪੂਰਥਲੇ ਦੇ ਵਧੀਕ ਡਿਪਟੀ ਕਮਿਸ਼ਨਰ ਨੇ ਇਸ ਮਾਮਲੇ ਦੀ ਜਾਂਚ ਦੇ ਹੁਕਮ ਜਾਰੀ ਕਰ ਦਿੱਤੇ।

# ਕੈਂਪ ਵਿਚ ਅੱਖਾਂ ਦੀ ਲੋਅ ਗੁਆਉਣ ਵਾਲਿਆਂ ਨੂੰ ਕਿਸੇ ਨਾ ਪੁੱਛਿਆ

**ਬਟਾਲਾ:** ਪਿਛਲੇ ਵਰ੍ਹੇ ਪ੍ਰਬੰਧਾਂ ਦੀ ਘਾਟ ਤੇ ਅਣਗਹਿਲੀ ਕਾਰਨ ਮੁਫਤ ਆਪ੍ਰੇਸ਼ਨ ਕੈਂਪ ਵਿਚ ਅੱਖਾਂ ਦੀ ਰੌਸ਼ਨੀ ਗੁਆਉਣ ਵਾਲੇ ਮਰੀਜ਼ ਅੱਜ ਵੀ ਸਰਕਾਰ ਵਲੋਂ ਐਲਾਨੇ ਇਕ-ਇਕ ਲੱਖ ਮੁਆਵਜ਼ੇ ਲਈ ਧੱਕੇ ਖਾ ਰਹੇ ਹਨ। ਪੀੜਤਾਂ ਨੂੰ ਨਾ ਮੁਆਵਜ਼ਾ ਮਿਲਿਆ ਹੈ ਤੇ ਨਾ ਦੋਸ਼ੀਆਂ ਖਿਲਾਫ ਬਣਦੀ ਕਾਰਵਾਈ ਕੀਤੀ ਗਈ ਹੈ। 31 ਅਕਤੂਬਰ 2014 ਨੂੰ ਘੁਮਾਣ ਵਿਖੇ, ਦੋ ਨਵੰਬਰ ਨੂੰ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ, ਤਿੰਨ ਨਵੰਬਰ ਨੂੰ ਡੇਰਾ ਬਾਬਾ ਨਾਨਕ ਤੇ ਚਾਰ ਨਵੰਬਰ ਨੂੰ ਗੱਗੋਮਾਹਲ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਮਥੁਰਾ ਦੀ ਇਕ ਐਨ.ਜੀ.ਓ. ਤੇ ਗੁਰੂ ਨਾਨਕ ਚੈਰੀਟੇਬਲ ਹਸਪਤਾਲ ਘੁਮਾਣ ਨੇ ਸਾਂਝੇ ਤੌਰ 'ਤੇ ਮੁਫਤ ਅੱਖਾਂ ਦੇ ਕੈਂਪ ਲਾਏ ਸਨ, ਜਿਸ ਵਿਚ ਵਿਦਿਆ ਆਈ ਕੇਅਰ ਸੈਂਟਰ ਜਲੰਧਰ ਦੇ ਡਾਕਟਰ ਵਿਵੇਕ ਅਰੋੜਾ ਨੇ 130 ਅੱਖਾਂ ਦੇ ਆਪ੍ਰੇਸ਼ਨ ਕੀਤੇ ਸਨ ਤੇ ਇਨ੍ਹਾਂ ਵਿਚੋਂ ਜ਼ਿਆਦਾਤਰ ਮਰੀਜ਼ ਅੰਨ੍ਹੇ ਹੋ ਗਏ ਸਨ।

ਸਰਕਾਰ ਵਲੋਂ ਐਲਾਨੇ ਮੁਆਵਜ਼ੇ ਦਾ ਧੇਲਾ ਨਾ ਮਿਲਿਆ




ਇਸ ਮਾਮਲੇ ਵਿਚ ਜਿਥੇ ਪੰਜਾਬ ਦੇ ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਨੇ ਨਿਰਪੱਖ ਜਾਂਚ ਕਰਨ ਦਾ ਭਰੋਸਾ ਦਿੰਦਿਆਂ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਚਿਤਾਵਨੀ ਦਿੱਤੀ, ਉਥੇ ਇਸ ਘਟਨਾ ਦੀ ਗੂੰਜ ਕੇਂਦਰੀ ਸਿਹਤ ਮੰਤਰਾਲੇ ਤੱਕ ਪੁੱਜਣ ਦੇ ਨਾਲ-ਨਾਲ ਲੋਕ ਸਭਾ ਵਿਚ ਵੀ ਖੂਬ ਗੂੰਜੀ। ਇਸ ਦੇ ਅਸਰ ਵਜੋਂ ਜ਼ਿਲ੍ਹੇ ਦੇ ਡੀ.ਸੀ. ਵਲੋਂ ਤਿੰਨ ਮੈਂਬਰੀ ਕਮੇਟੀ ਬਣਾਈ ਗਈ, ਜਿਸ ਨੇ ਵੱਖ-ਵੱਖ ਪਹਿਲੂਆਂ ਦੀ ਬਾਰੀਕੀ ਨਾਲ ਜਾਂਚ ਕਰਨੀ ਸੀ ਪਰ ਕਰੀਬ ਦੋ ਮਹੀਨੇ ਬੀਤਣ 'ਤੇ ਵੀ ਇਹ ਮਾਮਲਾ ਠੰਡੇ ਬਸਤੇ ਵਿਚ ਪਿਆ ਨਜ਼ਰ ਆ ਰਿਹਾ ਹੈ। ਭਾਵੇਂ ਕਿ ਜ਼ਿਲ੍ਹੇ ਦੇ ਸਿਵਲ ਸਰਜਨ ਤੇ ਪੁਲਿਸ ਜ਼ਿਲ੍ਹਾ ਬਟਾਲਾ ਦੇ ਮੁਖੀ ਜਾਂਚ ਪੂਰੀ ਸੰਜੀਦਗੀ ਨਾਲ ਚੱਲਣ ਦੇ ਦਾਅਵੇ ਕਰ ਰਹੇ ਹਨ ਪਰ ਇਸ ਲਈ ਜ਼ਿੰਮੇਵਾਰ ਮਥੁਰਾ ਦੀ ਐਨ.ਜੀ.ਓ. (ਐਸ.ਕੇ.ਐਮ.) ਦੇ ਫਾਊਂਡਰ ਮਨਜੀਤ ਜੋਸ਼ੀ ਨੂੰ ਗ੍ਰਿਫਤਾਰ ਕਰਨ ਤੋਂ ਇਲਾਵਾ ਅੱਗੇ ਕੋਈ ਬਹੁਤੀ ਪ੍ਰਾਪਤੀ ਨਜ਼ਰ ਨਹੀਂ ਆ ਰਹੀ।

ਪੀੜਤ ਗੁਰਮੇਜ ਸਿੰਘ ਪਿੰਡ ਛੀਨਾ ਵੀਰਾ ਦਾ ਕਹਿਣਾ ਹੈ ਕਿ ਸਰਕਾਰ ਵਲੋਂ ਐਲਾਨੇ ਇਕ ਲੱਖ ਰੁਪਏ ਲਈ ਥਾਂ-ਥਾਂ ਧੱਕੇ ਖਾ ਰਹੇ ਹਨ। ਪਿੰਡ ਬੁਲੇਵਾਲ ਦੀ ਗੁਰਮੀਤ ਕੌਰ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਡਾਕਟਰਾਂ ਕੋਲੋਂ ਵੀ ਉਨ੍ਹਾਂ ਦਾ ਇਲਾਜ ਨਹੀਂ ਹੋ ਸਕਿਆ ਤੇ ਉਸ ਤੋਂ ਬਾਅਦ ਉਸ ਨੇ ਅੰਮ੍ਰਿਤਸਰ ਦੇ ਇਕ ਨਿੱਜੀ ਹਸਪਤਾਲ ਤੋਂ ਇਲਾਜ ਕਰਵਾਇਆ। ਡਾਕਟਰ ਨੇ ਉਸ ਦੀ ਅੱਖ ਕੱਢ ਦਿੱਤੀ ਹੈ ਪਰ ਉਸ ਦੀ ਤਕਲੀਫ ਏਨੀ ਵਧ ਚੁੱਕੀ ਹੈ ਕਿ ਡਾਕਟਰਾਂ ਮੁਤਾਬਕ ਉਸ ਦੀ ਜਾਨ ਨੂੰ ਵੀ ਖਤਰਾ ਹੈ। ਉਸ ਨੂੰ ਕੋਈ ਮਾਲੀ ਸਹਾਇਤਾ ਨਹੀਂ ਮਿਲੀ ਤੇ ਨਾ ਹੀ ਕੋਈ ਆਸ ਦੀ ਕਿਰਨ ਨਜ਼ਰ ਆ ਰਹੀ ਹੈ।

ਇਸੇ ਤਰ੍ਹਾਂ ਪਿਆਰੋ ਪਤਨੀ ਅਜੈਬ ਸਿੰਘ ਵਾਸੀ ਡੱਡੀਆਂ, ਚਰਨ ਕੌਰ ਪਤਨੀ ਚਰਨ ਸਿੰਘ ਵਾਸੀ ਚਾਹੜਪੁਰ, ਬਲਵਿੰਦਰ ਕੌਰ ਪਤਨੀ ਜਸਬੀਰ ਸਿੰਘ ਵਾਸੀ ਓਠੀਆਂ, ਜੋਗਿੰਦਰ ਸਿੰਘ ਪੁੱਤਰ ਬਹਾਦਰ ਸਿੰਘ ਵਾਸੀ ਲੰਗੋਮਾਹਲ, ਬਲਬੀਰ ਕੌਰ ਪਤਨੀ ਹਰਜੀਤ ਸਿੰਘ ਵਾਸੀ ਸੂਫੀਆਂ ਤੇ ਮਤੀ ਮਸੀਹ ਵਾਸੀ ਸੂਫੀਆਂ ਸਰਕਾਰ ਪਾਸੋਂ ਐਲਾਨ ਕੀਤੀ ਗਈ ਇਕ ਲੱਖ ਰੁਪਏ ਦੀ ਰਾਸ਼ੀ ਲੈਣ ਲਈ ਅੱਜ ਵੀ ਸਰਕਾਰੀ ਦਫਤਰਾਂ ਦੇ ਚੱਕਰ ਲਗਾ ਰਹੇ ਹਨ। ਉਧਰ ਇਸ ਮਾਮਲੇ ਪਿੱਛੋਂ ਸਮਾਜ ਸੇਵੀ ਸੰਸਥਾਵਾਂ ਵਲੋਂ ਸੇਵਾ ਭਾਵਨਾ ਨਾਲ ਲਾਏ ਜਾਂਦੇ ਅਜਿਹੇ ਕੈਂਪਾਂ 'ਤੇ ਬੇਭਰੋਸਗੀ ਪਾਈ ਜਾ ਰਹੀ ਹੈ। ਸਿਹਤ ਵਿਭਾਗ ਵਲੋਂ ਭਵਿੱਖ ਵਿਚ ਅਜਿਹੇ ਕੈਂਪ ਲਾਉਣ ਦੀ ਮਨਜ਼ੂਰੀ ਦੇਣ ਤੋਂ ਵੀ ਟਾਲਾ ਵੱਟਿਆ ਜਾਣ ਲੱਗਾ ਹੈ।

# ਪੰਜਾਬ ਦੀ ਨਵੀਂ ਪੀੜ੍ਹੀ ਨੇ ਖੇਤੀਬਾੜੀ ਤੋਂ ਮੂੰਹ ਮੋੜਿਆ

**ਮੁਹਾਲੀ:** ਪੰਜਾਬ ਦੀ ਨਵੀਂ ਪੀੜ੍ਹੀ ਨੂੰ ਕਿਸਾਨੀ ਹੁਣ ਪਸੰਦ ਨਹੀਂ ਰਹੀ। ਦੇਸ਼ ਦੇ 60 ਫੀਸਦੀ ਲੋਕਾਂ ਦਾ ਢਿੱਡ ਭਰਨ ਵਾਲੇ ਸੂਬਾ ਪੰਜਾਬ ਦੇ ਨੌਜਵਾਨ ਖੇਤੀਬਾੜੀ ਦੇ ਧੰਦੇ ਤੋਂ ਕਿਨਾਰਾ ਕਰਨ ਲੱਗੇ ਹਨ। ਜਾਣਕਾਰੀ ਮੁਤਾਬਕ ਫਰਵਰੀ 2015 ਵਿਚ ਸ਼ੁਰੂ ਹੋਣ ਵਾਲੀ 12ਵੀਂ ਦੀ ਪ੍ਰੀਖਿਆ ਵਿਚ ਤਕਰੀਬਨ ਤਿੰਨ ਲੱਖ, 12 ਹਜ਼ਾਰ ਵਿਦਿਆਰਥੀ ਬੈਠਣ ਜਾ ਰਹੇ ਹਨ ਪਰ ਇਨ੍ਹਾਂ ਵਿਚੋਂ ਸਿਰਫ 9 ਹਜ਼ਾਰ ਵਿਦਿਆਰਥੀਆਂ ਨੇ ਹੀ ਖੇਤੀਬਾੜੀ ਵਿਸ਼ੇ ਦੀ ਪ੍ਰੀਖਿਆ ਦੇਣ ਦੀ ਸਹਿਮਤੀ ਭਰੀ ਹੈ, ਜੋ ਕੁੱਲ ਵਿਦਿਆਰਥੀਆਂ ਦਾ ਤਿੰਨ ਫੀਸਦੀ ਹਿੱਸਾ ਹੈ। ਖੇਤੀ ਤੇ ਸਿੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਅਗਲੇ ਕੁਝ ਸਾਲਾਂ ਵਿਚ ਇਹ ਗਿਣਤੀ ਹੋਰ ਵੀ ਘੱਟਣ ਦੇ ਆਸਾਰ ਹਨ ਕਿਉਂਕਿ ਖੇਤੀ ਦਾ ਧੰਦਾ ਹੁਣ ਲਾਹੇਵੰਦ ਨਹੀਂ ਰਿਹਾ।



ਮਾਹਿਰਾਂ ਦਾ ਕਹਿਣਾ ਹੈ ਸਰਕਾਰ ਇਸ ਖੇਤਰ ਵਿਚ ਰਾਹਤ ਦੇਣ ਦੀ ਥਾਂ ਖਰਚਿਆਂ ਵਿਚ ਹੋਰ ਵਾਧਾ ਕਰ ਰਹੀ ਹੈ। ਸੂਬੇ ਦੇ ਕਿਸਾਨਾਂ ਨੂੰ ਰਾਹਤ ਦੇਣ ਦੀ ਥਾਂ ਇਸ ਵਾਰ ਮਾਮਲੇ ਦੀ ਥਾਂ 50 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ 'ਵਾਟਰ ਟੈਕਸ' ਵੀ ਦੇਣਾ ਪਵੇਗਾ। ਕੁਝ ਮਹੀਨੇ ਪਹਿਲਾਂ ਪੰਜਾਬ ਸਰਕਾਰ ਨੇ ਕੈਬਨਿਟ ਮੀਟਿੰਗ ਵਿਚ ਸੂਬੇ ਦੇ ਕਿਸਾਨਾਂ ਤੋਂ ਨਹਿਰੀ ਪਾਣੀ ਦੀ ਵਰਤੋਂ ਦੇ ਬਦਲੇ 100 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਸਾਲਾਨਾ ਵਾਟਰ ਟੈਕਸ ਵਸੂਲਣ ਦਾ ਫੈਸਲਾ ਲਿਆ ਸੀ ਤੇ ਇਸ ਪੈਸੇ ਨੂੰ ਨਹਿਰਾਂ, ਕੱਸੀਆਂ ਦੀ ਮੁਰੰਮਤ ਤੇ ਸਫ਼ਾਈ 'ਤੇ ਖਰਚਣ ਦੀ ਸਕੀਮ ਤਿਆਰ ਕੀਤੀ ਸੀ। ਇਸ ਤੋਂ ਪਹਿਲਾਂ ਸੂਬਾ ਸਰਕਾਰ ਵਲੋਂ ਨਹਿਰੀ ਪਾਣੀ ਦੀ ਵਰਤੋਂ ਦੇ ਬਦਲੇ 150 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਸਾਲਾਨਾ ਮਾਮਲਾ ਵਸੂਲਿਆ ਜਾਂਦਾ ਸੀ। ਸਾਲ 1998 ਵਿਚ ਅਕਾਲੀ-ਭਾਜਪਾ ਸਰਕਾਰ ਵਲੋਂ ਸੂਬੇ ਦੇ ਕਿਸਾਨਾਂ ਨੂੰ ਸਿੰਚਾਈ ਲਈ ਮੁਫਤ ਬਿਜਲੀ ਦੇਣ ਦੇ ਐਲਾਨ ਕਰਨ ਮੌਕੇ ਸੂਬੇ ਦੇ ਕਿਸਾਨਾਂ ਦਾ ਮਾਮਲਾ ਵੀ ਮੁਆਫ ਕਰ ਦਿੱਤਾ ਗਿਆ ਸੀ। ਹੁਣ ਸੂਬਾ ਸਰਕਾਰ ਨੇ ਇਸ ਵਰ੍ਹੇ ਸਾਉਣੀ ਦੀ ਫਸਲ ਤੋਂ 100 ਰੁਪਏ ਪ੍ਰਤੀ ਏਕੜ ਸਾਲਾਨਾ ਵਾਟਰ ਟੈਕਸ ਵਸੂਲਣ ਦਾ ਫੈਸਲਾ ਲਿਆ ਹੈ ਤੇ ਇਸ ਦੀ ਪਹਿਲੀ ਛਿਮਾਹੀ ਕਿਸ਼ਤ ਵਸੂਲਣ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ।

ਕਿਸਾਨ ਯੂਨੀਅਨਾਂ ਦੇ ਆਗੂਆਂ ਦਾ ਕਹਿਣਾ ਹੈ ਕਿ ਅਸਲ ਵਿਚ ਪੰਜਾਬ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਕਾਰਨ ਹੀ ਨੌਜਵਾਨ ਖੇਤੀਬਾੜੀ ਦੇ ਧੰਦੇ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ। ਇਸ ਵੇਲੇ ਤਕਰੀਬਨ ਹਰ ਕਿਸਾਨ ਦੀ ਇਹੀ ਇੱਛਾ ਹੈ ਕਿ ਉਸ ਦਾ ਲੜਕਾ ਕਿਸਾਨੀ ਜੀਵਨ ਤੋਂ ਪਿੱਛਾ ਛੁਡਾ ਕੇ ਕੋਈ ਹੋਰ ਕੰਮ ਵਿਚ ਮੁਹਾਰਤ ਹਾਸਲ ਕਰੇ। ਪੰਜਾਬ ਦੇ ਤਾਜ਼ਾ ਹਾਲਾਤ ਮੁਤਾਬਕ ਕਿਸਾਨਾਂ ਸਿਰ ਭਾਰੀ ਕਰਜ਼ਾ ਹੈ। ਇਸੇ ਕਾਰਨ ਖੁਦਕੁਸ਼ੀਆਂ ਦੇ ਮਾਮਲੇ ਵੱਧ ਰਹੇ ਹਨ। ਦੂਜੇ ਪਾਸੇ, ਮੰਡੀਆਂ ਵਿਚ ਕਿਸਾਨਾਂ ਦੀ ਬੇਕਦਰੀ ਹੋ ਰਹੀ ਹੈ। ਇਸੇ ਹਾਲਾਤ ਕਾਰਨ ਹੀ ਨਵੀਂ ਪੀੜ੍ਹੀ ਖੇਤੀਬਾੜੀ ਨੂੰ ਤਰਜੀਹ ਨਹੀਂ ਦੇ ਰਹੀ। ਉਧਰ ਪੰਜਾਬ ਵਿਚ ਇਸ ਵਿਸ਼ੇ ਨੂੰ ਪੜ੍ਹਾਉਣ ਵਾਲੇ ਸੀ ਐਂਡ ਵੀ ਕਾਡਰ ਦੇ ਖੇਤੀਬਾੜੀ ਅਧਿਆਪਕਾਂ ਦੀ ਗਿਣਤੀ ਸਿਰਫ 101 ਹੈ ਜਦਕਿ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਸਿਰਫ ਸੱਤ ਲੈਕਚਰਾਰ ਪੂਰੇ ਸੂਬੇ ਵਿਚ ਕੰਮ ਕਰ ਰਹੇ ਹਨ।

# ਠੇਕਿਆਂ ਬਾਰੇ ਪੰਚਾਇਤੀ ਮਤਿਆਂ 'ਤੇ ਫੈਸਲਾ ਲਵੇ ਸਰਕਾਰ: ਹਾਈਕੋਰਟ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਵਲੋਂ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਪੰਜਾਬ ਦੀਆਂ ਜਿਨ੍ਹਾਂ ਪੰਚਾਇਤਾਂ ਵਲੋਂ ਆਪਣੇ ਪਿੰਡਾਂ ਵਿਚ ਸ਼ਰਾਬ ਦੇ ਠੇਕੇ ਨਾ ਖੁੱਲ੍ਹਣ ਦੇਣ ਦਾ ਤਹੱਈਆ ਕੀਤਾ ਗਿਆ ਹੈ, ਉਨ੍ਹਾਂ ਵਲੋਂ ਪਾਏ ਗਏ ਮਤਿਆਂ 'ਤੇ ਠੇਕਿਆਂ ਦੀ ਅਗਲੀ ਬੋਲੀ ਤੋਂ ਪਹਿਲਾਂ-ਪਹਿਲਾਂ ਫੈਸਲਾ ਲੈ ਲਿਆ ਜਾਵੇ।

ਹਾਈਕੋਰਟ ਬੈਂਚ ਵਲੋਂ ਪੰਜਾਬ ਦੇ ਆਬਕਾਰੀ ਤੇ ਕਰ ਕਮਿਸ਼ਨਰ ਨੂੰ ਇਸ ਬਾਬਤ ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 40 ਵਿਚ ਮੌਜੂਦ ਵਿਵਸਥਾਵਾਂ ਅਧੀਨ ਬਣਦਾ ਫੈਸਲਾ ਲੈਣ ਦੇ ਨਾਲ-ਨਾਲ ਫੌਰੀ ਬਾਅਦ ਸਬੰਧਤ ਪੰਚਾਇਤਾਂ ਨੂੰ ਵੀ ਬਾਕਾਇਦਾ ਇਸ ਦੀ ਜਾਣਕਾਰੀ ਪੁੱਜਦੀ ਕਰ ਦੇਣ ਦਾ ਪਾਬੰਦ ਕੀਤਾ ਗਿਆ ਹੈ, ਤਾਂ ਜੋ ਉਕਤ ਅਧਿਕਾਰੀ ਦਾ ਫੈਸਲਾ ਆਪਣੇ ਪੱਖ ਵਿਚ ਨਾ ਹੋਣ ਦੀ ਸੂਰਤ ਵਿਚ ਸਬੰਧਤ ਧਿਰਾਂ (ਪੰਚਾਇਤਾਂ) ਪੰਜਾਬ ਵਿਚ ਸ਼ਰਾਬ ਦੇ ਠੇਕਿਆਂ ਦੀ ਅਗਲੀ ਬੋਲੀ ਤੋਂ ਪਹਿਲਾਂ-ਪਹਿਲਾਂ ਇਸ (ਫੈਸਲੇ) ਨੂੰ ਚੁਣੌਤੀ ਵੀ ਦੇ ਸਕਣ।

ਹਾਈਕੋਰਟ ਦੇ ਡਿਵੀਜ਼ਨ ਬੈਂਚ ਵਲੋਂ ਸੰਗਰੂਰ ਨਾਲ ਸਬੰਧਤ 'ਸੈਂਟੀਫਿਕ ਅਵੇਅਰਨੈਸ ਤੇ ਸੋਸ਼ਲ ਵੈਲਫੇਅਰ ਫੋਰਮ ਦੇ ਪ੍ਰਧਾਨ ਡਾ. ਅਮਰਜੀਤ ਸਿੰਘ ਮਾਨ ਵਲੋਂ ਆਪਣੇ ਵਕੀਲ ਐਚ.ਸੀ. ਅਰੋੜਾ ਰਾਹੀਂ ਇਸ ਮੁੱਦੇ 'ਤੇ ਦਾਇਰ ਜਨਹਿਤ ਪਟੀਸ਼ਨ ਦਾ ਇਨ੍ਹਾਂ ਹੁਕਮਾ ਨਾਲ ਹੀ ਨਿਪਟਾਰਾ ਕਰ ਦਿੱਤਾ ਗਿਆ।


ਤੰਦੂਰੀਏ ਅਤੇ ਕੱਰੀ ਕੁੱਕ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਤੰਦੂਰੀਏ ਤੇ ਕੱਰੀ ਕੁੱਕ ਦੀ ਲੋੜ ਹੈ।

ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ

ਫੋਨ: 757-240-9348

4-6



Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ

COLDWELL BANKER VALLEY CENTRAL

EQUAL HOUSING OPPORTUNITY

REALTOR®



Gurbans Singh Gill
Realtor
DRE#01227109

15 Years Experiance in Real Estate

e-mail: gurbans@gotracy.com

Fax: 209-836-0706

www.gotracy.com

Gurbans Gill
Office 209-835-4545
Direct 209-815-1869

1486 W 11th Street, Tracy, CA 95376



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash
Grand Opening

• 8 Drive Tires For $3300
Kelly KDA

• Two Steer Tire Michelin $1150
Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210

FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਟਿਕਾਊ ਵਿਕਾਸ ਨੂੰ ਸਮਰਪਿਤ ਸਿਆਸਤ ਦੀ ਲੋੜ

***ਆਮ ਆਦਮੀ ਪਾਰਟੀ ਨੇ ਬੇਸ਼ੱਕ ਇੱਕ ਵਾਰ ਹਿਲਜੁਲ ਕੀਤੀ ਸੀ, ਪਰ ਇਸ ਕੋਲ ਖੇਤਰ ਲਈ ਕੋਈ ਪ੍ਰੋਗਰਾਮ ਨਹੀਂ ਹੈ। ਚਾਰ ਸੰਸਦ ਮੈਂਬਰ ਬਣ ਜਾਣ ਦਾ ਅਰਥ ਖੇਤਰੀ ਸਮਝ ਵਾਲੀ ਪਾਰਟੀ ਵਿਕਸਤ ਨਹੀਂ ਹੁੰਦਾ। ਇਹ ਕੇਵਲ ਲੋਕਾਂ ਦੇ ਗੁੱਸੇ ਦਾ ਪ੍ਰਗਟਾਵਾ ਸੀ, ਪਰ ਭਵਿੱਖ ਮੁਖੀ ਪ੍ਰੋਗਰਾਮ ਤੋਂ ਬਿਨਾਂ ਪੰਜਾਬ ਦੀ ਉਲਝੀ ਤਾਣੀ ਸੁਲਝਣ ਦੇ ਆਸਾਰ ਨਹੀਂ ਹੋਣਗੇ। ਇਸ ਲਈ ਖੇਤੀ ਨੂੰ ਆਰਗੈਨਿਕ ਦਿਸ਼ਾ ਵੱਲ ਲਿਜਾਣਾ, ਵਾਤਾਵਰਨ ਪ੍ਰਦੂਸ਼ਿਤ ਕਰਨ ਵਾਲੀ ਊਰਜਾ ਦੀ ਜਗ੍ਹਾ ਗ੍ਰੀਨ ਊਰਜਾ ਦੀਆਂ ਸੰਭਾਵਨਾਵਾਂ ਤਲਾਸ਼ ਕੇ ਇਸ ਉੱਤੇ ਕੰਮ ਸ਼ੁਰੂ ਕਰਨਾ ਅਤੇ ਜਮਹੂਰੀ ਪ੍ਰਬੰਧ ਨੂੰ ਮਜ਼ਬੂਤ ਕਰਨਾ ਇਸ ਦੇ ਮਜ਼ਬੂਤ ਪੱਖ ਹੋ ਸਕਦੇ ਹਨ।***

ਪੰਜਾਬ ਇਸ ਵੇਲੇ ਗੰਭੀਰ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਸੂਬਾ ਸਰਕਾਰ ਦੀ ਨੀਤੀ ਅਤੇ ਨੀਅਤ ਵਿਚੋਂ ਅਜਿਹਾ ਕੋਈ ਸੰਕੇਤ ਨਹੀਂ ਮਿਲ ਰਿਹਾ ਜੋ ਪੰਜਾਬ ਦੇ ਭਵਿੱਖ ਲਈ ਰੋਸ਼ਨੀ ਦੀ ਕਿਰਨ ਦਿਖਾ ਸਕੇ। ਵਾਤਾਵਰਨ ਸੰਕਟ ਦੇ ਵਿਸ਼ਵਵਿਆਪੀ ਮੁੱਦੇ ਵੱਲ ਅੱਖਾਂ ਬੰਦ ਕਰ ਕੇ ਸੂਬੇ ਵਿਚ ਤਾਪ ਬਿਜਲੀ ਘਰਾਂ ਦਾ ਜਾਲ ਵਿਛਾ ਕੇ ਵੱਡੇ ਸੁਫਨੇ ਵੇਚਣ ਦੀ ਦਾਅਵੇਦਾਰੀ ਹਾਸੋਹੀਣੀ ਹੈ। ਇਹ ਵੇਲਾ ਵਿਹਾਅ ਚੁੱਕੇ ਵਿਕਾਸ ਮਾਡਲ ਦਾ ਤਰੀਕਾ ਹੈ ਜਿਸ ਦਾ ਖਮਿਆਜ਼ਾ ਪੰਜਾਬੀ ਪਹਿਲਾਂ ਹੀ ਭੁਗਤ ਰਹੇ ਹਨ। ਹਰੀ ਕ੍ਰਾਂਤੀ ਦੇ ਨਾਂ ਉਤੇ ਖੇਤੀ ਦੇ ਰਸਾਇਣੀਕਰਨ ਦੇ ਨਾਲ ਆਬੋ-ਹਵਾ ਦੀ ਖਰਾਬੀ, ਪਾਣੀ ਦਾ ਪੱਧਰ ਖਤਰਨਾਕ ਹੱਦ ਤਕ ਹੇਠਾਂ ਚਲਾ ਜਾਣਾ ਅਤੇ ਤੰਦਰੁਸਤ ਪੰਜਾਬ ਵਿਚ ਬਿਮਾਰੀਆਂ ਦੀ ਭਰਮਾਰ, ਵਿੱਦਿਆ ਅਤੇ ਸਿਹਤ ਖੇਤਰਾਂ ਦੀ ਅਣਦੇਖੀ ਦਾ ਨਤੀਜਾ ਪੰਜਾਬੀ ਖ਼ੁਦ ਦੇਖ ਰਹੇ ਹਨ।

ਪੰਜਾਬ ਵਿਚ ਅਕਾਲੀ ਦਲ ਇੱਕੋ ਇੱਕ

**ਪ੍ਰੋ. ਪ੍ਰੀਤਮ ਸਿੰਘ**
**ਔਕਸਫੋਰਡ ਯੂਨੀਵਰਸਿਟੀ, ਯੂ.ਕੇ.**

ਖੇਤਰੀ ਪਾਰਟੀ ਸੀ ਜੋ ਗੁਰੂ ਨਾਨਕ ਦੇ ਸਰਬੱਤ ਦੇ ਭਲੇ ਅਤੇ ਕੁਦਰਤ ਦੇ ਬਹੁਤ ਨੇੜੇ ਦੀ ਫ਼ਿਲਾਸਫ਼ੀ ਉਤੇ ਚੱਲਣ ਦਾ ਦਾਅਵਾ ਕਰਦੀ ਸੀ, ਪਰ ਹੁਣ ਇਹ ਕਿਸੇ ਵੀ ਹੋਰ ਪਾਰਟੀ ਤੋਂ ਵੱਧ ਪੂੰਜੀਪਤੀ ਵਿਕਾਸ ਮਾਡਲ ਨੂੰ ਪ੍ਰਣਾਈ ਹੋਈ ਦਿਖਾਈ ਦਿੰਦੀ ਹੈ। ਪੰਜਾਬ ਦੇ ਵਿਰਸੇ, ਬੋਲੀ, ਪੌਣ-ਪਾਣੀ ਦੀ ਆਪਣੀ ਵਿਲੱਖਣਤਾ ਹੈ। ਇਸ ਵਿਲੱਖਣਤਾ ਦੇ ਆਧਾਰ ਉਤੇ ਟਿਕਾਊ ਵਿਕਾਸ ਮਾਡਲ ਦੀ ਲੋੜ ਹੈ। ਅਜਿਹਾ ਮਾਡਲ ਵਾਤਾਵਰਨਕ ਸਮਾਜਵਾਦ (ਈਕੋ ਸੋਸ਼ਲਿਜ਼ਮ) ਦਾ ਹੋ ਸਕਦਾ ਹੈ। ਪੁਰਾਣੇ ਕਿਸਮ ਦੇ ਸਮਾਜਵਾਦ ਦਾ ਦੌਰ ਲੰਘ ਚੁੱਕਿਆ ਹੈ ਜੋ ਕੇਵਲ ਗ਼ਰੀਬੀ ਅਤੇ ਅਮੀਰੀ ਦੇ ਫ਼ਰਕ ਨੂੰ ਘਟਾਉਣ ਦੀ ਗੱਲ ਉਤੇ ਆਧਾਰਤ ਸੀ। ਹੁਣ ਵਾਤਾਵਰਨਕ ਸੰਕਟ ਨੇ ਜੈਵਿਕ ਜੀਵਨ ਨੂੰ ਬਚਾਉਣ ਦੀ ਵੱਡੀ ਚੁਣੌਤੀ ਸਾਹਮਣੇ ਖੜ੍ਹੀ ਕਰ ਦਿੱਤੀ ਹੈ। ਇਸ ਸਮੇਂ ਕੁਦਰਤੀ ਵਸੀਲਿਆਂ ਦੀ ਸੰਭਾਲ ਅਤੇ ਸਾਧਨਾਂ ਦੀ ਬਰਾਬਰੀ ਵੱਲ ਸੇਧਤ ਵੰਡ ਦੇ ਨਵੇਂ ਵਿਕਾਸ ਮਾਡਲ ਦੀ ਲੋੜ ਹੈ।

ਪੰਜਾਬੀਆਂ ਕੋਲ ਇਸ ਤਰ੍ਹਾਂ ਦੇ ਵਿਕਾਸ ਮਾਡਲ ਲਈ ਗੁਰਬਾਣੀ ਵਰਗੀ ਮਜ਼ਬੂਤ ਫ਼ਿਲਾਸਫ਼ੀ ਮੌਜੂਦ ਹੈ। ਮੌਜੂਦਾ ਕਾਰਪੋਰੇਟ ਵਿਕਾਸ ਮਾਡਲ ਨੂੰ ਲਾਤੀਨੀ ਅਮਰੀਕੀ ਦੇਸ਼ਾਂ ਨੇ ਆਪਣੇ ਸਥਾਨਕ ਸਾਧਨਾਂ ਦਾ ਸਹੀ ਇਸਤੇਮਾਲ ਕਰਨ ਦੀ ਰਣਨੀਤੀ ਅਪਣਾ ਕੇ ਵੱਡੀ ਚੁਣੌਤੀ ਦਿੱਤੀ ਹੈ। ਹਾਲਾਂਕਿ ਇਹ ਪੂਰਾ ਮਾਡਲ ਨਹੀਂ ਪਰ ਠੀਕ ਦਿਸ਼ਾ ਵਿਚ ਉਠਾਏ ਕਦਮ ਜ਼ਰੂਰ ਕਹੇ ਜਾ ਸਕਦੇ ਹਨ। ਪੰਜਾਬ ਨੂੰ ਵੀ ਆਪਣੀਆਂ ਠੋਸ ਸਥਿਤੀਆਂ ਅਨੁਸਾਰ ਪ੍ਰੋਗਰਾਮ ਤੈਅ ਕਰਨ ਦੀ ਲੋੜ ਹੈ। ਮੌਜੂਦਾ ਪਾਰਟੀਆਂ ਤੋਂ ਇਹ ਉਮੀਦ ਸੰਭਵ ਨਹੀਂ ਹੋਵੇਗੀ।

ਆਮ ਆਦਮੀ ਪਾਰਟੀ ਨੇ ਬੇਸ਼ੱਕ ਇੱਕ ਵਾਰ ਹਿਲਜੁਲ ਕੀਤੀ ਸੀ ਪਰ ਇਸ ਕੋਲ ਖੇਤਰ ਲਈ ਕੋਈ ਪ੍ਰੋਗਰਾਮ ਨਹੀਂ ਹੈ। ਚਾਰ ਸੰਸਦ ਮੈਂਬਰ ਬਣ ਜਾਣ ਦਾ ਅਰਥ ਖੇਤਰੀ ਸਮਝ ਵਾਲੀ ਪਾਰਟੀ ਵਿਕਸਤ ਨਹੀਂ ਹੁੰਦਾ। ਇਹ ਕੇਵਲ ਲੋਕਾਂ ਦੇ ਗੁੱਸੇ ਦਾ ਪ੍ਰਗਟਾਵਾ ਸੀ, ਪਰ ਭਵਿੱਖ ਮੁਖੀ ਪ੍ਰੋਗਰਾਮ ਤੋਂ ਬਿਨਾਂ ਪੰਜਾਬ ਦੀ ਉਲਝੀ ਤਾਣੀ ਸੁਲਝਣ ਦੇ ਆਸਾਰ ਨਹੀਂ ਹੋਣਗੇ। ਇਸ ਲਈ ਖੇਤੀ ਨੂੰ ਆਰਗੈਨਿਕ ਦਿਸ਼ਾ ਵੱਲ ਲਿਜਾਣਾ, ਵਾਤਾਵਰਨ ਪ੍ਰਦੂਸ਼ਿਤ ਕਰਨ ਵਾਲੀ ਊਰਜਾ ਦੀ ਜਗ੍ਹਾ ਗ੍ਰੀਨ ਊਰਜਾ ਦੀਆਂ ਸੰਭਾਵਨਾਵਾਂ ਤਲਾਸ਼ ਕੇ ਇਸ ਉਤੇ ਕੰਮ ਸ਼ੁਰੂ ਕਰਨਾ ਅਤੇ ਜਮਹੂਰੀ ਪ੍ਰਬੰਧ ਨੂੰ ਮਜ਼ਬੂਤ ਕਰਨਾ ਇਸ ਦੇ ਮਜ਼ਬੂਤ ਪੱਖ ਹੋ ਸਕਦੇ ਹਨ। ਸੂਬਿਆਂ ਨੂੰ ਵੱਧ ਅਧਿਕਾਰ ਅਤੇ ਭਾਰਤ-ਪਾਕਿਸਤਾਨ ਨਾਲ ਦੋਸਤਾਨਾ ਸਬੰਧਾਂ ਦੀ ਮਜ਼ਬੂਤੀ ਪੰਜਾਬ ਦੀ ਵੱਡੀ ਜ਼ਰੂਰਤ ਹੈ।

ਵਿਸ਼ਵੀਕਰਨ ਦੇ ਮੌਜੂਦਾ ਦੌਰ ਵਿਚ ਉਦਯੋਗਿਕ ਨਿਵੇਸ਼ ਦੀ ਸਰਦਾਰੀ ਦਾ ਯੁੱਗ ਬੀਤ ਗਿਆ ਹੈ। ਹੁਣ ਮੁਦਰਾ ਐਡਜਸਟਮੈਂਟ ਦਾ ਦੌਰ ਹੈ ਜਿਸ ਨੂੰ ਕੇਂਦਰੀ ਸਰਕਾਰਾਂ ਕੰਟਰੋਲ ਕਰਦੀਆਂ ਹਨ। ਇਸ ਲਈ ਨਵ-ਉਦਾਰਵਾਦ ਦੇ ਮੌਜੂਦਾ ਵਿਕਾਸ ਮਾਡਲ ਨੂੰ ਅੱਗੇ ਵਧਾ ਕੇ ਸਹੀ ਅਰਥਾਂ ਵਿਚ ਸੰਘੀ ਪ੍ਰਣਾਲੀ ਨੂੰ ਲਾਗੂ ਕਰਨਾ ਸੰਭਵ ਨਹੀਂ ਹੈ। ਭਾਰਤ ਸਰਕਾਰ ਵਲੋਂ ਯੋਜਨਾ ਕਮਿਸ਼ਨ ਭੰਗ ਕਰ ਕੇ ਬਣਾਇਆ ਨੀਤੀ ਆਯੋਗ ਕੇਵਲ ਸੰਕੇਤਕ ਫ਼ਰਕ ਨੂੰ ਪ੍ਰਦਰਸ਼ਿਤ ਕਰਦਾ ਹੈ। ਇਸ ਦੇ ਕੰਮਕਾਜ ਵਿਚ ਕੋਈ ਬੁਨਿਆਦੀ ਅੰਤਰ ਨਹੀਂ ਹੋਵੇਗਾ। ਮੁਦਰਾ ਕੰਟਰੋਲ ਕਰਨ ਦੀ ਮੌਜੂਦਾ ਜ਼ਰੂਰਤ ਅਤੇ ਭਾਰਤੀ ਜਨਤਾ ਪਾਰਟੀ ਦੀ ਕਾਂਗਰਸ ਦੀ ਤਰ੍ਹਾਂ ਹੀ ਕੇਂਦਰੀਕ੍ਰਿਤ ਪਹੁੰਚ ਦੇ ਕਾਰਨ ਰਾਜਾਂ ਨੂੰ ਵੱਧ ਅਧਿਕਾਰਾਂ ਦਾ ਮੁੱਦਾ ਮਹਿਜ਼ ਛਲਾਵਾ ਮਾਤਰ ਹੀ ਹੋਵੇਗਾ।

ਕਾਰਪੋਰੇਟ ਵਿਕਾਸ ਦਾ ਵਿਕਾਸ ਮਾਡਲ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਦੇ ਆਪਣੇ ਬੁਨਿਆਦੀ ਤਰਕ ਨੂੰ ਅੱਗੇ ਵਧਾਉਣ ਅਤੇ




ਵਾਤਾਵਰਨਕ ਸੰਕਟ ਦੇ ਕਾਰਨ ਜੈਵਿਕ ਜੀਵਨ ਦੇ ਭਵਿੱਖ ਨੂੰ ਬਚਾਉਣ ਦੇ ਵੱਡੇ ਅੰਤਰ ਵਿਰੋਧ ਦਾ ਸ਼ਿਕਾਰ ਹੈ। ਇਸ ਤੋਂ ਇਲਾਵਾ ਕੁਦਰਤੀ ਵੰਨ-ਸੁਵੰਨਤਾ ਦੇ ਨਾਲ ਨਾਲ ਸਮਾਜਕ ਵਖਰੇਵਿਆਂ ਅਤੇ ਵੱਖ-ਵੱਖ ਪਛਾਣਾਂ ਨੂੰ ਸੁਰੱਖਿਆ ਦਾ ਅਹਿਸਾਸ ਕਰਵਾਉਣਾ ਵੀ ਵੱਡੀ ਚੁਣੌਤੀ ਹੈ। ਇਸ ਵਿਕਾਸ ਮਾਡਲ ਦੀ ਅਗਵਾਈ ਕਰ ਰਹੇ ਮੁਲਕਾਂ ਨੂੰ ਵੀ ਇਹ ਅਹਿਸਾਸ ਹੋਣ ਲੱਗਿਆ ਹੈ ਕਿ ਵਾਤਾਵਰਨ ਦਾ ਖ਼ਿਆਲ ਰੱਖੇ ਬਿਨਾਂ ਅੱਗੇ ਨਹੀਂ ਵਧਿਆ ਜਾ ਸਕਦਾ। ਇਸ ਲਈ ਸੰਸਾਰ ਅੰਦਰ ਗ੍ਰੀਨ ਊਰਜਾ ਦੀ ਗੱਲ ਚੱਲੀ ਹੈ ਅਤੇ ਬਹੁਤ ਸਾਰੇ ਦੇਸ਼ ਇਸ ਪਾਸੇ ਕਦਮ ਵੀ ਉਠਾਉਣ ਲੱਗੇ ਹਨ ਪਰ ਭਾਰਤ ਇਸ ਮਾਮਲੇ ਵਿਚ ਅਜੇ ਕਾਫ਼ੀ ਪਿੱਛੇ ਹੈ। ਵਾਤਾਵਰਨਕ ਮਾਮਲੇ, ਘੱਟ ਗਿਣਤੀਆਂ ਦੀ ਸੁਰੱਖਿਆ ਅਤੇ ਵੱਖ-ਵੱਖ ਪਛਾਣਾਂ ਦੀ ਕਦਰ ਕਰਨ ਦੇ ਮਾਮਲੇ ਵਿਚ ਭਾਰਤ ਦਾ ਰਿਕਾਰਡ ਕੋਈ ਬਹੁਤ ਉਤਸ਼ਾਹ ਵਧਾਊ ਨਹੀਂ ਹੈ। ਨੀਤੀਗਤ ਫ਼ੈਸਲੇ ਇਹ ਸੰਕੇਤ ਨਹੀਂ ਦੇ ਰਹੇ ਕਿ ਭਾਰਤ ਗ੍ਰੀਨ ਊਰਜਾ ਅਤੇ ਵਾਤਾਵਰਨ ਤੇ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਮੁੱਦਿਆਂ ਪ੍ਰਤੀ ਪਹਿਲਾਂ ਨਾਲੋਂ ਜ਼ਿਆਦਾ ਗੰਭੀਰ ਹੋਇਆ ਹੈ। ਇਸ ਕਰਕੇ ਕੌਮਾਂਤਰੀ ਪੱਧਰ 'ਤੇ ਸਿਵਲ ਸੁਸਾਇਟੀ ਦਾ ਭਾਰਤ ਬਾਰੇ ਨਜ਼ਰੀਆ ਬਹੁਤ ਜ਼ਿਆਦਾ ਹਾਂ-ਪੱਖੀ ਨਹੀਂ ਹੈ। ਪਿਛਲੀਆਂ ਕਈ ਘਟਨਾਵਾਂ ਨੇ ਇਸ ਪ੍ਰਤੀ ਨਜ਼ਰੀਆ ਬਣਾਉਣ ਵਿਚ ਭੂਮਿਕਾ ਨਿਭਾਈ ਹੈ।

ਉਦਾਹਰਨ ਦੇ ਤੌਰ 'ਤੇ 1975 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਲਗਾਈ ਐਮਰਜੈਂਸੀ ਦੀ ਘਟਨਾ ਨੇ ਇਹ ਵਿਸ਼ਵਾਸ ਤੋੜ ਦਿੱਤਾ ਕਿ ਭਾਰਤ ਅੰਦਰ ਜਮਹੂਰੀਅਤ ਨੂੰ ਪ੍ਰਣਾਈਆਂ ਸੰਸਥਾਵਾਂ ਆਪਣੇ ਪੱਕੇ ਪੈਰੀਂ ਹੋ ਚੁੱਕੀਆਂ ਹਨ। ਇਸ ਤੋਂ ਪਹਿਲਾਂ ਇਹ ਮਹਿਸੂਸ ਹੋਣ ਲੱਗਿਆ ਸੀ ਕਿ ਭਾਰਤ ਵਿਕਾਸਸ਼ੀਲ ਦੇਸ਼ਾਂ ਵਿਚੋਂ ਜਮਹੂਰੀ ਕਦਰਾਂ-ਕੀਮਤਾਂ ਪ੍ਰਤੀ ਸੰਸਥਾਗਤ ਤੌਰ ਉਤੇ ਵੀ ਪ੍ਰਤੀਬੱਧ ਹੈ। ਐਮਰਜੈਂਸੀ ਦੇ ਫ਼ੈਸਲੇ ਨਾਲ ਇਹ ਖ਼ਦਸ਼ਾ ਬਰਕਰਾਰ ਰਿਹਾ ਕਿ ਦੇਸ਼ ਕਦੇ ਵੀ ਤਾਨਾਸ਼ਾਹੀ ਰੁਝਾਨ ਵੱਲ ਜਾ ਸਕਦਾ ਹੈ। ਦਿੱਲੀ ਅਤੇ ਹੋਰਨਾਂ ਕਈ ਰਾਜਾਂ ਵਿਚ 1984 ਵਿਚ ਸਿੱਖਾਂ ਦੇ ਹੋਏ ਕਤਲੇਆਮ, 2002 ਦੇ ਗੁਜਰਾਤ ਦੰਗਿਆਂ ਦੀਆਂ ਘਟਨਾਵਾਂ ਅਤੇ ਇਸ ਬਾਰੇ ਹੁਣ ਤਕ ਦੀ ਪ੍ਰਸ਼ਾਸਨਿਕ ਜਾਂ ਨਿਆਂ ਤੰਤਰ ਦੀ ਕਾਰਗੁਜ਼ਾਰੀ ਨੇ ਇਸ ਵਿਸ਼ਵਾਸ ਨੂੰ ਪੱਕਾ ਕੀਤਾ ਹੈ ਕਿ ਦੇਸ਼ ਵਿਚ ਘੱਟ-ਗਿਣਤੀਆਂ ਸੁਰੱਖਿਅਤ ਮਹਿਸੂਸ ਨਹੀਂ ਕਰਦੀਆਂ ਅਤੇ ਕਾਨੂੰਨ ਦਾ ਸ਼ਾਸਨ ਲਾਗੂ ਕਰਨ ਵਿਚ ਦੇਸ਼ ਨੂੰ ਅਜੇ ਬਹੁਤ ਸਮਾਂ ਲੱਗਣਾ ਹੈ। ਸਾਲ 1984 ਵਿਚ ਸੰਸਾਰ ਦੇ ਸਭ ਤੋਂ ਵੱਡੇ ਉਦਯੋਗਿਕ ਹਾਦਸਿਆਂ ਵਿਚੋਂ ਇੱਕ ਵਜੋਂ ਜਾਣੇ ਜਾਂਦੇ ਭੁਪਾਲ ਗੈਸ ਕਾਂਡ ਨੇ ਇਹ ਸਾਬਤ ਕਰ ਦਿੱਤਾ ਕਿ ਭਾਰਤ ਵਿਚ ਉਦਯੋਗਿਕ ਪ੍ਰਬੰਧ ਦੀ ਜਵਾਬਦੇਹੀ ਲਾਗੂ ਨਹੀਂ ਹੋ ਪਾਈ ਹੈ।

ਇਨ੍ਹਾਂ ਸਾਰੀਆਂ ਘਟਨਾਵਾਂ ਨੇ ਵਿਕਸਤ ਦੇਸ਼ਾਂ ਦੀ ਜਾਗਰੂਕ ਸਿਵਲ ਸੁਸਾਇਟੀ ਦੇ ਸ਼ੰਕਿਆਂ ਨੂੰ ਵਧਾਇਆ ਹੈ। ਇਸ ਦਾ ਹੀ ਸਪਸ਼ਟ ਸਬੂਤ ਹੈ ਕਿ ਗੁਜਰਾਤ ਦੇ ਤਤਕਾਲੀ ਮੁੱਖ ਮੰਤਰੀ ਨਰੇਂਦਰ ਮੋਦੀ ਨੂੰ ਅਮਰੀਕਾ ਨੇ ਸਿਵਲ ਸੁਸਾਇਟੀ ਦੇ ਦਬਾਅ ਕਾਰਨ ਵੀਜ਼ਾ ਨਹੀਂ ਦਿੱਤਾ। ਮੋਦੀ ਦੇ ਪ੍ਰਧਾਨ ਮੰਤਰੀ ਚੁਣੇ ਜਾਣ ਤੋਂ ਬਾਅਦ ਕਾਨੂੰਨੀ ਪੱਖ ਤੋਂ ਅਤੇ ਕੌਮਾਂਤਰੀ ਪ੍ਰੋਟੋਕੋਲ ਕਾਰਨ ਅਜਿਹਾ ਸੰਭਵ ਹੋ ਸਕਿਆ ਹੈ। ਦੇਸ਼ ਅੰਦਰ ਆਰ.ਐਸ.ਐਸ. ਅਤੇ ਇਸ ਨਾਲ ਸਬੰਧਤ ਜਥੇਬੰਦੀਆਂ ਵਲੋਂ ਦਿੱਤੇ ਜਾਂਦੇ ਬਿਆਨਾਂ ਕਾਰਨ ਘੱਟ-ਗਿਣਤੀਆਂ ਦੇ ਡਰ ਨੂੰ ਵਧਾਉਣ ਦਾ ਮਾਹੌਲ ਸਿਰਜਿਆ ਹੈ।

ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਵਲੋਂ ਭਾਰਤੀ ਦੌਰੇ ਦੇ ਆਖਰੀ ਦਿਨ ਧਾਰਮਿਕ ਵਖਰੇਵਿਆਂ ਵਿਚ ਨਾ ਉਲਝਣ ਦੇ ਮਸ਼ਵਰੇ ਪਿੱਛੇ ਵੀ ਪੱਛਮੀ ਦੇਸ਼ਾਂ ਦੀ ਸਿਵਲ ਸੁਸਾਇਟੀ ਦਾ ਦਬਾਅ ਸਪਸ਼ਟ ਰੂਪ ਵਿਚ ਵੇਖਿਆ ਜਾ ਸਕਦਾ ਹੈ। ਉਹ ਇਹ ਪ੍ਰਭਾਵ ਨਹੀਂ ਦੇਣਾ ਚਾਹੁੰਦੇ ਸਨ ਕਿ ਓਬਾਮਾ ਤਾਂ ਮੋਦੀ ਨਾਲ ਘਿਓ-ਖਿਚੜੀ ਹੋ ਗਿਆ ਹੈ। ਓਬਾਮਾ ਨੇ ਆਪਣੇ ਵਪਾਰਕ ਮਕਸਦ ਦੇ ਨਾਲ-ਨਾਲ ਸਿਆਸੀ ਉਦੇਸ਼ ਦੇ ਸੰਤੁਲਨ ਨੂੰ ਵੀ ਬਰਕਰਾਰ ਰੱਖਿਆ ਹੈ।

ਇਹ ਵੇਖਣ ਦਾ ਸੁਆਲ ਹੈ ਕਿ ਦੋ ਦੇਸ਼ਾਂ ਦੀ ਨੇੜਤਾ ਜਾਂ ਦੂਰੀਆਂ ਵਿਚ ਸਰਕਾਰ, ਸਟੇਟ ਅਤੇ ਸਿਵਲ ਸੁਸਾਇਟੀ ਦੀ ਆਪੋ-ਆਪਣੀ ਭੂਮਿਕਾ ਹੁੰਦੀ ਹੈ। ਸਿਆਸੀ ਦ੍ਰਿਸ਼ ਉੱਤੇ ਕਾਬਜ਼ ਪਾਰਟੀ ਸਰਕਾਰ ਵਜੋਂ ਕਈ ਦਾਅਵੇ ਕਰਦੀ ਹੈ ਪਰ ਸਟੇਟ ਦੀਆਂ ਸਥਾਈ ਸੰਸਥਾਵਾਂ ਉਸ ਨੂੰ ਬਹੁਤ ਜ਼ਿਆਦਾ ਆਜ਼ਾਦੀ ਮਾਣਨ ਦਾ ਅਧਿਕਾਰ ਨਹੀਂ ਦਿੰਦੀਆਂ। ਇਹੀ ਕਾਰਨ ਹੈ ਕਿ ਦੇਸ਼ਾਂ ਦੀ ਵਿਦੇਸ਼ ਨੀਤੀ ਵਿਚ ਵੱਡਾ ਫ਼ਰਕ ਨਹੀਂ ਆਉਂਦਾ। ਸਿਵਲ ਸੁਸਾਇਟੀ ਦੀ ਆਵਾਜ਼ ਵੀ ਇਨ੍ਹਾਂ ਗੱਲਾਂ ਨੂੰ ਹਰ ਸਮੇਂ ਪ੍ਰਭਾਵਿਤ ਕਰਦੀ ਹੈ। ਇਸ ਲਈ ਭਾਰਤ ਅਤੇ ਅਮਰੀਕਾ ਦੇ ਸਬੰਧਾਂ ਵਿਚ ਵੀ ਇਕਦਮ ਕੋਈ ਵੱਡੀ ਤਬਦੀਲੀ ਦੀ ਗੁੰਜਾਇਸ਼ ਨਹੀਂ।

---

# ਬਰਾਕ ਓਬਾਮਾ ਦਾ ਭਾਰਤ ਦੌਰਾ

ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਨਵੀਂ ਦਿੱਲੀ ਦੌਰੇ ਦੌਰਾਨ ਭਾਰਤ ਦੇ ਪਰਮਾਣੂ ਜਵਾਬਦੇਹੀ ਕਾਨੂੰਨ ਸਬੰਧੀ ਜੋ ‘ਸਫਲਤਾ’ ਮਿਲਣ ਦਾ ਦਾਅਵਾ ਕੀਤਾ ਗਿਆ, ਉਸ ਨੂੰ ਉਤਸ਼ਾਹਿਤ ਭਾਰਤੀ ਮੀਡੀਆ ਨੇ ਓਬਾਮਾ ਦੇ ਦੌਰੇ ਦੇ ਸਭ ਤੋਂ ਵੱਡੇ ਨਤੀਜੇ ਵਜੋਂ ਉਭਾਰਿਆ। ਕਈ ਅਖ਼ਬਾਰਾਂ ਨੇ ਕਿਹਾ ਕਿ ਇਸ ਨਾਲ 2008 ਦੇ ਅਮਰੀਕਾ-ਭਾਰਤ ਨਾਗਰਿਕ ਪਰਮਾਣੂ ਸਮਝੌਤੇ ਨੂੰ ਅਮਲ ਹੇਠ ਲਿਆਉਣ ‘ਚ ਮਦਦ ਮਿਲੇਗੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਇਸ ਨੂੰ ਭਾਰਤ-ਅਮਰੀਕਾ ‘ਰਣਨੀਤਕ ਭਾਈਵਾਲੀ’ ਦੀ ‘ਆਧਾਰਸ਼ਿਲਾ’ ਕਰਾਰ ਦਿੱਤਾ ਗਿਆ। ਮੀਡੀਆ ਇਸ ਬਾਰੇ ਗ਼ਲਤੀ ‘ਤੇ ਸੀ। ਅਸਲ ਵਿਚ ਇਸ ਨੂੰ ‘ਸਫ਼ਲਤਾ’ ਨਹੀਂ ਕਿਹਾ ਜਾ ਸਕਦਾ। ਓਬਾਮਾ ਦੇ

**ਪ੍ਰਫੁੱਲ ਬਿਦਵਈ**

ਦੌਰੇ ਦੀ ਸਭ ਤੋਂ ਵੱਡੀ ਮਹੱਤਤਾ ਉਸ ‘ਏਸ਼ੀਆ ਪ੍ਰਸ਼ਾਂਤ ਅਤੇ ਹਿੰਦ ਮਹਾਂਸਾਗਰ ਖੇਤਰ ਬਾਰੇ ਸਾਂਝੇ ਰਣਨੀਤਕ ਵਿਜ਼ਨ’ ਵਿਚ ਹੈ ਜਿਸ ‘ਤੇ ਦੌਰੇ ਦੌਰਾਨ ਸਹਿਮਤੀ ਹੋਈ। ਇਸ ‘ਰਣਨੀਤਕ ਵਿਜ਼ਨ’ ਤਹਿਤ ਅਫਰੀਕਾ ਤੋਂ ਲੈ ਕੇ ਪੂਰਬੀ ਏਸ਼ੀਆ ਤੱਕ ਦੇ ਵਿਸ਼ਾਲ ਖੇਤਰ ਵਿਚ ਭਾਰਤ ਦੀ ਵਿਸ਼ੇਸ਼ ਮਹੱਤਤਾ ਕਬੂਲੀ ਗਈ ਹੈ, ਜਿਸ ਤਹਿਤ ਇਸ ਨੂੰ ‘ਸੁਰੱਖਿਆ ਸਰੋਕਾਰਾਂ ਅਤੇ...ਖੇਤਰ, ਖਾਸ ਕਰ ਕੇ ਦੱਖਣ ਚੀਨੀ ਸਾਗਰ, ਵਿਚ ਸਮੁੰਦਰੀ ਗਸ਼ਤ ਅਤੇ ਅਸਮਾਨੀ ਉਡਾਣਾਂ ਵਿਚ’ ਸ਼ਾਮਿਲ ਕੀਤਾ ਜਾਵੇਗਾ। ਇਹ ਦਸਤਾਵੇਜ਼ ਭਾਰਤ ਅਤੇ ਅਮਰੀਕਾ ਨੂੰ ਪ੍ਰਤੀਬੱਧ ਕਰਦਾ ਹੈ ਕਿ ਉਹ ‘ਸਾਂਝੀਆਂ ਕਦਰਾਂ-ਕੀਮਤਾਂ (ਲੋਕਤੰਤਰ ਪੜ੍ਹਿਆ ਜਾਵੇ ਜੋ ਚੀਨ ਵਿਚ ਨਹੀਂ ਹੈ) ਨੂੰ ਅੱਗੇ ਵਧਾਉਣਗੇ, ਜੋ ਸਾਡੇ ਦੇਸ਼ਾਂ ਨੂੰ ਮਹਾਨ ਬਣਾਉਂਦੀਆਂ ਹਨ।’ ਇਸ ਵਿਚ ਚੀਨ ਨੂੰ ਇਸ ਗੱਲੋਂ ਚਿੜਾਇਆ ਵੀ ਗਿਆ ਹੈ ਕਿ ਉਹ ਖੇਤਰ ‘ਚ ਤਣਾਅ ਪੈਦਾ ਕਰ ਰਿਹਾ ਹੈ।

ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਭਾਰਤ ਇਸ ਤਰ੍ਹਾਂ ਦੇ ਦੂਰਗਾਮੀ ਕਿਸਮ ਦੇ ਕਰੀਬੀ ਫ਼ੌਜੀ ਰਿਸ਼ਤਿਆਂ ਲਈ ਸਹਿਮਤ ਹੋਇਆ ਹੈ। ਅਮਰੀਕਾ ਅਤੇ ਜਾਪਾਨ ਦੇ ਗਲਬੇ ਵਾਲੇ ‘ਏਸ਼ੀਆ ਪੈਸੀਫਿਕ ਇਕਨਾਮਿਕ ਕੋ-ਆਪਰੇਸ਼ਨ ਫੋਰਮ’ ਵਿਚ ਭਾਰਤ ਦੇ ਪ੍ਰਸਤਾਵਿਤ ਦਾਖ਼ਲੇ ਦਾ ਵੀ ਉਕਤ ਵਿਜ਼ਨ ਦਸਤਾਵੇਜ਼ ਵਿਚ ਸਵਾਗਤ ਕੀਤਾ ਗਿਆ ਹੈ। ਇਸ ਸਭ ਕੁਝ ਪਿੱਛੇ ਵਿਚਾਰ ਇਹ ਹੈ ਕਿ ਚੀਨ ਨੂੰ ਫ਼ੌਜੀ ਅਤੇ ਆਰਥਿਕ ਤਾਕਤ ਵਜੋਂ ਸੀਮਤ ਕਰਨ ਲਈ ਭਾਰਤ ਨੂੰ ਅਮਰੀਕਾ ਨਾਲ ਅਜਿਹੀ ਭਾਈਵਾਲੀ ਵਿਚ ਸ਼ਾਮਿਲ ਕੀਤਾ ਜਾਵੇ, ਜਿਸ ਤਹਿਤ ਇਹ ਏਸ਼ੀਆ ਵਿਚ ਅਮਰੀਕਾ ਦੀ ‘ਧੁਰੀ’ ਵਜੋਂ ਕੰਮ ਕਰੇ। ਜਦੋਂ ਪਹਿਲੀ ਵਾਰ 2012 ਵਿਚ ਅਜਿਹਾ ਪ੍ਰਸਤਾਵ ਰੱਖਿਆ ਗਿਆ ਸੀ ਤਾਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਹੇਠ ਭਾਰਤ ਨੇ ਇਸ ਦਾ ਵਿਰੋਧ ਕੀਤਾ ਸੀ। ਇਸ ਵਿਰੋਧ ਦਾ ਕਾਰਨ ਗੁੱਟ ਨਿਰਲੇਪ ਸਿਧਾਂਤ ਨਹੀਂ ਸੀ, ਜਿਸ ਨੂੰ ਭਾਰਤ ਨੇ ਕਦੀ ਅਪਣਾਇਆ ਸੀ। ਇਹ ਸਿਧਾਂਤ ਤਾਂ 1991 ਵਿਚ ਸੋਵੀਅਤ ਯੂਨੀਅਨ ਦੇ ਢਹਿਣ ਤੋਂ ਬਾਅਦ ਹੀ ਭਾਰਤ ਵਲੋਂ ਤਿਆਗ ਦਿੱਤਾ ਗਿਆ ਸੀ। ਉਸ ਤੋਂ ਬਾਅਦ ਨਵੀਂ ਦਿੱਲੀ ਦੇ ਨੀਤੀ-ਘਾੜਿਆਂ ‘ਚ ਇਸ ਗੱਲ ਬਾਰੇ ਕਮਜ਼ੋਰ ਜਿਹੀ ਸਰਬ ਸਹਿਮਤੀ ਰਹੀ ਕਿ ਭਾਰਤ ਬਾਕੀ ਦੇਸ਼ਾਂ ਨਾਲ ਮਿੱਤਰਤਾਪੂਰਨ ਰਿਸ਼ਤੇ ਰੱਖਦਿਆਂ ਕਿਸੇ ਦਾ ਵੀ ਸਥਾਈ ਸਹਿਯੋਗੀ ਨਹੀਂ ਬਣੇਗਾ ਪਰ ਬਾਅਦ ਵਿਚ ਇਹ ਸਰਬਸਹਿਮਤੀ ਵੀ ਖੁਰਦੀ ਗਈ, ਖਾਸ ਕਰ ਕੇ 2005 ਤੋਂ ਜਦੋਂ ਨਾਗਰਿਕ ਪਰਮਾਣੂ ਸਮਝੌਤੇ ਦੀ ਗੱਲ ਤੁਰੀ ਸੀ। ਸਮਝੌਤੇ ਸਬੰਧੀ ਸਫਲਤਾ ਹਾਸਲ ਕਰਨ ਲਈ ਭਾਰਤ ਨੇ ਦੋ ਵਾਰ ‘ਦਬਾਅ ਹੇਠ’ ਇਰਾਨ ਦੇ ਪਰਮਾਣੂ ਪ੍ਰੋਗਰਾਮ ਖਿਲਾਫ ਵੋਟਿੰਗ ਵੀ ਕੀਤੀ ਸੀ, ਜਿਸ ਦੇ ਨਤੀਜੇ ਵਜੋਂ ਇਰਾਨ-ਪਾਕਿਸਤਾਨ-ਭਾਰਤ ਗੈਸ ਪਾਈਪ ਲਾਈਨ ਠੰਢੇ ਬਸਤੇ ਵਿਚ ਪੈ ਗਈ। ਹੁਣ ਇਕ ਅਮਰੀਕੀ ਕੂਟਨੀਤਕ ਅਧਿਕਾਰੀ ਵਲੋਂ ਜਨਤਕ ਤੌਰ ‘ਤੇ ਵੀ ਇਹ ਜਾਣਕਾਰੀ ਜ਼ਾਹਰ ਕਰ ਦਿੱਤੀ ਗਈ ਹੈ। ਅਮਰੀਕਾ ਦੀਆਂ ਵਪਾਰਕ ਲਾਬੀਆਂ ਨੂੰ ਖੁਸ਼ ਕਰਨ ਲਈ ਭਾਰਤ ਸਮੇਂ-ਸਮੇਂ ‘ਤੇ ਆਪਣੇ ਲੋਕਾਂ ਦੇ ਹਿਤਾਂ ਨਾਲ ਸਮਝੌਤੇ ਕਰਦਾ ਰਹਿੰਦਾ ਹੈ, ਮਿਸਾਲ ਵਜੋਂ ਜ਼ਰੂਰੀ ਦਵਾਈਆਂ ਦੀਆਂ ਕੀਮਤਾਂ ‘ਤੇ ਕੰਟਰੋਲ ਨੂੰ ਢਿੱਲਾ ਕਰਨਾ। ਹੁਣ ਅਮਰੀਕਾ ਨਾਲ ਥੋਕ ਵਿਚ ਜੋੜ ਹੋ ਗਿਆ ਹੈ। ਸ੍ਰੀ ਮੋਦੀ ਨੇ ਉਸ ਕਾਰਜ ਨੂੰ ਪੂਰਾ ਕਰ ਦਿੱਤਾ ਹੈ, ਜੋ ਮਨਮੋਹਨ ਸਿੰਘ ਨੇ ਸ਼ੁਰੂ ਕੀਤਾ ਸੀ ਪਰ ਮੁਕੰਮਲ ਨਹੀਂ ਸਨ ਕਰ ਸਕੇ। ਮੋਦੀ ਆਰ.ਐਸ.ਐਸ., ਜਨਸੰਘ ਨਾਲ ਆਪਣੇ ਸਬੰਧਾਂ, ਵਪਾਰ ਪੱਖੀ ਆਪਣੇ ਮਜ਼ਬੂਤ ਤੁਅੱਸਬਾਂ ਅਤੇ ਗੁਜਰਾਤੀ ਬਹੁਗਿਣਤੀ ਵਾਲੇ ਅਮਰੀਕੀ ਪਰਵਾਸੀ ਭਾਰਤੀ ਭਾਈਚਾਰੇ ਨਾਲ ਨੇੜਲੇ ਰਿਸ਼ਤਿਆਂ ਕਰ ਕੇ ਅਮਰੀਕਾ ਪ੍ਰਤੀ ਉਂਜ ਵੀ ਉਲਾਰ ਹਨ।

ਓਬਾਮਾ ਵਿਚਾਰਨ ਵਾਸਤੇ ਆਪਣੇ ਨਾਲ ਮੁੱਦਿਆਂ ਦੀ ਲੰਮੀ ਸੂਚੀ ਲਿਆਏ ਸਨ ਪਰ ਸ੍ਰੀ ਮੋਦੀ ਸਦਕਾ ਦੁਵੱਲੀ ਗੱਲਬਾਤ ‘ਤੇ ਪਹਿਲੇ 45 ਮਿੰਟਾਂ ਤੱਕ ਚੀਨ ਹੀ ਛਾਇਆ ਰਿਹਾ। ਅਮਰੀਕੀਆਂ ਨੂੰ ਉਦੋਂ ਖੁਸ਼ੀ ਭਰੀ ਹੈਰਾਨੀ ਹੋਈ ਜਦੋਂ ਸ੍ਰੀ ਮੋਦੀ ਨੇ ਚੀਨ ਦੇ ਮੁੱਦੇ ‘ਤੇ ਅਮਰੀਕੀ ਸ਼ਬਦਾਵਲੀ ਨੂੰ ਬਿਨਾਂ ਕਿਸੇ ਦਲੀਲਬਾਜ਼ੀ ਦੇ ਸਵੀਕਾਰ ਕਰ ਲਿਆ। ਕਿਸੇ ਭਾਰਤੀ ਆਗੂ ਵਲੋਂ ਅਜਿਹਾ ਕਰਨਾ ਬਿਲਕੁਲ ਨਿਵੇਕਲੀ ਗੱਲ ਸੀ। ਇਹ ਕਹਿਣਾ ਔਖਾ ਹੈ ਕਿ ਚੀਨ ਪ੍ਰਤੀ ਸ੍ਰੀ ਮੋਦੀ ਦਾ ਰੁਖ਼ ਉਸ ਨਾਲ ਪੁਰਾਣੇ ਵੈਰ (ਜੋ 1962 ਦੀ ਜੰਗ ਤੱਕ ਜਾਂਦਾ ਹੈ) ਕਰ ਕੇ ਹੈ, ਚੀਨੀ ਰਾਸ਼ਟਰਪਤੀ ਦੇ ਭਾਰਤ ਦੌਰੇ ਵੇਲੇ ਲੱਦਾਖ ਵਿਚ ਚੀਨ ਵੱਲੋਂ ਕੀਤੀ ਗਈ ਘੁਸਪੈਠ ਖਿਲਾਫ ਰੋਸ ਕਾਰਨ ਹੈ ਜਾਂ ਫਿਰ ਭਾਰਤ ਦਾ ‘ਪਿਛਲਾ ਵਿਹੜਾ’ ਕਹੇ ਜਾਂਦੇ ਸ੍ਰੀਲੰਕਾ ‘ਚ ਚੀਨ ਵਲੋਂ ਹਾਲ ਹੀ ਦੌਰਾਨ ਚੁੱਕੇ ਗਏ ਕਦਮਾਂ ਕਰਕੇ ਹੈ।

ਜੋ ਵੀ ਹੋਵੇ, ਤੱਥ ਇਹ ਹੈ ਕਿ ਰਣਨੀਤਕ ਤੌਰ ‘ਤੇ ਸ੍ਰੀ ਮੋਦੀ ਪੂਰੀ ਤਰ੍ਹਾਂ ਅਮਰੀਕਾ ਨਾਲ ਲਿਪਟ ਚੁੱਕੇ ਹਨ। ਇਸ ਗੱਲ ਨਾਲ ਤਿੰਨ ਮੁੱਖ ਜੋਖਮ ਜੁੜੇ ਹੋਏ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਅਮਰੀਕਾ ਸਿਰਫ ਇਕ ਹੋਰ ਦੇਸ਼ ਹੀ ਨਹੀਂ ਹੈ, ਸਗੋਂ ਇਹ ਮਹਾਂਸ਼ਕਤੀ ਹੈ ਜਿਸ ਨੇ ਇਰਾਕ, ਲੀਬੀਆ ਅਤੇ ਸੀਰੀਆ ਵਿਚ ਆਪਣੀਆਂ ਹਾਲ ਹੀ ਦੀਆਂ ਦਖਲਅੰਦਾਜ਼ੀਆਂ ਨਾਲ ਵਿਸ਼ਵ ਨੂੰ ਕਿਤੇ ਵਧੇਰੇ ਖ਼ਤਰਨਾਕ ਥਾਂ ਬਣਾ ਦਿੱਤਾ ਹੈ। ਇਸ ਵਿਹਾਰ ਨੇ ਸੱਤਾ ਦੀ ਲਾਲਸਾ ਵਾਲੀ ਰਾਜਨੀਤੀ ਨੂੰ ਵੀ ਮਜ਼ਬੂਤੀ ਪ੍ਰਦਾਨ ਕੀਤੀ ਹੈ। ਅਜਿਹੀ ਰਾਜਨੀਤੀ ਨੇ ਹੀ ਤਾਲਿਬਾਨ ਅਤੇ ਇਸਲਾਮਿਕ ਸਟੇਟ ਵਰਗੀਆਂ ਮੁਸਲਿਮ ਸੱਜੇ ਪੱਖੀ ਜਹਾਦੀ ਜਥੇਬੰਦੀਆਂ ਦੀ ਬੇਰਹਿਮੀ ਭਰੀ ਹਿੰਸਾ ਨੂੰ ਭੜਕਾਉਣ ‘ਚ ਯੋਗਦਾਨ ਪਾਇਆ ਹੈ ਜੋ ਹਰ ਪੱਖੋਂ ਨਿੰਦਣਯੋਗ ਹੈ।

ਅਮਰੀਕਾ ‘ਵਾਸ਼ਿੰਗਟਨ ਸਹਿਮਤੀ’ ਵਾਲੀਆਂ ਨੀਤੀਆਂ ਦਾ ਵੀ ਮੁੱਖ ਲੇਖਕ ਹੈ। ਇਨ੍ਹਾਂ ਨੀਤੀਆਂ ਨੇ ਹੀ ਸੰਸਾਰ ਪੱਧਰ ‘ਤੇ ਆਰਥਿਕ ਤਬਾਹੀ ਵਰਤਾਈ ਹੈ ਅਤੇ ਕਿਰਤੀ ਲੋਕਾਂ ਦੇ ਹੱਕਾਂ ਨੂੰ ਸਭ ਤੋਂ ਵੱਡਾ ਖੋਰਾ ਲਾਇਆ ਹੈ। ਅਮਰੀਕਾ ਨਾਲ ਰਣਨੀਤਕ ਨੇੜਤਾ ਦਾ ਮਤਲਬ ਲੋਕਾਂ ਦੀ ਨਫਰਤ ਨੂੰ ਤਾਂ ਸੱਦਾ ਦੇਣਾ ਹੈ ਹੀ, ਇਸ ਦਾ ਨਾਲ ਹੀ ਮਤਲਬ ਅਧੀਨਤਾ ਵਾਲੇ ਸਬੰਧ ਸਵੀਕਾਰ ਕਰਨਾ ਵੀ ਹੈ। ਅਮਰੀਕਾ ਤਾਂ ਆਪਣੇ ਸਭ ਤੋਂ ਨੇੜਲੇ ਸਹਿਯੋਗੀਆਂ ਨਾਲ ਵੀ ਬਰਾਬਰੀ ਵਾਲੇ ਰਿਸ਼ਤੇ ਨਹੀਂ ਰੱਖਦਾ। ਦੂਜੀ ਗੱਲ ਇਹ ਹੈ ਕਿ ਚੀਨ ਨੇ ਓਬਾਮਾ-ਮੋਦੀ ਨੇੜਤਾ ‘ਤੇ ਨਾਂਹ-ਪੱਖੀ ਪ੍ਰਤੀਕਰਮ ਪ੍ਰਗਟਾਇਆ ਹੈ। ਚੀਨ ਨਾਲ ਵੈਰਪੂਰਨ ਰਿਸ਼ਤਿਆਂ ‘ਚ ਦਾਖਲ ਹੋਣਾ ਭਾਰਤ ਲਈ ਉਲਟ ਪ੍ਰਭਾਵੀ ਸਿੱਧ ਹੋ ਸਕਦਾ ਹੈ, ਖਾਸ ਕਰ ਕੇ ਜਦੋਂ ਗੱਲਬਾਤ ਰਾਹੀਂ ਮਸਲਿਆਂ ਦੇ ਹੱਲ ਸੰਭਵ ਹਨ। ਜੇ ਚੀਨ ਨਾਲ ਵੱਡੀਆਂ ਖਾਹਿਸ਼ਾਂ ਵਾਲੇ ਵਪਾਰਕ ਸਮਝੌਤੇ ਹੋ ਸਕਦੇ ਹਨ ਤਾਂ ਕੋਈ ਕਾਰਨ ਨਹੀਂ ਹੈ ਕਿ ਰਣਨੀਤਕ ਸੰਕਟਾਂ ਦੇ ਹੱਲ ਸਬੰਧੀ ਵੀ ਆਪਸੀ ਸਮਝ ਨਾ ਬਣ ਸਕੇ।

ਤੀਜੀ ਗੱਲ, ਚੀਨ ਨੂੰ ਨਾਰਾਜ਼ ਕਰ ਕੇ ਭਾਰਤ ਅਸਲ ਵਿਚ ਚੀਨ, ਪਾਕਿਸਤਾਨ ਅਤੇ ਰੂਸ ਵਿਚਕਾਰ ਰਣਨੀਤਕ ਸਮਝ ਬਣਾਉਣ ਦਾ ਹੀ ਰਾਹ ਪੱਧਰਾ ਕਰ ਰਿਹਾ ਹੈ। ਇਹ ਭਾਰਤ ਦੇ ਆਪਣੇ ਗੁਆਂਢ ਨਾਲ ਸਬੰਧਾਂ ਦੀ ਸਿਹਤ ਲਈ ਚੰਗੀ ਗੱਲ ਨਹੀਂ। ਇਸ ਦੌਰੇ ਨਾਲ ਅਮਰੀਕਾ ਦੇ ਨੀਤੀਗਤ ਹਿਤ ਅੱਗੇ ਵਧੇ ਹਨ। ਫਿਰ ਵੀ ਦਿੱਲੀ ਤੋਂ ਜਾਣ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਓਬਾਮਾ ਨੇ ਸ਼ਾਇਦ ਮਨੁੱਖੀ ਅਧਿਕਾਰ ਕਾਰਕੁਨਾਂ ਦੇ ਦਬਾਅ ਹੇਠ, ਸਹੀ ਕਿਹਾ ਹੈ ਕਿ ਭਾਰਤ ਧਾਰਮਿਕ ਆਜ਼ਾਦੀ, ਬਹੁਲਵਾਦ ਅਤੇ ਸਹਿਣਸ਼ੀਲਤਾ ਤੋਂ ਬਿਨਾਂ ਸਫਲ ਨਹੀਂ ਹੋ ਸਕਦਾ। ਦੌਰੇ ਦਾ ਇਹੀ ਇਕੋ-ਇਕ ਹਾਂ-ਪੱਖੀ ਨਤੀਜਾ ਸੀ।

# ਤੰਗ ਘਰਾਂ ਦੇ ਬੰਦ ਦਰਵਾਜ਼ੇ

## ਨੋਕ-ਝੋਕ



**ਐਸ. ਅਸ਼ੋਕ ਭੌਰਾ**

*ਜਦੋਂ ਵੀ ਚਿੱਬੜ ਨੂੰ ਖਰਬੂਜੇ ਦੇ ਭੁਲੇਖੇ ਖਾਣ ਦੀ ਕੋਸ਼ਿਸ਼ ਕਰੋਗੇ, ਮੂੰਹ ਬੇਸੁਆਦਾ ਹੋਵੇਗਾ ਹੀ। ਬੰਦਾ ਕਈ ਵਾਰ ਤੁਰਿਆ ਤਾਂ ਨੱਕ ਦੀ ਸੇਧ ਨੂੰ ਠੀਕ ਹੀ ਹੁੰਦਾ ਪਰ ਲੱਤ ਫਸਾਉਣ ਵਾਲੇ ਆਪਣੇ ਯਤਨ ਵਿਚ ਫਿਰ ਵੀ ਸਫਲ ਹੋ ਗਏ ਹੁੰਦੇ ਹਨ। ਜਦੋਂ ਵੀ ਗਲਤੀ ਕਰ ਕੇ ਨਾ ਮੰਨਣ ਦੀ ਦੂਜੀ ਗਲਤੀ ਕਰੋਗੇ ਤਾਂ ਦੁਨੀਆਂ ਇਹ ਸਮਝਾਉਣ ਵਿਚ ਦੇਰੀ ਨਹੀਂ ਲਾਉਂਦੀ ਕਿ ਨੱਥ ਸਿਰਫ਼ ਜਾਨਵਰਾਂ ਦੇ ਪਾਉਣ ਦੀ ਲੋੜ ਨਹੀਂ ਹੁੰਦੀ। ਹੁਸਨ ਰੱਜਵਾਂ ਮਿਲ ਜਾਵੇ ਤਾਂ ਇਹ ਨਹੀਂ ਸਮਝਣਾ ਚਾਹੀਦਾ ਕਿ ਸੋਨੇ ਦੀ ਲੰਕਾ ਹੁਣ ਲੁੱਟੀ ਨਹੀਂ ਜਾਵੇਗੀ। ਇਹ ਲੁੱਟ ਹੀ ਹੁੰਦੀ ਆਈ ਹੈ ਕਿਉਂਕਿ ਰਾਵਣ ਤੇ ਰਾਮ ਸਮਕਾਲੀ ਹੀ ਰਹੇ ਹਨ। ਕਈ ਫਰਾਂਸ ਨੂੰ ਸੋਹਣਾ ਆਖਦੇ ਹਨ, ਕਈ ਉਥੋਂ ਦੇ ਇਤਰ-ਫਲੇਲਾਂ ਦੇ ਮੁਰੀਦ ਹਨ। ਔਰਤਾਂ ਫਰਾਂਸ ਦੀ ਲਿਪਸਟਿਕ ਲਾ ਕੇ ਮਾਣ ਮਹਿਸੂਸ ਕਰਦੀਆਂ ਹਨ ਤੇ ਹੱਸਦੇ ਫਰਾਂਸ ਦੇ ਬੁੱਤ ਵੀ ਹਨ ਪਰ ਹਿਟਲਰ ਪੈਰਿਸ ਨੂੰ ਖੋਖਲਾ ਸਮਝਦਾ ਰਿਹਾ ਹੈ। ਸਾਰੀਆਂ ਦਵਾਈਆਂ ਸਾਰੀਆਂ ਮਰਜ਼ਾਂ ਲਈ ਨਹੀਂ ਹੁੰਦੀਆਂ। ਜਵਾਨੀ ਵਿਚ ਜਦੋਂ ਇਸ਼ਕ ਸਿਰ ਚੜ੍ਹ ਕੇ ਬੋਲਦਾ ਹੈ ਤਾਂ ਸਿਆਣੇ 'ਹਊ ਪਰੇ' ਤਾਂ ਕਹਿ ਦਿੰਦੇ ਹਨ ਕਿ ਚਲੋ ਇਹ ਦਿਨ ਸਾਰਿਆਂ 'ਤੇ ਆਉਣੇ ਹੁੰਦੇ ਹਨ, ਇਸ ਲਈ ਨਿੱਕੀਆਂ-ਮੋਟੀਆਂ ਗਲਤੀਆਂ ਆਟੇ ਵਿਚ ਲੂਣ ਬਣ ਜਾਂਦੀਆਂ ਹਨ ਪਰ ਇਹ ਵਾਸ਼ਨਾ ਜਦੋਂ ਸਿਰ ਤੋਂ ਉਤਾਂਹ ਦੀ ਲੰਘਣ ਲੱਗੇ ਤਾਂ ਸਮਾਜ ਇਹ ਸਮਝਾਉਣ ਲੱਗਾ ਵੀ ਦੇਰੀ ਨਹੀਂ ਲਾਉਂਦਾ ਕਿ ਚਾਕੂ ਸਿਰਫ ਆਲੂ ਛਿੱਲਣ ਲਈ ਹੀ ਨਹੀਂ ਹੁੰਦੇ। ਦੋਸਤੀ ਅਤੇ ਦੁਸ਼ਮਣੀ, ਪਿਆਰ ਤੇ ਇਸ਼ਕ ਵਾਂਗ ਹੈ ਤਾਂ ਸਿਰਫ਼ ਰਿਸ਼ਤੇ ਹੀ ਹਨ, ਦੋਹਾਂ ਵਿਚ ਫਰਕ ਉਦੋਂ ਪਤਾ ਲਗਦਾ ਹੈ ਜਦੋਂ ਪਜਾਮੇ ਦੀ ਇਕ ਮੋਹਰੀ ਵਿਚ ਦੋਵੇਂ ਲੱਤਾਂ ਫਸ ਜਾਣ। ਜਾਨ ਵਾਰਨ ਦੀ ਗੱਲ ਸ਼ਾਇਰਾਂ ਨੇ ਸਭ ਤੋਂ ਪਹਿਲਾਂ ਮੁਹੱਬਤ ਲਈ ਸਹੀ ਸਾਬਤ ਕੀਤੀ ਸੀ ਪਰ ਔਰਤ ਕਵਿਤਾ ਹੀ ਰਹੇ ਤਾਂ ਠੀਕ ਹੈ, ਜਦੋਂ ਚੁਟਕਲਾ ਬਣ ਜਾਵੇ, ਉਦੋਂ ਰੂਪ ਤੇ ਵਾਸ਼ਨਾ ਦੋਵੇਂ ਝਗੜ ਪੈਂਦੇ ਹਨ। ਆਹ ਤੁਹਾਨੂੰ ਵੀ ਲੱਗੇਗਾ ਕਿ ਰਿਸ਼ਤੇ ਚੁੱਪ ਨੇ ਪਰ ਕਿਰਦਾਰ ਕਤਲ ਹੋ ਰਹੇ ਹਨ।*

ਜਿੰਦਾਂ ਦੇ ਹਾਲਾਤ ਬਣ ਰਹੇ ਹਨ, ਬੰਦਾ ਜਿੰਨਾ ਤਣਾਓ ਵੱਸ ਪੈ ਰਿਹਾ ਹੈ, ਗੁਣ ਗਾਉਣ ਵਾਲੇ ਪਿੱਠ ਘੁਮਾਉਂਦਿਆਂ ਹੀ ਆਲੋਚਨਾ ਕਰਨ ਅਤੇ ਬੁਰਾ ਕਹਿਣ ਦੀ ਜੁਗਾਲੀ ਕਰਨ ਲੱਗ ਪੈਂਦੇ ਨੇ। ਜਿਸ ਤਰ੍ਹਾਂ ਰੋਜ਼ਾਨਾ ਇਖਲਾਕ ਕਤਲ ਹੋ ਰਿਹਾ ਹੈ, ਜਿਸ ਤਰ੍ਹਾਂ ਦੀਆਂ ਅਣ-ਕਿਆਸੀਆਂ ਘਟਨਾਵਾਂ ਵਾਪਰਨ ਲੱਗੀਆਂ ਹਨ, ਰਿਸ਼ਤੇ ਜਿਵੇਂ ਬੁਰਕੀਆਂ ਹੋ ਰਹੇ ਹਨ, ਨਸ਼ਿਆਂ ਨੂੰ ਮਨੁੱਖ ਖੁਰਾਕ ਸਮਝਣ ਦੀ ਗਲਤੀ ਕਰਨ ਲੱਗ ਪਿਆ ਹੈ; ਲਗਦਾ ਨਹੀਂ, ਆਪਾਂ ਸਾਰੇ ਪਾਗਲ ਹੋ ਸਕਦੇ ਹਾਂ ਕਿਉਂਕਿ ਪਾਗਲ ਹੋ ਕੇ ਹੀ ਦੁੱਖ ਤਕਲੀਫ਼ ਖਹਿੜਾ ਛੱਡਦੇ ਹਨ।

ਮਨੁੱਖ ਅਕਲਮੰਦ ਕਹਾਉਣ ਦੇ ਚੱਕਰ ਵਿਚ ਆਪਣੀ ਲਿਆਕਤ ਨੂੰ ਦਸ ਗੁਣਾਂ ਵੱਧ ਪ੍ਰਗਟਾਉਣ ਦਾ ਯਤਨ ਕਰ ਰਿਹਾ ਹੈ। ਦੂਜਿਆਂ ਨੂੰ ਮੱਤਾਂ ਤੇ ਨਸੀਹਤਾਂ ਦੇਣ ਵਾਲੇ ਦੀਆਂ ਆਪਣੀਆਂ ਦੋਵੇਂ ਬਾਹਾਂ ਗੁਸਤਾਖੀਆਂ ਦੇ ਵੇਲਣੇ ਵਿਚ ਫਸੀਆਂ ਹੋਈਆਂ ਹਨ। ਰੋਮਨ ਬਾਦਸ਼ਾਹ ਜੂਲੀਅਸ ਸੀਜ਼ਰ ਅਕਲਮੰਦ ਬੜਾ ਸੀ ਪਰ ਜਦੋਂ ਉਹਨੂੰ ਪਤਾ ਲੱਗਾ ਕਿ ਦੁਨੀਆਂ ਉਹਦੇ ਮਗਰ ਲੱਗ ਸਕਦੀ ਹੈ, ਉਦੋਂ ਵੱਡੀ ਉਮਰ ਨੇ ਉਹਦਾ ਰਾਹ ਰੋਕ ਲਿਆ, ਤੇ ਉਹ ਦੁਨੀਆਂ ਜਿੱਤਣ ਲਈ ਪੈਰ ਪੁੱਟਣ ਤੋਂ ਪਿਛਾਂਹ ਹਟ ਗਿਆ। ਸਿਕੰਦਰ ਨੇ ਇਹ ਗੁਸਤਾਖੀ ਕੀਤੀ ਪਰ ਹਾਰ ਉਹਦੇ ਗਲੇ ਦਾ ਹਾਰ ਬਣ ਗਈ। ਇਸੇ ਲਈ ਦੁਨੀਆਂ ਜਿੱਤਣ ਦਾ ਭਰਮ ਸਿਕੰਦਰ 'ਤੇ ਆ ਕੇ ਚਕਨਾਚੂਰ ਹੋ ਜਾਂਦਾ ਹੈ। ਕੁਰਾਹੇ ਪਈ ਮਨੁੱਖਤਾ ਸਿਧਾਰਥ ਤੇ ਬੁੱਧ ਲੱਭ ਰਹੀ ਹੈ ਪਰ ਦੁੱਖ ਇਹ ਹੈ ਕਿ ਹਰ ਮੋੜ 'ਤੇ ਜਾਂ ਤਾਂ ਸ਼ਕੁਨੀ ਟੱਕਰ ਰਿਹਾ ਹੈ, ਜਾਂ ਫ਼ਿਰ ਮੁਹੰਮਦ ਤੁਗਲਕ 'ਜੀ ਆਇਆਂ' ਆਖਣ ਦੀ ਉਡੀਕ ਵਿਚ ਹੈ। ਅਸਲ ਵਿਚ ਚੋਰ ਤੇ ਸਾਧ ਗੁਥਮ-ਗੁੱਥਾ ਹੋਣ ਲੱਗ ਪਏ ਹਨ। ਬੰਦੂਕ ਅੱਗੇ ਤਰਕ ਖੁੰਢਾ ਹੋ ਗਿਆ ਹੈ। ਲਗਦਾ ਨਹੀਂ, ਕਬੂਤਰ ਕਾਂ ਨੂੰ ਅੱਖ ਮਾਰ ਕੇ ਉਡਾਰੀ ਭਰਨ ਲੱਗ ਪਏ ਹਨ। ਊਂ ਕਾਰੂੰ ਬਾਦਸ਼ਾਹ ਵਾਂਗ ਹੁਣ ਕਬਰਾਂ ਫਰੋਲ ਕੇ ਵੀ ਕੁਝ ਲੱਭਣ ਦੇ ਅਵਸਰ ਮੁੱਕ ਹੀ ਗਏ ਹਨ।

ਹਸਪਤਾਲ ਵਿਚ ਰੋਗੀ ਨੂੰ ਰੋਗੀ ਹੀ ਟੱਕਰਦਾ ਹੈ। ਦੋਵੇਂ ਕਿਉਂਕਿ ਮੌਤ ਤੋਂ ਬਚਣ ਲਈ ਸੰਘਰਸ਼ ਕਰਨ ਦੀ ਸਾਂਝੀ ਕੋਸ਼ਿਸ਼ ਕਰ ਰਹੇ ਹੁੰਦੇ ਹਨ, ਇਸ ਲਈ ਰਿਸ਼ਤੇਦਾਰ ਵਾਂਗ ਮਿਲਣ ਲਗਦੇ ਹਨ। ਉਨ੍ਹਾਂ ਦੀ ਇਕ ਹੋਰ ਨੇੜਤਾ ਜਾਂ ਡਾਕਟਰਾਂ ਨਾਲ ਹੁੰਦੀ ਹੈ ਜਾਂ ਜਮਦੂਤਾਂ ਨਾਲ; ਪਰ ਆਹ ਪੜ੍ਹ ਕੇ ਤੁਹਾਨੂੰ ਵੀ ਲੱਗੇਗਾ ਕਿ ਤੰਦਰੁਸਤ ਲੋਕਾਂ ਨੂੰ ਡਾਕਟਰ ਤੇ ਹਸਪਤਾਲ ਕਿਉਂ ਵਾਜਾਂ ਮਾਰ ਰਹੇ ਹੁੰਦੇ ਹਨ:

ਤੰਗ ਵਿਹੜਾ ਬੰਦਿਆਂ ਨਾਲ ਘੱਟ, ਬੀਬੀਆਂ ਨਾਲ ਵੱਧ ਭਰਿਆ ਹੋਇਆ ਸੀ। ਦੋ ਛੋਟੇ-ਛੋਟੇ ਬੱਚੇ ਲੇਰਾਂ ਮਾਰ ਕੇ ਰੋ ਰਹੇ ਸਨ। ਇਕ ਨੁੱਕਰੇ ਵਾਲ ਖਿਲਾਰ ਕੇ ਬੈਠੀ ਤੇ ਦੁਹੱਥੜੀਂ ਪਿੱਟ ਰਹੀ ਪਵਿੱਤਰ ਕੌਰ ਦੇ ਵੈਣ ਚੰਗੇ ਭਲੇ ਦੀਆਂ ਅੱਖਾਂ ਵਿਚ ਹੰਝੂ ਲਿਆ ਰਹੇ ਸਨ। ਪਵਿੱਤਰ ਨੂੰ ਵਾਰ-ਵਾਰ ਦੰਦਲ ਪੈ ਰਹੀ ਸੀ। ਮਸਾਂ ਦੰਦ ਚਮਚੇ ਨਾਲ ਖੋਲ੍ਹ ਕੇ ਬੂੰਦ ਪਾਣੀ ਦੀ ਅੰਦਰ ਲੰਘਦੀ, ਤੇ ਅਗਲੇ ਪਲ ਫਿਰ ਲੰਮੀ ਲੇਰ ਨਿਕਲਦੀ, "ਵੇ ਮੈਂ ਤਾਂ ਤੇਰੇ ਗੁੱਟ 'ਤੇ ਸਾਰੀ ਉਮਰ ਰੱਖੜੀ ਬੰਨ੍ਹਦੀ ਰਹੀ, ਪਈ ਭੈਣਾਂ ਦੇ ਵੀਰ ਰਾਖੇ ਹੁੰਦੇ। ਪਾਪੀਆ...ਤੂੰ ਭੈਣ-ਭਰਾ ਦੇ ਰਿਸ਼ਤੇ ਨੂੰ ਫੂਕ'ਤਾ। ਮੈਨੂੰ ਸਿਰੋਂ ਰੰਡੀ ਕਰਨ ਵਾਲਿਆ...ਤੈਨੂੰ ਲੋਕ ਲਾਹਣਤਾਂ ਪਾਉਣਗੇ...ਹਾਏ ਮੈਂ ਕੀ ਕਰੂੰਗੀ। ਕਿਵੇਂ ਇਹ ਗਿੱਲਾ ਪੀਹਣ ਢੋਆਂਗੀ...ਧੀਆਂ ਕਿਥੋਂ ਵਿਆਹਵਾਂਗੀ...ਭੈਣ ਦੀ ਹਾਅ ਪੈ ਜੂ। ਤੂੰ ਵੀ ਸਾਰੀ ਉਮਰ ਜੇਲ੍ਹਾਂ ਵਿਚ ਰੁਲੇਂ.. ਫਾਹੇ ਲੱਗ ਜਾਏ ਇੱਦਾਂ ਦਾ ਭਰਾ...ਹਾਏ ਉਏ ਮੇਰਿਆਂ ਡਾਢਿਆ ਰੱਬਾ...।" ਤੇ ਨਾਲ ਹੀ ਵਿਲਕਦੀ ਪਵਿੱਤਰ ਫਿਰ ਗਮ ਵਿਚ ਗੁੱਟ ਹੋ ਜਾਂਦੀ।

ਕੋਲ ਬੈਠੀਆਂ ਬੀਬੀਆਂ ਸਿਰ ਪਲੋਸਦੀਆਂ, "ਧੀਏ ਧੀਰਜ ਬੰਨ੍ਹ, ਮਰਦ ਬਣ। ਇਨ੍ਹਾਂ ਦੋ ਧੀਆਂ ਵੱਲ ਦੇਖ...।"

ਪਵਿੱਤਰ ਦੇ ਪਤੀ ਭਜਨ ਸਿੰਘ ਦਾ ਕਤਲ ਹੋ ਗਿਆ ਸੀ। ਅੱਜ ਉਸ ਦੀ ਲਾਸ਼ ਪੰਦਰਾਂ ਦਿਨ ਪਿਛੋਂ ਗੰਦੇ ਨਾਲੇ ਵਿਚੋਂ ਮਿਲੀ ਸੀ ਜਿਸ ਨੂੰ ਪੋਸਟ-ਮਾਰਟਮ ਮਗਰੋਂ ਲਿਆਂਦਾ ਜਾਣਾ ਸੀ। ਕੁਝ ਲੋਕ ਸ਼ਮਸ਼ਾਨਘਾਟ ਵਿਚ ਬਾਲਣ ਸੁੱਟਣ ਦਾ ਪ੍ਰਬੰਧ ਕਰਨ ਵਿਚ ਲੱਗੇ ਹੋਏ ਸਨ। ਕਈ ਭਜਨ ਸਿੰਘ ਦੇ ਨਹਾ ਕੇ ਪਾਉਣ ਵਾਲੇ ਲੀੜਿਆਂ ਦਾ ਇੰਤਜ਼ਾਮ ਕਰ ਰਹੇ ਸਨ। ਰਿਸ਼ਤੇਦਾਰਾਂ ਦਾ ਆਉਣਾ ਜਾਰੀ ਸੀ।

ਅਸਲ ਵਿਚ ਜੀਜੇ ਦੇ ਕਤਲ ਦਾ ਇਲਜ਼ਾਮ



ਸਾਲੇ ਰਾਮ ਸਿੰਘ 'ਤੇ ਲੱਗ ਰਿਹਾ ਸੀ। ਪਵਿੱਤਰ ਕੌਰ ਨੇ ਪੁਲਿਸ ਕੋਲ ਬਿਆਨਾਂ ਵਿਚ ਕਿਹਾ ਸੀ ਕਿ ਉਸ ਦਾ ਭਰਾ ਘਰ ਆਇਆ, ਦੋਹਾਂ ਨੇ 'ਕੱਠਿਆ ਸ਼ਰਾਬ ਪੀਤੀ, ਤੇ ਜਾਣ ਲੱਗਾ ਉਹ ਭਜਨ ਸਿੰਘ ਨੂੰ ਵੀ ਨਾਲ ਲੈ ਗਿਆ। ਅਗਲੇ ਦਿਨ ਰਾਮ ਸਿੰਘ ਤਾਂ ਦੁਬਈ ਚਲਾ ਗਿਆ ਪਰ ਭਜਨ ਸਿੰਘ ਘਰ ਨਾ ਪਰਤਿਆ। ਉਸ ਦੀ ਗੁੰਮਸ਼ੁਦਗੀ ਦੀ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਭਜਨ ਸਿੰਘ ਆਪਣੇ ਸੱਸ-ਸਹੁਰੇ ਦੀ ਛੇ ਕਨਾਲ ਜ਼ਮੀਨ ਵਿਚੋਂ ਰਾਮ ਸਿੰਘ ਤੋਂ ਅੱਧ ਮੰਗਦਾ ਸੀ, ਇਸੇ ਲਈ ਉਸ ਦਾ ਕਤਲ ਕੀਤਾ ਗਿਆ ਲਗਦਾ ਹੈ, ਤੇ ਜਦੋਂ ਅੱਜ ਪੁਲਿਸ ਨੇ ਇਕ ਸੂਹ 'ਤੇ ਭਜਨ ਸਿੰਘ ਦੀ ਲਾਸ਼ ਗੰਦੇ ਨਾਲੇ ਵਿਚੋਂ ਬਰਾਮਦ ਕੀਤੀ ਤਾਂ ਕਤਲ ਤਸਦੀਕ ਹੋ ਗਿਆ ਸੀ।

ਇਕ ਪਾਸੇ ਬੈਠੀਆਂ ਗੁਆਂਢਣਾਂ ਚੁੰਜ ਚਰਚਾ ਕਰ ਰਹੀਆਂ ਸਨ, 'ਲੁੱਚਾ ਨਿਕਲਿਆ ਬਦਮਾਸ਼ ਤੇ ਕਾਤਲ ਰਾਮ ਸਿੰਘ। ਭੱਜੀ (ਭਜਨ ਸਿੰਘ) ਨੂੰ ਵੱਢ ਕੇ ਕੀ ਮਿਲਿਆ? ਇਹ ਤਾਂ ਵਿਚਾਰਾ ਦੇਵਤਾ ਸੀ...ਨੀ ਇਕ ਦਿਨ ਭੈਣ ਨਾਲ ਲੜੇ...ਮੈਂ ਤਾਂ ਆਪਣੇ ਚੁਬਾਰੇ ਦੇ ਜੰਗਲੇ ਨਾਲ ਲੱਗ ਕੇ ਸੁਣਾਂ...ਅਖੇ ਤੇਰਾ ਚਾਲ-ਚਲਣ ਠੀਕ ਨਹੀਂ...ਤੂੰ ਘਰ ਓਪਰੇ ਮਰਦ ਬੁਲਾਉਂਦੀ ਏਂ...ਸ਼ਾਮੇ ਨਾਲ ਤੇਰੇ ਸਬੰਧ ਨੇ...।'

ਇਕ ਹੋਰ ਪੁੱਛ ਰਹੀ ਸੀ, 'ਨੀ ਸ਼ਾਮਾ ਭਲਾ ਕੌਣ?'

ਉਹ ਸਲੇਮ ਟਾਬਰੀ ਵਾਲਾ ਨੀ ਇਕ ਮੁੰਡਾ ਇਨ੍ਹਾਂ ਦੇ ਘਰ ਆਉਂਦਾ ਹੁੰਦਾ ਸੀ...ਗੋਰਾ ਜਿਹਾ ਅੱਖੋਂ ਬਿੱਲਾ।'

'ਊਂ ਭੈਣੇ ਗੁੱਸਾ ਨਾ ਕਰੀਂ, ਵੜਿਆ ਤਾਂ ਇਥੇ ਹੀ ਰਹਿੰਦਾ ਸੀ...ਦਾਲ ਵਿਚ ਕਾਲਾ ਤਾਂ ਸੀ ਕੁਝ...ਭੱਜੀ ਤਾਂ ਵਿਚਾਰਾ ਗਊ ਸੀ, ਰਾਤ ਨੂੰ ਫੈਕਟਰੀ ਵਿਚ ਕੰਮ ਕਰਨ ਚਲਾ ਜਾਂਦਾ ਸੀ...ਇਹਨੂੰ ਕੀ ਪਤਾ ਹੋਣਾ...ਦਿਨੇ ਸੁੱਤਾ ਰਹਿੰਦਾ ਸੀ।'

ਇਕ ਹੋਰ ਆਖ ਰਹੀ ਸੀ, 'ਨੀ ਨਖਸਮੀਓਂ...ਕਾਹਨੂੰ ਗੰਗਾ ਵਰਗੀ ਪਵਿੱਤਰ, ਪਵਿੱਤਰ ਦੀ ਖੇਹ ਉਡਾਉਨੀਆਂ...ਜੇ ਇਹ ਗੱਲ ਹੁੰਦੀ ਤਾਂ ਭੈਣ ਦੇ ਗਿੱਟੇ ਛਿੱਲਦਾ, ਵਿਚਾਰੇ ਭੱਜੀ ਦਾ ਕੀ ਕਸੂਰ ਸੀ।'

ਤੇ ਵਿਚੇ ਦੂਜੇ ਪਾਸੇ ਘੁਸਰ-ਫੁਸਰ ਹੋਈ ਜਾਂਦੀ, 'ਸ਼ਾਮਾ ਤਾਂ ਵਿਚਾਰਾ ਉਸੇ ਦਿਨ ਦਾ ਭੱਜੀ ਨੂੰ ਲੱਭਣ ਵਿਚ ਦਿਨ ਰਾਤ ਨ੍ਹੀਂ ਸੁੱਤਾ ਹੋਣਾ...ਲਗਦਾ ਤਾਂ ਨਹੀਂ ਇੱਦਾਂ ਦਾ, ਪਰ ਅੱਜ ਕੱਲ੍ਹ ਕੀ ਪਤਾ ਲਗਦਾ ਕਿਸੇ ਦਾ।'

ਘਰ ਦੇ ਤੰਗ ਵਿਹੜੇ ਦੀ ਦੂਜੀ ਨੁੱਕਰੇ ਬੈਠੇ ਕੁਝ ਸਿਆਣੇ ਲੋਕ ਆਪੋ ਆਪਣੀਆਂ ਵਿਚਾਰਾਂ ਵਿਚ ਮਸਤ ਸਨ, 'ਬਈ ਆਹ ਅਖੀਰ ਦੇਖੀ ਆ ਕਲਯੁੱਗ ਦੀ। ਭਰਾ ਵੀ ਭੈਣ ਦਾ ਘਰ ਫੂਕਣ ਤੁਰ ਪਏ ਨੇ ਦੋ ਫਰਲਾਂਗ ਜ਼ਮੀਨ ਦੀ ਖਾਤਰ। ਪਈ ਜੇ ਭੱਜੀ ਹਿੱਸਾ ਵੀ ਮੰਗਦਾ, ਨਾ ਦੇਹ। ਜਾਨੋਂ ਕਾਹਨੂੰ ਮਾਰਨਾ ਸੀ ਵਿਚਾਰੇ ਨੂੰ...ਨਾਲੇ ਬੜਾ ਸ਼ੈਤਾਨ ਨਿਕਲਿਆ, ਮਾਰ ਕੇ ਭੱਜ ਗਿਆ ਦੁਬਈ...ਨਾਲੇ ਕੋਈ ਪੁੱਛੇ, ਪਈ ਸਾਡੀ ਪੁਲਿਸ ਤਾਂ 'ਮਰੀਕਾ ਵਿਚੋਂ ਲੱਭ ਲਿਆਉਂਦੀ ਆ...ਤੂੰ ਤਾਂ ਨਾਲ ਬੈਠਾਂ ਦੁਬਈ...ਤੇਰੇ ਤਾਂ ਪੋਤੜੇ ਲੱਭ ਲਿਆਊ ਪੁਲਿਸ।'

ਕੁਝ ਕੋਲ ਬੈਠੇ ਹੋਰ ਗੁਆਂਢੀ ਇਹ ਵੀ ਆਖੀ ਜਾਂਦੇ, 'ਬਾਈ ਹੁਣੇ ਪਤਾ ਲੱਗਾ ਪਵਿੱਤਰ ਤੋਂ, ਪਈ ਛੇ ਕਨਾਲ ਜ਼ਮੀਨ ਦਾ ਰੌਲਾ ਆ। ਊਂ ਇਥੇ ਆਉਂਦਾ ਜਾਂਦਾ ਸੀ, ਇੱਦਾਂ ਦਾ ਲਗਦਾ ਤਾਂ ਨਹੀਂ ਰਾਮ ਸਿੰਘ...ਜਦੋਂ ਆਉਣਾ, ਜੀਜਾ ਸਾਲਾ 'ਕੱਠੇ ਆਉਂਦੇ ਸਨ। ਕਦੇ ਨਹੀਂ ਸੁਣਿਆ ਸੀ ਬੋਲ-ਬਰਾਲਾ ਕੋਈ...ਚਲੋ ਰੱਬ ਈ ਜਾਣੇ, ਕੀ ਪਤਾ ਲਗਦਾ ਕਿਸੇ ਦਾ। ਹੋਇਆ ਬਈ ਊਂ ਮਾੜਾ ਬਹੁਤ ਆ। ਭੱਜੀ ਤਾਂ ਪੂਰਾ ਗਊ ਸੀ, ਬੀਬਾ ਬੰਦਾ...ਉਚਾ ਨੀਵਾਂ ਤਾਂ ਕਦੇ ਬੋਲਦਾ ਦੇਖਿਆ ਹੀ ਨਹੀਂ ਸੀ।'

ਤੇ ਘਰ ਦੀ ਹਰ ਨੁੱਕਰੇ ਜਿੰਨੇ ਲੋਕ, ਉਨੀਆਂ ਗੱਲਾਂ। ਜਦ ਨੂੰ ਆ ਗਿਆ ਸੁਨੇਹਾ ਕਿ ਲਾਸ਼ ਪੁਲਿਸ ਸਿੱਧੀ ਸ਼ਾਮਸ਼ਾਨਘਾਟ ਲੈ ਕੇ ਆ ਰਹੀ ਆ...ਹਾਲਤ ਖਰਾਬ ਆ, ਨਹਾਉਣਾ-ਧੋਣ ਔਖਾ ਹੈ।...ਸਾਰੇ ਉਥੇ ਹੀ ਪੁੱਜ ਜਾਣ।

ਬਿਨਾਂ ਮੁਰਦੇ ਤੋਂ ਲੋਕ ਸ਼ਮਸ਼ਾਨਘਾਟ ਵੱਲ ਤੁਰੇ ਜਾ ਰਹੇ ਸਨ। ਕੁਝ ਇਕ ਦੇ ਹੱਥ ਵਿਚ ਕੱਫਣ ਤਾਂ ਸਨ ਪਰ ਅਰਥੀ ਨਾਲ ਨਹੀਂ ਸੀ। ਉਧਰ, ਪਵਿੱਤਰ ਦੀ ਹਾਲਤ ਦੇਖੀ ਨਹੀਂ ਸੀ ਜਾ ਰਹੀ...ਚਾਰ-ਪੰਜ ਔਰਤਾਂ ਨੇ ਉਹਨੂੰ ਸਹਾਰਾ ਦਿੱਤਾ ਹੋਇਆ ਸੀ। ਦੋਵੇਂ ਧੀਆਂ ਨਾਲ ਹੀ ਵਿਲਕ ਰਹੀਆਂ ਸਨ।

'ਹਾਏ ਵੇ ਤੇਰੀ ਵੀ ਲਾਸ਼ ਕਿਤੇ ਬਕਸੇ ਵਿਚ ਬੰਦ ਹੋ ਕੇ ਆਵੇ ਦੁਬਈ ਤੋਂ...ਪਿਓ ਨੇ ਤੇਰਾ ਨਾਂ ਏ ਗਲਤ ਰੱਖਿਆ ਰਾਮ ਸਿੰਘ...ਤੂੰ ਤਾਂ ਪਾਪੀ ਨਿਕਲਿਆ...ਹਾਏ ਵੇ ਉਜਾੜ'ਤੀ ਵਸਦੀ ਭੈਣ ਕਲਯੁਗੀ ਭਰਾ ਨੇ...।' ਰੋ-ਰੋ ਕੇ ਬੈਠੇ ਸੰਘ ਵਿਚੋਂ ਇਹ ਆਵਾਜ਼ਾਂ ਮੱਧਮ ਜਿਹੀਆਂ ਹੋ ਰਹੀਆਂ ਸਨ, ਤੇ ਨਾਲ ਹੀ ਸਿਵਿਆਂ ਦੇ ਰਾਹ ਵਿਚ ਪਵਿੱਤਰ ਕੌਰ ਬੇਹੋਸ਼ ਹੋ ਕੇ ਡਿਗ ਪਈ...ਮੂੰਹ 'ਤੇ ਪਾਣੀ ਸੁੱਟਿਆ, ਮਸਾਂ ਦੰਦ ਪੱਟੇ। ਔਰਤਾਂ ਬਥੇਰਾ ਕਹਿਣ, ਦਿਲ ਕਰੜਾ ਕਰ, ਪਰ ਵਿਚਾਰੀ ਦੇ ਸਰੀਰ ਵਿਚ ਤਾਂ ਜਾਨ ਜਿਵੇਂ ਮਾਸਾ ਨਾ ਹੋਵੇ।

ਭਜਨ ਸਿੰਘ ਨੂੰ ਅਗਨ ਭੇਟ ਕਰ ਦਿੱਤਾ ਗਿਆ। ਪਵਿੱਤਰ ਨੇ ਬਥੇਰਾ ਕਿਹਾ ਕਿ ਮੇਰੇ ਸਿਰ ਦੇ ਸਾਂਈਂ ਦਾ ਮੂੰਹ ਦੇਖ ਲੈਣ ਦਿਓ ਪਰ ਦੇਖਣ ਵਾਲਾ ਬਚਿਆ ਹੀ ਕੁਝ ਨਹੀਂ ਸੀ। ਉਹਦੀ ਨੀਮ ਪਾਗਲਾਂ ਵਾਲੀ ਹਾਲਤ ਵੇਖੀ ਨਹੀਂ ਜਾਂਦੀ ਸੀ।

ਚਿਤਾ ਵਿਚੋਂ ਜਿਉਂ ਹੀ ਲਾਟਾਂ ਉਚੀਆਂ ਉਠੀਆਂ, ਥਾਣੇਦਾਰ ਨੇ ਸਰਪੰਚ ਨੂੰ 'ਵਾਜ ਮਾਰ ਕੇ ਕਿਹਾ, 'ਸਰਪੰਚ ਸਾਹਿਬ, ਅਸੀਂ ਪਵਿੱਤਰ ਕੌਰ ਨੂੰ ਗ੍ਰਿਫ਼ਤਾਰ ਕਰ ਕੇ ਲਿਜਾ ਰਹੇ ਹਾਂ। ਭਜਨ ਸਿੰਘ ਦਾ ਕਾਤਲ ਰਾਮ ਸਿੰਘ ਨਹੀਂ, ਉਹਦੀ ਪਤਨੀ ਪਵਿੱਤਰ ਕੌਰ ਹੈ।' ਤੇ ਨਾਲ ਹੀ ਹੱਥਕੜੀ ਲੱਗੇ ਸ਼ਾਮੇ ਨੂੰ ਗੱਡੀ ਵਿਚੋਂ ਉਤਾਰ ਕੇ ਦੱਸਿਆ, 'ਇਹ ਹੈ ਇਹਦਾ ਪ੍ਰੇਮੀ ਜਿਸ ਨੇ ਭਜਨ ਸਿੰਘ ਨੂੰ ਮਾਰ ਕੇ ਲਾਸ਼ ਖੁਰਦ-ਬੁਰਦ ਕਰਨ ਲਈ ਗੰਦੇ ਨਾਲੇ ਵਿਚ ਸੁੱਟੀ ਸੀ।'

ਸ਼ਮਸ਼ਾਨਘਾਟ ਵਿਚ ਲੋਕਾਂ ਦੇ ਚਿਹਰਿਆਂ 'ਤੇ ਗਮ ਦੀ ਥਾਂ ਹੈਰਾਨੀ ਭੜਕ ਪਈ ਸੀ, 'ਇਹ ਕਿਵੇਂ?' ਗੰਗਾ ਪਿਹੋਏ ਵੱਲ ਪੁੱਠੀ ਕਾਹਤੋਂ ਵਗਣ ਲੱਗੀ ਪਈ? ਤੇ ਉਧਰ ਗੱਡੀ ਵਿਚੋਂ ਦੋ ਔਰਤ ਪੁਲਿਸ ਕਰਮਚਾਰੀਆਂ ਨੇ ਸਹਾਰਾ ਭਾਲਦੀ ਪਵਿੱਤਰ ਕੌਰ ਨੂੰ 'ਡਰਾਮੇਬਾਜ਼, ਠਗਣੀ, ਪਖੰਡਣ, ਬਦਮਾਸ਼ ਔਰਤ' ਆਖਦਿਆਂ ਧੂਹ ਕੇ ਸ਼ਾਮੇ ਦੇ ਨਾਲ ਹੀ ਗੱਡੀ ਵਿਚ ਸੁੱਟ ਲਿਆ ਸੀ।

ਲੋਕੀ ਸੋਚ ਰਹੇ ਸਨ, 'ਹੁਣ ਬੱਚੀਆਂ ਦਾ ਕੀ ਬਣੇਂਗਾ?'

ਅਗਲੇ ਦਿਨ ਜਦੋਂ ਪੁਲਿਸ ਪਵਿੱਤਰ ਕੌਰ ਨੂੰ ਲੈ ਕੇ ਪਿੰਡ ਆਈ ਤਾਂ ਇਕ ਦਿਨ ਪਹਿਲਾਂ ਵਿਲਕਣ ਤੇ ਰੋ-ਰੋ ਕੇ ਪਾਗਲ ਹੋਣ ਵਾਲੀ ਪਵਿੱਤਰ ਨੀਵੀਂ ਪਾ ਕੇ ਬੋਹੜ ਹੇਠਾਂ ਸਰਪੰਚ ਸਰਦਾਰਾ ਸਿੰਘ ਦੀ ਹਾਜ਼ਰੀ ਵਿਚ ਜੁੜੀ ਪਰ੍ਹਿਆ ਵਿਚ ਬੁੱਤ ਬਣ ਕੇ ਖੜ੍ਹੀ ਸੀ।

ਥਾਣੇਦਾਰ ਬਿਸ਼ਨ ਸਿੰਘ ਨੇ ਦੱਸਿਆ, 'ਪਵਿੱਤਰ ਨਾਂ ਦੀ ਇਸ ਔਰਤ ਨੇ ਕੀਤਾ ਕੀ ਹੈ, ਸੁਣੋ...ਸ਼ਾਮ ਨੂੰ ਜਦੋਂ ਚੁਬਾਰੇ ਵਿਚ ਬੈਠੇ ਭਜਨ ਸਿੰਘ ਤੇ ਰਾਮ ਸਿੰਘ 'ਕੱਠੇ ਦਾਰੂ ਪੀ ਰਹੇ ਸਨ, ਤਾਂ ਪੀਤੀ ਵਿਚ ਭਜਨ ਸਿੰਘ ਰੋ ਪਿਆ..."ਰਾਮ ਸਿੰਘ ਮੈਂ ਖੂਹ-ਖਾਤਾ ਗੰਦਾ ਕਰ ਦਿਆਂਗਾ...ਤੇਰੀ ਭੈਣ ਨਹੀਂ ਹਟਦੀ...ਇਹਨੇ ਪੁੱਠੇ ਪੈਰ ਚੁੱਕ ਲਏ ਆ...ਸ਼ਾਮੇ ਨਾਲ ਇਹਦੇ ਗਲਤ ਸਬੰਧ ਆ...ਸਮਝਾ ਕੇ ਤੂੰ ਵੀ ਦੇਖ ਲਿਆ ਪਰ ਇਹ ਜਿਣਸ ਹਟਣ ਵਾਲੀ ਨਹੀਂ...ਕੁਛ ਕਰ, ਨਹੀਂ ਤਾਂ ਮੈਂ ਇਸ ਜਨਾਨੀ ਤੋਂ ਅੱਕੇ ਨੇ ਫਾਹਾ ਲੈ ਲੈਣਾ, ਜਾਂ ਖੂਹ-ਟੋਭੇ ਵਿਚ ਛਾਲ ਮਾਰ ਕੇ ਮਰ ਜਾਣਾ...ਸ਼ਰ੍ਹੇਆਮ ਘਰ ਵੜਿਆ ਰਹਿੰਦਾ, ਕੁਝ ਕਹਾਂ ਤਾਂ ਖਾਣ ਨੂੰ ਪੈਂਦੀ ਆ।"

ਰਾਮ ਸਿੰਘ ਅੰਦਰ ਅਣਖ ਜਾਗ ਪਈ। ਉਹ ਬੋਲਿਆ, "ਫ਼ਿਕਰ ਨਾ ਕਰ। ਉਹ ਸਾਲਾ ਮੇਰਾ ਕਰਿਆਨੇ ਦੀ ਦੁਕਾਨ 'ਤੇ ਹੀ ਹੁੰਦਾ ਨਾ?"

"ਆਹੋ।"

"ਲੈ ਫਿਰ ਕੱਲ੍ਹ ਨੂੰ ਦੁਬਈ ਜਾਣ ਤੋਂ ਪਹਿਲਾਂ ਸਾਲੇ ਕੁੱਤੇ ਦਾ ਕੰਮ ਕਰਾ ਕੇ ਹੀ ਜਾਵਾਂਗਾ।"

"ਕਰ ਕੁਛ...ਕਰ ਕੁਛ...।" ਭਜਨ ਸਿੰਘ ਵਿਲਕਿਆ।

ਤੇ ਪਵਿੱਤਰ ਇਹ ਸਾਰਾ ਕੁਝ ਪੌੜੀਆਂ ਵਿਚ ਖੜ੍ਹੀ ਸੁਣਦੀ ਰਹੀ। ਉਹਨੇ ਉਦੋਂ ਹੀ ਹੇਠਾਂ ਆ ਕੇ ਸ਼ਾਮੇ ਨੂੰ ਫੋਨ ਮਿਲਾ ਕੇ ਕਿਹਾ, "ਇਸ ਤੋਂ ਪਹਿਲਾਂ ਕਿ ਮੇਰਾ ਭਰਾ ਤੇ ਭਜਨ ਸਿੰਘ ਤੇਰਾ ਕੁਛ ਕਰਨ, ਤੂੰ ਕੁਛ ਕਰ ਲੈ...ਭਰਾ ਦੀ ਵੱਢ ਖਾਣਿਆਂ ਨਾਲ ਯਾਰੀ ਆ।"

ਦੇਰ ਰਾਤ ਜਦੋਂ ਰਾਮ ਸਿੰਘ ਘਰੋਂ ਗਿਆ, ਸ਼ਾਮੇ ਨੇ ਕਿਸੇ ਹੋਰ ਨੂੰ ਗਿਣੀ-ਮਿਥੀ ਸਾਜ਼ਿਸ਼ ਨਾਲ ਭੇਜਿਆ ਕਿ ਭਜਨ ਸਿੰਘ ਨੂੰ ਹੁਣੇ ਫੈਕਟਰੀ ਵਿਚ ਮਾਲਕਾਂ ਨੇ ਬੁਲਾਇਆ...ਮਸ਼ੀਨ ਕੰਮ ਨਹੀਂ ਕਰਦੀ...ਉਹ ਤਾਂ ਆਖੇ, ਅੱਜ ਮੇਰੀ ਛੁੱਟੀ ਆ, ਨਹੀਂ ਜਾਣਾ; ਪਰ ਪਵਿੱਤਰ ਕਹੇ- ਜਾਹ...ਮਾਲਕ ਤੇਰਾ ਇੰਨਾ ਖਿਆਲ ਰੱਖਦੇ ਆ...ਤੇ ਭਰੋਸਾ ਕਰ ਕੇ ਭਜਨ ਸਿੰਘ ਬਾਹਰ ਸ਼ਰਾਬੀ ਹਾਲਤ ਵਿਚ ਗੱਡੀ ਵਿਚ ਬਹਿ ਗਿਆ। ਬੈਠਦੇ ਸਾਰ ਹੀ ਉਹਦਾ ਤਾਂ ਪਹਿਲਾਂ ਹੀ ਤਿਆਰ ਬੈਠੇ ਦੋ ਜਣਿਆਂ ਨੇ ਗਲਾ ਘੁੱਟ ਕੇ ਕਰ'ਤਾ ਕੰਮ।...ਤੇ ਅੱਧੀ ਰਾਤ ਨੂੰ ਜਦੋਂ ਰਾਮ ਸਿੰਘ ਦੇ ਘਰ ਇਹ ਕਾਤਲ ਪੁੱਜੇ ਤਾਂ ਉਥੇ ਜਿੰਦਰਾ ਲੱਗਾ ਹੋਇਆ ਸੀ। ਰਾਮ ਸਿੰਘ ਉਦਣ ਪਰਿਵਾਰ ਨਾਲ ਸਹੁਰੀਂ ਚਲਾ ਗਿਆ ਸੀ।

ਅੱਧੀ ਰਾਤੀਂ ਜਦੋਂ ਸ਼ਾਮਾ ਪਵਿੱਤਰ ਕੌਰ ਕੋਲ ਘਰ ਪਹੁੰਚਿਆ, ਤਾਂ ਉਹਨੇ ਪੁੱਛਿਆ, "ਕਿਵੇਂ ਰਿਹਾ?"

"ਭਰਾ ਤੇਰਾ ਬਚ ਗਿਆ...ਖਸਮ ਤੇਰੇ ਦਾ ਕਰ'ਤਾ ਕੰਮ...।"

"ਤੇ ਲਾਸ਼?"

"ਗੰਦੇ ਨਾਲੇ ਵਿਚ।"

ਤੇ ਕੱਲ੍ਹ ਪਿੱਟਣ ਦਾ ਡਰਾਮਾ ਕਰਨ ਵਾਲੀ ਔਰਤ ਨੇ ਸ਼ਾਮੇ ਦੇ ਗਲ ਬਾਹਾਂ ਪਾ ਕੇ ਆਖਿਆ ਸੀ, "ਅੱਜ ਹੋਈ ਆਂ ਸ਼ਾਮਿਆ ਤੇਰੀ।"

...ਮਾਂ ਨੂੰ ਤਾਂ ਲਗਦਾ ਸੀ ਕਿ ਸੱਤ ਸਾਲਾਂ ਦੀ ਧੀ ਰਜਨੀ ਸੌਂ ਗਈ ਆ ਪਰ ਉਸ ਦੀ ਜਾਗ ਨੇ ਹੀ ਪੁਲਿਸ ਨੂੰ ਸਿਰੇ ਤੱਕ ਪਹੁੰਚਣ ਲਈ ਸੁਰਾਗ ਦਿੱਤਾ ਸੀ।

ਕਹਿੰਦੇ ਨੇ, ਜਦੋਂ ਦਿਮਾਗ਼ ਦੇ ਜੋੜ ਖੁੱਲ੍ਹ ਜਾਣ, ਤਾਂ ਰੱਬ ਵੀ ਇਨ੍ਹਾਂ ਨੂੰ ਕੱਸਣ ਵਾਲੀ ਚਾਬੀ ਗੁਆ ਲੈਂਦਾ ਹੈ।

## ਗੱਲ ਬਣੀ ਕਿ ਨਹੀਂ

**-ਐਸ. ਅਸ਼ੋਕ ਭੌਰਾ**

### *ਫਿਲਮਾਂ 'ਚ ਰੱਬ!*

ਦੀਵਾ ਭਰਿਆ ਤੇਲ ਦਾ, ਬੱਤੀ ਲੈ ਗਿਆ ਸਾਧ।
ਵੇਲਾ ਹੱਥੋਂ ਲੰਘ ਜੂ, ਹੁਣ ਤਾਂ ਬੰਦਿਆ ਜਾਗ।
ਟੱਲੀਆਂ-ਛੈਣੇ ਛਣਕਦੇ, ਚਿਮਟੇ ਪਾਉਂਦੇ ਸ਼ੋਰ,
ਊਂ ਇਹ ਵੱਜੀ ਜਾਂਵਦਾ, ਹੈ ਭੈਰਵੀ ਰਾਗ।
ਭਾਗੋ ਧੂਹ ਕੇ ਲੈ ਗਈ ਦੇ ਗੁੱਗਲ ਦਾ ਸੇਕ,
ਫੇਰ ਵੀ ਨਹੀਂਓਂ ਜਾਗਦੇ ਭਾਗ ਸਿਹੁੰ ਦੇ ਭਾਗ।
ਨਿਓਲਾ ਬੈਠਾ ਝੂਰਦਾ, ਖੋਹ ਲਏ ਸਭ ਹਥਿਆਰ,
ਤਾਂ ਭੂਤਰਿਆ ਫਿਰ ਰਿਹੈ ਕੌਡੀਆਂ ਵਾਲਾ ਨਾਗ।
ਫਿਲਮਾਂ ਦੇ ਵਿਚ ਬਣ ਗਿਆ ਮੂਰਖ ਕਿੱਦਾਂ ਰੱਬ,
ਲੋਕੀਂ ਸਿੰਗ ਫਸਾਉਣਗੇ ਨਵਾਂ ਪਾ ਗਿਆ ਜੱਭ।
ਤਿਤਲੀ ਬੈਠੀ ਫੁੱਲ 'ਤੇ, ਭੌਰੇ ਮਾਰੀ ਅੱਖ,
ਉਹ ਤਾਂ ਛੇਤੀ ਉਡ ਗਿਆ, ਲੜੀ ਭੂੰਡ ਦੇ ਮੱਖ।
ਬੱਕਰੀ ਚੀਕਾਂ ਮਾਰਦੀ, ਬੱਕਰਾ ਮਾਰੇ ਲੇਰ,
ਗਾਂ ਸਮੇਂ ਸਿਰ ਸੂ ਪਈ, ਪੈਂਦੀ ਨਹੀਂਓਂ ਜੇਰ।
ਬਾਬੇ ਪੂਰੇ ਮੁਸ਼ਕ ਗਏ ਤਾਂ ਡੇਰਿਆਂ ਦਾ ਜ਼ੋਰ,
ਇਕੋ ਖੁੱਡ 'ਚੋਂ ਨਿਕਲਦੇ 'ਭੌਰੇ' ਸਾਧ ਤੇ ਚੋਰ।

# ਨਾਨਕ ਸਬਦੁ ਅਪਾਰੁ ਤਿਨਿ ਸਭੁ ਕਿਛੁ ਸਾਰਿਆ

ਗੁਰਮਤਿ ਗਿਆਨ



ਡਾ. ਗੁਰਨਾਮ ਕੌਰ, ਕੈਨੇਡਾ

ਅਸੀਂ ਸਾਰੇ ਜਾਣਦੇ ਹਾਂ ਕਿ ਸਿੱਖ ਧਰਮ ਵਿਚ ਬਾਣੀ ਨੂੰ, ਸ਼ਬਦ ਨੂੰ ਗੁਰੂ ਦਾ ਦਰਜਾ ਪ੍ਰਾਪਤ ਹੈ। ਬਾਣੀ ਹੀ ਗੁਰੂ ਹੈ ਅਤੇ ਗੁਰੂ ਬਾਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿੱਖ ਧਰਮ ਦਾ ਸ਼ਬਦ ਗੁਰੂ ਹੋਣ ਦਾ ਦਰਜ਼ਾ ਬੇਸ਼ੱਕ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਪਰੰਪਰਾ ਅਨੁਸਾਰ ਦਿੱਤਾ ਪਰ ਸ਼ਬਦ ਹੀ ਸਰਬੋਤਮ ਹੈ, ਸ਼ਬਦ ਵਿਚ ਹੀ ਮਨੁੱਖ ਦੀ ਅਗਵਾਈ ਕਰਨ ਦੀ ਸਮਰੱਥਾ ਹੈ ਅਤੇ ਸ਼ਬਦ ਰੂਪ ਹੋ ਕੇ ਹੀ ਅਕਾਲ ਪੁਰਖ ਹਰ ਇੱਕ ਜੀਵ ਦੇ ਅੰਦਰ ਵਿਆਪਕ ਹੈ। ਇਸ ਦਾ ਖੁਲਾਸਾ ਗੁਰੂਆਂ ਨੇ ਪਹਿਲਾਂ ਹੀ ਬਾਣੀ ਵਿਚ ਕਰ ਦਿੱਤਾ ਸੀ। ਇਸ ਲਈ ਗੁਰੂ ਸਾਹਿਬਾਨ ਨੇ ਵੀ ਅਕਾਲ ਪੁਰਖ ਪਾਸੋਂ ਸ਼ਬਦ ਦੀ, ਬਾਣੀ ਦੀ ਹੀ ਦਾਤ ਮੰਗੀ ਹੈ।

ਜਾਚਕੁ ਮੰਗੈ ਦਾਨੁ ਦੇਹਿ ਪਿਆਰਿਆ॥
ਦੇਵਣਹਾਰੁ ਦਾਤਾਰੁ ਮੈ ਨਿਤ ਚਿਤਾਰਿਆ॥
ਨਿਖੁਟਿ ਨ ਜਾਈ ਮੂਲਿ ਅਤੁਲ ਭੰਡਾਰਿਆ॥
ਨਾਨਕ ਸਬਦੁ ਅਪਾਰੁ
ਤਿਨਿ ਸਭੁ ਕਿਛੁ ਸਾਰਿਆ॥੧॥
(ਪੰਨਾ ੩੨੦)

ਇਸ ਸਲੋਕ ਵਿਚ ਗੁਰੂ ਅਰਜਨ ਦੇਵ ਜੀ ਸ਼ਬਦ ਦੀ ਦਾਤ ਲਈ ਹੀ ਅਕਾਲ ਪੁਰਖ ਅੱਗੇ ਅਰਦਾਸ ਕਰ ਰਹੇ ਹਨ। ਗੁਰੂ ਸਾਹਿਬ ਪਰਵਰਦਗਾਰ ਅੱਗੇ ਅਰਦਾਸ ਕਰਦੇ ਹਨ ਕਿ ਉਹ ਉਸ ਦਾਤਾਂ ਦੇਣ ਵਾਲੇ ਅਕਾਲ ਪੁਰਖ ਦੇ ਦਰਵਾਜ਼ੇ 'ਤੇ ਸ਼ਬਦ ਦੀ ਖੈਰ ਮੰਗਦੇ ਹਨ, ਉਹ ਜੋ ਦਾਤਾਂ ਦੇਣ ਵਾਲਾ ਹੈ, ਉਸ ਨੂੰ ਸਦਾ ਯਾਦ ਕਰਦੇ ਹਨ, ਉਸ ਅਕਾਲ ਪੁਰਖ ਦਾ ਖਜ਼ਾਨਾ ਸਦਾ ਹੀ ਭਰਿਆ ਰਹਿੰਦਾ ਹੈ, ਬੇਅੰਤ ਹੈ ਤੇ ਕਦੀ ਵੀ ਦਾਤਾਂ ਵੰਡਣ ਨਾਲ ਮੁੱਕਦਾ ਨਹੀਂ। ਅਕਾਲ ਪੁਰਖ ਦੀ ਬਾਣੀ ਅਪਾਰ ਹੈ, ਇਸ ਬਾਣੀ ਨੇ ਸਾਰੇ ਕਾਰਜ ਰਾਸ ਕਰ ਦਿੱਤੇ ਹਨ। ਭਾਵ ਬਾਣੀ ਤੋਂ, ਸ਼ਬਦ ਤੋਂ ਮਨੁੱਖ ਨੂੰ ਜੀਵਨ ਰਸਤੇ 'ਤੇ ਚੱਲਣ ਦੀ ਜਾਚ ਆਉਂਦੀ ਹੈ।

ਗੁਰੂ ਅਰਜਨ ਦੇਵ ਜੀ ਦੇ ਅਗਲੇ ਸਲੋਕ ਦਾ ਉਚਾਰਨ ਆਮ ਹੀ ਸਿੱਖ ਸੰਗਤਾਂ ਕਰਦੀਆਂ ਹਨ। ਇਸ ਵਿਚ ਵੀ ਸ਼ਬਦ ਦੇ ਮਹੱਤਵ 'ਤੇ ਜ਼ੋਰ ਦਿੰਦਿਆਂ ਸਤਿਸੰਗੀਆਂ ਨੂੰ ਗੁਰੂ ਦੇ ਦੱਸੇ ਸ਼ਬਦ, ਗੁਰੂ ਦੀ ਬਾਣੀ ਨੂੰ ਸਦਾ ਚੇਤੇ ਰੱਖਣ ਦੀ ਆਦਤ ਬਣਾਉਣ ਦੀ ਸਿੱਖਿਆ ਦਿੱਤੀ ਹੈ ਜੋ ਮਨੁੱਖ ਦੀ ਸਾਰੀ ਉਮਰ ਅਰਥਾਤ ਜਨਮ ਲੈਣ ਤੋਂ ਲੈ ਕੇ ਅੰਤਿਮ ਸਮੇਂ ਤੱਕ ਦਾ ਆਸਰਾ ਬਣਦੀ ਹੈ। ਸ਼ਬਦ ਰਾਹੀਂ, ਬਾਣੀ ਰਾਹੀਂ ਮਨੁੱਖ ਨੂੰ ਅਕਾਲ ਪੁਰਖ ਦਾ ਨਾਮ ਸਿਮਰਨ ਦੀ ਸੋਝੀ ਆਉਂਦੀ ਹੈ, ਨਾਮ ਸਿਮਰਨ ਨਾਲ ਸਦਾ ਸੁਖੀ ਰਹੀਦਾ ਹੈ ਅਤੇ ਮਨ ਵਿਚ ਸਦਾ ਅਨੰਦ ਤੇ ਖੇੜਾ ਬਣਿਆ ਰਹਿੰਦਾ ਹੈ,

ਸਿਖਹੁ ਸਬਦੁ ਪਿਆਰਿਹੋ
ਜਨਮ ਮਰਨ ਕੀ ਟੇਕ॥
ਮੁਖ ਊਜਲ ਸਦਾ ਸੁਖੀ
ਨਾਨਕ ਸਿਮਰਤ ਏਕ॥੨॥ (ਪੰਨਾ ੩੨੦)

ਇਸ ਤੋਂ ਅੱਗੇ ਪਉੜੀ ਵਿਚ ਸਤਿਸੰਗਤਿ ਦੀ ਗੱਲ ਕੀਤੀ ਗਈ ਹੈ, ਗੁਰਮੁਖਾਂ ਦੀ ਸੰਗਤਿ ਜਿਥੇ ਸਦਾ ਪਰਮਾਤਮਾ ਦੇ ਨਾਮ ਦਾ ਸਿਮਰਨ ਹੁੰਦਾ ਹੈ। ਗੁਰੂ ਸਾਹਿਬ ਬਿਆਨ ਕਰਦੇ ਹਨ ਕਿ ਸਤਿਸੰਗਤਿ ਉਹ ਹੈ ਜਿਸ ਵਿਚ ਪਰਮਾਤਮਾ ਦਾ ਨਾਮ ਰੂਪੀ ਅੰਮ੍ਰਿਤ ਵੰਡਿਆ ਜਾਂਦਾ ਹੈ ਜੋ ਸਭ ਨੂੰ ਸੁਖੀ ਕਰਦਾ ਹੈ, ਸਤਿਸੰਗਤ ਵਿਚ ਸਦਾ ਸੁਖ ਦੇਣ ਵਾਲੇ ਪਰਮਾਤਮਾ ਦੇ ਨਾਮ ਦਾ ਅੰਮ੍ਰਿਤ ਵੰਡਿਆ ਜਾਂਦਾ ਹੈ। ਇਹ ਉਹ ਅੰਮ੍ਰਿਤ ਹੈ ਜਿਸ ਨੂੰ ਪੀ ਕੇ ਮਨੁੱਖ ਮੁਕਤ ਹੋ ਜਾਂਦਾ ਹੈ, ਅਮਰ ਹੋ ਜਾਂਦਾ ਹੈ, ਉਸ ਦੇ ਮਨ ਵਿਚੋਂ ਮੌਤ ਦਾ ਭੈ ਖਤਮ ਹੋ ਜਾਂਦਾ ਹੈ (ਮਨੁੱਖ ਲਈ ਸਭ ਤੋਂ ਵੱਡਾ ਭੈ ਮੌਤ ਦਾ ਹੈ ਅਤੇ ਗੁਰਬਾਣੀ ਮਨੁੱਖ ਦੇ ਮਨ ਵਿਚੋਂ ਮੌਤ ਦੇ ਭੈ ਨੂੰ ਖਤਮ ਕਰਦੀ ਹੈ। ਦਰਅਸਲ ਸ਼ਬਦ ਰਾਹੀਂ ਮਨੁੱਖ ਭਾਣੇ ਵਿਚ ਚੱਲਣ ਦੀ ਜਾਚ ਸਿੱਖਦਾ ਹੈ, ਜਦੋਂ ਭਾਣੇ ਵਿਚ ਚੱਲਣਾ ਸਿੱਖ ਲੈਂਦਾ ਹੈ ਤਾਂ ਉਸ ਨੂੰ ਸੋਝੀ ਹੋ ਜਾਂਦੀ ਹੈ ਕਿ ਮੌਤ ਪਰਮਾਤਮਾ ਦਾ ਹੁਕਮ ਹੈ, ਜੋ ਚੀਜ਼ ਪੈਦਾ ਹੁੰਦੀ ਹੈ, ਉਸ ਨੇ ਇੱਕ ਦਿਨ ਜਾਣਾ ਵੀ ਹੁੰਦਾ ਹੈ। ਇਸ ਲਈ ਇਸ ਨੂੰ ਭਾਣਾ ਮੰਨ ਕੇ ਸਵੀਕਾਰ ਕਰਨ ਨਾਲ ਇਸ ਦਾ ਭੈ ਖਤਮ ਹੋ ਜਾਂਦਾ ਹੈ)। ਜਿਸ ਮਨੁੱਖ ਨੂੰ ਪਰਮਾਤਮ-ਪ੍ਰੇਮ ਦੇ ਇਸ ਰਸ ਦਾ ਸੁਆਦ ਆਉਂਦਾ ਹੈ, ਉਹ ਹੀ ਇਸ ਨੂੰ ਆਪਣੇ ਅੰਦਰ ਟਿਕਾ ਲੈਂਦਾ ਹੈ। ਜਦੋਂ ਸਤਿਸੰਗੀ ਗੁਰਮੁਖਿ ਇਕੱਤਰ ਹੋ ਕੇ ਬਾਣੀ ਦਾ ਉਚਾਰਨ ਕਰਦੇ ਹਨ, ਬਾਣੀ ਨੂੰ ਮੁੱਖ ਤੋਂ ਬੋਲਦੇ ਹਨ ਤਾਂ ਉਥੇ ਅੰਮ੍ਰਿਤ-ਨਾਮ ਦਾ ਰਸ ਝਰਦਾ ਹੈ, ਅੰਮ੍ਰਿਤ-ਨਾਮ ਰਸ ਦੇ ਫੁਹਾਰੇ ਚੱਲ ਪੈਂਦੇ ਹਨ। ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਉਹ ਸਤਿਸੰਗ ਦਾ ਦਰਸ਼ਨ ਕਰਕੇ ਜੀਊ ਰਹੇ ਹਨ ਤੇ ਆਪਣੇ ਮਨ ਵਿਚ ਪਰਮਾਤਮ-ਨਾਮ ਨੂੰ ਧਾਰਨ ਕੀਤਾ ਹੋਇਆ ਹੈ,

ਓਥੈ ਅੰਮ੍ਰਿਤੁ ਵੰਡੀਐ
ਸੁਖੀਆ ਹਰਿ ਕਰਣੇ॥
ਜਮ ਕੈ ਪੰਥਿ ਨ ਪਾਈਅਹਿ
ਫਿਰਿ ਨਾਹੀ ਮਰਣੇ॥
ਜਿਸ ਨੋ ਆਇਆ ਪ੍ਰੇਮ ਰਸੁ
ਤਿਸੈ ਹੀ ਜਰਣੇ॥
ਬਾਣੀ ਉਚਰਹਿ ਸਾਧ ਜਨ
ਅਮਿਉ ਚਲਹਿ ਝਰਣੇ॥
ਪੇਖਿ ਦਰਸਨੁ ਨਾਨਕੁ ਜੀਵਿਆ
ਮਨ ਅੰਦਰਿ ਧਰਣੇ॥੯॥

ਸਿੱਖ ਧਰਮ ਚਿੰਤਨ ਵਿਚ 'ਸੇਵਾ' ਦਾ ਖਾਸ ਮਹੱਤਵ ਹੈ ਅਤੇ ਇਹ ਮਨੁੱਖੀ ਏਕਤਾ, ਬਰਾਬਰੀ, ਸਾਂਝੀਵਾਲਤਾ ਆਦਿ ਮਨੁੱਖੀ ਗੁਣ ਪੈਦਾ ਕਰਨ ਅਤੇ ਕਿਰਤ ਕਰਨ ਤੇ ਵੰਡ ਛਕਣ ਆਦਿ ਸਿਧਾਂਤਾਂ ਦੀ ਪ੍ਰਫੁਲਿਤਾ ਲਈ ਖਾਸ ਕਿਸਮ ਦਾ ਰੋਲ ਨਿਭਾਉਂਦੀ ਹੈ। ਹਰ ਤਰ੍ਹਾਂ ਦੀ ਸੇਵਾ ਮਹੱਤਵਪੂਰਨ ਹੈ ਜੋ ਮਨੁੱਖ ਜਾਤੀ ਦੇ ਵਿਕਾਸ ਵਿਚ ਸਹਾਈ ਹੁੰਦੀ ਹੈ ਪਰ ਸਭ ਤੋਂ ਉਤਮ ਸੇਵਾ ਪੂਰੇ ਸਤਿਗੁਰੂ ਦੀ ਸੇਵਾ ਹੈ ਕਿਉਂਕਿ ਇਹ ਮਨੁੱਖ ਨੂੰ ਸਹੀ ਰਸਤੇ 'ਤੇ ਚੱਲਣ ਦੀ ਜਾਚ ਸਿਖਾਉਂਦੀ ਹੈ। ਇਸ ਸਲੋਕ ਵਿਚ ਗੁਰੂ ਅਰਜਨ ਦੇਵ ਪੂਰੇ ਸਤਿਗੁਰੂ ਦੀ ਸੇਵਾ ਦੀ ਗੱਲ ਕਰਦੇ ਹਨ। ਸਤਿਗੁਰੂ ਦੀ ਸੇਵਾ ਦਾ ਅਰਥ ਹੈ- ਸਤਿਗੁਰੂ ਦੇ ਦੱਸੇ ਰਸਤੇ 'ਤੇ ਚੱਲਣਾ, ਸਤਿਗੁਰੂ ਦੀ ਦਿੱਤੀ ਸਿੱਖਿਆ ਦਾ ਪਾਲਣ ਕਰਨਾ। ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜੇ ਪੂਰੇ ਗੁਰੂ ਦੇ ਦੱਸੇ ਹੋਏ ਰਸਤੇ 'ਤੇ ਚੱਲੀਏ, ਗੁਰੂ ਦੀ ਸਿੱਖਿਆ ਦਾ ਪਾਲਣ ਕਰੀਏ ਤਾਂ ਸਰਬ ਦੁੱਖਾਂ ਦਾ ਨਾਸ ਹੋ ਜਾਂਦਾ ਹੈ। ਗੁਰੂ ਦੇ ਦੱਸੇ ਹੋਏ ਰਸਤੇ 'ਤੇ ਚੱਲਦਿਆਂ ਪਰਮਾਤਮਾ ਦੇ ਨਾਮ ਦਾ ਸਿਮਰਨ ਕਰੀਏ ਤਾਂ ਸਾਰੇ ਕਾਰਜ ਸਫਲ ਹੋ ਜਾਂਦੇ ਹਨ,

ਸਤਿਗੁਰਿ ਪੂਰੈ ਸੇਵਿਐ
ਦੂਖਾ ਕਾ ਹੋਇ ਨਾਸੁ॥
ਨਾਨਕ ਨਾਮਿ ਅਰਾਧਿਐ
ਕਾਰਜੁ ਆਵੈ ਰਾਸਿ॥੧॥

ਇਸ ਤੋਂ ਅਗਲੇ ਸਲੋਕ ਵਿਚ ਪਰਮਾਤਮ-ਸਿਮਰਨ ਦੀ ਗੱਲ ਕੀਤੀ ਹੈ ਕਿ ਉਸ ਅਕਾਲ ਪੁਰਖ ਦਾ ਸਿਮਰਨ ਕਰੋ ਜਿਸ ਦੇ ਨਾਮ ਦਾ ਸਿਮਰਨ ਕਰਨ ਨਾਲ ਸਾਰੇ ਦੁੱਖ-ਕਸ਼ਟ ਦੂਰ ਹੋ ਜਾਂਦੇ ਹਨ ਅਤੇ ਮਨੁੱਖ ਦੇ ਹਿਰਦੇ ਵਿਚ ਅਨੰਦ ਮੰਗਲ ਅਰਥਾਤ ਖੁਸ਼ੀਆਂ ਦਾ ਨਿਵਾਸ ਹੁੰਦਾ ਹੈ, ਮਨ ਖਿੜਾਓ ਵਿਚ ਆ ਜਾਂਦਾ ਹੈ। ਉਸ ਅਕਾਲ ਪੁਰਖ ਨੂੰ ਸਦਾ ਧਿਆਉਣਾ ਚਾਹੀਦਾ ਹੈ, ਉਸ ਦਾ ਸਿਮਰਨ ਹਰ ਸਮੇਂ ਕਰਨਾ ਚਾਹੀਦਾ ਹੈ ਅਤੇ ਉਹ ਇੱਕ ਅੱਖ ਦੇ ਫੋਰ ਜਿੰਨਾ ਵੀ ਨਾ ਭੁੱਲੇ,

ਜਿਸੁ ਸਿਮਰਤ ਸੰਕਟ ਛੁਟਹਿ
ਅਨਦ ਮੰਗਲ ਬਿਸ੍ਰਾਮ॥
ਨਾਨਕ ਜਪੀਐ ਸਦਾ ਹਰਿ
ਨਿਮਖ ਨ ਬਿਸਰਉ ਨਾਮੁ॥੨॥

ਅਗਲੀ ਪਉੜੀ ਵਿਚ ਉਨ੍ਹਾਂ ਗੁਰਮੁਖਾਂ ਬਾਰੇ ਬਿਆਨ ਕੀਤਾ ਹੈ ਜਿਨ੍ਹਾਂ ਨੇ ਗੁਰੂ ਦੀ ਸਿੱਖਿਆ 'ਤੇ ਚੱਲ ਕੇ ਪਰਮਾਤਮ-ਅਨੁਭਵ ਕਰ ਲਿਆ ਹੈ। ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਉਨ੍ਹਾਂ ਗੁਰਮੁਖਾਂ ਦੀ ਸ਼ੋਭਾ, ਵਡਿਆਈ ਬਿਆਨ ਨਹੀਂ ਕੀਤੀ ਜਾ ਸਕਦੀ, ਜਿਨ੍ਹਾਂ ਵਡਭਾਗੀਆਂ ਨੇ ਉਸ ਰੱਬ ਨੂੰ ਪਾ ਲਿਆ ਹੈ। ਜੋ ਕੋਈ ਵੀ ਮਨੁੱਖ ਅਜਿਹੇ ਗੁਰਮੁਖਾਂ ਦੇ ਲੜ ਲੱਗ ਜਾਂਦਾ ਹੈ, ਉਨ੍ਹਾਂ ਦੀ ਸੰਗਤਿ ਵਿਚ ਆ ਜਾਂਦਾ ਹੈ, ਉਹ ਮਾਇਆਵੀ ਬੰਧਨਾਂ ਵਿਚ ਬੰਨ੍ਹਿਆ ਹੋਇਆ ਵੀ ਇਨ੍ਹਾਂ ਬੰਧਨਾਂ ਤੋਂ ਆਜ਼ਾਦ ਹੋ ਜਾਂਦਾ ਹੈ। ਗੁਰਮੁਖਾਂ ਦੀ ਸੰਗਤਿ ਵਿਚ ਆ ਕੇ ਉਹ ਉਸ ਸਦਾ ਕਾਇਮ ਰਹਿਣ ਵਾਲੀ ਹਸਤੀ ਅਕਾਲ ਪੁਰਖ ਦੇ ਗੁਣਾਂ ਦਾ ਗਾਇਨ ਕਰਦਾ ਹੈ, ਗੁਣਾਂ ਦਾ ਗਾਇਨ ਕਰਨ ਨਾਲ ਉਸ ਨੂੰ ਜਨਮ ਮਰਨ ਦੇ ਚੱਕਰਾਂ ਵਿਚ ਨਹੀਂ ਸੜਨਾ ਪੈਂਦਾ, ਭਾਵ ਉਹ ਜਨਮ-ਮਰਨ ਤੋਂ ਮੁਕਤ ਹੋ ਜਾਂਦਾ ਹੈ। ਗੁਰਮੁਖਾਂ ਦੀ ਸੰਗਤਿ ਵਿਚ ਉਸ ਨੂੰ ਗੁਰੂ ਮਿਲ ਪੈਂਦਾ ਹੈ ਜਿਸ ਰਾਹੀਂ ਉਹ ਪਰਮਾਤਮਾ ਦੀ ਸਿਫਤਿ-ਸਾਲਾਹ ਮੁੱਖ ਤੋਂ ਉਚਾਰਦਾ ਹੈ, ਉਸ ਨੂੰ ਸਮਝਦਾ ਹੈ ਅਤੇ ਇਸ ਰਾਹੀਂ ਉਸ ਨੂੰ ਮਾਨਸਿਕ ਸ਼ਾਂਤੀ ਅਤੇ ਸਹਿਜ ਪ੍ਰਾਪਤ ਹੁੰਦਾ ਹੈ, ਉਸ ਦੇ ਮਨ ਅੰਦਰ ਟਿਕਾਉ ਆ ਜਾਂਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਉਸ ਮਨੁੱਖ ਨੇ ਉਸ ਅਸੀਮ ਅਤੇ ਅਪਹੁੰਚ, ਸਭ ਦੇ ਸੁਆਮੀ ਪਰਮਾਤਮਾ ਨੂੰ ਪਾ ਲਿਆ ਹੈ,

ਤਿਨ ਕੀ ਸੋਭਾ ਕਿਆ ਗਣੀ
ਜਿਨੀ ਹਰਿ ਹਰਿ ਲਧਾ॥
ਸਾਧਾ ਸਰਣੀ ਜੋ ਪਵੈ ਸੋ ਛੁਟੈ ਬਧਾ॥
ਗੁਣ ਗਾਵੈ ਅਬਿਨਾਸੀਐ
ਜੋਨਿ ਗਰਭਿ ਨ ਦਧਾ॥
ਗੁਰੁ ਭੇਟਿਆ ਪਾਰਬ੍ਰਹਮੁ
ਹਰਿ ਪੜਿ ਬੁਝਿ ਸਮਧਾ॥
ਨਾਨਕ ਪਾਇਆ ਸੋ ਧਣੀ
ਹਰਿ ਅਗਮ ਅਗਧਾ॥੧੦॥
(ਪੰਨਾ ੩੨੦)

ਸਿੱਖ ਧਰਮ ਚਿੰਤਨ ਵਿਚ ਮਨੁੱਖ ਦੇ ਜਨਮ ਨੂੰ ਅਕਾਲ ਪੁਰਖ ਵਲੋਂ ਬਖਸ਼ਿਸ਼ ਕੀਤਾ ਹੋਇਆ ਇੱਕ ਅਜਿਹਾ ਅਵਸਰ ਮੰਨਿਆ ਜਿਸ ਵਿਚ ਉਹ ਪਰਮਾਤਮ-ਅਨੁਭਵ ਕਰ ਸਕਦਾ ਹੈ। ਮਨੁੱਖ ਦੀ ਜੂਨ ਹੀ ਇੱਕ ਅਜਿਹਾ ਮੌਕਾ ਹੈ ਜਿਸ ਵਿਚ ਪਰਮਾਤਮਾ ਨਾਲ ਮੇਲ ਸੰਭਵ ਹੈ। ਇਸੇ ਨੂੰ ਪੰਚਮ ਪਾਤਿਸ਼ਾਹ ਹਜ਼ੂਰ ਨੇ 'ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ' ਕਿਹਾ ਹੈ। ਇਸ ਸਲੋਕ ਵਿਚ ਗੁਰੂ ਅਰਜਨ ਦੇਵ ਜੀ ਮਨੁੱਖ ਨੂੰ ਸਮਝਾ ਰਹੇ ਹਨ ਕਿ ਤੈਨੂੰ ਜਿਸ ਕਾਰਜ ਹੇਤ ਅਕਾਲ ਪੁਰਖ ਨੇ ਪੈਦਾ ਕੀਤਾ ਹੈ, ਮਨੁੱਖ ਦੀ ਜੂਨ ਬਖਸ਼ਿਸ਼ ਕੀਤੀ ਹੈ, ਤੂੰ ਉਸ ਆਪਣੇ ਅਸਲੀ ਕੰਮ ਨੂੰ ਤਾਂ ਕਰ ਨਹੀਂ ਰਿਹਾ ਅਤੇ ਹੋਰ ਹੋਰ ਕੰਮ ਕਰੀ ਜਾ ਰਿਹਾ ਹੈਂ, ਦੁਨੀਆ ਤੇ ਆਪਹੁਦਰੀਆਂ ਕਰਦਾ ਫਿਰਦਾ ਹੈਂ। ਉਸ ਪਰਮਾਤਮਾ ਦਾ ਨਾਮ ਸਿਮਰਨ ਕਰਨ ਲਈ ਤੂੰ ਦੁਨੀਆਂ 'ਤੇ ਆਇਆ ਹੈਂ ਪਰ ਆਪਣੇ ਇਸ ਨਾਮ ਸਿਮਰਨ ਦੇ ਕਾਰਜ ਨੂੰ ਵਿਸਾਰ ਕੇ ਮਨ ਦਾ ਸੁੱਖ, ਮਨ ਦੀ ਸ਼ਾਂਤੀ ਕਿਵੇਂ ਪ੍ਰਾਪਤ ਹੋ ਸਕਦੀ ਹੈ, ਮਨ ਦੀ ਭਟਕਣ ਕਿਵੇਂ ਮਿਟ ਸਕਦੀ ਹੈ। ਉਸ ਦੇ ਨਾਮ ਤੋਂ ਬਿਨਾ ਕੋਈ ਸੁੱਖ ਨਹੀਂ ਮਿਲਦਾ,

ਕਾਮੁ ਨ ਕਰਹੀ ਆਪਣਾ
ਫਿਰਹਿ ਅਵਤਾ ਲੋਇ॥
ਨਾਨਕ ਨਾਇ ਵਿਸਾਰਿਐ
ਸੁਖੁ ਕਿਨੇਹਾ ਹੋਇ॥੧॥ (ਪੰਨਾ ੩੨੦)

ਅਗਲੇ ਸਲੋਕ ਵਿਚ ਵੀ ਮਾਇਆ-ਵਿਸ਼ ਅਤੇ ਨਾਮ-ਅੰਮ੍ਰਿਤ ਦੀ ਤੁਲਨਾ ਕੀਤੀ ਹੈ ਕਿ ਦੋਵੇਂ ਪਦਾਰਥਾਂ ਵਿਚ ਕੀ ਅੰਤਰ ਹੈ, ਕੀ ਫਰਕ ਹੈ। ਮਾਇਆ ਜ਼ਹਿਰ ਹੈ ਅਤੇ ਕੌੜੀ ਹੈ ਜਿਸ ਨੇ ਸਾਰੇ ਸੰਸਾਰ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ ਅਤੇ ਸੰਸਾਰ ਨੂੰ ਖਾ ਰਹੀ ਹੈ (ਦੇਖਣ ਨੂੰ ਭਾਵੇਂ ਮਾਇਆ ਮਿੱਠੀ ਲਗਦੀ ਹੈ ਪਰ ਅਧਿਆਤਮਕ ਤੌਰ 'ਤੇ ਇਹ ਮਨੁੱਖ ਦੀ ਗਿਰਾਵਟ ਦਾ ਕਾਰਨ ਬਣਦੀ ਹੈ, ਉਸ ਦੇ ਅੰਦਰੋਂ ਸਭ ਚੰਗਿਆਈਆਂ ਨੂੰ ਖਾ ਕੇ ਬਰਬਾਦੀ ਦਾ ਕਾਰਨ ਬਣਦੀ ਹੈ)। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਅਕਾਲ ਪੁਰਖ ਦੇ ਭਗਤ ਹੀ ਇਹ ਵਿਚਾਰਦੇ ਹਨ ਕਿ ਅਕਾਲ ਪੁਰਖ ਦਾ ਨਾਮ ਮਿੱਠਾ ਹੈ (ਮਾਇਆ ਮਿੱਠੀ ਨਹੀਂ ਹੈ),

ਬਿਖੈ ਕਉੜਤਣਿ ਸਗਲ ਮਾਹਿ
ਜਗਤਿ ਰਹੀ ਲਪਟਾਇ॥
ਨਾਨਕ ਜਨਿ ਵੀਚਾਰਿਆ
ਮੀਠਾ ਹਰਿ ਕਾ ਨਾਉ॥੨॥ (ਪੰਨਾ ੩੨੦)

ਅਗਲੀ ਪਉੜੀ ਵਿਚ ਇਸ ਗੱਲ ਦਾ ਨਿਖੇੜਾ ਕੀਤਾ ਹੈ ਕਿ ਅਸਲੀ 'ਸੰਤ' ਪੁਰਸ਼ ਜਾਂ ਸਾਧ ਕੌਣ ਹੁੰਦਾ ਹੈ। (ਅੱਜ ਦੇ ਸਮੇਂ ਵਿਚ ਸਿੱਖੀ ਨੂੰ ਸਾਧਾਂ ਨੇ ਅਰਥਾਤ ਡੇਰੇਦਾਰਾਂ ਨੇ ਬੁਰੀ ਤਰ੍ਹਾਂ ਘੇਰਿਆ ਹੋਇਆ ਹੈ। 'ਸਿੱਖ' ਗੁਰੂ ਦੇ ਨਾ ਹੋ ਕੇ ਡੇਰਿਆਂ ਜਾਂ ਸਾਧਾਂ ਦੇ ਹੋ ਗਏ ਹਨ। ਇਸ ਲਈ ਬਹੁਤੇ ਸਿੱਖ ਹਰ ਕੰਮ ਆਪਣੇ ਡੇਰੇ ਦੇ ਸਾਧ ਦੀ ਇੱਛਾ ਅਨੁਸਾਰ ਕਰਦੇ ਹਨ)। ਇਸ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਅਸਲੀ ਸੰਤ ਅਰਥਾਤ ਰੱਬ ਨੂੰ ਪਹੁੰਚੇ ਹੋਏ ਬੰਦੇ ਦੀ ਪਛਾਣ ਕਿਵੇਂ ਹੋਵੇ? ਉਸ ਦੀ ਪਛਾਣ ਇਹ ਹੁੰਦੀ ਹੈ ਕਿ ਉਸ ਨੂੰ ਮਿਲਣ ਨਾਲ ਮਨੁੱਖ ਇਸ ਸੰਸਾਰ ਸਾਗਰ ਤੋਂ ਤਰਨਯੋਗ ਹੋ ਜਾਂਦਾ ਹੈ ਅਰਥਾਤ ਇਸ ਭਵ ਸਾਗਰ ਤੋਂ ਪਾਰ ਲੱਗ ਜਾਈਦਾ ਹੈ (ਬਹੁਤੇ ਡੇਰੇਦਾਰ ਇਸ ਤੱਥ ਨੂੰ ਉਤਸ਼ਾਹ ਦੇਣ ਲਈ ਕਿ ਸਿੱਖ ਧਰਮ ਵਿਚ ਡੇਰੇਦਾਰੀ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ, ਸੁਖਮਨੀ ਸਾਹਿਬ ਵਿਚੋਂ 'ਸੰਤ' ਦੇ ਹੱਕ ਵਿਚ ਰਚੀ ਗਈ ਅਸ਼ਟਪਦੀ ਦਾ ਉਚਾਰਨ ਕਰਨ ਲੱਗ ਜਾਂਦੇ ਹਨ ਪਰ ਉਹ ਭੁੱਲ ਜਾਂਦੇ ਹਨ ਕਿ ਗੁਰੂ ਅਰਜਨ ਦੇਵ ਨੇ ਹੀ ਅਸਲੀ ਸੰਤ ਅਤੇ ਡੇਰੇਦਾਰ ਭੇਖੀਆਂ ਵਿਚ ਨਿਖੇੜਾ ਕਰ ਦਿੱਤਾ ਹੋਇਆ ਹੈ, ਜ਼ਾਹਿਰ ਹੈ ਕਿ ਗੁਰੂ ਕਾਲ ਦੌਰਾਨ ਵੀ ਸਾਧਗਿਰੀ ਦਾ ਪਖੰਡ ਸਮਾਜ 'ਤੇ ਭਾਰੂ ਸੀ। ਇਸੇ ਲਈ ਗੁਰੂ ਸਾਹਿਬਾਨ ਨੇ ਸਿੱਖ ਨੂੰ ਕਿਰਤ ਨਾਲ ਜੋੜਿਆ)। ਜਦੋਂ ਮਨੁੱਖ ਦਾ ਮੇਲ ਕਿਸੇ ਅਸਲੀ ਸੰਤ ਨਾਲ ਹੋ ਜਾਂਦਾ ਹੈ ਤਾਂ ਜਮ ਦਾ ਡਰ ਉਸ ਦੇ ਮਨ ਵਿਚੋਂ ਨਿਕਲ ਜਾਂਦਾ ਹੈ ਅਤੇ ਉਹ ਫਿਰ ਆਤਮਕ ਮੌਤ ਨਹੀਂ ਮਰਦਾ। ਇਹ ਦੁਨੀਆਂ ਰੂਪੀ ਭਵ ਸਾਗਰ, ਜੋ ਜ਼ਹਿਰ ਦੀ ਤਰ੍ਹਾਂ ਹੈ ਤੇ ਜਿਸ ਤੋਂ ਪਾਰ ਲੰਘਣਾ ਔਖਾ ਹੈ, ਨੂੰ ਸਹਿਜ ਨਾਲ ਹੀ ਪਾਰ ਕਰ ਲਈਦਾ ਹੈ।

ਗੁਰੂ ਸਾਹਿਬ ਉਪਦੇਸ਼ ਕਰਦੇ ਹਨ ਕਿ ਗੁਰਮੁਖਾਂ ਨੂੰ ਮਿਲ ਕੇ ਮਨ ਵਿਚ ਪਰਮਾਤਮ-ਗੁਣਾਂ ਦੀ ਮਾਲਾ ਗੁੰਦੋ ਅਰਥਾਤ ਆਪਣੇ ਅੰਦਰ ਸਤਿ, ਸੰਤੋਖ, ਦਇਆ, ਧਰਮ ਆਦਿ ਈਸ਼ਵਰੀ ਗੁਣਾਂ ਨੂੰ ਵਸਾਉ, ਜਿਸ ਨਾਲ ਮਨ ਤੋਂ ਸਾਰੇ ਵਿਕਾਰਾਂ ਦੀ ਮੈਲ ਦੂਰ ਹੋ ਜਾਂਦੀ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਜਿਨ੍ਹਾਂ ਪ੍ਰਾਣੀਆਂ ਨੇ ਇਨ੍ਹਾਂ ਗੁਣਾਂ ਨੂੰ ਆਪਣੇ ਅੰਦਰ ਵਸਾ ਲਿਆ, ਉਹ ਅਪਰੰਪਾਰ ਪਾਰਬ੍ਰਹਮ, ਕਰਤਾਰ ਨੂੰ ਮਿਲੇ ਰਹਿੰਦੇ ਹਨ,

ਇਹ ਨੀਸਾਣੀ ਸਾਧ ਕੀ
ਜਿਸੁ ਭੇਟਤ ਤਰੀਐ॥
ਜਮਕੰਕਰੁ ਨੇੜਿ ਨ ਆਵਈ
ਫਿਰਿ ਬਹੁੜਿ ਨ ਮਰੀਐ॥
ਭਵ ਸਾਗਰੁ ਸੰਸਾਰੁ ਬਿਖੁ
ਸੋ ਪਾਰਿ ਉਤਰੀਐ॥
ਹਰਿ ਗੁਣ ਗੁੰਫਹੁ ਮਨਿ ਮਾਲ
ਹਰਿ ਸਭ ਮਲੁ ਪਰਹਰੀਐ॥
ਨਾਨਕ ਪ੍ਰੀਤਮ ਮਿਲਿ ਰਹੇ
ਪਾਰਬ੍ਰਹਮ ਨਰਹਰੀਐ॥੧੧॥
(ਪੰਨਾ ੩੨੦)

ਇਸ ਪਉੜੀ ਤੋਂ ਅਗਲੇ ਦੋ ਸਲੋਕਾਂ ਵਿਚ ਵੀ ਉਨ੍ਹਾਂ ਮਨੁੱਖਾਂ ਦਾ ਆਉਣਾ ਪ੍ਰਵਾਨ ਕੀਤਾ ਹੈ ਜਿਨ੍ਹਾਂ ਦੇ ਮਨ ਵਿਚ ਪਰਮਾਤਮਾ ਆ ਕੇ ਵੱਸ ਗਿਆ ਹੈ। ਕਰਨੀ ਤੋਂ ਬਿਨਾਂ ਫੋਕੀਆਂ ਗੱਲਾਂ ਕਿਸੇ ਕੰਮ ਨਹੀਂ ਆਉਂਦੀਆਂ,

ਨਾਨਕ ਆਏ ਸੇ ਪਰਵਾਣੁ ਹੈ
ਜਿਨ ਹਰਿ ਵੁਠਾ ਚਿਤਿ॥
ਗਾਲ੍ਹੀ ਅਲ ਪਲਾਲੀਆ
ਕੰਮਿ ਨ ਆਵਹਿ ਮਿਤ॥੧॥ (ਪੰਨਾ ੩੨੦)

ਅਗਲੇ ਸਲੋਕ ਵਿਚ ਦੱਸਿਆ ਹੈ ਕਿ ਜਿਸ ਮਨੁੱਖ ਨੇ ਪੂਰੇ ਗੁਰੂ ਦੀ ਕਿਰਪਾ ਨਾਲ ਅਕਾਲ ਪੁਰਖ ਦੇ ਨਾਂ ਨੂੰ ਆਪਣੀ ਰਾਸ ਪੂੰਜੀ, ਧਨ ਬਣਾ ਲਿਆ ਹੈ, ਉਸ ਨੂੰ ਪਾਰਬ੍ਰਹਮ ਜੋ ਅਪਹੁੰਚ ਅਤੇ ਵਿਸਮਾਦ ਰੂਪ ਹੈ, ਹਰ ਥਾਂ ਵਿਆਪਕ ਨਜ਼ਰੀਂ ਆ ਗਿਆ ਹੈ ਅਰਥਾਤ ਉਸ ਨੇ ਪਰਮਾਤਮ-ਜੋਤਿ ਨੂੰ ਆਪਣੇ ਅੰਦਰ ਅਤੇ ਹਰ ਥਾਂ ਉਸ ਦੀ ਮੌਜੂਦਗੀ ਨੂੰ ਦ੍ਰਿਸ਼ਟੀਗੋਚਰ ਕਰ ਲਿਆ ਹੈ,

ਪਾਰਬ੍ਰਹਮੁ ਪ੍ਰਭੁ ਦ੍ਰਿਸਟੀ ਆਇਆ
ਪੂਰਨ ਅਗਮ ਬਿਸਮਾਦ॥
ਨਾਨਕ ਰਾਮ ਨਾਮੁ ਧਨੁ ਕੀਤਾ
ਪੂਰੇ ਗੁਰ ਪਰਸਾਦਿ॥੨॥
(ਪੰਨਾ ੩੨੦-੨੧)

## ਐਸੋ ਪਰਚਉ ਪਾਇਓ

ਗੁਰਬਾਣੀ ਗਿਆਨ

**ਗਉੜੀ ਮਹਲਾ 5**
ਐਸੋ ਪਰਚਉ ਪਾਇਓ॥
ਕਰੀ ਕ੍ਰਿਪਾ ਦਇਆਲ ਬੀਠੁਲੈ
ਸਤਿਗੁਰ ਮੁਝਹਿ ਬਤਾਇਓ॥੧॥ਰਹਾਉ॥
ਜਤ ਕਤ ਦੇਖਉ ਤਤ ਤਤ ਤੁਮ ਹੀ
ਮੋਹਿ ਇਹੁ ਬਿਸੁਆਸੁ ਹੋਇ ਆਇਓ॥
ਕੈ ਪਹਿ ਕਰਉ ਅਰਦਾਸਿ ਬੇਨਤੀ
ਜਉ ਸੁਨਤੋ ਹੈ ਰਘੁਰਾਇਓ॥੧॥
ਲਹਿਓ ਸਹਸਾ ਬੰਧਨ ਗੁਰਿ ਤੋਰੇ
ਤਾਂ ਸਦਾ ਸਹਜ ਸੁਖੁ ਪਾਇਓ॥
ਹੋਣਾ ਸਾ ਸੋਈ ਫੁਨਿ ਹੋਸੀ
ਸੁਖੁ ਦੁਖੁ ਕਹਾ ਦਿਖਾਇਓ॥੨॥
ਖੰਡ ਬ੍ਰਹਮੰਡ ਕਾ ਏਹੋ ਠਾਣਾ
ਗੁਰਿ ਪਰਦਾ ਖੋਲਿ ਦਿਖਾਇਓ॥
ਨਉ ਨਿਧਿ ਨਾਮੁ ਨਿਧਾਨੁ ਇਕ ਠਾਈ
ਤਉ ਬਾਹਰਿ ਕੈਠੈ ਜਾਇਓ॥੩॥
ਏਕੈ ਕਨਿਕ ਅਨਿਕ ਭਾਤਿ ਸਾਜੀ
ਬਹੁ ਪਰਕਾਰ ਰਚਾਇਓ॥
ਕਹੁ ਨਾਨਕ ਭਰਮੁ ਗੁਰਿ ਖੋਈ ਹੈ
ਇਵ ਤਤੈ ਤਤੁ ਮਿਲਾਇਓ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਦੇ ਅੰਦਰ ਬਖਸ਼ਿਸ਼ ਕਰਦੇ ਹਨ- ਐਸੇ ਪਰਚਉ ਪਾਇਓ, ਹੇ ਭਾਈ! ਉਸ ਮਿਹਰਵਾਨ ਪ੍ਰਭ ਦੇ ਨਾਲ ਮੇਰੀ ਡੂੰਘੀ ਮਿੱਤਰਤਾ ਬਣ ਗਈ ਕਿ, ਕਰੀ ਕ੍ਰਿਪਾ ਦਇਆਲ ਬੀਠੁਲੈ, ਦਇਆ ਦੇ ਉਸ ਸਾਗਰ ਤੇ ਮਾਇਆ ਦੇ ਪ੍ਰਭਾਵ ਤੋਂ ਪਰੇ ਰਹਿਣ ਵਾਲੇ ਪ੍ਰਭੂ ਨੇ, ਸਤਿਗੁਰ ਮੁਝਹਿ ਬਤਾਇਓ, ਆਪਣੀ ਕ੍ਰਿਪਾ ਨਾਲ ਮੈਨੂੰ ਗੁਰੂ ਦਾ ਟਿਕਾਣਾ ਦੱਸ ਦਿੱਤਾ ਤੇ ਗੁਰੂ ਨੇ ਮੈਨੂੰ ਮਾਲਕ ਨਾਲ ਜੋੜ ਦਿੱਤਾ।

ਜਤ ਕਤ ਦੇਖਉ ਤਤ ਤਤ ਤੁਮ ਹੀ
ਮੋਹਿ ਇਹੁ ਬਿਸੁਆਸੁ ਹੋਇ ਆਇਓ॥
ਕੈ ਪਹਿ ਕਰਉ ਅਰਦਾਸਿ ਬੇਨਤੀ
ਜਉ ਸੁਨਤੋ ਹੈ ਰਘੁਰਾਇਓ॥੧॥

ਗੁਰਦੇਵ ਜੀ ਆਖਦੇ ਹਨ- ਗੁਰੂ ਦੀ ਕ੍ਰਿਪਾ ਨਾਲ ਹੁਣ ਮੈਨੂੰ ਪੱਕਾ ਯਕੀਨ ਹੋ ਗਿਆ ਹੈ ਕਿ ਮੈਂ ਜਿਧਰ ਵੀ ਵੇਖਦਾ ਹਾਂ, ਉਧਰ ਹੀ ਮੇਰੇ ਪ੍ਰੀਤਮ ਪ੍ਰਭ ਜੀਉ! ਮੈਨੂੰ ਤੂੰ ਦਿਖਾਈ ਦਿੰਦਾ ਹੈ; ਕੈ ਪਹਿ ਕਰਉ ਅਰਦਾਸਿ ਬੇਨਤੀ, ਹੇ ਭਾਈ! ਮੈਨੂੰ ਇਹ ਵੀ ਯਕੀਨ ਹੋ ਗਿਆ ਹੈ ਕਿ ਜਦੋਂ ਉਹ ਮਾਲਕ ਪਰਮਾਤਮਾ ਆਪ ਜੀਵਾਂ ਦੀ ਅਰਦਾਸ ਬੇਨਤੀ ਪਿਆ ਸੁਣਦਾ ਹੈ, ਤਾਂ ਫਿਰ ਭਲਾ ਮੈਂ ਬਿਨਾਂ ਹੋਰ ਕਿਸ ਦੇ ਅੱਗੇ ਅਰਦਾਸ ਕਰਾਂ।

ਲਹਿਓ ਸਹਸਾ ਬੰਧਨ ਗੁਰਿ ਤੋਰੇ
ਤਾਂ ਸਦਾ ਸਹਜ ਸੁਖੁ ਪਾਇਓ॥
ਹੋਣਾ ਸਾ ਸੋਈ ਫੁਨਿ ਹੋਸੀ
ਸੁਖੁ ਦੁਖੁ ਕਹਾ ਦਿਖਾਇਓ॥੨॥

ਹੇ ਭਾਈ! ਗੁਰੂ ਨੇ ਮਿਹਰਵਾਨ ਹੋ ਕੇ ਜਦ ਜੀਣ ਦੇ ਮਾਇਆ ਦੇ ਬੰਧਨ ਤੋੜ ਦਿੱਤੇ, ਤਾਂ ਫਿਰ ਉਸ ਵਡਭਾਗੇ ਜੀਵ ਦਾ ਸਾਰਾ ਹੀ ਫਿਕਰ ਦੂਰ ਹੋ ਗਿਆ, ਤੇ ਉਸ ਨੇ ਸਦਾ ਲਈ ਆਤਮਿਕ ਅਡੋਲਤਾ ਦਾ ਅਨੰਦ ਪ੍ਰਾਪਤ ਕਰ ਲਿਆ; ਹੋਣਾ ਸਾ ਸੋਈ ਫੁਨਿ ਹੋਸੀ, ਫਿਰ ਉਸ ਨੂੰ ਇਹ ਵੀ ਯਕੀਨ ਹੋ ਗਿਆ ਕਿ ਉਹਦੇ ਹੁਕਮ ਅਨੁਸਾਰ ਜੋ ਹੋਣਾ ਸੀ, ਉਹ ਹੋ ਕੇ ਰਹੇਗਾ; ਸੁਖੁ ਦੁਖੁ ਕਹਾ ਦਿਖਾਇਓ, ਉਹਦੇ ਹੁਕਮ ਬਿਨਾਂ ਕੋਈ ਸੁਖ-ਦੁਖ ਕਿਤੇ ਦਿਖਾਈ ਨਹੀਂ ਦਿੰਦਾ।

ਖੰਡ ਬ੍ਰਹਮੰਡ ਕਾ ਏਹੋ ਠਾਣਾ
ਗੁਰਿ ਪਰਦਾ ਖੋਲਿ ਦਿਖਾਇਓ॥
ਨਉ ਨਿਧਿ ਨਾਮੁ ਨਿਧਾਨੁ ਇਕ ਠਾਈ
ਤਉ ਬਾਹਰਿ ਕੈਠੈ ਜਾਇਓ॥੩॥

ਗੁਰਦੇਵ ਜੀ ਆਖਦੇ ਹਨ- ਖੰਡ ਬ੍ਰਹਮੰਡ ਕਾ ਏਹੋ ਠਾਣਾ, ਹੇ ਭਾਈ! ਸਾਰੇ ਖੰਡਾਂ ਤੇ ਬ੍ਰਹਮੰਡਾਂ ਦਾ ਇਕੋ ਪ੍ਰਭੂ ਹੀ ਟਿਕਾਣਾ ਹੈ; ਪੂਰੇ ਗੁਰੂ ਨੇ ਅੰਦਰੋਂ ਹਉਮੈ ਦਾ ਪਰਦਾ ਖੋਲ੍ਹ ਲੋਕ ਜੀਵ ਨੂੰ ਪ੍ਰਭੂ ਦਾ ਦਰਸ਼ਨ ਕਰਾ ਦਿੱਤਾ, ਤਾਂ ਜੀਵ ਨੂੰ ਹਰ ਥਾਂ ਪ੍ਰਭੂ ਹੀ ਦਿਖਾਈ ਦਿੱਤਾ; ਨਉ ਨਿਧਿ ਨਾਮੁ ਨਿਧਾਨੁ ਇਕ ਠਾਈ, ਹੇ ਭਾਈ! ਜਿਸ ਜੀਵ ਦੇ ਅੰਦਰ ਗੁਰੂ ਕ੍ਰਿਪਾ ਨਾਲ ਸੰਸਾਰ ਦੇ ਨੌਂ ਖਜ਼ਾਨਿਆਂ ਦਾ ਰੂਪ, ਨਾਮ ਦਾ ਖਜ਼ਾਨਾ ਵੱਸ ਜਾਵੇ, ਉਸ ਨੂੰ ਬਾਹਰ ਕਿਤੇ ਭਟਕਣ ਦੀ ਲੋੜ ਨਹੀਂ ਰਹਿੰਦੀ।


ਏਕੈ ਕਨਿਕ ਅਨਿਕ ਭਾਤਿ ਸਾਜੀ
ਬਹੁ ਪਰਕਾਰ ਰਚਾਇਓ॥
ਕਹੁ ਨਾਨਕ ਭਰਮੁ ਗੁਰਿ ਖੋਈ ਹੈ
ਇਵ ਤਤੈ ਤਤੁ ਮਿਲਾਇਓ॥੪॥

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ, ਜਿਵੇਂ ਇਕ ਸੋਨੇ ਤੋਂ ਸੁਨਿਆਰੇ ਨੇ ਗਹਿਣਿਆਂ ਦੀ ਅਨੇਕ ਤਰ੍ਹਾਂ ਦੀ ਬਣਤਰ ਬਣਾ ਦਿੱਤੀ, ਉਸੇ ਤਰ੍ਹਾਂ ਹੀ ਪ੍ਰਭੂ ਨੇ ਅਨੇਕਾਂ ਹੀ ਕਿਸਮਾਂ ਦੀ ਇਸ ਦਿਖਾਈ ਦੇ ਰਹੇ ਜਗਤ ਦੀ ਰਚਨਾ ਰਚ ਦਿੱਤੀ ਹੈ; ਗੁਰੂ ਨੇ ਜਿਸ ਜੀਵ ਦਾ ਭਰਮ ਭੁਲੇਖਾ ਮੁਕਾ ਦਿੱਤਾ, ਉਸ ਨੂੰ ਹਰ ਇਕ ਤੱਤ, ਮੂਲ ਤੱਤ ਪ੍ਰਭੂ ਵਿਚ ਮਿਲਦਾ ਦਿਸ ਪੈਂਦਾ ਹੈ, ਜਿਵੇਂ ਅਨੇਕਾਂ ਗਹਿਣੇ ਮੁੜ ਸੋਨੇ ਵਿਚ ਹੀ ਮਿਲ ਜਾਂਦੇ ਹਨ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਸਿੱਖ ਰਾਜ ਦਾ ਆਖਰੀ ਥੰਮ੍ਹ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ

ਸਰਦਾਰ ਸ਼ਾਮ ਸਿੰਘ ਸਿੱਖ ਰਾਜ ਦੇ ਮਹਾਨ ਜਰਨੈਲ ਸਨ। ਇਨ੍ਹਾਂ ਦਾ ਖਾਨਦਾਨ ਜੈਸਲਮੇਰ ਦੇ ਭੱਟੀ ਰਾਜਪੂਤਾਂ ਨਾਲ ਸਬੰਧ ਰੱਖਦਾ ਹੈ। ਇਨ੍ਹਾਂ ਦੇ ਵਡੇਰੇ ਦਾ ਨਾਂ ਕਾਹਨ ਚੰਦ ਸੀ ਅਤੇ ਉਸ ਦੇ ਦੋ ਪੁੱਤਰ ਕੌਰਾ ਤੇ ਗੌਰਾ ਸਨ। ਪੰਜਾਬ ਆ ਕੇ ਇਨ੍ਹਾਂ ਜਗਰਾਵਾਂ ਲਾਗੇ ਪਿੰਡ ਕਾਉਂਕੇ ਵਸਾਇਆ ਜਿਸ ਨੂੰ ਅੱਜ ਕੱਲ੍ਹ ਕਾਉਂਕੇ ਕਲਾਂ ਕਹਿੰਦੇ ਹਨ। ਮਿਸਲਾਂ ਦਾ ਜ਼ਮਾਨਾ ਸੀ। ਪੰਜਾਬ ਵਿਚ ਸਿੱਖ, ਰਾਜਨੀਤਕ ਸ਼ਕਤੀ ਵਜੋਂ ਉਭਰ ਰਹੇ ਸਨ। ਸਿੱਖਾਂ ਦੀ ਉਭਰ ਰਹੀ ਤਾਕਤ ਤੋਂ ਪ੍ਰਭਾਵਿਤ ਹੋ ਕੇ ਕੌਰੇ ਤੇ ਗੌਰੇ ਨੇ ਅੰਮ੍ਰਿਤਸਰ ਪੁੱਜ ਕੇ ਅੰਮ੍ਰਿਤ ਛਕਿਆ ਤੇ ਕੌਰ ਸਿੰਘ ਅਤੇ ਗੌਰ ਸਿੰਘ ਬਣ ਗਏ। ਕੁਝ ਚਿਰ ਬਾਅਦ ਇਨ੍ਹਾਂ ਨੇ ਅਜੋਕੇ ਕਸਬੇ ਅਟਾਰੀ ਤੋਂ ਚੜ੍ਹਦੇ ਪਾਸੇ ਪਿੰਡ ਕਾਉਂਕੇ ਵਸਾਇਆ। ਮੌਜੂਦਾ ਵਸੀ ਅਟਾਰੀ ਤੋਂ ਪਹਿਲਾਂ ਉਥੇ ਥੇਹ ਸੀ। ਇਸ ਥੇਹ 'ਤੇ




ਜਸਵੰਤ ਸਿੰਘ ਸੰਧੂ (ਘਰਿੰਡਾ)
ਯੂਨੀਅਨ ਸਿਟੀ, ਕੈਲੀਫੋਰਨੀਆ
ਫੋਨ: 510-516-5971


ਮਹੰਤ ਰਹਿੰਦੇ ਸਨ ਜਿਨ੍ਹਾਂ ਨੂੰ ਚੋਰਾਂ ਡਾਕੂਆਂ ਨੇ ਕਈ ਵਾਰ ਲੁੱਟਿਆ। ਉਨ੍ਹਾਂ ਮਹੰਤਾਂ ਨੇ ਚੋਰਾਂ ਡਾਕੂਆਂ ਤੋਂ ਤੰਗ ਆ ਕੇ ਕੌਰ ਸਿੰਘ ਤੇ ਗੌਰ ਸਿੰਘ ਨੂੰ ਆਪਣੀ ਰੱਖਿਆ ਲਈ ਬੇਨਤੀ ਕੀਤੀ। ਮਹੰਤਾਂ ਨੇ ਦੋਵਾਂ ਸਰਦਾਰਾਂ ਨੂੰ ਇਸ ਥੇਹ 'ਤੇ ਤਿੰਨ ਮੰਜ਼ਿਲਾ ਮਕਾਨ ਬਣਾ ਕੇ ਦਿੱਤਾ ਤੇ ਨਾਂ ਰੱਖਿਆ- ਅਟਾਰੀ। ਕਾਉਂਕੇ ਤੋਂ ਉਠ ਕੇ ਸਰਦਾਰਾਂ ਦਾ ਪਰਿਵਾਰ ਅਟਾਰੀ ਆਣ ਵੱਸਿਆ।

ਅੰਮ੍ਰਿਤ ਛਕਣ ਤੋਂ ਬਾਅਦ ਗੌਰ ਸਿੰਘ ਤੇ ਕੌਰ ਸਿੰਘ ਭੰਗੀ ਮਿਸਲ ਦੇ ਸਰਦਾਰ ਗੁਰਬਖਸ਼ ਸਿੰਘ ਰੋੜਾਂਵਾਲਾ ਪਾਸ ਨੌਕਰ ਹੋ ਗਏ। 1737 ਈਸਵੀ ਵਿਚ ਅਟਾਰੀ ਦੇ ਉਦਾਲੇ ਗੌਰ ਸਿੰਘ ਨੂੰ 7000 ਰੁਪਏ ਦੀ ਜਾਗੀਰ ਮਿਲੀ। ਗੁਰਬਖਸ਼ ਸਿੰਘ ਦੇ ਮਰਨ ਤੋਂ ਬਾਅਦ ਗੌਰ ਸਿੰਘ, ਲਹਿਣਾ ਸਿੰਘ ਅਤੇ ਗੁਜਰ ਸਿੰਘ ਦਾ ਨੌਕਰ ਹੋ ਗਿਆ। 18,600 ਰੁਪਏ ਦੀ ਜਾਗੀਰ ਹੋਰ ਲਈ। ਗੌਰ ਸਿੰਘ ਦੀ ਮੌਤ ਹੋਣ ਪਿਛੋਂ ਉਸ ਦਾ ਲੜਕਾ ਨਿਹਾਲ ਸਿੰਘ, ਸਾਹਿਬ ਸਿੰਘ ਭੰਗੀ ਗੁਜਰਾਤ ਵਾਲੇ ਕੋਲ ਨੌਕਰ ਜਾ ਹੋਇਆ। ਮਹਾਰਾਜਾ ਰਣਜੀਤ ਸਿੰਘ ਦੀ ਵਧਦੀ ਤਾਕਤ ਵੇਖ ਕੇ ਭੰਗੀ ਸਰਦਾਰ ਦੀ ਨੌਕਰੀ ਛੱਡ ਕੇ ਉਨ੍ਹਾਂ ਦੀ ਫੌਜ ਵਿਚ ਭਰਤੀ ਹੋ ਗਿਆ। ਮਹਾਰਾਜਾ ਵਲੋਂ ਉਸ ਨੂੰ 1803 ਵਿਚ 54,500 ਰੁਪਏ ਦੀ ਜਾਗੀਰ ਮਿਲੀ। ਉਹ ਮਹਾਰਾਜੇ ਦੀਆਂ ਬਹੁਤ ਸਾਰੀਆਂ ਮੁਹਿੰਮਾਂ ਵਿਚ ਸ਼ਾਮਲ ਰਿਹਾ। 1807 ਵਿਚ ਕਸੂਰ ਫਤਹਿ ਕਰ ਕੇ ਪਹਿਲਾ ਨਾਜ਼ਮ ਉਸੇ ਨੂੰ ਥਾਪਿਆ। ਇਸ ਦੀ ਜਾਗੀਰ ਵਧਦੀ-ਵਧਦੀ 306800 ਰੁਪਏ ਤੱਕ ਜਾ ਪਹੁੰਚੀ। 1817 ਵਿਚ ਮਹਾਰਾਜਾ ਆਪਣੇ ਠਹਿਰਨ ਵਾਸਤੇ ਬਣਾਏ ਬੁਰਜ (ਜੋ ਅੱਜ ਖੰਡਰ ਹਾਲਤ ਵਿਚ ਮੌਜੂਦ ਹੈ) ਪਿੰਡ ਵਣੀਏ ਕੀ ਵਿਖੇ ਠਹਿਰੇ ਹੋਏ ਸਨ। ਉਨ੍ਹਾਂ ਅਜਿਹੇ ਬੁਰਜ ਲੋਕਾਂ ਦੇ ਦੁੱਖ, ਤਕਲੀਫਾਂ ਤੇ ਸ਼ਿਕਾਇਤਾਂ ਸੁਣਨ ਲਈ ਬਣਾਏ ਹੋਏ ਸਨ। ਉਥੇ ਮਹਾਰਾਜਾ ਸਖ਼ਤ ਬਿਮਾਰ ਪੈ ਗਏ। ਬਚਣ ਦੀ ਕੋਈ ਆਸ ਨਹੀਂ ਸੀ, ਵੈਦ-ਹਕੀਮਾਂ ਨੇ ਜਵਾਬ ਦੇ ਦਿੱਤਾ।

ਸ. ਸ਼ਾਮ ਸਿੰਘ ਦੇ ਪਿਤਾ ਸ. ਨਿਹਾਲ ਸਿੰਘ ਅਟਾਰੀਵਾਲੇ ਨੇ ਮਹਾਰਾਜੇ ਦੇ ਪਲੰਘ ਕੋਲ ਖਲੋ ਕੇ ਵਾਹਿਗੁਰੂ ਅੱਗੇ ਸੱਚੇ ਦਿਲੋਂ ਅਰਦਾਸ ਕੀਤੀ, "ਹੇ ਸੱਚੇ ਪਾਤਸ਼ਾਹ! ਮੇਰੀ ਬਾਕੀ ਦੀ ਜ਼ਿੰਦਗੀ ਮਹਾਰਾਜੇ ਨੂੰ ਮਿਲ ਜਾਏ ਤੇ ਇਨ੍ਹਾਂ ਦੀ ਬਿਮਾਰੀ ਮੈਨੂੰ ਲੱਗ ਜਾਏ।" ਅਰਦਾਸ ਸੁਣੀ ਗਈ ਅਤੇ ਮਹਾਰਾਜਾ ਤੰਦਰੁਸਤ ਹੋ ਗਏ ਪਰ ਵਾਪਸ ਅਟਾਰੀ ਆ ਕੇ ਸ. ਨਿਹਾਲ ਸਿੰਘ ਬਿਮਾਰ ਪੈ ਗਏ। ਰੱਬ ਦਾ ਕਰਨਾ, ਜਿਸ ਦਿਨ ਮਹਾਰਾਜੇ ਨੇ ਬਿਮਾਰੀ ਤੋਂ ਬਾਅਦ ਪਹਿਲਾ ਇਸ਼ਨਾਨ ਕੀਤਾ, ਸ. ਨਿਹਾਲ ਸਿੰਘ ਜਨਵਰੀ 1818 ਨੂੰ ਅਕਾਲ ਚਲਾਣਾ ਕਰ ਗਏ। ਮਹਾਰਾਜਾ ਆਪ ਲਾਹੌਰੋਂ ਚੱਲ ਕੇ ਅਟਾਰੀ ਪਹੁੰਚੇ, ਤੇ ਸ. ਨਿਹਾਲ ਸਿੰਘ ਦਾ ਆਪਣੇ ਹੱਥੀਂ ਸਸਕਾਰ ਕੀਤਾ। ਸਸਕਾਰ ਵਾਲੀ ਜਗ੍ਹਾ 'ਤੇ ਆਲੀਸ਼ਾਨ ਸਮਾਧ ਬਣਾਈ ਜੋ ਅਟਾਰੀ ਵਿਚ ਅੱਜ ਵੀ ਬੜੀ ਚੰਗੀ ਹਾਲਤ ਵਿਚ ਮੌਜੂਦ ਹੈ। ਮਹਾਰਾਜਾ ਨੇ ਉਨ੍ਹਾਂ ਦੀ ਥਾਂ ਉਨ੍ਹਾਂ ਦੇ ਪੁੱਤਰ ਸ਼ਾਮ ਸਿੰਘ ਨੂੰ ਫੌਜਾਂ ਦਾ ਸਰਦਾਰ ਬਣਾ ਦਿੱਤਾ ਤੇ ਨਾਲ ਹੀ ਸਾਰੀ ਜਾਗੀਰ ਉਸ ਦੇ ਹਵਾਲੇ ਕਰ ਦਿੱਤੀ। ਸਰਦਾਰ ਬਣਨ ਤੋਂ ਬਾਅਦ ਸ. ਸ਼ਾਮ ਸਿੰਘ ਨੇ ਆਪਣੀ ਕਮਾਂਡ ਥੱਲੇ ਸਭ ਮੁਹਿੰਮਾਂ ਵਿਚ ਮਹਾਰਾਜੇ ਦਾ ਸਾਥ ਦਿੱਤਾ, ਜਿੱਤਾਂ ਪ੍ਰਾਪਤ ਕੀਤੀਆਂ ਤੇ ਆਪਣੀ ਬਹਾਦਰੀ ਦੀ ਧਾਂਕ ਜਮਾਈ।

ਸਿੱਖ ਦਰਬਾਰ ਲਾਹੌਰ ਵਿਚ ਸ. ਸ਼ਾਮ ਸਿੰਘ ਦਾ ਪੂਰਾ ਮਾਣ-ਸਤਿਕਾਰ ਸੀ। ਸ. ਸ਼ਾਮ ਸਿੰਘ ਨੇ ਆਪਣੀ ਲੜਕੀ ਦਾ ਰਿਸ਼ਤਾ ਖੜਕ ਸਿੰਘ ਦੇ ਪੁੱਤਰ ਕੰਵਰ ਨੌਨਿਹਾਲ ਸਿੰਘ ਨਾਲ ਕਰ ਦਿੱਤਾ। 8 ਮਾਰਚ 1837 ਨੂੰ ਬੀਬੀ ਨਾਨਕੀ ਤੇ ਕੰਵਰ ਨੌਨਿਹਾਲ ਸਿੰਘ ਦਾ ਵਿਆਹ ਧੂਮ-ਧਾਮ ਨਾਲ ਹੋਇਆ। ਸ. ਸ਼ਾਮ ਸਿੰਘ ਦੇ 15 ਲੱਖ ਰੁਪਏ ਖਰਚ ਹੋਏ। ਰਾਜੇ ਮਹਾਰਾਜੇ ਸਮੇਤ ਅੰਗਰੇਜ਼ ਅਹੁਦੇਦਾਰਾਂ ਦੇ, ਇਸ ਵਿਚ ਸ਼ਾਮਲ ਹੋਏ। ਜਿਹੜਾ ਸਿਹਰਾ ਅੰਮ੍ਰਿਤਸਰ ਦੇ ਜੌਹਰੀ ਨੇ ਕੰਵਰ ਨੌਨਿਹਾਲ ਸਿੰਘ ਲਈ ਬਣਾਇਆ, ਉਹ ਮਹਾਰਾਜਾ ਨੇ ਗੁਰੂ ਘਰ ਦਾ ਅਨਿਨ ਸ਼ਰਧਾਲੂ ਹੋਣ ਕਰ ਕੇ ਕੰਵਰ ਜੀ ਦੇ ਸਿਰ 'ਤੇ ਬੰਨ੍ਹਣ ਦੀ ਬਜਾਇ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਚੜ੍ਹਾ ਦਿੱਤਾ ਜੋ ਅੱਜ ਵੀ ਤੋਸ਼ੇਖਾਨੇ ਵਿਚ ਅੰਮ੍ਰਿਤਸਰ ਦਰਬਾਰ ਸਾਹਿਬ ਵਿਚ ਸੁਸ਼ੋਭਿਤ ਹੈ।

30 ਅਪਰੈਲ 1837 ਵਿਚ ਸ. ਹਰੀ ਸਿੰਘ ਨਲੂਆ ਪਠਾਣਾਂ ਨਾਲ ਲੜਦਿਆਂ ਜਮਰੌਦ ਵਿਖੇ ਸ਼ਹੀਦ ਹੋ ਗਏ। ਉਨ੍ਹਾਂ ਦੀ ਸ਼ਹੀਦੀ ਦਾ ਮਹਾਰਾਜੇ ਨੂੰ ਬਹੁਤ ਸਦਮਾ ਪਹੁੰਚਿਆ। ਸਾਰੀਆਂ ਜ਼ਿੰਮੇਵਾਰੀਆਂ ਉਨ੍ਹਾਂ ਦੇ ਮੋਢਿਆਂ 'ਤੇ ਆਣ ਪਈਆਂ। ਨਾਲ ਹੀ ਉਨ੍ਹਾਂ ਦੀ ਸਿਹਤ ਵਿਗੜਨੀ ਸ਼ੁਰੂ ਹੋ ਗਈ। ਅਖੀਰ 27 ਜੂਨ 1837 ਨੂੰ ਉਹ ਸੁਰਗਵਾਸ ਹੋ ਗਏ। ਉਨ੍ਹਾਂ ਤੋਂ ਬਾਅਦ ਦਰਬਾਰ ਵਿਚ ਡੋਗਰਿਆਂ ਦੀਆਂ ਸਾਜ਼ਿਸ਼ਾਂ ਤੇ ਸਿੱਖ ਸਰਦਾਰਾਂ ਦੀ ਗੱਦੀ ਦੀ ਭੁੱਖ ਨੇ ਖਾਨਾਜੰਗੀ ਨੂੰ ਜਨਮ ਦਿੱਤਾ। ਖੜਕ ਸਿੰਘ ਤੇ ਕੰਵਰ ਨੌਨਿਹਾਲ ਇਨ੍ਹਾਂ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਗਏ। ਉਸ ਵਕਤ ਸ. ਸ਼ਾਮ ਸਿੰਘ ਰਾਵਲਪਿੰਡੀ ਆਪਣੀ ਜਾਗੀਰ 'ਤੇ ਸੀ। ਇਸ ਘਰੇਲੂ ਜੰਗ ਤੋਂ ਤੰਗ ਆ ਕੇ ਸ. ਸ਼ਾਮ ਸਿੰਘ ਲਾਹੌਰ ਦਰਬਾਰ ਛੱਡ ਕੇ ਅਟਾਰੀ ਚਲੇ ਗਏ।

ਆਖਿਰ ਦਲੀਪ ਸਿੰਘ ਨੂੰ ਗੱਦੀ 'ਤੇ ਬਿਠਾਇਆ ਗਿਆ। ਮਹਾਰਾਣੀ ਜਿੰਦ ਕੌਰ ਉਸ ਦੀ ਸਰਪ੍ਰਸਤ ਬਣੀ। ਮਹਾਰਾਣੀ ਜਿੰਦਾਂ ਬੜੀ ਸੂਝਵਾਨ ਔਰਤ ਸੀ। ਘਰ ਪਾਟਾ ਹੋਇਆ ਸੀ। ਸ. ਸ਼ਾਮ ਸਿੰਘ ਤੇ ਮਹਾਰਾਣੀ ਜਿੰਦਾਂ ਲੜਾਈ ਕਰਨਾ ਨਹੀਂ ਸੀ ਚਾਹੁੰਦੇ ਪਰ ਲਾਲ ਸਿੰਘ ਤੇ ਤੇਜ ਸਿੰਘ ਅੰਗਰੇਜ਼ਾਂ ਨਾਲ ਮਿਲੇ ਹੋਏ ਸਨ। ਉਹ ਖਾਲਸਾ ਫੌਜ ਨੂੰ ਤਬਾਹ ਕਰਵਾ ਕੇ ਆਪ ਆਪਣੀ ਮਰਜ਼ੀ ਦਾ ਰਾਜ ਚਾਹੁੰਦੇ ਸਨ।

ਨਵੰਬਰ 1845 ਦੇ ਅਰੰਭ ਵਿਚ ਸਿੱਖ ਸਰਦਾਰਾਂ ਤੇ ਫੌਜੀ ਪੰਚਾਂ ਦੀ ਸਭਾ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਉਤੇ ਹੋਈ। ਲਾਲ ਸਿੰਘ ਤੇ ਤੇਜ ਸਿੰਘ ਦੇ ਭੜਕਾਏ ਹੋਏ ਫੌਜੀ ਪੰਚ ਲੜਾਈ ਦੇ ਹਾਮੀ ਸਨ। ਅੰਤ ਬਹੁ-ਸੰਮਤੀ ਲੜਾਈ ਲੜਨ ਵਾਲਿਆਂ ਦੀ ਹੋਈ। ਇਸ ਤੋਂ ਬਾਅਦ ਦੋ ਲੜਾਈਆਂ ਮੁਦਕੀ ਤੇ ਫੇਰੂ ਸ਼ਹਿਰ ਦੀਆਂ ਹੋਈਆਂ ਅਤੇ ਲਾਲ ਸਿੰਘ ਤੇ ਤੇਜ ਸਿੰਘ ਦੀ ਗੱਦਾਰੀ ਕਾਰਨ ਸਿੱਖ ਫੌਜਾਂ ਹਾਰ ਗਈਆਂ। ਸ. ਸ਼ਾਮ ਸਿੰਘ ਅਟਾਰੀਵਾਲਾ, ਅਟਾਰੀ ਵਿਚ ਬੈਠਾ ਜੰਗ ਦੀਆਂ ਖਬਰਾਂ ਰੋਜ਼ ਸੁਣਦਾ ਰਹਿੰਦਾ ਸੀ। ਮੁਦਕੀ ਤੇ ਫੇਰੂ ਸ਼ਹਿਰ ਦੀਆਂ ਹਾਰਾਂ ਉਹਦੇ ਸੀਨੇ ਵਿਚ ਕੰਡੇ ਵਾਂਗ ਰੜਕ ਰਹੀਆਂ ਸੀ। ਮਹਾਰਾਣੀ ਜਿੰਦਾਂ ਨੇ ਚਾਰ-ਚੁਫੇਰੇ ਨਜ਼ਰ ਦੌੜਾਈ ਤਾਂ ਸਿਰਫ ਸ. ਸ਼ਾਮ ਸਿੰਘ ਹੀ ਉਸ ਨੂੰ ਨਜ਼ਰ ਆਇਆ ਜੋ ਸਿੱਖ ਰਾਜ ਦੀ ਡੁੱਬਦੀ ਬੇੜੀ ਨੂੰ ਬੰਨੇ ਲਾ ਸਕਦਾ ਸੀ। ਉਸ ਨੇ ਰੋਹ ਭਰੀ ਚਿੱਠੀ ਆਪਣੇ ਹਰਕਾਰੇ ਰਾਹੀਂ ਸ਼ਾਮ ਸਿੰਘ ਨੂੰ ਭੇਜੀ ਜਿਸ ਦਾ ਢਾਡੀ ਸੋਹਣ ਸਿੰਘ ਸੀਤਲ ਨੇ ਆਪਣੀ ਕਲਮ ਨਾਲ ਇਸ ਤਰ੍ਹਾਂ ਬਿਆਨ ਕੀਤਾ ਹੈ,

ਚਿੱਠੀ ਲਿਖੀ ਮਹਾਰਾਣੀ ਨੇ ਸ਼ਾਮ ਸਿੰਘ ਨੂੰ,
ਬੈਠ ਰਿਹੈਂ ਕੀ ਚਿੱਤ ਵਿਚ ਧਾਰ ਸਿੰਘਾ!
ਦੋਵੇਂ ਜੰਗ 'ਮੁਦਕੀ' 'ਫੇਰੂ ਸ਼ਹਿਰ' ਵਾਲੇ,
ਸਿੱਖ ਆਏ ਅੰਗਰੇਜ਼ਾਂ ਤੋਂ ਹਾਰ ਸਿੰਘਾ!
ਕਾਹਨੂੰ ਹਾਰਦੇ, ਕਿਉਂ ਮਿਹਣੇ ਜੱਗ ਦੇਂਦਾ?
ਜਿਉਂਦੀ ਹੁੰਦੀ ਜੇ ਅੱਜ 'ਸਰਕਾਰ' ਸਿੰਘਾ!
ਤੇਗ ਸਿੰਘਾਂ ਦੀ ਤਾਂ ਖੁੰਢੀ ਨਹੀਂ ਹੋ ਗਈ,
ਐਪਰ ਆਪਣੇ ਹੋ ਗਏ ਗੱਦਾਰ ਸਿੰਘਾ!
ਦੇਸ਼ ਧ੍ਰੋਹੀ ਵਜ਼ੀਰ ਜਰਨੈਲ ਰਲ ਕੇ,
ਵੇਖ ਕੌਮ ਦਾ ਮੁੱਲ ਕੀ ਪਾ ਰਹੇ ਨੇ।
ਚਾਈਂ-ਚਾਈਂ ਗੁਲਾਮੀ ਦੀਆਂ ਬੇੜੀਆਂ ਪਾ,
ਉਹ ਪੰਜਾਬ ਦੀ ਅਣਖ ਮਿਟਾ ਰਹੇ ਨੇ।
ਅਜੇ ਸਮਾਂ ਹਈ ਵਕਤ ਸੰਭਾਲ ਸਿੰਘਾ,
ਰੁੜ੍ਹੀ ਜਾਂਦੀ ਪੰਜਾਬ ਦੀ ਸ਼ਾਨ ਰੱਖ ਲੈ।
ਲਹਿੰਦੀ ਦਿਸੇ 'ਰਣਜੀਤ' ਦੀ ਪੱਗ ਮੈਨੂੰ,
ਮੋਏ ਮਿੱਤਰ ਦੀ ਯੋਧਿਆ! ਆਨ ਰੱਖ ਲੈ।

ਸ. ਸ਼ਾਮ ਸਿੰਘ ਨੇ ਚਿੱਠੀ ਪੜ੍ਹੀ। ਚਿੱਠੀ ਵਿਚ ਦੋਹਾਂ ਲੜਾਈਆਂ ਦਾ ਵੇਰਵਾ ਤੇ ਖਾਲਸਾ ਫੌਜ ਦੇ ਹਾਰ ਦੇ ਕਾਰਨ ਸਾਫ-ਸਾਫ ਲਿਖੇ ਹੋਏ ਸਨ। ਜਗੀਰਦਾਰ ਹੋਣ ਕਰ ਕੇ ਸ. ਸ਼ਾਮ ਸਿੰਘ ਕੋਲ ਕੁਝ ਉਸ ਦੀ ਨਿੱਜੀ ਫੌਜ ਸੀ, ਕੁਝ ਦੇਸ਼ ਤੋਂ ਮਰ ਮਿਟਣ ਵਾਲੇ ਸੂਰਮੇ ਲਾਹੌਰ ਦਰਬਾਰ ਦੀ ਭਰਾ-ਮਾਰੂ ਲੜਾਈ ਤੋਂ ਤੰਗ ਆ ਕੇ ਆਪਣੇ ਘਰਾਂ ਵਿਚ ਬੈਠ ਗਏ ਸਨ। ਸ. ਸ਼ਾਮ ਸਿੰਘ ਨੇ ਉਨ੍ਹਾਂ ਨੂੰ ਵੀ ਚਿੱਠੀਆਂ ਪਾ ਕੇ ਅਟਾਰੀ ਸੱਦ ਲਿਆ। ਉਹ ਦੇਸ਼ ਦੀ ਆਜ਼ਾਦੀ ਨੂੰ ਬਚਾਉਣ ਵਾਸਤੇ ਆਖਰੀ ਯਤਨ ਕਰਨ ਲਈ ਆਪਣੇ ਮੁੱਠੀ ਭਰ ਜਾਂਬਾਜ਼ਾਂ ਨੂੰ ਨਾਲ ਲੈ ਕੇ ਸਭਰਾਵਾਂ ਦੇ ਮੈਦਾਨ ਨੂੰ ਤੁਰ ਪਿਆ।

10 ਫਰਵਰੀ 1846 ਨੂੰ ਸੂਰਜ ਅਜੇ ਚੜ੍ਹਨ ਵਾਲਾ ਸੀ। ਰਾਜਾ ਗੁਲਾਬ ਸਿੰਘ ਨਾਲ ਹੋਏ ਗੁਪਤ ਸਮਝੌਤੇ ਕਾਰਨ ਅੰਗਰੇਜ਼ਾਂ ਦੇ ਹੌਸਲੇ ਬੁਲੰਦ ਸਨ। ਉਨ੍ਹਾਂ ਦਾ ਜੰਗੀ ਸਾਮਾਨ ਮੈਦਾਨ ਵਿਚ ਪਹੁੰਚ ਚੁੱਕਾ ਸੀ। ਸ. ਸ਼ਾਮ ਸਿੰਘ ਵੀ ਸਭਰਾਵਾਂ ਦੇ ਮੈਦਾਨ ਵਿਚ ਪਹੁੰਚ ਗਿਆ। ਉਸ ਨੇ ਮੋਰਚੇ ਦੀਆਂ ਸਾਰੀਆਂ ਤੋਪਾਂ ਦਾ ਮੁਆਇਨਾ ਕੀਤਾ। ਸਭਰਾਵਾਂ ਵਿਚ ਕੱਚਾ ਕਿਲ੍ਹਾ ਉਸਾਰਿਆ ਜਿਸ ਦਾ ਨਾਂ ਫ਼ਤਿਹਗੜ੍ਹ ਰੱਖਿਆ। ਗੱਦਾਰ ਲਾਲ ਸਿੰਘ ਤੇ ਤੇਜ ਸਿੰਘ ਨੇ ਸ਼ਾਮ ਸਿੰਘ ਨੂੰ ਕਿਹਾ ਕਿ 'ਅਸੀਂ ਜੰਗ ਜਿੱਤ ਨਹੀਂ ਸਕਾਂਗੇ।' ਸ. ਸ਼ਾਮ ਸਿੰਘ ਨੇ ਕਿਹਾ ਕਿ 'ਮੈਂ ਅਟਾਰੀਓਂ ਅਰਦਾਸ ਕਰ ਕੇ ਤੁਰਿਆਂ ਕਿ ਜਾਂ ਜੰਗ ਜਿੱਤ ਕੇ ਅਟਾਰੀ ਵਾਪਸ ਜਾਵਾਂਗਾ, ਜਾਂ ਸ਼ਹੀਦ ਹੋ ਕੇ।' ਗੱਦਾਰ ਤੇਜ ਸਿੰਘ ਨੇ ਸਾਰਾ ਜੰਗੀ ਨਕਸ਼ਾ ਅੰਗਰੇਜ਼ਾਂ ਨੂੰ ਭੇਜ ਦਿੱਤਾ। ਜਦ ਜਰਨੈਲ ਹੀ ਦੁਸ਼ਮਣ ਨਾਲ ਰਲ ਜਾਣ, ਤਾਂ ਜਿੱਤ ਦੀ ਆਸ ਕਿਵੇਂ ਰੱਖੀ ਜਾ ਸਕਦੀ ਹੈ। ਉਸ ਵੇਲੇ ਫਿਰੋਜ਼ਪੁਰ ਵਿਚ ਸਿਰਫ਼ 7000 ਫੌਜੀ ਸਨ। ਜੇ ਸਿੱਖ ਉਸ ਵੇਲੇ ਹਮਲਾ ਕਰ ਦਿੰਦੇ ਤਾਂ ਅੰਗਰੇਜ਼ ਸਦਾ ਵਾਸਤੇ ਹਾਰ ਜਾਂਦੇ ਤੇ ਜੰਗ ਦਾ ਨਕਸ਼ਾ ਕੁਝ ਹੋਰ ਹੀ ਹੁੰਦਾ।

ਬਾਰੂਦ ਦੀ ਸਪਲਾਈ ਲਈ ਦਰਿਆ 'ਤੇ ਬੇੜੀਆਂ ਦਾ ਆਰਜ਼ੀ ਪੁਲ ਤਿਆਰ ਕੀਤਾ। 10 ਫਰਵਰੀ 1846 ਨੂੰ ਅੰਗਰੇਜ਼ਾਂ ਨੇ ਆਪਣੀਆਂ ਤੋਪਾਂ ਦਾਗੀਆਂ। ਅੱਗਿਉਂ ਸਿੱਖਾਂ ਨੇ ਵੀ ਤੋਤੇ ਦਾਗੇ। ਦੋਹਾਂ ਪਾਸਿਆਂ ਤੋਂ ਅੱਗ ਵਰ੍ਹਨ ਲੱਗੀ। ਤਿੰਨ ਘੰਟੇ ਘਮਸਾਣ ਦਾ ਯੁੱਧ ਹੁੰਦਾ ਰਿਹਾ। ਸੋ ਗੱਫ਼ ਨੇ ਚਾਰ ਪਲਟਣਾਂ (ਦਸਵੀਂ ਪੈਦਲ, ਮਲਕਾ ਦੀ 53ਵੀਂ ਪੈਦਲ, 43ਵੀਂ ਦੇਸੀ ਤੇ 49ਵੀਂ ਦੇਸੀ ਸਣੇ ਤੋਪਖਾਨੇ) ਨਵੀਆਂ ਜੋ ਅੱਗੇ ਕਿਸੇ ਲੜਾਈ ਵਿਚ ਸਿੱਖਾਂ ਨਾਲ ਨਹੀਂ ਸਨ ਲੜੀਆਂ, ਸਿੱਖਾਂ 'ਤੇ ਹਮਲਾ ਕਰਨ ਵਾਸਤੇ ਤਜਵੀਜ਼ ਕੀਤੀਆਂ। ਅੰਗਰੇਜ਼ ਵਾਰ-ਵਾਰ ਹਮਲਾ ਕਰਦੇ ਰਹੇ ਤੇ ਖਾਲਸਾ ਫੌਜ ਦੀ ਫੌਲਾਦੀ ਕੰਧ ਨਾਲ ਟੱਕਰ ਖਾ ਕੇ ਵਾਪਸ ਮੁੜਦੇ। ਗਿਆਨੀ ਸੋਹਣ ਸਿੰਘ ਘੁਕੇਵਾਲੀਆਂ ਨੇ ਇਸ ਭਿਆਨਕ ਲੜਾਈ ਦੇ ਦ੍ਰਿਸ਼ ਇਸ ਤਰ੍ਹਾਂ ਕਲਮਬੰਦ ਕੀਤਾ ਹੈ,

ਇਧਰ ਚੜ੍ਹਿਆ ਸ਼ਾਮ ਸਿੰਘ ਗੱਫ਼ ਦੂਜੇ ਪਾਸੇ,
ਵਾਟਰਲੂ ਦੇ ਮੈਦਾਨ ਵਿਚ ਪਾ ਤਗਮੇ ਖਾਸੇ।
ਫਿਰਦੇ ਘੋੜੇ ਹਿਣਕਦੇ ਸ਼ੀਂਹ ਖੂਨ ਪਿਆਸੇ,
ਅੰਬਰ ਹਾਥੀ ਚੀਕਿਆ ਧੂੰ ਚੜ੍ਹਿਆ ਨਾਸੇ।
ਤੜ-ਤੜ ਚੱਲਣ ਗੋਲੀਆਂ ਜਿਉਂ ਮਹਿਲੀਂ ਹਾਸੇ,
ਰੱਤ ਪੀਣ ਕਲਯੋਗਣਾਂ ਭਰ-ਭਰ ਕੇ ਕਾਸੇ।
ਜਿਵੇਂ ਅੱਗ ਲੱਗੀ ਗੰਧਕਾਂ ਪੈ ਪੈਣ ਪਟਾਕੇ,
ਰਣ ਵਿਚ ਡਿਗਣ ਸੂਰਮੇ ਹੋ ਆਸੇ-ਪਾਸੇ।

'ਜੰਗਨਾਮਾਂ ਸਿੰਘਾਂ ਤੇ ਫਰੰਗੀਆਂ' ਵਿਚ ਸ਼ਾਹ ਮੁਹੰਮਦ ਸ. ਸ਼ਾਮ ਸਿੰਘ ਦੀ ਬਹਾਦਰੀ ਬਾਰੇ ਇਸ ਤਰ੍ਹਾਂ ਬਿਆਨ ਕਰਦਾ ਹੈ,

ਆਈਆਂ ਪਲਤਣਾਂ ਬੀੜ ਕੇ ਤੋਪਖਾਨੇ,
ਅੱਗੋਂ ਸਿੰਘਾਂ ਨੇ ਪਾਸੜੇ ਮੋੜ ਸੁੱਟੇ।
ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ,
ਹੱਲੇ ਤਿੰਨ ਫਰੰਗੀ ਦੇ ਤੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
ਬੰਨ੍ਹ ਸ਼ਸਤਰੀ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।



ਜਦ ਲਾਲ ਸਿੰਘ ਤੇ ਤੇਜ ਸਿੰਘ ਨੇ ਵੇਖਿਆ ਕਿ ਖਾਲਸਾ ਫੌਜ ਬੜੀ ਬਹਾਦਰੀ ਨਾਲ ਸ. ਸ਼ਾਮ ਸਿੰਘ ਦੀ ਕਮਾਂਡ ਥੱਲੇ ਲੜ ਰਹੀ ਹੈ ਤੇ ਉਨ੍ਹਾਂ ਤਾਂ ਅੰਗਰੇਜ਼ਾਂ ਨੂੰ ਜਿਤਾਉਣ ਦਾ 'ਵਾਇਦਾ' ਕੀਤਾ ਹੋਇਆ ਹੈ; ਉਨ੍ਹਾਂ ਬਾਰੂਦ ਭਰੀਆਂ ਬੇੜੀਆਂ ਦਰਿਆ ਵਿਚ ਡੋਬ ਦਿੱਤੀਆਂ। ਬਾਰੂਦ ਦੀ ਥਾਂ ਪੇਟੀਆਂ ਵਿਚ ਸਰ੍ਹੋਂ ਤੇ ਰੇਤ ਭੇਜ ਦਿੱਤੀ। ਬੇੜੀਆਂ ਦਾ ਬਣਾਇਆ ਆਰਜ਼ੀ ਪੁਲ ਵੀ ਤੋੜ ਦਿੱਤਾ ਅਤੇ ਆਪਣੇ ਹਮਾਇਤੀ ਫੌਜੀਆਂ ਨਾਲ ਮੈਦਾਨ ਵਿਚੋਂ ਭੱਜ ਗਏ। ਬੰਦੂਕਚੀਆਂ ਨੂੰ ਬਾਰੂਦ ਮਿਲਣਾ ਬੰਦ ਹੋ ਗਿਆ ਸੀ। ਦੂਰ-ਮਾਰੂ ਤੋਪਾਂ ਦੇ ਗੋਲੇ ਅੰਗਰੇਜ਼ੀ ਫੌਜ ਦੇ ਉਪਰ ਦੀ ਅਗਲੇ ਪਾਸੇ ਜਾ ਕੇ ਪੈਂਦੇ ਸਨ ਕਿਉਂਕਿ ਉਨ੍ਹਾਂ ਤੋਪਾਂ ਦੇ ਚਲਾਉਣ ਵਾਲੇ ਮੁਸਲਮਾਨ ਸਨ ਜੋ ਤੋਪਾਂ ਦੇ ਮੂੰਹ ਉਚੇ ਕਰ ਕੇ ਚਲਾਉਂਦੇ ਸਨ ਤਾਂ ਜੋ ਦੁਸ਼ਮਣ ਦਾ ਕੋਈ ਨੁਕਸਾਨ ਨਾ ਹੋਵੇ।

ਅੰਤ ਵਿਚ ਤੋਪਾਂ ਹੌਲੀ-ਹੌਲੀ ਚਲਣੋਂ ਬੰਦ ਹੋ ਗਈਆਂ। ਇੰਨੇ ਤੱਕ ਅੰਗਰੇਜ਼ ਫੌਜਾਂ ਦੋ-ਤਿੰਨ ਥਾਂਵਾਂ ਤੋਂ ਸਿੱਖਾਂ ਦੇ ਮੋਰਚੇ ਵਿਚ ਦਾਖਲ ਹੋ ਗਈਆਂ। ਸਿੱਖ ਵੀ ਲੱਗੇ ਆਸੇ-ਪਾਸੇ ਹੋਣ, ਐਨ ਉਸੇ ਵੇਲੇ ਸ. ਸ਼ਾਮ ਸਿੰਘ ਅਟਾਰੀਵਾਲਾ ਅਗਲੇ ਮੋਰਚੇ 'ਤੇ ਪਹੁੰਚ ਗਿਆ। ਚਿੱਟਾ ਨੂਰਾਨੀ ਦਾੜ੍ਹਾ, ਚਿੱਟੀ ਪੁਸ਼ਾਕ ਵਿਚ ਸਜਿਆ ਹੋਇਆ ਉਹ ਸਫੈਦ ਘੋੜੇ ਉਤੇ ਸੋਭ ਰਿਹਾ ਸੀ। ਉਹ ਮੋਰਚੇ ਦੀ ਹਾਲਤ ਵੇਖ ਕੇ ਹੈਰਾਨ ਰਹਿ ਗਿਆ। ਸ਼ਹੀਦੀ ਤੋਂ ਬਿਨਾਂ ਹੋਰ ਸਭ ਦਰਵਾਜ਼ੇ ਬੰਦ ਹੋ ਚੁੱਕੇ ਸਨ। ਉਹ ਕੌਮੀ ਪ੍ਰਵਾਨਾ, ਅਣਖ ਦਾ ਪੁਤਲਾ ਦੁਸ਼ਮਣ ਅੱਗੇ ਕਾਇਰਾਂ ਵਾਂਗ ਸੁੱਟਣ ਦੀ ਥਾਂ ਸ਼ਹੀਦੀ ਪਾਉਣੀ ਚਾਹੁੰਦਾ ਸੀ। ਅਸਲਾ ਮੁੱਕ ਜਾਣ ਕਰ ਕੇ ਤਲਵਾਰ ਮਿਆਨੋਂ ਕੱਢ ਕੇ ਵੈਰੀਆਂ ਦੇ ਸੱਥਰ ਵਿਛਾ ਦਿੱਤੇ। ਇਸੇ ਦੌਰਾਨ ਸ. ਸ਼ਾਮ ਸਿੰਘ 7 ਗੋਲੀਆਂ ਛਾਤੀ ਵਿਚ ਖਾ ਕੇ ਘੋੜੇ ਤੋਂ ਥੱਲੇ ਡਿੱਗ ਪਿਆ। ਉਹ ਆਜ਼ਾਦੀ ਦਾ ਪੁਜਾਰੀ, ਦੇਸ਼ ਤੋਂ ਮਰ ਮਿਟਣ ਵਾਲਾ ਤੇ ਕੁਰਬਾਨੀ ਦਾ ਦੇਵਤਾ ਸ਼ਹੀਦ ਹੋ ਕੇ ਸੱਚਖੰਡ ਜਾ ਵੱਸਿਆ। ਉਸ ਦੀ ਸ਼ਹਾਦਤ ਦੀ ਖਬਰ ਉਸ ਦੇ ਸਈਸ ਵਹਾਬੀ ਖਾਨ ਨੇ ਘਰ ਜਾ ਸੁਣਾਈ ਜਿਸ ਬਾਰੇ ਢਾਡੀ ਕੁਲਵੰਤ ਸਿੰਘ ਬੀ.ਏ. ਨੇ ਇਉਂ ਲਿਖਿਆ ਹੈ,

## 169ਵੀਂ ਬਰਸੀ 'ਤੇ ਵਿਸ਼ੇਸ਼

ਆਣ ਵਹਾਬੀ ਖਾਨ ਨੇ
ਜਾ ਖਬਰ ਸੁਣਾਈ।
ਸਰਦਾਰ ਤੇਰਾ ਸਰਦਾਰਨੀ
ਕਰ ਗਿਆ ਚੜ੍ਹਾਈ।
ਮਰਦਾਂ ਵਾਂਗੂ ਲੜਦਿਆਂ ਸ਼ਹਾਦਤ ਪਾਈ।
ਜਿਧਰ ਫਿਰ ਗਿਆ ਦਲਾਂ ਵਿਚ
ਕਰ ਗਿਆ ਸਫਾਈ।
ਨਾ ਪਿਛੇ ਮੁੜ ਕੇ ਵੇਖਿਆ
ਨਾ ਕੰਡ ਵਿਖਾਈ।
ਜਦ ਦਾਰੂ ਸਿੱਕਾ ਮੁਕਿਆ
ਫਿਰ ਤੇਗ ਉਠਾਈ।
ਵਿਚ ਸਭਰਾਵਾਂ ਲਹੂ ਦੀ
ਇਹ ਕਾਂਗ ਵਿਖਾਈ।
'ਕੁਲਵੰਤ ਸਿੰਘ' ਸਰਦਾਰ ਨੇ
ਸਿਰ ਨਾਲ ਨਿਭਾਈ।

ਸ. ਸ਼ਾਮ ਸਿੰਘ ਸਭਰਾਵਾਂ ਦੇ ਮੈਦਾਨ ਵਿਚ ਸ਼ਹਾਦਤ ਦਾ ਜਾਮ ਪੀ ਗਿਆ ਤਾਂ ਅੰਗਰੇਜ਼ ਅਫ਼ਸਰਾਂ ਨੇ ਕੇਵਲ ਸ. ਸ਼ਾਮ ਸਿੰਘ ਅਟਾਰੀਵਾਲਾ ਦੀ ਦੇਹ ਹੀ ਮੈਦਾਨ ਵਿਚੋਂ ਚੁੱਕਣ ਦਿੱਤੀ। ਦੁਸ਼ਮਣ ਦੇ ਮਨ ਵਿਚ ਵੀ ਦੇਸ਼ ਦੀ ਆਜ਼ਾਦੀ ਵਾਸਤੇ ਮਰ ਮਿਟਣ ਵਾਲਿਆਂ ਦੀ ਸ਼ਹੀਦੀ ਦਾ ਮਾਣ-ਸਤਿਕਾਰ ਹੋਇਆ ਕਰਦਾ ਹੈ। ਸਰਦਾਰ ਦੀ ਦੇਹ ਅਟਾਰੀ ਪਹੁੰਚਾਈ ਗਈ। ਚਿਤਾ ਤਿਆਰ ਕੀਤੀ ਗਈ। ਉਸ ਦੀ ਸਰਦਾਰਨੀ ਜਿਸ ਨੂੰ ਲੋਕ ਦਾਸਾਂ ਦੇ ਨਾਮ ਨਾਲ ਸੱਦਦੇ ਸਨ, ਸਰਦਾਰ ਸ਼ਾਮ ਸਿੰਘ ਨਾਲ ਸਤੀ ਹੋ ਗਈ। ਇਹ ਪੰਜਾਬ ਵਿਚ ਆਖਰੀ ਸਤੀ ਸੀ। ਵੈਸੇ ਸਿੱਖ ਧਰਮ ਵਿਚ ਗੁਰੂ ਸਾਹਿਬਾਨ ਨੇ ਇਸ ਦਾ ਖੰਡਨ ਕੀਤਾ ਹੈ। ਅਟਾਰੀ ਵਿਚ ਉਨ੍ਹਾਂ ਦੀ ਸਮਾਧ ਬਣੀ ਹੋਈ ਹੈ। ਜਿਸ ਜਗ੍ਹਾ 'ਤੇ ਉਸ ਦੇ ਵਾਰਸ ਅਤੇ ਇਲਾਕੇ ਦੀਆਂ ਸੰਗਤਾਂ ਸ਼ਰਧਾ ਨਾਲ ਉਨ੍ਹਾਂ ਦਾ ਸ਼ਹੀਦੀ ਦਿਹਾੜਾ ਹਰ 10 ਫਰਵਰੀ ਨੂੰ ਮਨਾਉਂਦੀਆਂ ਹਨ।

ਸ. ਸ਼ਾਮ ਸਿੰਘ ਦਾ ਬਣਾਇਆ ਕਿਲ੍ਹਾ ਮੌਜੂਦ ਸੀ। ਮੈਂ ਚੌਥੀ ਜਮਾਤ ਦਾ ਇਮਤਿਹਾਨ ਉਸੇ ਕਿਲ੍ਹੇ ਵਿਚ ਦਿੱਤਾ ਸੀ। ਕੰਧਾਂ ਉਤੇ ਬੜੀ ਵਧੀਆ ਚਿਤਰਕਾਰੀ ਅਤੇ ਗੁਰੂਆਂ ਦੇ ਚਿੱਤਰ ਬਣੇ ਹੋਏ ਸਨ, ਪਰ ਸਾਂਭ-ਸੰਭਾਲ ਨਾ ਹੋਣ ਕਰ ਕੇ ਕਿਲ੍ਹਾ ਢਹਿ-ਢੇਰੀ ਹੋ ਗਿਆ। ਨਿੱਕੀਆਂ ਇੱਟਾਂ ਲੋਕੀਂ ਰੋੜੀ ਬਣਾਉਣ ਵਾਸਤੇ ਲੈ ਗਏ। ਅੱਜ ਕੱਲ੍ਹ ਲੋਕਾਂ ਨੇ ਉਸ ਜਗ੍ਹਾ 'ਤੇ ਆਲੀਸ਼ਾਨ ਮਕਾਨ ਖੜ੍ਹੇ ਕਰ ਦਿੱਤੇ ਹਨ। ਸਰਦਾਰ ਦੇ ਪੁਰਾਣੇ ਮਹਿਲ ਵੀ ਖਸਤਾ ਹਾਲਤ ਵਿਚ ਹਨ ਪਰ ਸ. ਹਰਜੀਤ ਸਿੰਘ ਦੇ ਲੜਕੇ ਹਰਪ੍ਰੀਤ ਸਿੰਘ ਤੇ ਉਨ੍ਹਾਂ ਦੀ ਸੁਘੜ ਸਿਆਣੀ ਨੂੰਹ ਹਰਪ੍ਰਿਆ ਨੇ ਪੁਰਾਣੇ ਮਕਾਨ ਨੂੰ ਨਿੱਕੀਆਂ ਇੱਟਾਂ ਨਾਲ ਆਧੁਨਿਕ ਮਕਾਨ ਦੀ ਸ਼ਕਲ ਦਿੱਤੀ ਹੈ। ਉਨ੍ਹਾਂ ਸਰਦਾਰ ਸ਼ਾਮ ਸਿੰਘ ਦੇ ਮਹਿਲ ਦੀ ਪਰੰਪਰਾ ਵੀ ਕਾਇਮ ਰੱਖੀ ਹੈ, ਨਹੀਂ ਤਾਂ ਅੱਜ ਕੱਲ੍ਹ ਦੇ ਕਾਰ ਸੇਵਾ ਵਾਲੇ ਬਾਬਿਆਂ ਨੇ ਪੁਰਾਣੀਆਂ ਇਤਿਹਾਸਕ ਇਮਾਰਤਾਂ ਨੂੰ ਸੰਗਮਰਮਰ ਥੱਲੇ ਦਫ਼ਨ ਕਰ ਦਿੱਤਾ ਹੈ।

ਅੱਜ ਲੋੜ ਹੈ, ਇਤਿਹਾਸਕ ਇਮਾਰਤਾਂ ਨੂੰ ਉਨ੍ਹਾਂ ਦੀ ਅਸਲ ਸ਼ਕਲ ਵਿਚ ਕਾਇਮ ਰੱਖਣ ਦੀ। ਸਰਕਾਰ ਅਤੇ ਧਾਰਮਿਕ ਸੰਸਥਾਵਾਂ ਨੂੰ ਇਸ ਪਾਸੇ ਉਚੇਚਾ ਧਿਆਨ ਦੇਣਾ ਚਾਹੀਦਾ ਹੈ।

#

ਵਿਚਾਰ-ਚਰਚਾ

# ਭਰਮਿ ਨ ਭੂਲਹੁ ਭਾਈ

ਜੇ ਕਿਸੇ ਸਮਾਜਕ ਜਾਂ ਇਨਕਲਾਬੀ ਵਿਚਾਰਧਾਰਾ ਨੂੰ ਸਮੁੱਚੇ ਸਮਾਜ ਦੇ ਭਲੇ ਲਈ ਵਰਤਣਾ ਹੋਵੇ ਤਾਂ ਇਸ ਨੂੰ ਠੀਕ ਤਰ੍ਹਾਂ ਜਥੇਬੰਦ ਕੀਤਾ ਜਾਵੇ, ਨਹੀਂ ਤਾਂ ਇਹ ਸਿਰਫ ਪ੍ਰੇਰਨਾ ਸਰੋਤ ਤੱਕ ਹੀ ਸੀਮਤ ਰਹਿ ਜਾਂਦੀ ਹੈ। ਸਨਾਤਨੀ ਸਮਾਜ ਵਿਚ ਬਰਾਬਰੀ ਦੇ ਰੁਤਬੇ ਅਤੇ ਭਾਈਚਾਰਕ ਸਾਂਝ ਲਈ ਨਵੀਨ ਤੇ ਮੌਲਿਕ ਵਿਚਾਰਧਾਰਾ, ਸਪਸ਼ਟ ਦਿਸ਼ਾ, ਦ੍ਰਿੜ ਜਥੇਬੰਦੀ ਅਤੇ ਪੁਖਤਾ ਨਿਸਚੇ ਵਾਲੀ ਅਗਵਾਈ ਦੀ ਲੋੜ ਸੀ ਜਿਸ ਨੂੰ ਸਿੱਖ ਗੁਰੂਆਂ ਨੇ ਲੰਮੇ ਸਮੇਂ ਤੱਕ ਯੋਗ ਅਗਵਾਈ ਦਿੱਤੀ। ਗੁਰੂਆਂ ਦੁਆਰਾ ਚਲਾਏ ਅੰਦੋਲਨ ਦਾ ਪੁਖਤਾ ਸਬੂਤ ਇਹ ਹੈ ਕਿ ਇਸ ਨੇ ਸਨਾਤਨੀ ਧਰਮ ਦੀ ਨਾਂਹ-ਵਾਚਕ ਸੋਚ ਨੂੰ ਜੜ੍ਹੋਂ ਉਖਾੜ ਕੇ ਤੰਦਰੁਸਤ ਤੇ ਨਵੀਨ ਸਮਾਜ ਦੀ ਸਥਾਪਨਾ ਕੀਤੀ।

ਸਿੱਖ ਲਹਿਰ ਨੇ ਦੱਬੀ ਕੁਚਲੀ ਜਨਤਾ ਨੂੰ ਦਬਾਉਣ, ਕੁਚਲਣ ਅਤੇ ਲੁੱਟ-ਖਸੁੱਟ ਕਰਨ ਵਾਲੇ ਸਿਸਟਮਾਂ ਜਿਸ ਵਿਚ ਸਨਾਤਨੀ ਵਿਚਾਰਧਾਰਾ



ਮੁੱਖ ਸੀ, ਨੂੰ ਜੜ੍ਹੋਂ ਪੁੱਟਣ ਦਾ ਟੀਚਾ ਮਿਥਿਆ ਅਤੇ ਇਸ ਮੰਤਵ ਨੂੰ ਪੂਰਾ ਕਰਨ ਲਈ ਸਿਰ-ਧੜ ਦੀ ਬਾਜ਼ੀ ਲਾਈ। ਸਿੱਖ ਇਨਕਲਾਬੀ ਲਹਿਰ ਨੇ

**ਪ੍ਰੋ. ਹਰਪਾਲ ਸਿੰਘ**
ਫੋਨ: 916-478-1640

ਹਿੰਦੂ ਧਰਮ ਦੇ ਬੁਨਿਆਦੀ ਢਾਂਚੇ ਵਿਚ ਇੰਨੀਆਂ ਜ਼ਿਆਦਾ ਤਰੇੜਾਂ ਪਾ ਦਿੱਤੀਆਂ ਜਿਨ੍ਹਾਂ ਨੂੰ ਮੇਟ ਸਕਣਾ ਹਿੰਦੂ ਧਰਮ ਦੇ ਵੱਸ ਦੀ ਗੱਲ ਨਹੀਂ ਸੀ। ਮੱਧ ਯੁੱਗ ਦੇ ਭਗਤਾਂ ਨੇ ਹਿੰਦੂ ਧਾਰਮਿਕ ਸੰਸਥਾਵਾਂ ਵਿਚ ਰੱਦੋ-ਬਦਲ ਤਾਂ ਕੀ ਲੈ ਕੇ ਆਉਣੀ ਸੀ ਸਗੋਂ ਉਹ ਪ੍ਰਚਲਿਤ ਅਨਿਆਈ ਸਿਸਟਮ ਦੀਆਂ ਕਦਰਾਂ-ਕੀਮਤਾਂ ਦੇ ਘੇਰੇ ਵਿਚ ਹੀ ਘਿਰੀਆਂ ਰਹੀਆਂ। ਉਨ੍ਹਾਂ ਨੇ ਅਜਿਹੇ ਨਵੇਂ ਅਤੇ ਨਿਰੋਲ ਸਮਾਜ ਦੀ ਸਥਾਪਨਾ ਨਹੀਂ ਕੀਤੀ ਜੋ ਹਿੰਦੂ ਧਰਮ ਦੇ ਘੇਰੇ ਤੋਂ ਬਾਹਰ ਨਿਕਲ ਕੇ ਮਨੁੱਖੀ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੀ ਗੱਲ ਕਰੇ। ਮੀਰਾ ਬਾਈ ਦੀ ਕ੍ਰਿਸ਼ਨ-ਭਗਤੀ ਦਾ ਸਮਾਜਕ ਕਦਰਾਂ-ਕੀਮਤਾਂ ਨਾਲ ਕੋਈ ਸਰੋਕਾਰ ਨਹੀਂ ਸੀ। ਉਹ ਕੇਵਲ ਨਿੱਜਵਾਦੀ ਸੀ ਜਿਸ ਦਾ ਨਿਸ਼ਾਨਾ ਕੇਵਲ ਕ੍ਰਿਸ਼ਨ ਮੁਰਾਰੀ ਨੂੰ ਹੀ ਖੁਸ਼ ਰੱਖਣਾ ਸੀ।

ਸਿੱਖ ਮਤ ਦਾ ਟੀਚਾ ਸਮੁੱਚੇ ਹਿੰਦੂ ਸਮਾਜ ਵਿਚ ਤਬਦੀਲੀ ਲਿਆਉਣਾ ਸੀ, ਨਾ ਕਿ ਇਸ ਦੇ ਕਿਸੇ ਅੱਧ ਹਿੱਸੇ ਵਿਚ। ਇਨਕਲਾਬੀ ਲਹਿਰਾਂ ਦਾ ਟੀਚਾ ਪ੍ਰਚਲਿਤ ਅਨਿਆਇਕ ਸਿਸਟਮ ਨੂੰ ਪੂਰੀ ਤਰ੍ਹਾਂ ਤੋੜਨਾ ਹੁੰਦਾ ਹੈ, ਸੁਧਾਰ ਕਰਨਾ ਨਹੀਂ। ਗੈਰ-ਇਨਕਲਾਬੀ ਵਿਚਾਰਧਾਰਾ ਦਾ ਪੱਧਰ ਨੀਵਾਂ ਹੋਣ ਕਰ ਕੇ, ਇਨ੍ਹਾਂ ਦੇ ਟੀਚੇ ਸੀਮਤ ਹੁੰਦੇ ਹਨ ਅਤੇ ਉਨ੍ਹਾਂ ਦੀ ਸੇਧ ਪਿਛਾਂਹ-ਖਿੱਚੂ ਹੁੰਦੀ ਹੈ। ਇਨਕਲਾਬ ਕਿਸੇ ਸਿਧਾਂਤ, ਵਿਚਾਰਧਾਰਾ ਤੇ ਕਿਸੇ ਨਵੀਨ ਪ੍ਰੋਗਰਾਮ ਨਾਲ ਉਸਰਦਾ ਹੈ। ਸਿੱਖ ਗੁਰੂਆਂ ਨੇ ਆਪਣੀ ਵੱਖਰੀ ਸੋਚ ਨਾਲ ਇਨਕਲਾਬੀ ਵਿਚਾਰਧਾਰਾ ਦੀ ਸਥਾਪਨਾ ਕੀਤੀ ਜੋ ਬ੍ਰਾਹਮਣਵਾਦ ਦੇ ਕੱਫਣ ਵਿਚ ਠੋਕੀ ਗਈ ਆਖਰੀ ਕਿੱਲ ਸਾਬਤ ਹੋਈ। ਇਹ ਪੀੜਾ ਹਿੰਦੂ ਧਰਮ ਨੂੰ ਗੁਰੂ ਨਾਨਕ ਤੋਂ ਲੈ ਕੇ ਸਿੱਖ ਰਾਜ ਦੀ ਸਥਾਪਨਾ ਤੱਕ ਸਹਿਣੀ ਪਈ।

ਸਿੱਖ ਗੁਰੂ ਮਹਾਨ ਇਨਕਲਾਬੀ, ਸਮਾਜਵਾਦੀ, ਸੁਧਾਰਵਾਦੀ, ਲੋਕਰਾਜੀ ਅਤੇ ਮਹਾਨ ਚਿੰਤਕ ਸਨ। ਯੂਨਾਨ ਦਾ ਸਿਕੰਦਰ, ਫਰਾਂਸ ਦਾ ਨੈਪੋਲੀਅਨ ਅਤੇ ਰੂਸ ਦਾ ਲੈਨਿਨ ਮਹਾਨ ਸੂਰਬੀਰ ਤੇ ਇਨਕਲਾਬੀ ਜ਼ਰੂਰ ਸਨ ਪਰ ਗੁਰੂਆਂ ਦੁਆਰਾ ਥਾਪੇ ਖਾਲਸੇ ਦੀ ਗੱਲ ਕੁਝ ਹੋਰ ਸੀ। ਨੌਂ-ਖੰਡਾਂ ਵਿਚ ਇਨ੍ਹਾਂ ਦੀ ਗੂੰਜ ਸੀ, ਨਿਰਭੈਅ ਸਨ, ਨਿਰਵੈਰ ਸਨ, ਦੇਵ ਸਨ, ਮਨੁੱਖੀ ਜਾਮੇ ਵਿਚ ਪ੍ਰਗਟ ਹੋ ਗਏ। ਸਿੱਖ ਲਹਿਰ ਗਰੀਬ ਜਨਤਕ ਲਹਿਰ ਸੀ ਪਰ ਇਸ ਦੀ ਬੁਨਿਆਦ ਜਮਾਤੀ ਨਫਰਤ ਨਹੀਂ ਸੀ ਕਿਉਂਕਿ ਜਮਾਤੀ ਨਫਰਤ ਜਾਂ ਹੋਰ ਕਿਸਮ ਦੀ ਨਫਰਤ ਸਿੱਖ ਸਿਧਾਂਤਾਂ ਨਾਲ ਮੇਲ ਨਹੀਂ ਖਾਂਦੀ। ਸਿੱਖ ਧਰਮ ਦੀ ਬੁਨਿਆਦ ਸਰਬ ਸਾਂਝੀਵਾਲਤਾ ਵਾਲਾ ਅਲੌਕਿਕ ਪਿਆਰ ਹੈ। ਰੱਬ ਸਾਰਿਆਂ ਦੇ ਮਨਾਂ ਵਿਚ ਵਸਦਾ ਹੈ, ਸਾਰੇ ਮਨੁੱਖ ਬਰਾਬਰ ਹਨ। ਅਨਿਆਂ ਭਰੇ ਸਮਾਜੀ ਤੇ ਸਿਆਸੀ ਪ੍ਰਬੰਧ ਨੂੰ ਖਤਮ ਕਰਨਾ ਲਾਜ਼ਮੀ ਸੀ। ਇਸ ਦੀ ਸਿੱਧੀ ਚੋਟ ਹਿੰਦੂ ਧਰਮ ਅਤੇ ਇਸਲਾਮ ਧਰਮ ਉਪਰ ਸੀ।

ਹਿੰਦੂ ਵਰਗ ਅੰਦਰ ਸਿੱਖ ਲਹਿਰ ਪ੍ਰਤੀ ਵੈਰ-ਵਿਰੋਧੀ ਰਵੱਈਏ ਦੀ ਸੋਚ ਸਿੱਖ ਧਰਮ ਦੇ ਜਨਮ ਸਮੇਂ ਹੀ ਸ਼ੁਰੂ ਹੋ ਗਈ ਸੀ। ਇਤਿਹਾਸ ਇਸ ਗੱਲ ਦੀ ਯਕੀਨਦਹਾਨੀ ਕਰਦਾ ਹੈ ਕਿ ਹਿੰਦੂ ਵਰਗ ਦੁਆਰਾ ਸਿੱਖ ਸੰਘਰਸ਼ ਦਾ ਡਟਵਾਂ ਵਿਰੋਧ (ਜਦੋਂ ਵੀ ਉਸ ਨੂੰ ਮੌਕਾ ਮਿਲਿਆ) ਕੀਤਾ ਗਿਆ। ਪੰਜਾਬ ਦੇ ਹਿੰਦੂ ਵਰਗ ਨੇ ਨਾ ਮੁਗਲ ਸ਼ਾਸਕਾਂ ਦੇ ਵਿਰੁਧ ਸੰਘਰਸ਼ ਕੀਤਾ, ਨਾ ਹੀ ਖਾਲਸੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਮੁਗਲਾਂ ਦੇ ਜ਼ੁਲਮ ਦਾ ਟਾਕਰਾ ਕੀਤਾ। ਪੰਜਾਬ ਦੇ ਹਿੰਦੂਆਂ, ਖੱਤਰੀਆਂ ਦਾ ਸੁਭਾਅ ਉਨ੍ਹਾਂ ਨੂੰ ਮੁਗਲਾਂ ਨਾਲ ਸਮੌਝਤੇ ਲਈ ਪ੍ਰੇਰਿਤ ਕਰਦਾ ਸੀ। "ਮੁਸਲਿਮ ਦੌਰ ਅੰਦਰ ਬ੍ਰਾਹਮਣ ਰਾਜਨੀਤਕ ਤੌਰ 'ਤੇ ਗੁਲਾਮ ਸਨ, ਪਰ ਹਿੰਦੂ ਸਮਾਜ ਅੰਦਰ ਉਹ ਮਾਲਕ ਸਨ। ਉਨ੍ਹਾਂ ਨੇ ਕੁਝ ਮੁਸਲਿਮ ਹੁਕਮਰਾਨਾਂ ਨਾਲ ਭਾਈਵਾਲੀ ਗੰਢ ਲਈ। ਉਨ੍ਹਾਂ ਪ੍ਰਸ਼ਾਸਨ ਵਿਚ ਮੁਗਲਾਂ ਦੀ ਮਦਦ ਕੀਤੀ ਅਤੇ ਬਦਲੇ ਵਿਚ ਟੈਕਸਾਂ ਜਿਵੇਂ ਜ਼ਜੀਆ ਆਦਿ ਦੇ ਮਾਮਲੇ ਵਿਚ ਕੁਝ ਛੋਟਾਂ ਲੈ ਲਈਆਂ।" (ਜਗਜੀਤ ਸਿੰਘ)। ਜੇ ਰਾਜਪੂਤਾਂ ਦੇ ਹਿੱਤ ਅਕਬਰ ਬਾਦਸ਼ਾਹ ਨਾਲ ਸੁਲ੍ਹਾ ਕਰ ਕੇ ਪੂਰੇ ਹੁੰਦੇ ਹਨ ਤਾਂ ਉਨ੍ਹਾਂ ਨੂੰ ਮੁਗਲਾਂ ਦਾ ਵਿਰੋਧ ਕਰਨ ਦੀ ਕੀ ਲੋੜ ਸੀ? "ਹਿੰਦੂ ਰਾਜਪੂਤ ਰਜਵਾੜਿਆਂ ਵਲੋਂ ਨਾ ਸਿਰਫ ਮੁਗਲ ਹਾਕਮਾਂ ਨੂੰ ਗੁਰੂ ਸਾਹਿਬ ਉਤੇ ਸਿੱਧਾ ਸੈਨਿਕ ਹਮਲਾ ਕਰਨ ਦੀ ਤਿਆਰੀ ਕਰਨ, ਸਗੋਂ ਪੰਥ ਦੇ ਵਾਲੀ ਖਿਲਾਫ਼ ਲੜੀ ਗਈ ਹਰ ਜੰਗ ਵਿਚ ਰਾਜਪੂਤੀ ਲਸ਼ਕਰਾਂ ਦੇ ਵਧੇਰੇ ਉਤਸ਼ਾਹ ਨਾਲ ਸ਼ਾਮਲ ਹੋਣਾ ਅਤੇ ਗੰਗੂ ਤੇ ਸੁੱਚਾ ਨੰਦ ਦਾ ਖੁਸ਼ੀ-ਖੁਸ਼ੀ ਗੁਰੂ ਜੀ ਦੇ ਮਾਸੂਮ ਬਾਲਾਂ ਦੀ ਸ਼ਹੀਦੀ ਦੀ ਸਾਜ਼ਿਸ਼ ਦੇ ਪਾਤਰ ਹੋ ਗੁਜ਼ਰਨਾ, ਤੀਜੇ ਪੰਥ ਪ੍ਰਤੀ ਹਿੰਦੂ ਦੀ ਈਰਖਾ ਤੇ ਮਲੀਨ ਭਾਵਨਾ ਦੇ ਹੀ ਕਰੂਪ ਰੂਪ ਸਨ।" (ਅਜਮੇਰ ਸਿੰਘ)। "ਚੰਦੂ, ਗੰਗੂ, ਸੁੱਚਾ ਨੰਦ ਤੇ ਸ਼ਿਵਾਲਕ ਦੇ ਹਿੰਦੂ ਰਾਜਪੂਤ ਰਾਜੇ ਕਮੀਨਗੀ ਦਾ ਸ਼ੌਕ ਰੱਖਣ ਵਾਲੀਆਂ ਵਿਅਕਤੀਗਤ ਇਕਾਈਆਂ ਨਹੀਂ, ਸਗੋਂ ਕਿਸੇ ਇਤਿਹਾਸਕ ਗਤੀ ਦੇ ਪ੍ਰਤੀਨਿਧ ਹਨ।" (ਹਰਿੰਦਰ ਸਿਘ ਮਹਿਬੂਬ)। ਨਫਰਤ ਧਾਰਮਿਕ ਜਾਂ ਸਮਾਜੀ ਸਹਿਣਸ਼ੀਲਤਾ ਦੀ ਦੁਸ਼ਮਣ ਹੈ। ਜਿਥੇ ਸਹਿਣਸ਼ੀਲਤਾ ਨਾ ਹੋਵੇ, ਉਥੇ ਦੁਸ਼ਮਣੀ ਦੀ ਅੱਗ ਤਾਂ ਬਲਦੀ ਹੀ ਹੈ।

ਇਕ ਕੇਂਦਰ ਬਿੰਦੂ 'ਤੇ ਆ ਕੇ ਦੋ ਵਿਰੋਧੀ ਵਿਚਾਰਧਾਰਾਵਾਂ ਦਾ ਟਕਰਾਅ ਕੁਦਰਤੀ ਅਤੇ ਲਾਜ਼ਮੀ ਹੋ ਜਾਂਦਾ ਹੈ। ਵਿਰੋਧੀ ਵਿਚਾਰਧਾਰਾਵਾਂ ਲੰਮੇ ਸਮੇਂ ਤੱਕ ਸਮਾਨ-ਅੰਤਰ ਵਹਿਣ ਵਿਚ ਨਹੀਂ ਵਹਿ ਸਕਦੀਆਂ। ਹਿੰਦੂ ਅਤੇ ਸਿੱਖ ਵਿਚਾਰਧਾਰਾ ਨਾਲ ਇਹੀ ਕੁਝ ਹੋਇਆ। ਜਦੋਂ ਕੁਲੀਨ ਵਰਗ ਹਿੰਦੂ (ਬਾਅਦ ਵਿਚ ਰਾਜਪੂਤਾਂ) ਦੇ ਹਿੱਤ ਮੁਗਲ ਸ਼ਹਿਨਸ਼ਾਹੀ ਦੇ ਘੇਰੇ ਅੰਦਰ ਸੁਰੱਖਿਅਤ ਹੋ ਗਏ, ਉਨ੍ਹਾਂ ਦੀ ਕੋਝੀ, ਕਮੀਨੀ ਅਤੇ ਮੈਲੀ ਸੋਚ ਸਿੱਖ ਵਿਚਾਰਧਾਰਾ ਨਾਲ ਆਣ ਟਕਰਾਈ। ਗੁਰੂ ਨਾਨਕ ਦੇ ਵੇਲੇ ਤੋਂ ਸਿੱਖੀ ਇਨਕਲਾਬੀ ਵਿਚਾਰਧਾਰਾ ਦਾ ਕੰਡਾ ਉਨ੍ਹਾਂ ਨੂੰ ਚੈਨ ਨਾਲ ਜੀਣ ਨਹੀਂ ਸੀ ਦਿੰਦਾ। ਅਕਬਰ ਬਾਦਸ਼ਾਹ ਕੋਲ ਗੁਰੂ ਘਰ ਵਿਰੁਧ ਵਾਰ-ਵਾਰ ਚੁਗਲੀ ਕੀਤੀ ਗਈ ਪਰ ਹਿੱਤ ਅਭਿਲਾਸ਼ੀ ਬਾਦਸ਼ਾਹ ਨੇ ਇਨ੍ਹਾਂ ਹਰਕਤਾਂ ਨੂੰ ਹਮੇਸ਼ਾ ਦਰ-ਕਿਨਾਰ ਕਰ ਦਿੱਤਾ। ਜਹਾਂਗੀਰ ਸਮੇਂ ਗੁਰੂ ਅਰਜਨ ਦੇਵ ਨੂੰ ਸ਼ਹੀਦ ਕਰਵਾਉਣ ਵਿਚ ਹਿੰਦੂ ਬਿਪਰਵਾਦੀ ਸੋਚ ਤੇ ਕੁਲੀਨ ਵਰਗ ਨੇ ਵੱਡਾ ਹਿੱਸਾ ਪਾਇਆ ਜਿਸ 'ਚ ਚੰਦੂ ਸ਼ਾਹ ਬਿਪਰਵਾਦੀ ਵਿਚਾਰਧਾਰਾ ਦਾ ਮੋਹਰਾ ਬਣਿਆ। "ਰੋਮਨ ਸਮਾਜ ਵਿਚ ਫੈਲੀ ਸੰਗਦਿਲੀ, ਤੁਅੱਸਬ, ਨੇਸਤੀ ਅਤੇ ਰੋਗੀ-ਦੰਭ ਨੇ ਮਨੁੱਖੀ ਸਮਾਜ ਨੂੰ ਇੰਨਾ ਹਾਣ ਨਹੀਂ ਪਹੁੰਚਾਇਆ ਹੋਣਾ, ਜਿੰਨਾ ਹਿੰਦੂ ਧਰਮ ਦੇ ਪਰਦੇ ਉਹਲੇ ਮਾਦੀ-ਚੜ੍ਹਤ ਨੇ ਮਨੁੱਖੀ ਚੇਤਨਾ ਦੀ ਅਮੀਰੀ ਨੂੰ ਤਬਾਹ ਕੀਤਾ, ਭੈਅ ਦਿੱਤਾ, ਥਕਾਇਆ ਤੇ ਬਦਸੂਰਤ ਕੀਤਾ।" (ਸਹਿਜੇ ਰਚਿਓ ਖਾਲਸਾ, ਹਰਿੰਦਰ ਸਿੰਘ ਮਹਿਬੂਬ, ਸਫਾ 894)।

ਹਿੰਦੂਆਂ ਦੇ ਬੌਧਿਕ ਅਤੇ ਕੁਲੀਨ ਵਰਗ ਦੀ ਗੁਰੂ ਘਰ ਨਾਲ ਦੁਸ਼ਮਣੀ ਨੂੰ ਸਮਝਣਾ ਕੋਈ ਔਖਾ ਨਹੀਂ। ਗੁਰੂ ਨਾਨਕ ਦਾ ਮਨੁੱਖੀ ਬਰਾਬਰੀ ਦਾ ਸੰਦੇਸ਼ ਹਿੰਦੂ ਸਮਾਜ ਅੰਦਰ ਜਾਤ ਅਭਿਮਾਨੀ ਹਿੰਦੂਆਂ ਨੂੰ ਜ਼ਹਿਰ ਵਰਗਾ ਲਗਦਾ ਸੀ। "ਦਿੱਲੀ ਤੇ ਲਾਹੌਰ ਦਰਬਾਰ ਵਿਚ ਚੰਗੀਆਂ ਪਦਵੀਆਂ 'ਤੇ ਕੰਮ ਕਰ ਰਹੇ ਬ੍ਰਾਹਮਣਾਂ ਨੇ ਸਿੱਖ ਗੁਰੂਆਂ ਦੁਆਰਾ ਜਾਤ-ਪਾਤੀ ਢਾਂਚੇ ਅੰਦਰ ਲਿਆਂਦੀਆਂ ਜਾ ਰਹੀਆਂ ਤਬਦੀਲੀਆਂ ਖਿਲਾਫ ਕਾਨਾਫੂਸੀ ਦੀ ਲਗਾਤਾਰ ਮੁਹਿੰਮ ਚਲਾ ਰੱਖੀ ਸੀ।" (ਟ੍ਰਿਨਿਟੀ ਆਫ ਸਿਖਇਜ਼ਮ, ਪ੍ਰੀਤਮ ਸਿੰਘ, ਸਫਾ 6)। "ਕਸੂਰ ਦੇ ਹਿੰਦੂ ਗਵਰਨਰ ਨੇ ਆਪਣੇ ਸ਼ਾਹੀ ਬਾਗ ਅੰਦਰ ਗੁਰੂ ਅਮਰਦਾਸ ਸਾਹਿਬ ਨੂੰ ਡੇਰਾ ਲਾਉਣ ਤੋਂ ਇਹ ਕਹਿ ਕੇ ਮਨ੍ਹਾਂ ਕਰ ਦਿੱਤਾ ਸੀ ਕਿ ਜੇ ਉਸ ਨੇ ਅਛੂਤਾਂ ਦਾ ਹੀ ਗੁਰੂ ਬਣਨਾ ਹੈ...ਤਾਂ ਮੈਂ ਉਸ ਨੂੰ ਆਪਣੇ ਨਿਵਾਸ ਸਥਾਨ ਦੇ ਨੇੜੇ ਨਹੀਂ ਫਟਕਣ ਦੇਣਾ।" (ਸਿੱਖ ਇਨਕਲਾਬ, ਜਗਜੀਤ ਸਿੰਘ, ਸਫਾ 120)।

ਬਿਪਰ-ਸੰਸਕਾਰੀ ਮਨੋਬਿਰਤੀ, ਸਿੱਖ ਗੁਰੂਆਂ ਖਿਲਾਫ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆਈ। "ਦਿੱਲੀ ਦੇ ਇਕ ਹਿੰਦੂ ਖੱਤਰੀ ਵਲੋਂ ਬਾਬੇ ਨਾਨਕ ਵਿਰੁਧ ਸੁਲਤਾਨ ਦੇ ਕੰਨ ਭਰਨ ਦੀ ਕੋਸ਼ਿਸ਼ ਕੀਤੀ ਗਈ। ਗੈਦੇ ਮਰਵਾਹੇ ਦੁਆਰਾ ਹੋਰ ਪੰਡਿਤਾਂ ਖੱਤਰੀਆਂ ਨਾਲ ਰਲ ਕੇ ਗੁਰੂ ਅਮਰਦਾਸ ਸਾਹਿਬ ਨੂੰ ਸਤਾਉਣ ਅਤੇ ਬਾਦਸ਼ਾਹ ਅਕਬਰ ਕੋਲ ਉਨ੍ਹਾਂ ਵਿਰੁਧ ਚੁਗਲੀਆਂ ਤੇ ਸ਼ਿਕਾਇਤਾਂ ਕਰਨੀਆਂ ਸ਼ੁਰੂ ਕੀਤੀਆਂ।" (ਹਰਿੰਦਰ ਸਿੰਘ ਮਹਿਬੂਬ)। ਜਹਾਂਗੀਰ ਬਾਦਸ਼ਾਹ ਦੇ ਸਮੇਂ ਚੰਦੂ ਸ਼ਾਹ ਵਲੋਂ ਬਾਦਸ਼ਾਹ ਨੂੰ ਪਹਿਲਾਂ ਪੰਜਵੇਂ ਪਾਤਸ਼ਾਹ ਖਿਲਾਫ ਅਤੇ ਫਿਰ ਛੇਵੇਂ ਗੁਰੂ ਵਿਰੁਧ ਕਾਰਵਾਈ ਕਰਨ ਲਈ ਉਕਸਾਉਣ ਅਤੇ ਗੁਰੂ ਅਰਜਨ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਵਿਚ ਮੋਹਰੀ ਰੋਲ ਨਿਭਾਉਣਾ ਬਿਮਾਰ ਮਾਨਸਿਕਤਾ ਦਾ ਪ੍ਰਗਟਾਵਾ ਹੈ।

ਗੁਰੂ ਨਾਨਕ ਨੇ ਅਜਿਹੇ ਸਿੱਖ ਸਮਾਜ ਦੀ ਸਥਾਪਨਾ ਕੀਤੀ ਜੋ ਹਿੰਦੂ ਸਮਾਜ ਨਾਲੋਂ ਹਰ ਪੱਖੋਂ ਭਿੰਨ ਸੀ। ਹਿੰਦੂ ਧਰਮ ਅਜਿਹਾ ਧਰਮ ਹੈ ਜਿਸ ਵਿਚ ਹਿੰਦੂਆਂ ਨੇ ਲੋਕਾਂ ਦੀਆਂ ਮਨੋਭਾਵਨਾਵਾਂ ਨੂੰ ਆਪਣੇ ਫਾਇਦੇ ਲਈ ਵਰਤਿਆ। ਗੁਰੂ ਨਾਨਕ ਨੇ ਦੱਬੇ-ਕੁਚਲੇ ਸਮਾਜ ਦੇ ਅੰਧ-ਵਿਸ਼ਵਾਸੀ ਲੋਕਾਂ ਨੂੰ ਹਿੰਦੂ ਧਰਮ ਤੋਂ ਬਾਹਰ ਕੱਢਣ ਲਈ ਬਿਲਕੁਲ ਨਵੇਂ ਸਿਧਾਂਤ ਦਾ ਪ੍ਰਚਾਰ ਕੀਤਾ। "ਉਨ੍ਹਾਂ ਨੇ ਅਜਿਹੇ ਗੁਰਮੁਖ ਪੈਦਾ ਕੀਤੇ ਜੋ ਉਨ੍ਹਾਂ ਦੇ ਮਿਸ਼ਨ ਨਾਲ ਓਤਪੋਤ ਸਨ, ਜੋ ਨਿਰਭੈਅ ਤੇ ਨਿਰਵੈਰ ਸਨ, ਜੋ ਆਪਸ ਵਿਚ ਗੁਰਭਾਈ ਸਨ, ਕੋਈ ਉਚਾ ਨਹੀਂ ਕੋਈ ਨੀਂਵਾ ਨਹੀਂ, ਕੋਈ ਜ਼ੋਰਾਵਰ ਨਹੀਂ, ਕੋਈ ਨਿਤਾਣਾ ਨਹੀਂ, ਕੋਈ ਮਲੇਛ ਨਹੀਂ, ਕੋਈ ਕਾਫ਼ਰ ਨਹੀਂ, ਕੋਈ ਕਬੀਰ ਪੰਥੀ ਨਹੀਂ, ਕੋਈ ਰਵੀਦਾਸੀਆ ਨਹੀਂ; ਬੱਸ ਸਿੱਖ ਹੈ ਜਿਨ੍ਹਾਂ ਦੇ ਆਦਰਸ਼ ਸਾਂਝੇ ਸਨ, ਭਾਵ ਸਾਂਝੇ ਸਨ।" (ਕਿਸ ਬਿਧ ਰੁਲੀ ਪਾਤਸ਼ਾਹੀ, ਅਜਮੇਰ ਸਿੰਘ ਸਫਾ 189)। ਆਮ ਬੰਦੇ ਨੂੰ ਜਾਤ-ਪਾਤੀ ਜਕੜ ਤੋਂ ਮੁਕਤ ਕਰਵਾਉਣਾ ਅਤੇ ਉਸ ਨੂੰ ਜਾਤ-ਪਾਤੀ ਸੰਸਥਾ ਵਿਰੁਧ ਤਿਆਰ ਕਰਨਾ ਗੁਰੂ ਜੀ ਦਾ ਪਹਿਲਾ ਅਤੇ ਅਹਿਮ ਕਦਮ ਸੀ। ਉਨ੍ਹਾਂ ਨੇ ਜਾਤ-ਪਾਤੀ ਵਿਚਾਰਧਾਰਾ ਨੂੰ ਸਿਰਫ ਸ਼ਬਦਾਂ ਰਾਹੀਂ ਹੀ ਨਹੀਂ ਭੰਡਿਆ, ਸਗੋਂ ਹਿੰਦੂ ਸਮਾਜ ਦੇ ਢਾਂਚੇ ਨੂੰ ਤੋੜਨ ਲਈ ਜ਼ਰੂਰੀ ਕਦਮ ਵੀ ਚੁੱਕੇ। ਇਹੀ ਕਾਰਨ ਸੀ ਕਿ ਹਿੰਦੂ ਸਮਾਜ ਦੀਆਂ ਜਾਤ ਅਭਿਮਾਨੀ ਤਾਕਤਾਂ ਨੇ ਸਿੱਖ ਧਰਮ ਅਤੇ ਲਹਿਰ ਖਿਲਾਫ ਮੁਗਲ ਹਾਕਮਾਂ ਦੀ ਪੁਰਜ਼ੋਰ ਹਮਾਇਤ ਕੀਤੀ। ਹਿੰਦੂ ਧਰਮ ਕਰਮ-ਕਾਂਡ, ਜਾਤੀ ਪ੍ਰਥਾ ਅਤੇ ਵਰਣ ਆਸ਼ਰਮ ਵਿਚ ਵਿਸ਼ਵਾਸ ਰੱਖਦਾ ਸੀ; ਹਿੰਦੂ ਧਰਮ ਬ੍ਰਾਹਮਣ ਵਰਗ ਦਾ ਹੱਥ ਠੋਕਾ ਸੀ। ਮਨੁੱਖੀ ਬਰਾਬਰੀ ਨੂੰ ਕੁਦਰਤੀ ਅਤੇ ਰੱਬ ਦੀ ਦੇਣ ਨਹੀਂ ਸੀ ਸਮਝਿਆ ਜਾਂਦਾ। ਵੇਦਾਂ ਦੀ ਸਿਰਜਣਾ ਰੱਬ ਨੇ ਕੀਤੀ ਅਤੇ ਸੰਸਕ੍ਰਿਤੀ ਭਾਸ਼ਾ ਰੱਬੀ ਹੈ। ਗੁਰੂ ਨਾਨਕ ਦਾ ਸੰਕਲਪ ਨਿਆਰਾ ਸੀ। ਇਹ ਹਿੰਦੂ ਧਰਮ ਦੀਆਂ ਪਰੰਪਰਾਵਾਂ ਅਤੇ ਵਿਚਾਰਧਾਰਵਾਂ ਉਪਰ ਸਿੱਧਾ ਹਮਲਾ ਸੀ। ਗੁਰੂ ਜੀ ਨੇ ਜਾਤ-ਪਾਤ ਨੂੰ ਝੂਠੀ ਮਨਮਤਿ ਕਹਿ ਕੇ ਨਕਾਰਿਆ,

ਮਜਨੁ ਝੂਠਾ ਚੰਡਾਲ ਕਾ
ਫੋਕਟ ਚਾਰ ਸੀਂਗਾਰ॥
ਝੂਠੀ ਮਨ ਦੀ ਮਤਿ ਹੈ
ਕਰਣੀ ਬਾਦਿ ਬਿਬਾਦੁ॥
ਝੂਠੇ ਵਿਚਿ ਅਹੰਕਰਣੁ ਹੈ
ਖਸਮ ਨ ਪਾਵੈ ਸਾਦੁ॥

ਉਨ੍ਹਾਂ ਨੇ 'ਨੀਚਾ' ਤੋਂ ਵੀ ਨੀਚ ਜਾਤ ਨਾਲ ਆਪਣੇ ਆਪ ਨੂੰ ਜੋੜਿਆ।

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ॥
(ਗੁਰੂ ਗ੍ਰੰਥ ਸਾਹਿਬ, ਪੰਨਾ 15)

ਸਨਾਤਨੀ ਧਰਮ ਅਨੁਸਾਰ ਕੁਦਰਤ ਨੇ ਮਨੁੱਖ ਨੂੰ ਬਰਾਬਰੀ ਦਾ ਦਰਜਾ ਨਹੀਂ ਦਿੱਤਾ। ਕੋਈ ਬੌਧਿਕ ਤੌਰ 'ਤੇ ਬਲਵਾਨ ਹੈ, ਕੋਈ ਸਰੀਰਕ ਤੌਰ 'ਤੇ। ਮਨੁੱਖ ਅਸੂਲੀ ਤੌਰ 'ਤੇ ਬਰਾਬਰ ਨਹੀਂ ਹੁੰਦੇ ਅਤੇ ਉਨ੍ਹਾਂ ਦੇ ਵਿਚਾਲੇ ਨਾ-ਬਰਾਬਰੀ ਸਦਾ ਕਾਇਮ ਰਹਿੰਦੀ ਹੈ। ਮਨੁੱਖ ਜਮਾਂਦਰੂ ਹੀ ਨਾ-ਬਰਾਬਰ ਹਨ ਅਤੇ ਉਨ੍ਹਾਂ ਵਿਚਕਾਰ ਫਰਕ ਉਨਾ ਹੀ ਹੈ, ਜਿੰਨਾ ਕੁੱਤੇ ਤੇ ਬੰਦੇ ਵਿਚਕਾਰ। ਹਿੰਦੂ ਧਰਮ ਅਨੁਸਾਰ ਪਰਮਾਤਮਾ ਵਿਸ਼ਵ-ਵਿਆਪੀ ਪਿਤਾ ਦੇ ਸਮਾਨ ਨਹੀਂ, ਸਗੋਂ ਨਾ-ਬਰਾਬਰੀ ਵਰਗਾਂ ਦਾ ਰਚਨਹਾਰਾ ਹੈ। ਪਰਜਾਪਤੀ ਨੇ ਸ਼ੂਦਰਾਂ ਨੂੰ ਦੂਜੀਆਂ ਜਾਤਾਂ ਦਾ ਗੁਲਾਮ ਬਣਾ ਕੇ ਪੈਦਾ ਕੀਤਾ ਹੈ। ਹਰ ਇਕ ਨੂੰ ਅਜਿਹੀ ਪਦਵੀ ਨਹੀਂ ਮਿਲ ਸਕਦੀ ਕਿਉਂਕਿ ਦੇਵਤੇ ਹਰ ਇਕ ਨਾਲ ਸਾਂਝ ਨਹੀਂ ਰੱਖਦੇ। ਕੇਵਲ ਬ੍ਰਾਹਮਣ, ਕਸ਼ੱਤਰੀ ਤੇ ਵੈਸ਼ ਹੀ ਇਸ ਦਾ ਹੱਕਦਾਰ ਹੈ ਕਿਉਂਕਿ ਉਹ ਹੀ ਕੁਰਬਾਨੀ ਕਰ ਸਕਦੇ ਹਨ। ਆਰੀਅਨ ਤੋਂ ਬਿਨਾਂ ਕਿਸੇ ਨਾਲ ਵੀ ਗੱਲ ਨਹੀਂ ਕਰਨੀ ਚਾਹੀਦੀ ਕਿਉਂਕਿ ਦੇਵਤੇ ਨਾਰਾਜ਼ ਹੁੰਦੇ ਹਨ। ਮਨੂੰ ਅਨੁਸਾਰ ਬ੍ਰਾਹਮਣ ਭਾਵੇਂ ਪੜ੍ਹਿਆ-ਲਿਖਿਆ ਹੋਵੇ ਜਾਂ ਨਾ; ਤੇ ਭਾਵੇਂ ਮਾੜੇ ਕੰਮ ਕਰਨ ਵਾਲਾ ਹੀ ਹੋਵੇ, ਉਹ ਫਿਰ ਵੀ ਦੇਵਤਾ ਹੈ। ਹਿੰਦੂਆਂ ਦੇ ਜਾਤ-ਪਾਤੀ ਸਮਾਜ ਨੇ ਆਪਣੀ ਹੀ ਕਿਸਮ ਦੀ ਗੁਲਾਮੀ ਦਾ ਨਮੂਨਾ ਘੜ ਲਿਆ ਸੀ ਜਿਸ ਨਾਲ ਸੱਭੇ ਜਾਤਾਂ ਸਮੁੱਚੇ ਜਾਤ-ਪਾਤੀ ਸਮਾਜ ਦੀਆਂ ਗੁਲਾਮ ਹੋ ਨਿਬੜੀਆਂ। ਰਾਜਾ ਤੜਕੇ ਉਠ ਕੇ ਬ੍ਰਾਹਮਣ ਨੂੰ ਪ੍ਰਣਾਮ ਕਰੇ। ਸੜਕ ਉਤੇ ਜੇ ਬ੍ਰਾਹਮਣ ਤੇ ਬਾਦਸ਼ਾਹ ਇਕੱਠੇ ਗੁਜ਼ਰਦੇ ਹੋਣ ਤਾਂ ਸੜਕ ਬ੍ਰਾਹਮਣ ਦੀ ਸਮਝੀ ਜਾਏਗੀ। ਮਰਾਠਾ ਲੀਡਰ ਸ਼ਿਵਾ ਜੀ ਆਪਣੀ ਜਾਤ ਦੇ ਰੁਤਬੇ ਨੂੰ ਵਾਜਿਬ ਠਹਿਰਾਉਣ ਲਈ ਬ੍ਰਾਹਮਣਾਂ ਦੇ ਤਰਲੇ ਕਰਦਾ ਰਿਹਾ। ਰਾਜਪੂਤਾਂ ਨੇ ਵੀ ਬ੍ਰਾਹਮਣਾਂ ਦੀ ਅਧੀਨਗੀ ਸਵੀਕਾਰ ਕੀਤੀ।

ਹਿੰਦੂ ਸਮਾਜ ਦੇ ਦਾਇਰੇ ਤੋਂ ਬਾਹਰ ਨਿਕਲ ਕੇ ਜਾਤ-ਪਾਤੀ ਸੰਸਥਾ ਦੇ ਪੂਰਨ ਖਾਤਮਾ ਤਾਂ ਹੀ ਸੰਭਵ ਸੀ, ਜੇ ਨਵੇਂ ਸਮਾਜ ਦੀ ਸਥਾਪਨਾ ਕੀਤੀ ਜਾਵੇ। ਗੁਰੂ ਨਾਨਕ ਸਾਹਿਬ ਨੇ ਇੰਜ ਹੀ ਕੀਤਾ। ਉਨ੍ਹਾਂ ਨੇ ਇਸ ਸੰਸਥਾ ਦਾ ਖਾਤਮਾ ਅੰਸ਼ਕ ਰੂਪ ਵਿਚ ਨਹੀਂ ਕੀਤਾ ਸਗੋਂ ਇਸ ਨੂੰ ਜੜ੍ਹੋਂ ਹੀ ਪੁੱਟ ਸੁੱਟਿਆ। ਨਵੇਂ ਸਮਾਜ ਵਿਚ 'ਸਭੇ ਸਾਝੀਵਾਲ ਸਦਾਇਨਿ' ਦੀ ਆਵਾਜ਼ ਦਿੱਤੀ। ਜਾਤ-ਪਾਤੀ ਲਾਹਣਤ ਦਾ ਖਾਤਮਾ ਮਨੁੱਖਤਾ ਦੀ ਮੁਕਤੀ ਲਈ ਜ਼ਰੂਰੀ ਸੀ। ਸਾਂਝੇ ਲੰਗਰ ਨੂੰ ਸੁਧਰਵਾਦੀ ਕਦਮ ਵਜੋਂ ਲੈਣ ਦੀ ਥਾਂਵੇਂ, ਗੁਰੂ ਸਾਹਿਬ ਨੇ ਇਸ ਨੂੰ ਉਚੇ ਰੂਹਾਨੀ ਅਰਥ ਦਿੱਤੇ। "ਇਹ ਸਿੱਖਾਂ ਦੀ ਗੁਰੂ ਵੱਲ ਸ਼ਰਧਾ ਦਾ ਠੋਸ ਸੰਸਥਾਈ ਰੂਪ ਸੀ। ਲੰਗਰ ਗੁਰੂ ਦਾ ਸੀ। ਗੁਰੂ ਵਿਚ ਵਿਸ਼ਵਾਸ ਗੁਰੂ ਲਈ ਵਫ਼ਾਦਾਰੀ, ਉਸ ਅੱਗੇ ਤਨ ਮਨ ਧਨ ਅਰਪਣ ਦਾ ਅਭਿਆਸ ਸੀ। ਇਹ ਸਿੱਖਾਂ ਲਈ ਕੁਰਬਾਨੀ ਦਾ ਪਹਿਲਾ ਸਬਕ ਸੀ, ਹੰਕਾਰ ਨੂੰ ਕੱਟਣ ਦਾ ਵਸੀਲਾ ਸੀ, ਸਿੱਖ ਹੋਣ ਦਾ ਟੈਸਟ ਸੀ।" (ਸਿੱਖ ਲਹਿਰ, ਪ੍ਰੋ. ਕਿਸ਼ਨ ਸਿੰਘ)

ਗੁਰੂ ਨਾਨਕ ਨੇ ਆਪਣਾ ਮਿਸ਼ਨ ਜਾਰੀ ਰੱਖਣ ਅਤੇ ਬ੍ਰਾਹਮਣੀ ਧਰਮ ਤੋਂ ਪੂਰੀ ਤਰ੍ਹਾਂ ਤੋੜ-ਵਿਛੋੜਾ ਕਰਨ ਹਿੱਤ, ਗੁਰੂ ਅੰਗਦ ਨੂੰ ਆਪਣੇ ਦੂਜੇ ਰੂਪ ਵਿਚ ਜ਼ਿੰਮੇਵਾਰੀ ਸੌਂਪੀ। ਸਿੱਖ ਮਿਸ਼ਨ ਦੀ ਜੋਤ ਜਗਾਈ ਰੱਖਣਾ ਉਨ੍ਹਾਂ ਦੀ ਮੁਢਲੀ ਅਤੇ ਪਹਿਲੀ ਜ਼ਿੰਮੇਵਾਰੀ ਸੀ। ਗੁਰੂ ਨਾਨਕ ਸਾਹਿਬ ਨੇ ਆਪ ਸੇਵਕ ਵਜੋਂ ਗੁਰੂ ਦੇ ਚਰਨਾਂ 'ਤੇ ਮੱਥਾ ਟੇਕਿਆ। ਗੁਰੂ ਸੇਵਕ ਵਿਚ ਲੀਨ ਹੋ ਗਿਆ, ਜੋਤ ਵਿਚ ਜੋਤ ਰਲੀ। "ਜੇ ਗੁਰੂ ਸਾਹਿਬ ਉਤਰਾਧਿਕਾਰੀ ਛੱਡੇ ਬਿਨਾਂ ਜੋਤੀ ਜੋਤਿ ਸਮਾ ਜਾਂਦੇ, ਤਾਂ ਅੱਜ ਸਿੱਖ ਧਰਮ ਨਾ ਹੁੰਦਾ। ਵਧ ਤੋਂ ਵੱਧ ਕਬੀਰ ਪੰਥ ਹੀ ਹੁੰਦਾ। (ਸਿੱਖ ਮਤ ਦਾ ਪਰਿਵਰਤਨ, ਗੋਕਲ ਚੰਦ ਨਾਰੰਗ, ਸਫਾ 15)। ਉਤਰਾਧਿਕਾਰੀ ਦੀ ਗੈਰ-ਹਾਜ਼ਰੀ ਵਿਚ ਬ੍ਰਾਹਮਣਵਾਦ ਨੇ ਉਭਰਦੇ ਸਿੱਖ ਧਰਮ ਦਾ ਮੁਢੋਂ ਹੀ ਬੀਨਾਸ ਕਰ ਦੇਣਾ ਸੀ, ਜਿਵੇਂ ਬੁੱਧ ਮਤ ਅਤੇ ਜੈਨ ਮਤ ਨਾਲ ਹੋਇਆ।

ਗੁਰੂ ਨਾਨਕ ਨੇ ਸਿੱਖ ਭਾਈਚਾਰੇ ਨੂੰ ਵੱਖਰੀ ਪਛਾਣ ਦੇਣ ਦੇ ਮੰਤਵ ਨਾਲ ਅਤੇ ਬ੍ਰਾਹਮਣੀ ਧਰਮ ਤੋਂ ਵਖਰੇਵਾਂ ਪਾਉਣ ਲਈ ਆਪਣੇ ਸਿੱਖਾਂ ਅੰਦਰ ਨਵੀਂ ਰੀਤ ਚਲਾਈ। ਸਿੱਖ ਇਕ-ਦੂਜੇ ਨੂੰ ਮਿਲਣ ਸਮੇਂ ਰਾਮ-ਰਾਮ ਕਹਿਣ ਦੀ ਬਜਾਏ 'ਸਤਿ ਕਰਤਾਰ' ਕਹਿਣ ਲੱਗੇ। ਸਿੱਖ ਸਿਧਾਂਤਾਂ ਨੇ ਹਿੰਦੂਆਂ ਅੰਦਰ ਬੇਅਰਾਮੀ ਪੈਦਾ ਕਰ ਦਿੱਤੀ ਸੀ। ਸਿੱਖ ਗੁਰੂਆਂ ਖਿਲਾਫ ਸਿੱਖ ਮਰਿਆਦਾ ਦੇ ਖਿਲਾਫ ਨਫਰਤ ਤੇ ਦੁਸ਼ਮਣੀ ਦੇ ਭਾਵ ਪੈਦਾ ਹੋਣੇ ਸੁਭਾਵਿਕ ਹੀ ਸੀ। ਦਿੱਲੀ ਦੇ ਇਕ ਖੱਤਰੀ ਹਿੰਦੂ ਨੇ ਸੁਲਤਾਨ ਕੋਲ ਗੁਰੂ ਨਾਨਕ ਦੀ ਸ਼ਿਕਾਇਤ ਕੀਤੀ ਕਿ ਉਹ ਨਾ ਵੇਦਾਂ ਨੂੰ ਮੰਨਦਾ ਹੈ ਅਤੇ ਨਾ ਹੀ ਕਤੇਬਾਂ ਨੂੰ। ਦਵੈਤ, ਈਰਖਾ, ਵੈਰ, ਭੈਅ, ਕਾਇਰਤਾ, ਮੰਦ ਭਾਵਨਾ ਅਤੇ ਨਫ਼ਰਤ ਦੀਆਂ ਚੰਗਿਆੜੀਆਂ ਵਿਚ ਭਸਮ ਹੋਣੇ ਵਾਲੇ ਹਿੰਦੂਆਂ ਨੇ ਗੁਰੂ ਨਾਨਕ ਤੋਂ ਲੈ ਕੇ ਗੁਰੂ ਅਰਜਨ ਤੱਕ ਆਪਣੀ ਦੁਸ਼ਮਣੀ ਦੇ ਅਗਨੀ ਬਾਣ ਚਲਾਏ। ਸਿੱਖ ਗੁਰੂਆਂ ਨੂੰ ਪਤਾ ਸੀ ਕਿ ਸਿੱਖੀ ਨੂੰ ਘੁੰਮਣ-ਘੇਰਿਆਂ ਵਾਲੇ ਰਾਹਾਂ ਵਿਚੋਂ ਗੁਜ਼ਰਨਾ ਪੈਣਾ ਹੈ, ਜਿਥੇ ਪੈਰ-ਪੈਰ 'ਤੇ ਸਾਜ਼ਿਸ਼ਾਂ, ਬੇਰਹਿਮ ਤੋਹਮਤਾਂ ਅਤੇ ਖੌਫ਼ਨਾਕ ਦਹਿਸ਼ਤਾਂ ਦਾ ਪਹਿਰਾ ਹੈ।

ਖਾਲਸਾ ਪੰਥ ਦੇ ਲੰਮੇ ਇਤਿਹਾਸ ਵਿਚ ਬ੍ਰਾਹਮਣਵਾਦ ਦਾ ਕਾਲਾ ਪ੍ਰਛਾਵਾਂ ਲਗਾਤਾਰ ਆਪਣਾ ਮਾਰੂ ਅਸਰ ਦਿਖਾਉਂਦਾ ਰਿਹਾ। ਜੀਵਨ ਦੀ ਮੌਲਿਕ ਤਾਜ਼ਗੀ ਨੂੰ ਤੋੜ ਸੁੱਟਣ ਵਾਲਾ ਅੰਸ਼ ਬ੍ਰਾਹਮਣਵਾਦ ਦੀ ਕੋਝੀ ਫਿਤਰਤ ਹੈ। ਬਿਪਰ ਸੰਸਕਾਰ, ਸਿਮਰਨ, ਦੁਆ, ਸਿਜਦੇ, ਸਿਦਕ ਅਤੇ ਇਲਾਹੀ ਨੂਰ ਦੇ ਅਮਲਾਂ ਨੂੰ ਬੁੱਤ ਪੂਜਾ ਅਤੇ ਪਸ਼ੂ-ਬਿਰਤੀ ਦੇ ਢਾਂਚੇ ਵਿਚ ਢਾਲਦਾ ਰਿਹਾ ਹੈ। ਬ੍ਰਾਹਮਣਵਾਦ ਸਦੀਆਂ ਤੱਕ ਢੀਠਤਾਈ ਦਿਖਾਉਂਦਾ ਰਿਹਾ ਹੈ। ਹਾਰਨ ਪਿਛੋਂ ਦੇਖਣ ਨੂੰ ਝੁਕਦਾ ਜ਼ਰੂਰ ਹੈ ਪਰ ਆਪਣੀ ਫ਼ਿਤਰਤ ਤੋਂ ਕਿਨਾਰਾ ਨਹੀਂ ਕਰਦਾ। ਜ਼ਿੰਦਗੀ ਵਿਚ ਈਰਖਾ, ਦੁਸ਼ਮਣੀ ਅਤੇ ਨਫਰਤ ਦੇ ਬੀ ਬੀਜਦਾ ਹੈ। ਇਸ ਦਾ ਇਹ ਚੇਤਨ ਕੁਝ ਕੁ ਸਾਲਾਂ ਦਾ ਹੀ ਨਹੀਂ ਹੁੰਦਾ, ਸਗੋਂ ਚਿਰਜੀਵੀ ਹੁੰਦਾ ਹੈ।

ਲੋਕਾਂ ਅੰਦਰ ਭਾਵਾਂ ਦੀ ਸਾਂਝ ਪੈਦਾ ਕਰਨ ਲਈ ਇਹ ਜ਼ਰੂਰੀ ਹੈ ਕਿ ਲੋਕਾਂ ਦੀ ਗੱਲ ਲੋਕਾਂ ਦੀ ਮਾਂ ਬੋਲੀ ਵਿਚ ਕੀਤੀ ਜਾਵੇ। ਧਰਮ ਹਿੱਤ ਕਾਰਜਾਂ ਲਈ ਇਹ ਅਤਿ ਜ਼ਰੂਰੀ ਹੈ। ਮਾਂ ਬੋਲੀ ਲੋਕਾਂ ਦੇ ਦਿਲਾਂ ਵਿਚ ਡੂੰਘੀ ਉਤਰਦੀ ਹੈ ਅਤੇ ਉਨ੍ਹਾਂ ਦੇ ਹਿਰਦਿਆਂ ਨੂੰ ਛੂੰਹਦੀ ਹੈ। ਬ੍ਰਾਹਮਣਾਂ ਨੇ ਲੋਕਾਂ ਦੇ ਮਨਾਂ ਵਿਚ ਹੈਂਕੜ ਅਤੇ ਚੌਧਰ ਕਾਇਮ ਕਰਨ ਲਈ ਲੋਕਾਂ ਦੀ ਮਾਂ ਬੋਲੀ ਨੂੰ ਦੁਤਕਾਰਦੇ ਹੋਏ ਆਪਣੇ ਗ੍ਰੰਥਾਂ ਦੀ ਰਚਨਾ ਸੰਸਕ੍ਰਿਤ ਵਿਚ ਕੀਤੀ। ਆਮ ਲੋਕਾਂ ਨੂੰ ਗਿਆਨ ਵਿਹੂਣੇ ਰੱਖਣ ਲਈ ਬ੍ਰਾਹਮਣਾਂ ਦੀ ਇਹ ਸੋਚੀ ਸਮਝੀ ਸਕੀਮ ਸੀ। ਬੁੱਧ ਮੱਤ ਨੇ ਇਸ ਦਾ ਭਰਪੂਰ ਵਿਰੋਧ ਕੀਤਾ ਤੇ ਪਾਲੀ ਨੂੰ ਲੋਕਾਂ ਦੀ ਭਾਸ਼ਾ ਬਣਾਇਆ। ਮਹਾਤਮਾ ਬੁੱਧ ਦੀ ਮੌਤ ਪਿਛੋਂ ਬੁੱਧ ਮਤ ਵੀ ਇਸ ਦਲਦਲ ਵਿਚ ਧਸ ਗਿਆ। ਗੁਰੂ ਨਾਨਕ ਦੇ ਉਤਰਾਧਿਕਾਰੀ ਗੁਰੂ ਅੰਗਦ ਦੇਵ ਨੇ ਬ੍ਰਾਹਮਣੀ ਰੀਤ ਨੂੰ ਰੱਦ ਕਰਦਿਆਂ ਧਰਮ ਉਪਦੇਸ਼ ਲਈ ਉਸ ਭਾਸ਼ਾ (ਗੁਰਮੁਖੀ) ਦਾ ਇਸਤੇਮਾਲ ਕੀਤਾ ਜਿਸ ਨੂੰ ਲੋਕ ਸਹਿਜ ਨਾਲ ਅਤੇ ਸੌਖੀ ਤਰ੍ਹਾਂ ਸਮਝ ਸਕਦੇ ਸਨ। ਇਹ ਬ੍ਰਾਹਮਣਵਾਦ ਦੀ ਹੈਂਕੜ ਅਤੇ ਚੌਧਰ ਉਪਰ ਭਾਰੀ ਸੱਟ ਸੀ। ਗੁਰਮੁਖੀ ਲਿਪੀ ਹੋਂਦ ਵਿਚ ਆਉਣ ਨਾਲ ਬ੍ਰਾਹਮਣਵਾਦ ਦੀ ਪੀੜਾ ਹੋਰ ਤਿੱਖੀ ਹੋ ਗਈ। ਹਿੰਦੂ ਮਨ ਨੇ ਸਿੱਖਾਂ ਨੂੰ ਕਦੇ ਵੀ ਵੱਖਰਾ ਭਾਈਚਾਰਾ ਨਹੀਂ ਮੰਨਿਆ। ਸਿੱਖਾਂ ਵਲੋਂ ਦੇਵ ਭਾਸ਼ਾ (ਸੰਸਕ੍ਰਿਤ) ਨੂੰ ਛੱਡ ਕੇ ਗੁਰਮੁਖੀ ਲਿਪੀ ਅਪਣਾ ਲੈਣ ਦੇ ਗੁਨਾਹ ਨੂੰ ਉਨ੍ਹਾਂ ਨੇ ਕਦੀ ਮੁਆਫ ਨਹੀਂ ਕੀਤਾ। "ਗੁਰੂ ਨਾਨਕ ਦੇ ਸਿੱਖ ਸੰਸਕ੍ਰਿਤ ਭਾਸ਼ਾ ਦਾ ਕੋਈ ਆਦਰ ਨਹੀਂ ਕਰਦੇ ਜਿਹੜੀ ਹਿੰਦੂਆਂ ਅਨੁਸਾਰ ਦੇਵਤਿਆਂ ਦੀ ਭਾਸ਼ਾ ਹੈ।" (ਮੋਹਸਿਨ ਫਾਕੀ ਕਰਤਾ ਦਾਬਿਸਤਾਨ-ਮਜਾਹਿਬ) ਅੱਜ ਵੀ ਆਰੀਆ ਸਮਾਜੀਆਂ ਤੋਂ ਲੈ ਕੇ ਸਨਾਤਕੀਆਂ ਤੱਕ, ਦਾਯਾਨੰਦ ਤੋਂ ਲੈ ਕੇ ਗਾਂਧੀ ਤੱਕ, ਹਰ ਵੰਨਗੀ ਦੇ ਹਿੰਦੂਆਂ ਨੇ ਗੁਰਮੁਖੀ ਵਿਰੁਧ ਆਪਣੇ ਮਨ ਦੀ ਭੜਾਸ ਕੱਢਣ ਦਾ ਕੋਈ ਮੌਕਾ ਅਜਾਈਂ ਨਹੀਂ ਜਾਣ ਦਿੱਤਾ। "ਗੁਰਮੁਖੀ ਲਿਪੀ ਗਾਂਧੀ ਨੂੰ ਵਿਹੁ ਵਰਗੀ ਜਾਪਦੀ ਸੀ। ਉਸ ਦੇ ਮਨ ਅੰਦਰ ਇਹ ਵਹਿਮ ਡੂੰਘਾ ਘਰ ਕਰ ਗਿਆ ਸੀ ਕਿ ਸਿੱਖੀ ਵਾਂਗ ਹੀ, ਗੁਰਮੁਖੀ ਲਿਪੀ ਦੀ ਘਾੜਤ ਵੀ ਸਿੱਖਾਂ ਨੂੰ ਹਿੰਦੂਆਂ ਨਾਲੋਂ ਨਿਖੇੜਨ ਲਈ ਹੀ ਘੜੀ ਗਈ ਸੀ।" (ਅਜਮੇਰ ਸਿੰਘ) ਉਸ ਨੂੰ ਗੁਰਮੁਖੀ ਲਿਪੀ ਅੰਦਰ ਕੋਈ ਖੂਬੀ ਨਜ਼ਰ ਨਹੀਂ ਸੀ ਆਉਂਦੀ। ਰਾਜ ਕੁਮਾਰੀ ਅੰਮ੍ਰਿਤ ਕੌਰ ਨੂੰ ਲਿਖੇ ਪੱਤਰ (14 ਨਵੰਬਰ 1936) ਵਿਚ ਉਸ ਨੇ ਆਪਣੇ ਮਨ ਦੀ ਇਹ ਫਿਰਕੂ ਮੁਰਾਦ ਸਾਫ਼ ਤੌਰ 'ਤੇ ਪ੍ਰਗਟ ਕਰ ਦਿੱਤੀ ਸੀ ਕਿ ਸਿੱਖਾਂ ਨੂੰ ਗੁਰਮੁਖੀ ਲਿਪੀ ਦਾ ਖਹਿੜਾ ਛੱਡ ਦੇਣਾ ਚਾਹੀਦਾ ਹੈ ਅਤੇ ਇਸ ਦੀ ਜਗ੍ਹਾ ਦੇਵਨਾਗਰੀ ਲਿਪੀ ਅਪਣਾ ਲੈਣੀ ਚਾਹੀਦੀ ਹੈ।" (ਕੁਲੈਕਟਡ ਵਰਕਸ ਆਫ ਐਮ. ਗਾਂਧੀ, ਜਿਲਦ 64, ਸਫਾ 41)। ਪੰਜਾਬੀ ਸੂਬੇ ਦੀ ਸਥਾਪਨਾ ਸਮੇਂ ਜਦੋਂ ਬੋਲੀ ਦੇ ਆਧਾਰ 'ਤੇ ਸੂਬੇ ਦੀ ਵੰਡ ਦਾ ਪ੍ਰਸ਼ਨ ਪੈਦਾ ਹੋਇਆ, ਤਾਂ ਡਾ. ਕਾਲੀਚਰਨ, ਲਾਲਾ ਜਗਤ ਨਰਾਇਣ ਅਤੇ ਹੋਰ ਹਿੰਦੂ ਨੇਤਾਵਾਂ ਨੇ ਹਿੰਦੂਆਂ ਨੂੰ ਪੰਜਾਬੀ ਛੱਡ ਕੇ ਹਿੰਦੀ ਨੂੰ ਆਪਣੀ ਮਾਤਾ ਭਾਸ਼ਾ ਵਜੋਂ ਮਾਨਤਾ

*(ਬਾਕੀ ਅਗਲੇ ਸਫੇ 'ਤੇ)*

# ਖਾਲਸਾ ਕੈਲੰਡਰ ਦਾ ਗੋਰਖਧੰਦਾ

ਪੰਥਕ ਮਸਲੇ

ਮੇਰੀ ਲਿਖਤ ਖਾਲਸਾ ਕੈਲੰਡਰ ਬਾਰੇ ਛਪੀ ਤਾਂ ਪਾਠਕਾਂ ਦੀਆਂ ਫੋਨ ਕਾਲਾਂ ਦੀ ਨਿਰੰਤਰ ਝੜੀ ਲਗੀ ਰਹੀ। ਇਸ ਲਿਖਤ ਵਿਚ ਅਕਲ ਦੀ ਕੋਈ ਬਹੁਤ ਲੰਮੀ ਤੇ ਡੂੰਘੀ ਰਿਆਜ਼ ਨਹੀਂ ਸੀ ਕੀਤੀ ਗਈ, ਇਸ ਵਿਚ ਸਿੱਖ ਅਹਿਸਾਸ ਦੀ ਤਰਜਮਾਨੀ ਸੀ। ਇਕ ਪਾਠਕ ਨੇ ਫਤਿਗੜ੍ਹ ਸਾਹਿਬ ਤੋਂ ਕਿਹਾ, ਇਹੋ ਜਿਹੀਆਂ ਲੀਡਰਾਂ ਦੀਆਂ ਹਰਕਤਾਂ ਸਦਕਾ ਆਪਾਂ ਆਮ ਸਿੱਖ ਇਸ ਕਰਕੇ ਸ਼ਰਮਸਾਰ ਹੁੰਦੇ ਹਾਂ ਕਿਉਂਕਿ ਲੀਡਰ ਤਾਂ ਕਾਰਾਂ ਵਿਚ ਬੰਦ ਦੌੜਦੇ

ਡਾ. ਹਰਪਾਲ ਸਿੰਘ ਪੰਨੂ
ਫੋਨ: 91-94642-51454

ਰਹਿੰਦੇ ਹਨ, ਕਿਸੇ ਦੀ ਪਹੁੰਚ ਵਿਚ ਨਹੀਂ ਹੁੰਦੇ ਪਰ ਅਸੀਂ ਸੜਕਛਾਪ ਲੋਕ ਹਰ ਵੰਨਗੀ ਦੇ ਬੰਦੇ ਨੂੰ ਮਿਲਦੇ ਹਾਂ ਤੇ ਉਸਦੇ ਸਵਾਲਾਂ ਦੇ ਜਵਾਬ ਲੱਭਣ ਵਾਸਤੇ ਮੁਸ਼ਕਿਲ ਵਿਚ ਪੈ ਜਾਂਦੇ ਹਾਂ, ਸ਼ਰਮਿੰਦਗੀ ਝਲਦੇ ਹਾਂ।

ਫਿਰੋਜ਼ਪੁਰ ਜ਼ਿਲੇ ਦੇ ਇਕ ਪੇਂਡੂ ਭਰਾ ਨੇ ਦੱਸਿਆ, ਜੀ ਸਾਡੇ ਪਿੰਡ ਬਿਕਰਮੀ ਸੰਮਤ ਮੁਤਾਬਕ ਵਡੇਰਿਆਂ ਦਾ ਮੇਲਾ ਭਾਦੋਂ ਵਿਚ ਤਿੰਨ ਦਿਨ ਵਾਸਤੇ ਭਰਦਾ ਹੈ। ਇਹ ਮੇਲਾ ਸਦੀਆਂ ਤੋਂ ਅਮਨ-ਅਮਾਨ ਨਾਲ ਭਰਦਾ ਰਿਹਾ, ਰਿਸ਼ਤੇਦਾਰਾਂ ਨਾਲ ਮੇਲ ਮਿਲਾਪ ਹੋ ਜਾਂਦੇ। ਨਾਨਕਸ਼ਾਹੀ ਕੈਲੰਡਰ ਸਦਕਾ ਮੇਲੇ ਦੀਆਂ ਤਰੀਕਾ ਦੋ ਹੋ ਗਈਆਂ। ਐਧੇ ਲੋਕ ਬਿਕਰਮੀ ਮੁਤਾਬਕ ਤੇ ਦੂਜੇ ਐਧੇ ਨਾਨਕਸ਼ਾਹੀ ਕੈਲੰਡਰ ਮੁਤਾਬਕ ਮੇਲਾ ਦੇਖਣ ਲਈ ਵੰਡੇ ਗਏ, ਮਾਹੌਲ ਤਣਾਉਪੂਰਨ ਹੋ ਗਿਆ। ਇਹੋ ਜਿਹੇ ਮੌਕੇ ਤੇ ਨਾਨਕਸ਼ਾਹੀ ਬੰਦੇ ਬਿਕਰਮੀ ਕੈਲੰਡਰ ਵਾਲਿਆਂ ਨੂੰ ਕਹਿਣ ਲੱਗੇ ਤੁਸੀਂ ਹਿੰਦੂ ਹੋ, ਸਿੱਖ ਹੋ ਹੀ ਨਹੀਂ। ਆਪੋ ਅਪਣੀ ਜ਼ਿੱਦ ਤੋਂ ਕੋਈ ਧਿਰ ਪਿਛੇ ਹਟਣ ਲਈ ਤਿਆਰ ਨਾ ਹੋਈ ਤਾਂ ਫੈਸਲਾ ਹੋਇਆ ਕਿ ਦੋਵੇਂ ਕੈਲੰਡਰਾਂ ਦਾ ਖਹਿੜਾ ਛੱਡੋ। ਮੇਲਾ ਈਸਾਈ ਸੰਨ ਮੁਤਾਬਕ 29,30,31 ਅਗਸਤ ਨੂੰ ਭਰਿਆ ਕਰੇਗਾ।

ਬੱਚਿਆਂ ਨੇ ਮਿਹਨਤ ਨਾਲ ਕੁਝ ਈਸਵੀ ਸਾਲ ਰੱਟੇ ਲਾ ਕੇ ਯਾਦ ਕੀਤੇ ਹਨ ਜਿਵੇਂ 1469, 1539, 1666, 1699, 1708, 1857, ਵਿਸਾਖੀ 1919, 1947 ਆਦਿ। ਹਰ ਕਿਸਮ ਦੇ ਇਮਤਿਹਾਨ ਵਿਚ ਇਹੋ ਕੰਮ ਆਉਣੇ ਹਨ, ਇਹੋ ਲਾਹੇਵੰਦ ਹਨ। ਬਾਕੀ ਸਭ ਰੱਜ ਖਾਣ ਦੀਆਂ ਖਰਮਸਤੀਆਂ ਹਨ।

ਪਾਠਕ ਅਖਬਾਰਾਂ ਵਿਚ ਅਕਸਰ ਅਜਿਹੀਆਂ ਖਬਰਾ ਪੜ੍ਹਦੇ ਹਨ ਕਿ ਸਿੰਘ ਸਾਹਿਬਾਨ ਦੀ ਨਿਯੁਕਤੀ, ਬਰਖਾਸਤਗੀ, ਉਮਰ ਦੀ ਮਿਆਦ, ਵਿਦਿਅਕ ਯੋਗਤਾ ਆਦਿਕ ਦਾ ਵਿਧਾਨ ਨਿਸ਼ਚਿਤ ਕਿਉਂ ਨਹੀਂ ਕੀਤਾ ਜਾਂਦਾ? ਲੀਡਰਾਂ ਵਲੋਂ ਬਿਆਨ ਆਇਆ ਕਰਦਾ ਹੈ-ਕਮੇਟੀ ਬਣਾ ਰਹੇ ਹਾਂ, ਕਮੇਟੀ ਬਣਾ ਦਿੱਤੀ ਹੈ, ਜਲਦੀ ਹੀ ਵਿਧੀ ਵਿਧਾਨ ਸੰਗਤ ਸਾਹਮਣੇ ਆ ਜਾਵੇਗਾ। ਨਾ ਇਹ ਵਿਧਾਨ ਕਦੀ ਬਣਿਆ, ਨਾ ਬਣੇਗਾ। ਕਿਉਂਕਿ ਵਿਧਾਨ ਬਣ ਗਿਆ, ਫਿਰ ਫੈਸਲਾ ਵਿਧਾਨ ਕਰੇਗਾ, ਲੀਡਰ ਦੇ ਕਰਨ ਵਾਸਤੇ ਕੀ ਰਹਿ ਜਾਏਗਾ? ਹੁਣ ਤਾਜ਼ਾ ਤਰੀਨ ਸਲਾਹਕਾਰ ਕਮੇਟੀ, ਸ਼੍ਰੋਮਣੀ ਕਮੇਟੀ ਨੇ ਥਾਪੀ ਹੈ, ਜਿਸ ਦੇ ਮੈਂਬਰ ਡਾ. ਜਸਪਾਲ ਸਿੰਘ, ਡਾ. ਪ੍ਰਿਥੀਪਾਲ ਸਿੰਘ ਕਪੂਰ, ਡਾ. ਬਲਵੰਤ ਸਿੰਘ ਅਤੇ ਡਾ. ਬਲਕਾਰ ਸਿੰਘ ਹਨ। ਸਾਨੂੰ ਇਨ੍ਹਾਂ ਦੀ ਲਿਆਕਤ ਅਤੇ ਵਿਦਵਤਾ ਉਪਰ ਕੋਈ ਸ਼ੱਕ ਨਹੀਂ, ਇਹ ਠੀਕ ਸਲਾਹ ਦੇਣਗੇ ਪਰ ਉਸ ਸਲਾਹ ਨੂੰ ਲਾਗੂ ਕੌਣ ਕਰੇਗਾ, ਕਦੋਂ ਕਰੇਗਾ?

ਅਰਬ ਦੇਸ਼ਾਂ ਵਿਚ ਇਸਲਾਮਿਕ ਸੰਮਤ ਹਿਜਰੀ ਹੈ ਜੋ ਉਸ ਦਿਨ ਤੋਂ ਸ਼ੁਰੂ ਹੁੰਦਾ ਹੈ ਜਦੋਂ ਹਜ਼ਰਤ ਮੁਹੰਮਦ ਸਾਹਿਬ ਨੂੰ ਮੱਕੇ ਤੋਂ ਮਦੀਨੇ ਹਿਜਰਤ (ਕੂਚ) ਕਰਨੀ ਪਈ ਸੀ। ਇਹ ਸੰਮਤ ਚੰਦਰਮਾ ਦੀ ਗਤੀ ਉਤੇ ਆਧਾਰਿਤ ਹੈ। ਪਾਠਕ ਜਾਣੂ ਹਨ ਕਿ ਸੂਰਜੀ ਕੈਲੰਡਰ ਦੇ ਮੁਕਾਬਲੇ ਚੰਦਰਮਾ ਵਾਲੇ ਸਾਰੇ ਕੈਲੰਡਰਾਂ ਵਿਚ ਊਣਤਾਈਆਂ ਹਨ। ਚੰਦਰਮਾਂ ਦੀ ਗਤੀ ਅਨੁਸਾਰ ਸਾਲ 360 ਦਿਨ ਦਾ ਹੈ ਜਦੋਂ ਕਿ ਸੂਰਜੀ ਗਤੀ ਮੁਤਾਬਕ 365 ਦਿਨਾਂ ਦਾ ਹੈ। ਸੂਰਜੀ ਸੰਮਤ ਹਰੇਕ ਸਾਲ ਪੰਜ ਦਿਨ ਦਾ ਫਰਕ ਪਾ ਦਿੰਦਾ ਹੈ, ਜਿਸ ਕਰਕੇ ਛੇ ਸਾਲ ਵਿਚ 30 ਦਿਨ, ਯਾਨੀ ਕਿ ਇਕ ਮਹੀਨੇ ਦਾ ਫਰਕ ਪੈ ਜਾਂਦਾ ਹੈ। ਇਹ ਫਰਕ ਦੂਰ ਕਰਨ ਲਈ ਜੋਤਸ਼ੀਆਂ ਨੇ ਲੌਂਦ ਮਹੀਨੇ ਦੀ ਕਾਢ ਕੱਢੀ, ਕਦੀ ਦੋ ਜੇਠ ਆ ਜਾਂਦੇ ਹਨ, ਕਦੀ ਦੋ ਮੱਘਰ। ਅਜਿਹਾ ਮਜਬੂਰਨ ਕਰਨਾ ਪੈਂਦਾ ਹੈ ਕਿਉਂਕਿ ਦੋਵੇਂ ਕੈਲੰਡਰ ਇਕ ਦੂਜੇ ਦੇ ਨੇੜੇ-ਨੇੜੇ ਰਹਿਣੇ ਚਾਹੀਦੇ ਹਨ। ਮੁਸਲਮਾਨਾਂ ਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ, ਇਸ ਕਰਕੇ ਕਦੇ ਰੋਜ਼ੇ ਗਰਮੀਆਂ ਵਿਚ ਆ ਜਾਂਦੇ ਹਨ ਕਦੀ ਸਰਦੀਆਂ ਵਿਚ। ਇਸੇ ਤੋਂ ਕਹਾਵਤ ਬਣੀ ਸੀ-ਗਰੀਬਾਂ ਰੱਖੇ ਰੋਜ਼ੇ ਦਿਨ ਵੱਡੇ ਆਏ।

ਮੈਂ ਈਰਾਨ ਦੇਸ ਦੀ ਯੂਨੀਵਰਸਿਟੀ ਦਾ ਵਿਜ਼ਿਟਿੰਗ ਪ੍ਰੋਫੈਸਰ ਹਾਂ। ਉਥੋਂ ਦੇ ਪ੍ਰੋਫੈਸਰ ਨੂੰ ਹਿਜਰੀ ਕੈਲੰਡਰ ਬਾਰੇ ਕਈ ਕੁਝ ਪੁੱਛਿਆ। ਮੇਰਾ ਇਕ ਸਵਾਲ ਇਹ ਵੀ ਸੀ ਕਿ ਕਰਬਲਾ ਦੀ ਜੰਗ ਵਿਚ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤੇ ਸ਼ਹੀਦ ਹੋ ਗਏ ਸਨ। ਉਦੋਂ ਗਰਮੀ ਦਾ ਮਹੀਨਾ ਸੀ, ਉਨ੍ਹਾਂ ਨੂੰ ਖਤਰਨਾਕ ਪਿਆਸ ਵਿਚੋਂ ਗੁਜ਼ਰਨਾ ਪਿਆ। ਹੁਣ ਜਦੋਂ ਉਹੀ ਮਹੀਨਾ ਸਰਦੀਆਂ ਵਿਚ ਆ ਜਾਂਦਾ ਹੈ ਤੇ ਤੁਸੀਂ ਇਨ੍ਹਾਂ ਸ਼ਹਾਦਤਾਂ ਨੂੰ ਯਾਦ ਕਰਦੇ ਹੋ ਤਾਂ ਬੱਚਿਆਂ ਨੂੰ ਸਮਝਾਉਣ ਵਿਚ ਦਿੱਕਤ ਨਹੀਂ ਆਉਂਦੀ? ਉਨ੍ਹਾਂ ਦੱਸਿਆ ਕੋਈ ਦਿਕਤ ਨਹੀਂ, ਬੱਚਿਆਂ ਨੂੰ ਕੇਵਲ ਦੱਸਣਾ ਹੈ ਕਿ ਜਦੋਂ ਇਹ ਸੰਕਟ ਆਇਆ ਸੀ ਉਦੋਂ ਗਰਮ ਮੌਸਮ ਸੀ। ਇਸੇ ਤਰ੍ਹਾਂ ਰਮਜ਼ਾਨ ਦਾ ਮਹੀਨਾ ਰੋਜ਼ਿਆਂ ਦਾ ਹੈ। ਮੁਸਲਮਾਨ ਨੂੰ ਪਤਾ ਹੋਣਾ ਚਾਹੀਦਾ ਹੈ ਹਰੇਕ ਮੌਸਮ ਵਿਚ ਭੁਖ ਪਿਆਸ ਦਾ ਟਾਕਰਾ ਕਿਵੇਂ ਕਰਨਾ ਹੈ। ਚੰਗਾ ਹੈ ਰੋਜ਼ੇ ਵਖ ਵਖ ਮੌਸਮਾਂ ਵਿਚ ਆਉਣ ਪਰ ਮਹੀਨਾ ਉਹੀ ਹੋਵੇ।

ਇਸਲਾਮੀ ਦੇਸ਼ਾਂ ਨੇ ਫੈਸਲਾ ਕੀਤਾ ਕਿ ਸ਼ਨੀ-ਐਤ ਦੀ ਛੁੱਟੀ ਕਿਉਂ ਕਰੀਏ? ਈਸਾਈ ਦਿਨਾਂ ਨਾਲ ਸਾਡਾ ਕੀ ਤਅੱਲੁਕ? ਉਨ੍ਹਾਂ ਵੀਰਵਾਰ ਅਤੇ ਜੁੰਮੇ ਦੀ ਛੁਟੀ ਦਾ ਫੈਸਲਾ ਕਰ ਲਿਆ। ਇਸ ਨਾਲ ਵਪਾਰਕ ਮੁਸੀਬਤ ਛਿੜ ਗਈ। ਸਾਰੀ ਦੁਨੀਆਂ ਦੇ ਦਫਤਰ ਸ਼ਨੀ-ਐਤ ਬੰਦ, ਅਰਬਾਂ ਦੇ ਵੀਰਵਾਰ ਤੇ ਜੁੰਮੇ ਨੂੰ ਬੰਦ। ਹਫਤੇ ਵਿਚ ਕਾਰੋਬਾਰੀ ਦਿਨ ਕੇਵਲ ਤਿੰਨ ਬਚੇ, ਬਾਕੀ ਚਾਰ ਛੁੱਟੀਆਂ ਹੋ ਗਈਆਂ, ਕਾਰੋਬਾਰ ਚਾਰ ਦਿਨ ਠੱਪ। ਹੁਣ ਅਰਬ ਦੇਸ ਐਤਵਾਰ ਦਫਤਰ ਲਾਉਂਦੇ ਹਨ, ਜੁੰਮੇ ਅਤੇ ਸ਼ਨੀਵਾਰ ਛੁਟੀ ਹੁੰਦੀ ਹੈ, ਸੋ ਸਾਰੀ ਦੁਨੀਆਂ ਵਿਚ ਚਾਰ ਦਿਨ ਕੰਮ ਹੋ ਸਕਦਾ ਹੈ।

ਈਰਾਨ ਵਿਚ ਸ਼ੀਆ ਇਸਲਾਮ ਹੈ ਜਦੋਂ ਕਿ ਬਾਕੀ ਅਰਬ ਦੇਸ ਸੁੰਨੀ ਹਨ। ਸੁੰਨੀਆਂ ਦੇ ਮੁਕਾਬਲੇ ਦੁਨੀਆਂਦਾਰੀ ਵਿਚ ਸ਼ੀਆ ਨਰਮ ਹਨ। ਵਿਹਾਰਕ ਕੰਮਕਾਜ ਵਾਸਤੇ ਉਨ੍ਹਾਂ ਨੇ ਸਰਕਾਰੀ ਤੌਰ ਤੇ ਹਿਜਰੀ ਸੰਮਤ ਦੀ ਥਾਂ ਪਹਿਲਵੀ ਕੈਲੰਡਰ ਲਾਗੂ ਕੀਤਾ ਹੋਇਆ ਹੈ। ਪਹਿਲਵੀ, ਪਾਰਸੀਆਂ ਦਾ ਕੈਲੰਡਰ ਬਿਕਰਮੀ ਦੇ ਬਹੁਤ ਨੇੜੇ ਹੈ। ਇਸੇ ਕਾਰਨ ਮਾਰਚ ਦੇ ਮਹੀਨੇ ਬਿਕਰਮੀ ਸੰਮਤ ਵਿਚ ਨਵਰਾਤਰੇ ਆਉਂਦੇ ਹਨ ਤੇ ਪਹਿਲਵੀ ਕੈਲੰਡਰ ਵਿਚ ਇਨ੍ਹਾਂ ਦਿਨਾਂ ਵਿਚ ਨੌਰੋਜ਼ ਮਨਾਇਆ ਜਾਂਦਾ ਹੈ। ਫਾਰਸੀ ਸ਼ਬਦ ਨੌ ਮਾਇਨੇ ਵੀ ਨਵਾਂ ਹੈ। ਇਹ ਬਸੰਤ ਦਾ ਤਿਉਹਾਰ ਹੈ। ਈਰਾਨ ਵਿਚ ਦੋ ਹਫਤਿਆਂ ਦੀਆਂ ਛੁੱਟੀਆਂ ਹੁੰਦੀਆਂ ਹਨ।

ਜਦੋਂ ਵਿਗਿਆਨੀਆਂ ਨੇ ਦੇਖਿਆ ਕਿ ਸੂਰਜੀ ਸਾਲ 365 ਦਿਨ ਦਾ ਨਹੀਂ, 365.25 ਦਿਨ ਦਾ ਹੁੰਦਾ ਹੈ ਤਦ ਹਰੇਕ ਚਾਰ ਸਾਲ ਬਾਅਦ ਲੀਪ ਦਾ ਸਾਲ 366 ਦਿਨ ਕਰ ਦਿੰਦੇ ਹਨ। ਦਾਨਸ਼ਵਰ ਜਦੋਂ ਇਸ ਤਰ੍ਹਾਂ ਦੇ ਹਿਸਾਬ-ਕਿਤਾਬ ਲਾਉਂਦੇ ਹਨ ਉਦੋਂ ਪੁਜਾਰੀਆਂ ਨੂੰ ਨੇੜੇ ਨਹੀਂ ਫਟਕਣ ਦਿੰਦੇ। ਸਿੱਖ ਆਪਣੇ ਮਸਲੇ ਸਿਆਣਿਆਂ ਵਾਂਗ ਕਿਉਂ ਹੱਲ ਨਹੀਂ ਕਰਦੇ? ਰੋਟੀ ਖਾਂਦੇ ਮਰਾਸੀ ਨੂੰ ਸਾਹਮਣੇ ਬੈਠੇ ਬੰਦੇ ਨੇ ਕਿਹਾ, ਭਾਈ ਧਿਆਨ ਨਾਲ ਖਾਹ, ਤੇਰੀ ਕੌਲੀ ਵਿਚੋਂ ਦਾਲ ਡੁੱਲ੍ਹ ਰਹੀ ਹੈ। ਮਰਾਸੀ ਨੇ ਉਤਰ ਦਿੱਤਾ, ਸਾਡੇ ਵੱਲ ਤਾਂ ਸਾਰੇ ਜਣੇ ਏਸੇ ਤਰ੍ਹਾਂ ਦਾਲ ਡੋਲ੍ਹ-ਡੋਲ੍ਹ ਖਾਂਦੇ ਨੇ।

ਤਖਤ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਸੁਤੰਤਰ ਹੈ, ਇਸ ਕਰਕੇ ਉਨ੍ਹਾਂ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਪੰਜਾਬ ਦੇ ਅਧਿਕਾਰ ਖੇਤਰੋਂ ਬਾਹਰ ਹੈ। ਜਥੇਦਾਰ ਅਵਤਾਰ ਸਿੰਘ ਮੱਕੜ ਪੰਥ ਨੂੰ ਇਹ ਦੱਸਣ ਦੀ ਕ੍ਰਿਪਾ ਕਰਨ ਕਿ ਪੰਜਾਬ ਅੰਦਰਲੇ ਤਿੰਨ ਤਖਤਾਂ ਦੇ ਜਥੇਦਾਰਾਂ, ਇਨ੍ਹਾਂ ਦੇ ਮੁਖ ਗ੍ਰੰਥੀਆਂ ਤੇ ਦਰਬਾਰ ਸਾਹਿਬ ਦੇ ਮੁਖ ਗ੍ਰੰਥੀ ਦੀ ਵਿਦਿਅਕ ਯੋਗਤਾ ਕੀ ਹੈ? ਜਿਹੜੇ ਪੰਥ ਨਿੰਦਕ ਇਲਜ਼ਾਮ ਲਾਉਂਦੇ ਹਨ ਕਿ ਤਖਤਾਂ ਦੇ ਜਥੇਦਾਰਾਂ ਅਤੇ ਗ੍ਰੰਥੀਆਂ ਦੀ ਵਿਦਿਅਕ ਯੋਗਤਾ ਉਚ ਪੱਧਰ ਦੀ ਨਹੀਂ, ਉਨ੍ਹਾਂ ਦੀ ਜ਼ਬਾਨ ਬੰਦ ਹੋ ਜਾਵੇਗੀ।

ਪੰਜਾਬੀ ਯੂਨੀਵਰਸਿਟੀ ਵਿਚ ਬਤੌਰ ਡੀਨ ਰਿਸਰਚ ਮੇਰੀ ਨਿਯੁਕਤੀ ਹੋਈ ਤਾਂ ਵਡੀਆਂ ਰਕਮਾਂ ਦੇ ਪ੍ਰਾਜੈਕਟ ਮਨਜ਼ੂਰ ਕਰਨੇ, ਪ੍ਰਾਜੈਕਟ ਫੈਲੋਜ਼, ਸਹਾਇਕ ਸਟਾਫ ਆਦਿ ਦੀਆਂ ਨਿਯੁਕਤੀਆਂ ਕਰਨੀਆਂ ਹੁੰਦੀਆਂ। ਬਾਇਓਟੈਕਨਾਲੋਜੀ ਦਾ ਪ੍ਰਾਜੈਕਟ ਆਇਆ, ਇਸ ਦਾ ਮੈਨੂੰ ਕੀ ਪਤਾ ਸੀ ਕੀ ਕਰਨੈ? ਪਰ ਨਿਯਮਾਂ ਅਨੁਸਾਰ ਇਸ ਵਿਭਾਗ ਦਾ ਮੁਖੀ ਸੱਦਿਆ, ਦੋ ਵਿਸ਼ਾ ਮਾਹਿਰ ਬਾਹਰੋਂ ਸੱਦੇ, ਅਸਲ ਫੈਸਲਾ ਉਨ੍ਹਾਂ ਨੇ ਕਰਨਾ ਹੁੰਦੈ, ਡੀਨ ਦੀ ਕੇਵਲ ਨਿਗਰਾਨੀ ਹੁੰਦੀ। ਕੀ ਖਾਲਸਾ ਪੰਥ ਵਿਚ ਕਾਨੂੰਨ ਦੇ ਮਾਹਿਰ, ਇਤਿਹਾਸ, ਫਲਸਫੇ, ਰਾਜਨੀਤੀ ਵਿਗਿਆਨ ਆਦਿ ਦੇ ਵਿਦਵਾਨ ਨਹੀਂ ਹਨ? ਜੇ ਹਨ ਤਾਂ ਉਨ੍ਹਾਂ ਦੀ ਸਲਾਹ ਬਿਨਾ ਫੈਸਲੇ ਕਿਵੇਂ ਹੋਈ ਜਾਂਦੇ ਹਨ?

ਪ੍ਰਾਈਵੇਟ ਕਾਲਜ ਵਿਚ ਰਾਜਨੀਤੀ ਵਿਗਿਆਨ ਦੇ ਲੈਕਚਰਾਰ ਦੀ ਆਸਾਮੀ ਖਾਲੀ ਹੋਈ, ਇਸ਼ਤਿਹਾਰ ਦੇ ਕੇ ਇੰਟਰਵਿਊ ਰੱਖੀ ਗਈ। ਕਾਲਜ ਦਾ ਮਾਲਕ ਅਤੇ ਗਵਰਨਿੰਗ ਬਾਡੀ ਦਾ ਪ੍ਰਧਾਨ ਅਨਪੜ੍ਹ ਸੇਠ ਸੀ। ਚੰਗਾ ਪੜ੍ਹਿਆ ਲਿਖਿਆ ਜੁਆਨ ਇੰਟਰਵਿਊ ਵਾਸਤੇ ਅੰਦਰ ਆਇਆ। ਸਭ ਤੋਂ ਪਹਿਲਾ ਸਵਾਲ ਪ੍ਰਧਾਨ ਜੀ ਨੇ ਖੁਦ ਪੁੱਛਿਆ ਕਿ ਬੇਟੇ ਇਹ ਦੱਸ ਰਾਜਨੀਤੀ ਹੁੰਦੀ ਕੀ ਹੈ? ਉਮੀਦਵਾਰ ਨੇ ਉਤਰ ਦਿੱਤਾ, ਜੀ ਅਨਪੜ੍ਹ ਬੰਦਾ ਸਵਾਲ ਕਰੇ ਤੇ ਉਸ ਦੇ ਸਵਾਲਾਂ ਦੇ ਜਵਾਬ ਪੜ੍ਹੇ ਲਿਖੇ ਬੰਦੇ ਨੂੰ ਦੇਣੇ ਪੈਣ, ਇਸੇ ਨੂੰ ਰਾਜਨੀਤੀ ਕਹਿੰਦੇ ਹਨ।

ਐਮਰਸਨ ਨੇ ਕਿਹਾ ਸੀਸ ਜੇ ਧਰਮ ਪੁਜਾਰੀਆਂ ਹੱਥ ਦੇ ਦਿਉਗੇ ਤੇ ਸਿਹਤ ਡਾਕਟਰਾਂ ਹਵਾਲੇ ਕਰ ਦਿਉਗੇ, ਨਾ ਤੁਹਾਡੇ ਕੋਲ ਧਰਮ ਬਚੇਗਾ ਨਾ ਸਿਹਤ।

ਨਾਨਕਸ਼ਾਹੀ ਕੈਲੰਡਰ ਦਾ ਸਰੂਪ ਵਿਗਾੜਨ ਵਿਚ ਤਤਪਰ ਸੰਤ ਸਮਾਜ ਧਾਰਾ 25 ਨੂੰ ਖਤਮ ਕਰਵਾਉਣ ਵਿਚ ਕਿਉਂ ਰੁਚੀ ਨਹੀਂ ਲੈਂਦਾ? ਅਦਾਲਤਾਂ ਵਲੋਂ ਦਿੱਤੀ ਗਈ ਸਜ਼ਾ ਭੁਗਤ ਚੁਕੇ ਸਿੱਖਾਂ ਦੀ ਰਿਹਾਈ ਵਾਸਤੇ ਕਦੀ ਸੰਘਰਸ਼ ਵਿਢਣ ਵਾਸਤੇ ਮੀਟਿੰਗ ਕਿਉਂ ਨਹੀਂ ਬੁਲਾਉਂਦਾ? ਗੁਰੂ ਦਸਮ ਪਾਤਸ਼ਾਹ ਦਾ ਸਿੱਖ, ਸੰਤ ਸਿਪਾਹੀ ਸੀ। ਹੁਣ ਸੰਤ, ਕੇਵਲ ਸਾਧਸੰਤ ਬਣ ਕੇ ਕਿਉਂ ਦੇਸੀ ਘਿਉ ਦਾ ਉਜਾੜਾ ਕਰਨ ਲੱਗਾ ਹੋਇਆ ਹੈ, ਸਿਪਾਹੀ ਦਾ ਫਰਜ਼ ਕੌਣ ਅਦਾ ਕਰੇ?

ਮੰਗਣ 'ਤੇ ਭਾਈ ਬਲਵੰਤ ਸਿੰਘ ਨੰਦਗੜ੍ਹ ਨੂੰ ਮਹਾਰਾਜ ਦੀ ਬੀੜ ਦੇਣ ਤੋਂ ਇਨਕਾਰ ਕਰਨ ਦੀ ਵਾਰਦਾਤ, ਸ਼੍ਰੋਮਣੀ ਕਮੇਟੀ ਦੇ ਚਿਹਰੇ ਉਪਰ ਲੱਗਾ ਦਾਗ, ਇਸ ਦੇ ਪ੍ਰਬੰਧ ਦੀ ਤਸਵੀਰ ਪੇਸ਼ ਕਰਦਾ ਹੈ। ਕੁਝ ਆਲੋਚਕਾਂ ਨੇ ਮੇਰੀ ਲਿਖਤ ਦਾ ਵਿਰੋਧ ਕਰਦਿਆਂ ਪਾਲ ਸਿੰਘ ਪੁਰੇਵਾਲ ਨੂੰ ਕਾਮਰੇਡ ਕਿਹਾ ਹੈ। ਅਜਿਹੀਆਂ ਗੈਰ ਜ਼ਿੰਮੇਵਾਰ ਟਿੱਪਣੀਆਂ ਸ਼ੋਭਨੀਕ ਨਹੀਂ। ਗੰਭੀਰ ਸੰਵਾਦ ਦਲੀਲ ਨਾਲ ਕਿਸੇ ਸਿਰੇ ਲੱਗੇਗਾ। ਇਥੇ ਮਸਲਾ ਕੇਵਲ ਇਨਾ ਹੈ ਕਿ ਮਾਹਿਰ ਖਗੋਲ ਵਿਗਿਆਨੀਆਂ ਦਾ ਕੰਮ ਪੁਜਾਰੀ ਸਿਰੇ ਨਹੀਂ ਚਾੜ੍ਹ ਸਕਦੇ।

# ਭਰਮਿ ਨ ਭੂਲਹੁ ਭਾਈ

ਦਿਵਾਉਣ ਲਈ ਕਿਹਾ। ਹਿੰਦੂ ਨੇਤਾਵਾਂ ਨੇ ਨਾ ਗੁਰੂ ਦੀ ਬਾਣੀ ਪੜ੍ਹੀ, ਨਾ ਸਰਵਣ ਕੀਤੀ, ਨਾ ਗੁਰੂਆਂ ਦੇ ਜੀਵਨ ਬਿਰਤਾਂਤ ਪੜ੍ਹੇ ਜਾਂ ਸਰਵਣ ਕੀਤੇ, ਉਨ੍ਹਾਂ ਦੇ ਮਨਾਂ ਅੰਦਰ ਗੁਰੂਆਂ ਦੇ ਰਾਹ ਉਤੇ ਚੱਲਣ ਦੀ ਆਰਜ਼ੂ ਕਿਵੇਂ ਪੈਦਾ ਹੋ ਸਕਦੀ ਸੀ। ਨਫਰਤ, ਈਰਖਾ ਅਤੇ ਵੈਰ ਭਾਵ ਦੀ ਭਾਵਨਾ ਜ਼ਰੂਰ ਪੈਦਾ ਹੋ ਗਈ ਸੀ। "ਸਾਵਰਕਰ ਤੋਂ ਲੈ ਕੇ ਗਾਂਧੀ ਤੇ ਨਹਿਰੂ ਤੱਕ, ਸਾਰੀ ਹਿੰਦੂ ਲੀਡਰਸ਼ਿਪ ਸਿੱਖਾਂ ਨੂੰ ਹਿੰਦੂ ਸਮਾਜ ਦਾ ਅੰਗ ਮੰਨ ਕੇ ਚੱਲਦੀ ਸੀ ਅਤੇ ਸਿੱਖ ਪੰਥ ਦੀ ਅੱਡਰੀ ਪਛਾਣ ਨੂੰ ਖੋਰਾ ਲਾ ਕੇ, ਇਸ ਨੂੰ ਹਿੰਦੂ ਸਮਾਜ ਅੰਦਰ ਜਜ਼ਬ ਕਰ ਲੈਣ ਦੀ ਰਣਨੀਤੀ ਦੀ ਅਡੋਲ ਧਾਰਨੀ ਸੀ।" (ਕਿਸ ਬਿਧ ਰੁਲੀ ਪਾਤਸ਼ਾਹੀ, ਅਜਮੇਰ ਸਿੰਘ)

### *ਗੁਰੂ ਅਮਰਦਾਸ (1552-1674)*

ਗੁਰੂ ਅਮਰਦਾਸ ਜੀ ਸਿੱਖਾਂ ਦੇ ਤੀਜੇ ਗੁਰੂ ਹੋਏ ਹਨ। ਗੁਰੂ ਅੰਗਦ ਦੇਵ ਨੇ ਆਪਣੇ ਅੰਤਮ ਸਮੇਂ ਆਪਣੇ ਪੁੱਤਰਾਂ ਦਾਤੂ ਅਤੇ ਦਾਸ ਨੂੰ ਨਜ਼ਰ-ਅੰਦਾਜ਼ ਕਰ ਕੇ ਅਮਰਦਾਸ ਨੂੰ ਗੁਰਿਆਈ ਬਖਸ਼ੀ। ਗੁਰੂ ਅੰਗਦ ਦੇਵ 1552 ਨੂੰ ਜੋਤੀ ਜੋਤ ਸਮਾ ਗਏ ਅਤੇ ਗੁਰੂ ਅਮਰਦਾਸ ਗੁਰਗੱਦੀ ਦੇ ਵਾਰਸ ਬਣੇ। ਗੁਰੂ ਜੀ ਦਾ ਸਭ ਤੋਂ ਜ਼ਰੂਰੀ ਕੰਮ ਸੀ ਬ੍ਰਾਹਮਣਵਾਦ ਦੁਆਰੇ ਵਿਛਾਏ ਫੋਕੇ ਕਰਮ-ਕਾਂਡਾਂ ਦਾ ਜਾਲ ਕੱਟਣਾ, ਗੁਰੂ ਜੀ ਨੇ ਸਿੱਖਾਂ ਦੀ ਰੂਹਾਨੀ ਤਰੱਕੀ ਤੇ ਮੁਕਤੀ ਲਈ ਠੋਸ ਕਦਮ ਉਠਾਏ। ਉਸ ਸਮੇਂ ਦੇ ਹਿੰਦੂ ਸਮਾਜ ਅੰਦਰ ਹਰ ਰਸਮ ਵੇਦਾਂ ਵਿਚੋਂ ਮੰਤਰ ਉਚਾਰਨ ਨਾਲ ਹੀ ਪੂਰੀ ਹੁੰਦੀ ਸੀ। ਵੇਦਾਂ ਦਾ ਉਚਾਰਨ ਕੇਵਲ ਬ੍ਰਾਹਮਣ ਹੀ ਕਰ ਸਕਦਾ ਸੀ। ਬੇਵੱਸ ਅਤੇ ਭੁੱਲੇ ਭਟਕੇ ਲੋਕ ਪੁਜਾਰੀ ਜਮਾਤ ਦੇ ਮੁਥਾਜ ਬਣੇ ਹੋਏ ਸਨ। ਇਸ ਮੁਥਾਜੀ ਨੂੰ ਦੂਰ ਕਰਨ ਹਿੱਤ ਗੁਰੂ ਜੀ ਨੇ ਵੇਦਾਂ ਦੇ ਉਚਾਰਨ ਦੀ ਰੀਤ ਬੰਦ ਕਰ ਕੇ ਸਾਰੀਆਂ ਰੀਤਾਂ ਗੁਰਬਾਣੀ ਦੀ ਸਹਾਇਤਾ ਨਾਲ ਕਰਨ ਦੀ ਰੀਤ ਚਾਲੂ ਕੀਤੀ। ਹਰ ਰਸਮ ਇੰਨੀ ਸਰਲ ਬਣਾ ਦਿੱਤੀ ਕਿ ਪੁਜਾਰੀ ਜਮਾਤ ਦੀ ਲੋੜ ਹੀ ਨਹੀਂ ਰਹੀ। ਜਨਮ, ਵਿਆਹ ਸ਼ਾਦੀ ਤੇ ਮੌਤ ਜੀਵਨ ਦੇ ਅਹਿਮ ਮੌਕੇ ਹੁੰਦੇ ਹਨ। ਇਨ੍ਹਾਂ ਰਸਮਾਂ ਨੂੰ ਗੁਰਬਾਣੀ ਦੇ ਸਿਧਾਂਤ ਅਨੁਸਾਰ ਹੀ ਕੀਤਾ ਜਾਣ ਲੱਗਿਆ। ਬ੍ਰਾਹਮਣੀ ਰਸਮਾਂ ਪੂਰੀ ਤਰ੍ਹਾਂ ਖਤਮ ਕਰ ਦਿੱਤੀਆਂ ਗਈਆਂ। ਮਰਨ ਸਮੇਂ ਗਰੁੜ ਪੁਰਾਣ ਪੜ੍ਹਨ ਲਈ ਪੰਡਿਤ ਨੂੰ ਬੁਲਾਉਣ ਦੀ ਰੀਤ ਖਤਮ ਕਰ ਦਿੱਤੀ। ਪੰਡਿਤਾਂ ਦੀ ਭੇਟਾ ਵੀ ਖਤਮ ਕੀਤੀ ਅਤੇ ਦੀਵੇ ਬਾਲਣੇ ਵੀ ਬੰਦ। ਗੰਗਾ ਵਿਚ ਅਸਥੀਆਂ ਜਲ ਪ੍ਰਵਾਹ ਕਰਨ ਦੀ ਰੀਤ ਬੰਦ ਕਰਨ ਦੇ ਆਦੇਸ਼ ਦਿੱਤੇ ਗਏ। (ਗੁਰੂ ਅਮਰਦਾਸ: ਲਾਈਫ ਐਂਡ ਥੌਟ, ਫੌਜਾ ਸਿੰਘ)। ਗੁਰੂ ਜੀ ਨੇ ਹਿੰਦੂ ਫਿਲਾਸਫੀ ਦੇ ਛੇ ਦਰਸ਼ਨਾਂ ਨੂੰ ਗੁਰੂ ਨਾਨਕ ਦੀ ਧਾਰਮਿਕ ਪ੍ਰਣਾਲੀ ਦੇ ਮੁਕਾਬਲੇ ਰੱਦ ਕਰ ਦਿੱਤਾ। ਉਨ੍ਹਾਂ ਕਿਹਾ:

ਹਰਿ ਦਰਸਨੁ ਪਾਵੈ ਵਡਭਾਗਿ॥
ਗੁਰ ਕੈ ਸਬਦਿ ਸਚੈ ਬੈਰਾਗਿ॥
ਖਟੁ ਦਰਸਨੁ ਵਰਤੈ ਵਰਤਾਰਾ॥
ਗੁਰ ਕਾ ਦਰਸਨੁ ਅਗਮ ਅਪਾਰਾ॥
ਗੁਰ ਕੈ ਦਰਸਨਿ ਮੁਕਤਿ ਗਤਿ ਹੋਇ॥
ਸਾਚਾ ਆਪਿ ਵਸੈ ਮਨ ਸੋਇ॥
ਗੁਰ ਦਰਸਨਿ ਉਧਰੈ ਸੰਸਾਰਾ॥
ਜੇ ਕੋ ਲਾਏ ਭਾਉ ਪਿਆਰਾ॥

"ਗੁਰੂ ਸਾਹਿਬ ਨੇ ਵਿਸਾਖੀ, ਮਾਘੀ ਤੇ ਦੀਵਾਲੀ ਆਦਿ ਤਿਉਹਾਰਾਂ ਤੇ ਮੇਲਿਆਂ ਦਾ ਰਵਾਇਤੀ ਰੂਪ ਬਦਲ ਕੇ ਇਨ੍ਹਾਂ ਨੂੰ ਸਿੱਖ ਧਰਮ ਦੇ ਪ੍ਰਚਾਰ ਤੇ ਜਥੇਬੰਦੀ ਦੀ ਮਜ਼ਬੂਤੀ ਦੇ ਸਾਧਨ ਬਣਾਇਆ। ਉਨ੍ਹਾਂ ਨੇ ਇਨ੍ਹਾਂ ਮੇਲਿਆਂ ਉਤੇ ਲੰਗਰ ਲਗਵਾਏ, ਦੀਵਾਨ ਸਜਾਏ, ਕੀਰਤਨ ਅਤੇ ਇਨ੍ਹਾਂ ਨੂੰ ਸਿੱਖ ਭਾਈਚਾਰੇ ਦੀ ਮਿਲਣੀ ਦਾ ਮੌਕਾ ਬਣਾਇਆ।" (ਸਿੱਖ ਲਹਿਰ, ਪ੍ਰੋ. ਕਿਸ਼ਨ ਸਿੰਘ, ਸਫਾ 34)।

ਗੁਰੂ ਜੀ ਦੀ ਸੰਗਤ ਮਾਨਣ ਲਈ ਹਰ ਕਿਸੇ ਲਈ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕਣਾ ਜ਼ਰੂਰੀ ਕਰਾਰ ਦੇ ਦਿੱਤਾ ਗਿਆ। ਮਨੁੱਖੀ ਭਾਈਚਾਰੇ ਅਤੇ ਸਭ ਲਈ ਬਰਾਬਰੀ ਦਾ ਇਹ ਅਹਿਮ ਕਦਮ ਸੀ। ਇਸ ਨਾਲ ਹਿੰਦੂ ਸਮਾਜ ਨਾਲੋਂ ਸਿੱਖ ਸਮਾਜ ਦੇ ਵਖਰੇਵੇਂ ਦੀਆਂ ਹੱਦਾਂ ਹੋਰ ਗੂੜ੍ਹੀਆਂ ਹੋ ਗਈਆਂ। ਗੁਰੂ ਅਮਰਦਾਸ ਦੁਆਰਾ ਪੁੱਟੇ ਇਨ੍ਹਾਂ ਪ੍ਰਭਾਵਸ਼ਾਲੀ ਕਦਮਾਂ ਨੇ ਹਿੰਦੂ ਸਮਾਜ ਦੇ ਕੁਲੀਨ ਵਰਗਾਂ ਅੰਦਰ ਗੁਰੂ ਪ੍ਰਤੀ ਦੁਸ਼ਮਣੀ ਤੇ ਵਿਰੋਧ ਦੇ ਭਾਵ ਹੋਰ ਤਿੱਖੇ ਕਰ ਦਿੱਤੇ। ਅਕਬਰ ਦੇ ਸਮੇਂ ਜਦੋਂ ਰਾਜ ਸੱਤਾ ਵਿਚ ਹਿੰਦੂ ਵਰਗ ਦੀ ਚੋਖੀ ਪ੍ਰਤੀਤ ਹੋ ਗਈ ਸੀ, ਤਾਂ ਉਨ੍ਹਾਂ ਨੇ ਗੁਰੂ ਜੀ ਦੇ ਖਿਲਾਫ਼ ਘਿਨਾਉਣੀਆਂ ਹਰਕਤਾਂ ਆਰੰਭ ਕਰ ਦਿੱਤੀਆਂ। ਗੁਰੂ ਸਾਹਿਬ ਨੂੰ ਵਰਣ ਆਸ਼ਰਮ ਦੀ ਉਲੰਘਣਾ ਕਰਨ, ਵੇਦਾਂ ਦਾ ਨਿਰਾਦਰ ਕਰਨ ਅਤੇ ਬ੍ਰਾਹਮਣਾਂ ਖਿਲਾਫ਼ ਪ੍ਰਚਾਰ ਮੁਹਿੰਮ ਚਲਾਉਣ ਦਾ ਦੋਸ਼ੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ। 1566-67 'ਚ ਜਦ ਅਕਬਰ ਲਾਹੌਰ ਠਹਿਰਿਆ ਹੋਇਆ ਸੀ, ਤਾਂ ਬ੍ਰਾਹਮਣਾਂ ਅਤੇ ਪੱਤਰੀਆਂ ਦੇ ਵਫ਼ਦ ਨੇ ਗੁਰੂ ਜੀ ਵਿਰੁਧ ਸ਼ਿਕਾਇਤ ਕੀਤੀ।

"ਗੋਇੰਦਵਾਲ ਦਾ ਇਕ ਅਮਰਦਾਸ ਆਪਣੇ ਆਪ ਨੂੰ ਗੁਰੂ ਅਖਵਾਉਂਦਾ ਹੈ। ਉਸ ਨੇ ਹਿੰਦੂਆਂ ਦੀਆਂ ਧਾਰਮਿਕ ਤੇ ਸਮਾਜੀ ਰੀਤਾਂ ਤਿਆਗ ਦਿੱਤੀਆਂ ਹਨ ਅਤੇ ਚਾਰ ਵਰਣਾਂ ਦੇ ਭੇਦ ਖਤਮ ਕਰ ਦਿੱਤੇ ਹਨ। ਅਜਿਹੀ ਉਲਟੀ ਗੱਲ ਪਹਿਲਾਂ ਚਾਰ ਯੁੱਗਾਂ ਵਿਚ ਕਦੇ ਸੁਣਨ ਵਿਚ ਨਹੀਂ ਸੀ ਆਈ। ਹੁਣ ਨਾ ਆਰਤੀ ਉਤਾਰੀ ਜਾਂਦੀ ਹੈ, ਨਾ ਗਾਇਤਰੀ ਅੰਤਰ ਪੜ੍ਹਿਆ ਜਾਂਦਾ ਹੈ, ਨਾ ਪਿਤਰਾਂ ਨੂੰ ਪਾਣੀ ਚੜ੍ਹਾਇਆ ਜਾਂਦਾ ਹੈ, ਨਾ ਤੀਰਥਾਂ ਦੀ ਯਾਤਰਾ ਕੀਤੀ ਜਾਂਦੀ ਹੈ, ਨਾ ਮਰਨ ਉਪਰੰਤ ਹਿੰਦੂ ਸੰਸਕਾਰਾਂ ਦਾ ਪਾਲਣ ਕੀਤਾ ਜਾਂਦਾ ਹੈ, ਨਾ ਦੇਵਤਿਆਂ ਨੂੰ ਪੂਜਿਆ ਜਾਂਦਾ ਹੈ। ਗੁਰੂ ਅਮਰਦਾਸ ਨੇ ਇਨ੍ਹਾਂ ਸਾਰੇ ਹਿੰਦੂ ਰਸਮਾਂ ਰਿਵਾਜ਼ਾਂ ਦਾ ਤਿਆਗ ਕਰ ਦਿੱਤਾ ਹੈ ਅਤੇ ਰਾਮ-ਰਾਮ ਦੀ ਜਗ੍ਹਾ ਵਾਹਿਗੁਰੂ ਦਾ ਜਾਪ ਕਰਨਾ ਸ਼ੁਰੂ ਕਰ ਦਿੱਤਾ ਹੈ। ਉਸ ਦੀ ਜੋਗੀਆਂ, ਜਤੀਆਂ ਤੇ ਬ੍ਰਾਹਮਣਾਂ ਵਿਚ ਕੋਈ ਸ਼ਰਧਾ ਨਹੀਂ ਰਹੀ। ਉਹ ਦੇਵੀ ਦੇਵਤਿਆਂ ਦੀ ਪੂਜਾ ਨਾ ਆਪ ਕਰਦਾ ਹੈ ਅਤੇ ਨਾ ਆਪਣੇ ਸੇਵਕਾਂ ਨੂੰ ਕਰਨ ਦਿੰਦਾ ਹੈ। ਉਸ ਨੇ ਆਪਣੇ ਸ਼ਰਧਾਲੂਆਂ- ਜੱਟਾਂ, ਮਰਾਸੀਆਂ, ਮੁਸਲਮਾਨਾਂ, ਬ੍ਰਾਹਮਣਾਂ, ਖੱਤਰੀਆਂ, ਦੁਕਾਨਦਾਰਾਂ, ਜਮਾਂਦਾਰਾਂ, ਨਾਈਆਂ, ਧੋਬੀਆਂ, ਅਤੇ ਤਰਖਾਣਾਂ ਆਦਿ ਸਭ ਨੂੰ ਇਕੋ ਪੰਗਤ ਵਿਚ ਬਿਠਾ ਕੇ ਭੋਜਨ ਛਕਾਉਣਾ ਸ਼ੁਰੂ ਕਰ ਦਿੱਤਾ ਹੈ ਅਤੇ ਉਸ ਨੇ ਵੱਖਰੀ ਰੀਤ ਚਲਾ ਦਿੱਤੀ ਹੈ। ਅਸੀਂ ਤੁਹਾਡੇ ਮੂਹਰੇ ਫਰਿਆਦ ਕਰਦੇ ਹਾਂ ਅਤੇ ਸ਼ਹਿਨਸ਼ਾਹ ਕੋਲੋਂ ਇਨਸਾਫ਼ ਦੀ ਮੰਗ ਕਰਦੇ ਹਾਂ। ਜੇ ਉਸ ਨੂੰ ਹੁਣੇ ਨਕੇਲ ਨਾ ਪਾਈ ਗਈ, ਤਾਂ ਬਾਅਦ ਵਿਚ ਉਸ ਨੂੰ ਕਾਬੂ ਕਰਨਾ ਮੁਸ਼ਕਿਲ ਹੋ ਜਾਵੇਗਾ।" (ਗੁਰੂ ਅਮਰਦਾਸ, ਫੌਜਾ ਸਿੰਘ, ਸਫਾ 313)

ਭਾਈ ਜੇਠਾ ਜੀ ਰਾਹੀਂ ਅਕਬਰ ਨੇ ਗੁਰੂ ਜੀ ਨੂੰ ਆਪਣੇ ਵਲੋਂ ਉਚੇਚਾ ਸਤਿਕਾਰ ਭੇਜਿਆ। "ਜਾਤ ਅਭਿਮਾਨੀ ਹਿੰਦੂਆਂ ਨੇ ਆਪਣੀ ਮਲੀਨ ਭਾਵਨਾ ਨੂੰ ਜਾਰੀ ਰੱਖਿਆ ਅਤੇ ਸਿੱਖਾਂ ਨੂੰ ਤੰਗ ਪ੍ਰੇਸ਼ਾਨ ਕਰਨ ਲਈ ਮੁਗਲ ਹਕੂਮਤ ਦੇ ਹੇਠਲੇ ਕਰਿੰਦਿਆਂ ਨੂੰ ਰਿਸ਼ਵਤਾਂ ਚਾੜ੍ਹਨ ਦੇ ਭ੍ਰਿਸ਼ਟ ਤੌਰ-ਤਰੀਕੇ ਅਪਨਾ ਲਏ।" (ਹਿਸਟਰੀ ਆਫ ਸਿੱਖਸ, ਜਿਲਦ 1, ਖੁਸ਼ਵੰਤ ਸਿੰਘ, ਸਫਾ 54)।

### *ਗੁਰੂ ਰਾਮਦਾਸ*

ਸਿੱਖਾਂ ਨੂੰ ਹਿੰਦੂ ਤੀਰਥਾਂ ਵਲੋਂ ਮੋੜਨਾ ਗੁਰੂ ਜੀ ਲਈ ਬਹੁਤ ਜ਼ਰੂਰੀ ਸੀ। ਅਜਿਹਾ ਕੀਤੇ ਬਿਨਾਂ ਸਿੱਖਾਂ ਨੂੰ ਵਿਚਾਰਧਾਰਾ ਅਤੇ ਅਮਲ ਦੇ ਪੱਧਰ 'ਤੇ ਬ੍ਰਾਹਮਣਵਾਦ ਦੇ ਦੁਸ਼ਟ ਪ੍ਰਭਾਵਾਂ ਤੋਂ ਮੁਕਤ ਨਹੀਂ ਸੀ ਕੀਤਾ ਜਾ ਸਕਦਾ। ਗੁਰੂ ਜੀ ਨੇ ਅਮਲੀ ਕਦਮ ਪੁੱਟਦਿਆਂ ਇਕ ਨਵਾਂ ਸ਼ਹਿਰ ਵਸਾਇਆ ਜਿਸ ਨੂੰ ਪਹਿਲਾਂ 'ਚੱਕ ਗੁਰੂ ਕਾ' ਤੇ ਬਾਅਦ ਵਿਚ ਅੰਮ੍ਰਿਤਸਰ ਕਿਹਾ ਜਾਣ ਲੱਗਿਆ। ਇਸ ਦੇ ਕੇਂਦਰ ਵਿਚ ਸਰੋਵਰ ਦੀ ਉਸਾਰੀ ਕੀਤੀ ਜੋ ਹੌਲੀ-ਹੌਲੀ ਸਿੱਖਾਂ ਲਈ ਤੀਰਥ ਅਸਥਾਨ ਦਾ ਮੁੱਖ ਕੇਂਦਰ ਬਣ ਗਿਆ। ਇਸ ਤਰ੍ਹਾਂ ਸਿੱਖਾਂ ਨੂੰ ਹਿੰਦੂ ਤੀਰਥ ਅਸਥਾਨ ਹਰਿਦੁਆਰ ਜਾਣ ਤੋਂ ਵਰਜਿਆ।

ਗੁਰੂ ਜੀ ਨੇ ਲਾਵਾਂ ਦੀ ਰਚਨਾ (ਰਾਗ ਸੂਹੀ ਮਹਲਾ 4, ਪੰਨਾ 773-74) ਕੀਤੀ। ਸਿੱਖਾਂ ਵਲੋਂ ਵੇਦੀ ਦੁਆਰਾ ਫੇਰਿਆਂ ਦੀ ਰਸਮ ਛੱਡ ਕੇ ਅਨੰਦ ਕਾਰਜ ਦੀ ਰਸਮ ਅਪਨਾ ਲੈਣ ਨਾਲ, ਉਨ੍ਹਾਂ ਦਾ ਹਿੰਦੂ ਸਮਾਜ ਨਾਲੋਂ ਨਾਤਾ ਟੁੱਟ ਗਿਆ। ਜਾਤ ਅਭਿਮਾਨੀ ਹਿੰਦੂਆਂ ਨੇ ਚੁਗਲੀਆਂ ਤੇ ਸ਼ਿਕਾਇਤਾਂ ਜ਼ਰੀਏ ਗੁਰੂ ਪੰਥ ਦੇ ਰਾਹ ਵਿਚ ਅਨੇਕਾਂ ਭਟਕਾਊ ਕਾਰਵਾਈਆਂ ਕੀਤੀਆਂ ਜਿਸ ਦਾ ਸਿੱਟਾ ਗੁਰੂ ਅਰਜਨ ਦੇਵ ਦੀ ਸ਼ਹੀਦੀ ਵਿਚ ਨਿਕਲਿਆ।

## ਪਾਠਕਾਂ ਦੀ ਰਾਏ

### ਚੈਨਲਾਂ ਵਾਲੇ ਹੁਣ ਬੱਸ ਕਰਨ...

ਕੋਈ ਕੁੜੀ ਗੀਤ ਗਾ ਰਹੀ ਸੀ, 'ਸਾਡਾ ਚਿੜੀਆ ਦਾ ਚੰਬਾ ਵੇ...ਬਾਬਲ ਅਸੀਂ ਉਡ ਜਾਣਾ...।' ਸੁਣਦਿਆਂ ਸਾਰ ਮੈਂ ਰੋ ਪਿਆ ਕਿ ਧੀ ਇਕ ਦਿਨ ਪਰਾਈ ਹੋ ਜਾਂਦੀ ਹੈ; ਪਰ ਅੱਜ ਕੱਲ੍ਹ ਕੁਝ ਅਦਾਰੇ ਅੱਧ-ਨੰਗੀਆਂ ਨੱਚਣ ਵਾਲੀਆਂ ਕੁੜੀਆਂ ਕੁਝ ਜ਼ਿਆਦਾ ਹੀ ਦਿਖਾ ਰਹੇ ਹਨ। ਸ਼ਾਇਦ ਉਨ੍ਹਾਂ ਦੇ ਘਰ ਵੀ ਧੀਆਂ ਹੋਣਗੀਆਂ ਪਰ ਉਹ ਕੋਈ ਸ਼ਰਮ ਨਹੀਂ ਕਰ ਰਹੇ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਬੇਨਤੀ ਹੈ ਕਿ ਇਸ ਸਬੰਧੀ ਇਕ ਕਮੇਟੀ ਬਣਾ ਦਿਓ ਜੋ ਇਹ ਕਾਰਾ ਕਰਨ ਲਈ ਜ਼ਿੰਮੇਵਾਰ ਵਿਅਕਤੀਆਂ ਖਿਲਾਫ ਐਕਸ਼ਨ ਲਵੇ।

ਇਕ ਦਿਨ ਕੋਈ ਚੈਨਲ ਵਾਲਾ ਸਫਾਈ ਦਿੰਦਿਆਂ ਕਹਿ ਰਿਹਾ ਸੀ ਕਿ ਲੋਕ ਤਾਂ 'ਯੂਟਿਊਬ' ਉਤੇ ਵੀ ਇਹ ਸਭ ਕੁਝ ਦੇਖੀ ਜਾਂਦੇ ਹਨ, ਪਰ ਜਿਹੜੇ 'ਯੂਟਿਊਬ' ਉਤੇ ਆਪਣੀ ਮਰਜ਼ੀ ਨਾਲ ਦੇਖਦੇ ਹਨ, ਦੇਖੀ ਜਾਣ; ਤੁਸੀਂ ਸਾਰੀ ਪਬਲਿਕ ਨੂੰ ਸ਼ਰੇਆਮ ਕਿਉਂ ਦਿਖਾ ਰਹੇ ਹੋ? ਪੰਜਾਬੀ ਚੈਨਲ ਚੰਗੇ ਪ੍ਰੋਗਰਾਮ ਵੀ ਦਿੰਦੇ ਹਨ ਪਰ ਇਹ ਨੰਗੇਜ ਦਿਖਾਉਣਾ ਸਰਾਸਰ ਗਲਤ ਹੈ।

ਇਸ ਦੇ ਨਾਲ ਹੀ ਪੰਜਾਬ ਦੀ 'ਪੰਥਕ ਸਰਕਾਰ' ਨੂੰ ਵੀ ਮਿੰਨਤ ਹੈ ਕਿ ਪੰਜਾਬ, ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਵਿਰਸੇ ਨੂੰ ਨਸ਼ਿਆਂ, ਭਰੂਣ ਹੱਤਿਆ ਅਤੇ ਇਸ ਅੱਧ-ਨੰਗੇ ਕਲਚਰ ਤੋਂ ਬਚਾਵੇ। ਇਹ ਸਰਕਾਰ ਦੀ ਜ਼ਿੰਮੇਵਾਰੀ ਹੈ। ਮੈਂ ਤਾਂ ਚਾਹੁੰਨਾ ਕਿ ਗੁਰਦੁਆਰਿਆਂ ਦੀਆਂ ਕਮੇਟੀਆਂ ਵੀ ਇਸ ਗੰਦ ਨੂੰ ਬੰਦ ਕਰਵਾਉਣ ਵਾਸਤੇ ਉਪਰਾਲੇ ਕਰਨ।

*-ਇਕ ਦੁਖੀ ਪੰਜਾਬੀ*

# ਕਬੱਡੀ ਖਿਡਾਰੀ, ਵੇਟ-ਲਿਫਟਰ ਤੇ ਆਈ ਪੀ ਐਸ-ਸੰਨ੍ਹਵਾਂ ਵਾਲਾ ਭੱਜੀ

ਰਾਮਗੜ੍ਹੀਆ ਕਾਲਜ ਫਗਵਾੜਾ ਨੇ ਖੇਡਾਂ ਦੇ ਹਰ ਖੇਤਰ ਵਿਚ ਵੱਡਾ ਯੋਗਦਾਨ ਪਾਇਆ ਹੈ। ਇਥੋਂ ਪੰਜਾਬ ਦੇ ਹੀ ਨਹੀਂ ਬਲਕਿ ਭਾਰਤ ਦੇ ਨਾਮੀ ਪਹਿਲਵਾਨ, ਕਬੱਡੀ ਖਿਡਾਰੀ, ਵੇਟ-ਲਿਫਟਰ ਤੇ ਪਾਵਰ-ਲਿਫਟਰ ਉਭਰੇ। ਸੰਨ੍ਹਵਾਂ ਵਾਲਾ ਹਰਭਜਨ ਸਿੰਘ ਭੱਜੀ ਉਰਫ ਸੰਨ੍ਹਵਾਂ ਵਾਲਾ ਭੱਜੀ ਵੀ ਇਸੇ ਰਾਮਗੜ੍ਹੀਆ ਕਾਲਜ ਦੀ ਪੈਦਾਇਸ਼ ਹੈ ਜਿਸ ਨੇ ਨਾ ਸਿਰਫ ਕਬੱਡੀ ਦੀ ਖੇਡ ਵਿਚ ਵੱਡਾ ਨਾਮਣਾ ਖੱਟਿਆ ਸਗੋਂ ਕਬੱਡੀ ਦੇ ਆਸਰੇ ਪੁਲਿਸ ਵਿਚ ਵੱਡੀਆਂ ਤਰੱਕੀਆਂ ਵੀ ਪਾਈਆਂ। ਕਬੱਡੀ ਦੇ ਨਾਲ ਨਾਲ ਉਸ ਨੇ ਵੇਟ-ਲਿਫਟਿੰਗ ਕੀਤੀ। ਸਬ-ਇੰਸਪੈਕਟਰ ਬਣਿਆ ਤੇ ਸਬ-ਇੰਸਪੈਕਟਰ ਤੋਂ ਸਿੱਧਾ ਆਈ.ਪੀ.ਐਸ. ਬਣਿਆ। ਆਈ.ਪੀ.ਐਸ. ਟੈਸਟ ਕੰਪੀਟੀਸ਼ਨ ਵਿਚ ਉਹਨੇ ਅਥਲੈਟਿਕਸ ਦੇ ਸਾਰੇ ਈਵੈਂਟ ਪਹਿਲੇ ਨੰਬਰ 'ਤੇ ਰਹਿ ਕੇ ਪਾਸ ਕੀਤੇ। ਨੈਸ਼ਨਲ ਪੁਲਿਸ ਅਕੈਡਮੀ ਨੇ 'ਬੈਸਟ-



**ਇਕਬਾਲ ਸਿੰਘ ਜੱਬੋਵਾਲੀਆ**
**ਫੋਨ: 917-375-6395**

ਸਪੋਰਟਸਮੈਨ' ਦਾ ਖਿਤਾਬ ਦੇ ਕੇ 'ਮਹਾਰਾਜਾ ਕੱਪ' ਦਿਤਾ। ਸਖਤ ਮਿਹਨਤ ਅਤੇ ਈਮਾਨਦਾਰੀ ਕਰਕੇ ਉਹ ਭਾਰਤ ਦਾ ਉਚ-ਦਰਜੇ ਦਾ ਆਹਲਾ ਅਫਸਰ ਬਣਿਆ। ਪੰਜਾਬ ਦਾ ਇਕੋ ਇਕ ਇਨਸਾਨ ਹੈ ਜਿਸ ਨੂੰ ਇਹ ਮਾਣ ਪ੍ਰਾਪਤ ਹੋਇਐ। ਸੰਨ੍ਹਵਾਂ ਵਾਲਾ ਭੱਜੀ ਮਾਣ-ਮੱਤਾ ਖਿਡਾਰੀ ਹੀ ਨਹੀਂ ਸਗੋਂ ਸਾਊ, ਯਾਰਾਂ ਦਾ ਯਾਰ ਤੇ ਵਧੀਆ ਇਨਸਾਨ ਵੀ ਹੈ।

ਜਿਲ੍ਹਾ ਨਵਾਂ ਸ਼ਹਿਰ (ਹੁਣ ਸ਼ਹੀਦ ਭਗਤ ਸਿੰਘ ਨਗਰ) ਦੇ ਪਿੰਡ ਸੰਨ੍ਹਵਾਂ ਵਿਖੇ 1945 ਨੂੰ ਮਾਤਾ ਲਛਮਣ ਕੌਰ ਦੀ ਕੁੱਖੋਂ ਜਨਮਿਆ ਭੱਜੀ ਪਿਤਾ ਗਿਆਨੀ ਅਜੀਤ ਸਿੰਘ ਦੇ ਵਿਹੜੇ ਦਾ ਸ਼ਿੰਗਾਰ ਬਣਿਆ। ਪਰਿਵਾਰ ਧਾਰਮਿਕ ਖਿਆਲਾਂ ਦਾ ਹੋਣ ਕਰਕੇ ਸਿੱਖੀ ਨਾਲ ਜੁੜਿਆ ਹੋਇਆ ਸੀ। ਪਿਤਾ ਢਾਡੀ-ਕਲਾ ਦੀ ਮੁਹਾਰਤ ਕਰਕੇ ਢਾਡੀ ਦਰਬਾਰਾਂ ਵਿਚ ਅਕਸਰ ਜਾਂਦੇ ਰਹਿੰਦੇ ਤੇ ਢਾਡੀ-ਵਾਰਾਂ ਦਾ ਮੁਕਾਬਲਾ ਚਲਦਾ। ਅਨੰਦਪੁਰ ਸਾਹਿਬ ਉਨ੍ਹਾਂ ਦਾ ਮੁਕਾਬਲਾ ਦਇਆ ਸਿੰਘ ਦਿਲਬਰ ਨਾਲ ਚਲਦਾ। ਮੁਕਾਬਲੇ ਵਿਚ ਕਦੇ ਭਾਈ ਦਿਲਬਰ ਦਾ ਪਹਿਲਾ ਸਥਾਨ ਹੁੰਦਾ ਤੇ ਕਦੇ ਗਿਆਨੀ ਅਜੀਤ ਸਿੰਘ ਦਾ। ਉਨ੍ਹਾਂ ਦੇ ਸਮਕਾਲੀ ਦਇਆ ਸਿੰਘ ਦਿਲਬਰ ਤੋਂ ਇਲਾਵਾ ਪਾਲ ਸਿੰਘ ਪੰਛੀ, ਸੋਹਣ ਸਿੰਘ ਸੀਤਲ, ਦੀਦਾਰ ਸਿੰਘ ਰਟੈਂਡਾ, ਅਮਰ ਸਿੰਘ ਸ਼ੌਂਕੀ ਅਤੇ ਚੇਤੇ ਕੰਗਰੌੜ ਵਾਲੇ ਮੋਹਣ ਸਿੰਘ ਸਨ।

ਹਰਭਜਨ ਸਿੰਘ ਭੱਜੀ ਨੇ ਪੰਜਵੀਂ ਤੱਕ ਪੜ੍ਹਾਈ ਪਿੰਡੋਂ ਅਤੇ ਦਸਵੀਂ ਸੰਨ 1961 'ਚ ਲਾਗਲੇ ਪਿੰਡ ਫਰਾਲੇ ਤੋਂ ਕੀਤੀ। ਕਾਲਜ ਦੀ ਪੜ੍ਹਾਈ ਲਈ ਰਾਮਗੜ੍ਹੀਆ ਫਗਵਾੜੇ ਜਾ ਦਾਖਲ ਹੋਇਆ। ਉਹਦਾ ਖੇਡ-ਜੀਵਨ ਵੀ ਉਥੋਂ ਹੀ ਸ਼ੁਰੂ ਹੋਇਆ। ਪਿੰਡੋਂ ਸਾਈਕਲ 'ਤੇ 20 ਕਿਲੋਮੀਟਰ ਜਾਣ ਤੇ 20 ਆਉਣ ਕਰਕੇ ਸਾਈਕਲ ਚਲਾਉਣ ਦੀ ਵਾਹਵਾ ਪ੍ਰੈਕਟਿਸ ਹੋ ਗਈ। ਕਾਲਜ ਦੇ ਸਾਲਾਨਾ ਮੁਕਾਬਲਿਆਂ ਵਿਚ ਭਾਗ ਲੈ ਕੇ ਸਾਈਕਲ-ਰੇਸ ਜਿਤੀ। ਫਿਰ ਹੋਰ ਖੇਡਾਂ ਵਿਚ ਵੀ ਹਿੱਸਾ ਲੈਣਾ ਸ਼ੁਰੂ ਕਰ ਦਿਤਾ। ਸ਼ੌਕ ਕਬੱਡੀ ਵੱਲ ਨੂੰ ਹੋ ਗਿਆ। ਰਾਮਗੜ੍ਹੀਆ ਕਾਲਜ ਫਗਵਾੜਾ ਦੀ 'ਬੀ' ਟੀਮ ਤਰਫੋਂ ਕਬੱਡੀ ਮੈਚ ਖੇਡਣ ਖਜੂਰਲੇ ਗਿਆ। ਉਥੇ ਕਾਲੇ ਸੰਘਿਆਂ ਵਾਲਾ ਭਜਨ ਸਿੰਘ ਸੰਘਾ ਰੈਫਰੀ ਸੀ। 'ਬੀ' ਦੇ ਮੈਚ ਵਿਚ ਭੱਜੀ ਬਹੁਤ ਵਧੀਆ ਚੱਲਿਆ। ਤਕੜੀ ਗੇਮ ਕਰਕੇ ਫਿਰ ਉਹਨੂੰ 'ਏ' ਟੀਮ ਵਿਚ ਵੀ ਖਿਡਾਇਆ ਗਿਆ। 'ਏ' ਵਿਚ ਵੀ ਕਮਾਲ ਦਾ ਖੇਡਿਆ। ਫਾਈਨਲ ਵਿਚ ਪੜ੍ਹਦਾ ਉਹ ਕਬੱਡੀ ਦਾ ਨਾਮਵਰ ਖਿਡਾਰੀ ਬਣਿਆ। ਕਾਲਜ ਦੀਆਂ ਸਾਲਾਨਾ ਖੇਡਾਂ ਲਾਂਗ-ਜੰਪ, ਹਾਈ-ਜੰਪ, ਟ੍ਰਿੱਪਲ-ਜੰਪ, ਸ਼ਾਟ-ਪੁਟ, ਡਿਸਕਸ-ਥਰੋ ਤੇ ਹੈਮਰ-ਥਰੋ ਦੀਆਂ ਪਹਿਲੀਆਂ ਪੁਜੀਸ਼ਨਾਂ ਲੈ ਕਾਲਜ ਦਾ ਬੈਸਟ ਅਥਲੀਟ ਬਣਿਆ।

ਬਲਾਕਾਂ ਦੇ ਮੈਚਾਂ 'ਚ ਕਬੱਡੀ ਖੇਡੀ। 60 ਕਿਲੋਗ੍ਰਾਮ ਵਿਚ ਪੰਜਾਬ ਖੇਡਿਆ। ਚੁਸਤੀ-ਫੁਰਤੀ ਨਾਲ ਹਰ ਪਾਸੇ ਮੱਲਾਂ ਮਾਰਦਾ ਪਿੰਡਾਂ ਦੇ ਮੈਚਾਂ 'ਚ ਗੱਜਣ ਲੱਗਾ। 1966 'ਚ ਮਾਹਿਲ-ਗਹਿਲਾਂ ਦੇ ਮੈਚ ਖੇਡੇ। ਸ. ਦਰਬਾਰਾ ਸਿੰਘ ਉਸ ਵੇਲੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਹੁੰਦੇ ਸਨ। ਵੱਡੇ ਮੈਚਾਂ ਦੇ ਸੱਦੇ ਆਉਣ ਲੱਗੇ। ਆਪਣੇ ਪਿੰਡ ਸੰਨ੍ਹਵੀਂ ਕਬੱਡੀ ਟੂਰਨਾਮੈਂਟ ਸ਼ੁਰੂ ਕਰਾਏ। ਉਹ ਟੂਰਨਾਮੈਂਟ ਲਗਾਤਾਰ ਚਲਦੇ ਨੂੰ ਪੂਰੇ 45 ਸਾਲ ਹੋ ਗਏ ਹਨ। ਇਸੇ ਪਿੰਡ ਦੇ ਧੰਨਾ, ਹਰਜੀਤ, ਪ੍ਰੀਤੂ ਤੇ ਮਾਸਟਰ ਭਜਨ ਪੁਰਾਣੇ ਖਿਡਾਰੀ ਸਨ।

ਸਾਲ 1965 'ਚ ਬੀ.ਏ. ਅਤੇ ਬੀ.ਟੀ. ਦਾ ਕੋਰਸ ਕੀਤਾ। ਇਕ ਸਾਲ ਸਰਹਾਲ ਕਾਜ਼ੀਆਂ ਪੜ੍ਹਾਇਆ ਤੇ ਰਾਏਪੁਰ ਡੱਬੀਏ ਪ੍ਰਕਾਸ਼ ਸਿੰਘ ਪਾਸ਼ੀ ਅਤੇ ਜਗਤਪੁਰੀਏ ਗਿਆਨੀ ਬਖਤਾਵਰ ਸਿੰਘ (ਦੋਵੇਂ ਵੱਡੇ ਵੀਰ ਹੈਡਮਾਸਟਰ ਗਿਆਨ ਸਿੰਘ ਦੇ ਜਿਗਰੀ-ਦੋਸਤ) ਸਾਥੀ ਅਧਿਆਪਕਾਂ ਦਾ ਸਾਥ ਮਾਣਿਆ। ਸ. ਬਖਤਾਵਰ ਸਿੰਘ



ਸ਼ੇਰਗਿਲ ਦੇ ਦੱਸਣ ਅਨੁਸਾਰ ਭੱਜੀ ਸੋਹਣਾ-ਸੁਨੱਖਾ ਦਰਸ਼ਨੀ ਜੁਆਨ ਸੀ। ਸਰਹਾਲ ਕਾਜ਼ੀਆਂ ਤੋਂ ਬਾਅਦ 6 ਸਾਲ ਭੱਜੀ ਨੇ ਦੁਸਾਂਝ ਕਲਾਂ ਦੇ ਹਾਈ ਸਕੂਲ ਵਿਚ ਪੜ੍ਹਾਇਆ। ਦਸਵੀਂ ਤੇ ਗਿਆਰਵੀਂ ਦੇ ਵਿਦਿਆਰਥੀਆਂ ਨੂੰ ਸੱਤ ਸਾਲ ਅਰਥ-ਸ਼ਾਸਤਰ ਪੜ੍ਹਾਈ। ਸੋਸ਼ਲ-ਸਟੱਡੀ ਵੀ ਪੜ੍ਹਾਈ ਤੇ ਵਿਦਿਆਰਥੀ ਖੇਡਾਂ ਵੱਲ ਵੀ ਉਤਸ਼ਾਹਤ ਕੀਤੇ।

ਉਹਦੇ ਹੋਣਹਾਰ ਵਿਦਿਆਰਥੀਆਂ ਵਿਚੋਂ ਅਮਰੀਕਾ ਦਾ ਪ੍ਰਸਿੱਧ ਬਿਜਨਸਮੈਨ ਜਸਵਿੰਦਰ ਸਿੰਘ ਜੌਹਲ ਦੁਸਾਂਝ ਕਲਾਂ ਦਾ ਵਿਦਿਆਰਥੀ ਹੈ। ਨਿਊ ਯਾਰਕ ਰਹਿੰਦਾ ਲੇਹਲਾਂ ਵਾਲਾ ਨਰਿੰਦਰ ਕੁਮਾਰ ਸ਼ਰਮਾ ਵੀ ਦੁਸਾਂਝ ਕਲੀਂ ਉਹਦਾ ਵਿਦਿਆਰਥੀ ਰਹਿ ਚੁੱਕੈ। ਜੌਹਲ ਦੇ ਨਾਲ ਹੀ ਕੇਵਲ ਕੈਲੇ ਵੱਡੇ ਭਾਰ ਦਾ ਤੇ ਰਾਏਪੁਰ ਡੱਬੀਆ ਜੈਲਾ ਦਰਮਿਆਨੇ ਭਾਰ ਦਾ ਪਹਿਲਵਾਨ। ਨਰਿੰਦਰ ਸ਼ਰਮਾ ਵੀ ਰਾਮਗੜ੍ਹੀਆ ਪੜ੍ਹਦਾ ਯੂਨੀਵਰਸਿਟੀ ਦਾ ਨਾਮਵਰ ਵਾਲੀਬਾਲ ਖਿਡਾਰੀ ਰਹਿ ਚੁੱਕੈ। ਨਰਿੰਦਰ ਸ਼ਰਮਾ ਨੇ ਦੱਸਿਆ ਕਿ ਭੱਜੀ ਬੜਾ ਸੋਹਣਾ-ਸੁਨੱਖਾ, ਲਾਲ-ਰੰਗ, ਬਿੱਲੀਆਂ ਅੱਖਾਂ, ਭੂਰੀਆਂ ਮੁੱਛਾਂ-ਦਾਹੜੀ ਤੇ ਬਣਦਾ-ਫਬਦਾ ਜੂੜੇਦਾਰ ਸਰਦਾਰ ਸੀ। ਉਹਨੂੰ ਗੋਲੀ (ਬੁਲੇਟ) ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਜਦੋਂ ਉਹ ਰੇਡ ਪਾਉਣ ਜਾਂਦਾ ਤਾਂ ਧੁੱਪ 'ਚ ਉਹਦਾ ਰੰਗ ਗੂੜ੍ਹਾ ਲਾਲ ਹੋ ਜਾਂਦਾ। ਸਾਹ ਪਾਉਣ ਜਾਂਦਾ ਤਾਂ ਲੋਕੀ ਰੌਲਾ ਪਾਉਂਦੇ, "ਗੋਲੀ ਜਾਂਦਾ ਉਏ, ਗੋਲੀ ਔਹ ਗਿਆ।" ਦੁਸਾਂਝੀਂ ਮੈਚਾਂ ਵਿਚ ਇਕ ਵਾਰ ਪਹਿਲੀ ਰੇਡ 'ਤੇ ਭੱਜੀ ਫੜਿਆ ਗਿਆ। ਫਿਰ ਜਿੰਨੀ ਵਾਰ ਉਹ ਸਾਹ ਗਿਆ, ਉਸੇ ਜਾਫੀ ਵਿਚ ਵੱਜਦਾ ਰਿਹਾ ਅਤੇ ਉਸ ਜਾਫੀ ਦੀ ਭੂਤਨੀ ਭੁਲਾ ਦਿਤੀ। ਉਸ ਵੇਲੇ ਦੁਸਾਂਝਾਂ ਦਾ ਕੇਬੀ, ਭਾਣੋ ਕੀ ਦਾ ਭਲਵਾਨ ਤੇ ਕੋਟਲੀ ਦਾ ਗੁਦਾਵਰ ਤਕੜੇ ਖਿਡਾਰੀ ਸਨ। ਇਹ ਸਾਰੇ ਬਿਜਲੀ ਬੋਰਡ ਵਲੋਂ ਖੇਡਦੇ ਸਨ। ਸਾਧਪੁਰ ਦਾ ਸੋਖਾ ਵੀ ਚੰਗਾ ਖਿਡਾਰੀ ਸੀ।

ਖੁਰਦਪੁਰੀਏ ਭੱਜੀ, ਭੱਜੀ ਦਾ ਭਰਾ ਚੰਨਾ, ਬਹਿਰਾਮੀਆ ਅਮਰੀਕ, ਨਡਾਲੇ ਵਾਲਾ ਪ੍ਰੀਤਾ, ਦੇਵੀ ਦਿਆਲ, ਅੱਟੇ ਵਾਲਾ ਦੇਵ, ਬਹਿਰਾਮੀਆ ਬਲਕਾਰ, ਮੱਲਪੁਰੀਆ ਹਰੀ। ਲੁਧਿਆਣੇ ਵਾਲੇ ਅਜੈਬ, ਦਰਸ਼ਨ ਤੇ ਸਿਮਰੂ ਅਤੇ ਅਨੇਕਾਂ ਹੋਰ ਨਾਮਵਰ ਖਿਡਾਰੀਆਂ ਨਾਲ ਮੈਚ ਲਾਏ। ਅੰਮ੍ਰਿਤਸਰ ਦੇ ਸ਼ਿੰਦਾ ਤੇ ਕੁਲਦੀਪ ਸਪੋਰਟਸ ਕਾਲਜ ਜਲੰਧਰ ਵਲੋਂ ਖੇਡਦੇ ਸਨ। 1973 ਵਿਚ ਪਹਿਲੀ ਵਾਰ ਜਦੋਂ ਇੰਗਲੈਂਡ ਦੀ ਟੀਮ ਭਾਰਤ ਖੇਡਣ ਆਈ ਤਾਂ ਅਨੀਹਰ ਵਾਲਾ ਤੋਚੀ ਉਹਦਾ ਕਪਤਾਨ ਸੀ। ਟੀਮ ਵਿਚ ਖੈਰ੍ਹੇ ਮੱਝੇ ਵਾਲਾ ਜੀਤੀ, ਹਿੰਮਤ ਸਿੰਘ ਸੋਹੀ, ਮਲਕੀਤ ਸਿੰਘ ਢੇਸੀ ਅਤੇ ਹੋਰ ਤਕੜੇ ਖਿਡਾਰੀ ਸਨ।

ਵਿਰੋਧੀ ਟੀਮ ਵਿਚ ਪੰਜਾਬ ਵਲੋਂ ਭੱਜੀ ਨੇ ਵੀ ਖੇਡਣਾ ਸੀ ਪਰ ਉਹਦੇ ਸਬ-ਇੰਸਪੈਕਟਰ ਦੇ ਇਮਤਿਹਾਨੀ ਪੇਪਰਾਂ ਕਰਕੇ ਖੇਡ ਨਾ ਸਕਿਆ। ਕਸਰਤ ਰੋਜ਼ਾਨਾ ਚਲਦੀ। 4-5 ਕਿਲੋਮੀਟਰ ਰੋਜ਼ਾਨਾ ਪਿੰਡੋਂ ਬਹਿਰਾਮ ਤੱਕ ਤੁਰਨਾ। ਹੈਸੀਅਤ ਮੁਤਾਬਕ ਖ਼ੁਰਾਕ ਖਾਧੀ। ਭੱਜੀ ਦੱਸਦਾ ਹੈ ਕਿ ਮੀਟ ਉਸ ਵੇਲੇ ਡੇਢ ਰੁਪਏ ਕਿਲੋ ਸੀ। ਮੀਟ ਜੋਗੇ ਪੈਸੈ ਨਾ ਜੁੜਦੇ। ਬਦਾਮ 6 ਰੁਪਏ ਕਿਲੋ- ਗਰੀਬੀ 'ਚ ਬਦਾਮ ਲੈਣ ਦੀ ਹਿੰਮਤ ਕਿਥੋਂ?

1970 'ਚ ਪਹਿਲੀ ਵਾਰ ਝਿੱਕੇ-ਲਧਾਣੇ ਸੰਨ੍ਹਵਾਂ ਦਾ ਬਹਿਰਾਮ ਨਾਲ ਮੈਚ ਹੋਇਆ। ਸੰਨ੍ਹਵਾਂ ਵਿਚ ਭੱਜੀ, ਭਿੰਦਰ, ਨਿੰਦਰ ਤੇ ਸੁਰਜੀਤ ਪਕੌੜੀ ਖਿਡਾਰੀ ਸਨ। ਬਹਿਰਾਮ ਦੀ ਟੀਮ ਵਿਚ ਬਲਕਾਰ, ਅਮਰੀਕ, ਗੁਣਾਚੌਰੀਆ ਮੋਤਾ, ਥਾਂਦੀਆਂ ਵਾਲਾ ਕੇਹਰ ਸਿੰਘ। ਮੈਚ ਫਸਵਾਂ ਸੀ। ਆਖਰ ਨੂੰ ਭੱਜੀ ਹੁਰੀਂ ਜਿੱਤ ਗਏ। ਉਹਦੇ ਦੱਸਣ ਅਨੁਸਾਰ ਵਿਰੋਧੀ ਟੀਮ ਹਾਰਨ ਲੱਗਦੀ ਸੀ ਤਾਂ ਲੜਾਈ-ਝਗੜੇ ਦਾ ਮਾਹੌਲ ਬਣਾ ਲੈਂਦੀ। ਫਰਾਲੇ ਮੈਚਾਂ ਵਿਚ ਸੰਨ੍ਹਵਾਂ ਦਾ ਬਹਿਰਾਮ ਨਾਲ ਮੈਚ ਪਿਆ। ਜਗਤਪੁਰ ਵਾਲਾ ਮੁਖਤਿਆਰ ਸਿੰਘ ਮੁਖ ਮਹਿਮਾਨ ਸੀ। ਦੋਵਾਂ ਪਿੰਡਾਂ ਦੀ ਜ਼ਬਰਦਸਤ ਟੱਕਰ ਸੀ। ਮੁਖਤਿਆਰ ਸਿੰਘ ਅਮਰੀਕ ਦੀ ਗੇਮ ਦੀ ਕਾਫੀ ਚਰਚਾ ਕਰ ਰਿਹਾ ਸੀ ਪਰ ਮੈਚ ਭੱਜੀ ਹੋਰਾਂ ਦੀ ਟੀਮ ਜਿੱਤ ਗਈ। ਇਨਾਮਾਂ ਦੀ ਵੰਡ 'ਤੇ ਭੱਜੀ ਨੂੰ ਟਰਾਫੀ ਫੜਾਉਂਦਿਆਂ ਮੁਖਤਿਆਰ ਸਿੰਘ ਨੇ ਕਿਹਾ ਕਿ ਜਦੋਂ ਵੀ ਕਿਤੇ ਟੀਮ ਜਾਵੇ, ਭੱਜੀ ਜਰੂਰ ਚਾਹੀਦੈ।

ਇਕ ਵਾਰ ਜਲੰਧਰ ਵਲੋਂ ਕਪੂਰਥਲੇ ਪ੍ਰੀਤੇ ਹੁਰਾਂ ਵਿਰੁਧ ਖੇਡਣ ਗਏ। ਜਲੰਧਰ ਦੀ ਟੀਮ ਵਿਚ ਭੱਜੀ, ਅਮਰੀਕ ਬਹਿਰਾਮ, ਬਲਕਾਰ ਬਹਿਰਾਮ, ਚੰਨਾ ਖੁਰਦਪੁਰ ਤੇ ਭਿੰਦਰ ਜਿਹੇ ਖਿਡਾਰੀ ਸਨ ਜਦਕਿ ਕਪੂਰਥਲੇ ਵਿਚ ਪ੍ਰੀਤਾ, ਅਲਬੇਲ, ਸਰਦਾਰਾ, ਬਲਵੀਰ ਤੇ ਹਰਬੰਸ।

ਰਾਜਾ ਸਾਹਿਬ ਸਪੋਰਟਸ ਕਲੱਬ ਗੁਣਾਚੌਰ ਦੇ ਮੁਖ ਸੇਵਾਦਾਰ ਬਲਦੇਵ ਮਾਨ ਨੇ ਸੰਨ੍ਹਵਾਂ ਦਾ ਰਾਏਪੁਰ ਡੱਬੇ ਨਾਲ ਥਾਂਦੀਆਂ ਮੈਚ ਵੇਖਿਆ। ਮਾਨ ਹੁਰੀਂ ਉਥੇ ਟੀਮ 'ਬੀ' ਦਾ ਮੈਚ ਖੇਡਣ ਗਏ ਹੋਏ ਸਨ। ਟਹਿਲਾ ਤੇ ਜੀਤੀ ਜਾਫੀ ਸਨ ਜਦਕਿ ਭੱਜੀ ਤੇ ਪਕੌੜੀ ਰੇਡਰ। ਭੱਜੀ ਨੇ ਦੱਸਿਆ ਕਿ ਟਹਿਲੇ ਤੇ ਜੀਤੀ ਦਾ ਆਪਸੀ ਤਾਲਮੇਲ ਬਹੁਤ ਸੀ। ਮਜਾਲ ਐ ਕਿਤੇ ਡਬਲ-ਟੱਚ ਹੋ ਜਾਵੇ।





ਇਕ ਵਾਰ ਦੁਸਾਂਝੀਂ ਸੰਨ੍ਹਵਾਂ ਦਾ ਸਮਰਾਵਾਂ



*ਸੰਨ੍ਹਵਾਂ ਵਾਲਾ ਹਰਭਜਨ ਸਿੰਘ ਭੱਜੀ*

ਨਾਲ ਸ਼ੋਅ ਮੈਚ ਹੋਇਆ। ਸੰਨ੍ਹਵਾਂ ਵਿਚ ਭੱਜੀ, ਭੁਪਿੰਦਰ ਭਿੰਦੀ ਅਤੇ ਪਕੌੜੀ ਖੇਡ ਰਹੇ ਸਨ। ਸਮਰਾਵਾਂ ਵਾਲਿਆਂ ਨੇ ਵੱਖ ਵੱਖ ਪਿੰਡਾਂ ਦੇ ਜੈਬਾ ਚੀਮਾ, ਮੱਖਣ ਲਿੱਤਰਾਂ, ਮੀਕਾ ਅਤੇ ਹੋਰ ਤਕੜੇ ਖਿਡਾਰੀ ਪਾਏ ਹੋਏ ਸਨ। ਉਹ ਮੈਚ ਭੱਜੀ ਹੁਰਾਂ ਨੇ ਬੜੇ ਜ਼ੋਰ ਨਾਲ ਜਿੱਤਿਆ। ਫਿਰ ਉਹ ਮੰਜਕੀ ਵਾਲਿਆਂ ਨੇ ਹਾਰ ਦਾ ਬਦਲਾ ਲੈਣ ਲਈ ਭੱਜੀ ਹੁਰਾਂ ਨੂੰ ਖੇਡਣ ਦਾ ਸੱਦਾ ਦਿਤਾ। ਦੁਸਾਂਝਾਂ ਵਾਲਿਆਂ ਨੇ ਭੱਜੀ ਹੁਰਾਂ ਨੂੰ ਖਬਰਦਾਰ ਕਰ ਦਿਤਾ ਕਿ ਉਹ ਗੁੰਡਾ-ਕਿਸਮ ਦੇ ਲੋਕੀਂ ਹਨ, ਉਥੇ ਨਾ ਖੇਡਣ ਜਾਣਾ। ਲੜਾਈ-ਝਗੜੇ ਤੋਂ ਦੂਰ ਰਹਿਣ ਲਈ ਉਨ੍ਹਾਂ ਉਥੇ ਖੇਡਣ ਜਾਣਾ ਰੱਦ ਕਰ ਦਿਤਾ। ਲੁਧਿਆਣੇ ਵਾਲਾ ਚਰਨ ਮਲਵਈ ਦੁਸਾਂਝੀਂ ਪੜ੍ਹਾਉਂਦਾ ਸੀ ਤੇ ਕਬੱਡੀ ਦਾ ਵੀ ਤਕੜਾ ਖਿਡਾਰੀ ਸੀ। ਚਹੇੜੂ ਮੈਚ ਆ ਗਏ ਤੇ ਕਹਿੰਦਾ ਭੱਜੀ ਨੂੰ ਦੱਸਣਾ ਕਬੱਡੀ ਕੀ ਹੁੰਦੀ ਐ। ਚਰਨ ਨੂੰ ਆਪਣੀ ਗੇਮ 'ਤੇ ਘੁਮੰਡ ਸੀ। ਚਰਨ ਦੁਸਾਂਝਾਂ ਵਲੋਂ ਖੇਡ ਰਿਹਾ ਸੀ ਤੇ ਭੱਜੀ ਸੰਨ੍ਹਵਾਂ ਵਲੋਂ। ਮੈਚ ਸ਼ੁਰੂ ਹੋਇਆ। ਚਰਨ ਨੇ ਭੱਜੀ ਨੂੰ ਫੜ੍ਹਨ ਲਈ ਟਿਲ ਲਾ ਲਿਆ। ਭੱਜੀ ਨਾ ਫੜ ਹੋਇਆ। ਮੈਚ ਮੁੱਕੇ 'ਤੇ ਚਰਨ ਮੂੰਹ ਹੇਠਾਂ ਕਰਕੇ ਗਰਾਊਂਡ ਵਿਚੋਂ ਨਿਕਲਿਆ।

ਇਕ ਵਾਰ ਫਰਾਲੇ ਵਾਲਿਆਂ ਨੇ ਪਿੰਡ ਮੈਚ ਕਰਾਏ। ਭੱਜੀ ਪਿੰਡ ਨਹੀਂ ਸੀ, ਕਿਤੇ ਬਾਹਰ ਗਿਆ ਹੋਇਆ ਸੀ। ਫਰਾਲੇ ਵਾਲਿਆਂ ਦਾ ਰਾਜਪੁਰ ਭਾਈਆਂ (ਰਿਹਾਣਾ ਜੱਟਾਂ ਕੋਲ) ਨਾਲ ਮੈਚ ਪੈ ਗਿਆ। ਰਾਜਪੁਰ ਭਾਈਆਂ ਵਾਲਿਆਂ ਨੇ ਫਰਾਲੇ ਵਾਲੇ ਚੰਗੇ ਕੁੱਟੇ ਤੇ ਚੰਗੇ ਨੰਬਰਾਂ 'ਤੇ ਹਰਾਏ। ਭੱਜੀ ਪਿੰਡ ਆਇਆ ਤਾਂ ਲੋਕਾਂ ਨੇ ਉਹਨੂੰ ਕਿਹਾ ਤਿਆਰ ਹੋ, ਰਾਜਪੁਰ ਭਾਈਆਂ ਤੋਂ ਹਾਰ ਦਾ ਬਦਲਾ ਲੈਣਾ, ਪਿੰਡ ਦੀ ਬੇਇਜ਼ਤੀ ਕਰ ਕੇ ਗਏ ਨੇ। ਭੱਜੀ ਨੇ ਆਪਣੀ ਸ਼ਰਤ ਦੱਸੀ ਕਿ ਉਹ ਮੈਚ ਤਾਂ ਖੇਡੇਗਾ ਜੇ ਉਹੀ ਖਿਡਾਰੀ ਖੇਡਣਗੇ। ਪਿੰਡ ਵਾਲਿਆਂ ਨੇ ਮੈਚ ਕਰਾਏ ਤੇ ਉਸ ਟੀਮ ਨੂੰ ਸੱਦਾ ਦਿਤਾ। ਭੱਜੀ ਵੀ ਪੂਰਾ ਤਿਆਰ ਸੀ। ਪਿੰਡ ਮੈਚਾਂ ਵਿਚ ਵਿਰੋਧੀਆਂ ਦੀ ਚੰਗੀ ਆਕੜ ਭੰਨੀ।

ਗੁੱਟਾਂ 'ਚ ਜਾਨ ਪਾਉਣ ਲਈ ਕਬੱਡੀ ਦੇ ਨਾਲ ਨਾਲ ਵੇਟ-ਲਿਫਟਿੰਗ ਵੀ ਕੀਤੀ। ਭਾਰ ਚੁੱਕਣ ਦਾ ਸ਼ੌਕ ਫਿਰ ਪ੍ਰੋਫੈਸ਼ਨ ਬਣ ਗਿਆ। ਅਸਲ ਵਿਚ ਟੀਚਰ ਬਣ ਕੇ ਵੇਟ-ਲਿਫਟਿੰਗ ਸ਼ੁਰੂ ਕੀਤੀ। 1969 ਵਿਚ ਚੀਫ ਮਨਿਸਟਰ ਲਛਮਣ ਸਿੰਘ ਗਿੱਲ ਨੇ ਆਪਣੇ ਇਲਾਕੇ ਮੋਗਾ ਲਾਗੇ ਗਲੋਟੀ ਸਟੇਟ ਪੰਚਾਇਤ ਟੂਰਨਾਮੈਂਟ ਕਰਾਏ। ਭੱਜੀ ਹੁਰੀਂ ਜਲੰਧਰ ਵਲੋਂ ਗਲੋਟੀ ਮੈਚ ਖੇਡਣ ਗਏ। ਜਲੰਧਰ ਵਿਚ ਭੱਜੀ, ਬਲਕਾਰ, ਅਮਰੀਕ, ਹਕੀਮਪੁਰੀਆ ਮਲਕੀਤ ਤੇ ਭਿੰਦਰ। ਉਥੇ ਵੇਟ-ਲਿਫਟਿੰਗ ਦੇ ਮੁਕਾਬਲੇ ਵੀ ਹੋ ਰਹੇ ਸਨ। ਸ਼ੁਗਲ-ਸ਼ੁਗਲ ਵਿਚ ਹੀ ਭੱਜੀ ਨੇ ਇਸ ਮੁਕਾਬਲੇ ਵਿਚ ਨਾਂ ਦੇ ਦਿਤਾ। ਭੱਜੀ ਨੇ 60 ਕਿਲੋਗ੍ਰਾਮ ਦੇ ਮੁਕਾਬਲੇ ਵਿਚ ਪਹਿਲਾ ਸਥਾਨ ਹਾਸਲ ਕੀਤਾ। ਫਿਰ ਉਹ ਰੈਗੂਲਰ ਮੁਕਾਬਲੇ ਲੜਨ ਲੱਗਾ। ਪਟਿਆਲਾ ਸਟੇਟ ਮੁਕਾਬਲਿਆਂ ਵਿਚ 5 ਸਾਲ ਚੈਂਪੀਅਨ ਰਿਹੈ। 1969 ਤੋਂ 1973 ਤੱਕ ਪੰਜ ਵਾਰ ਚੈਂਪੀਅਨ ਬਣਿਆ। ਟੀਚਰ ਬਣ ਕੇ ਸਟੇਟ ਅਤੇ ਨੈਸ਼ਨਲ ਦਾ ਵੇਟ-ਲਿਫਟਿੰਗ ਚੈਂਪੀਅਨ ਬਣਿਆ।

ਭਾਰ ਚੁੱਕਣ ਦੇ ਮੁਕਾਬਲੇ ਚਲਦੇ ਰਹੇ। 60 ਕਿਲੋਗ੍ਰਾਮ ਭਾਰ ਵਿਚ ਰਹਿ ਕੇ 5 ਸਾਲ ਵੇਟ-ਲਿਫਟਿੰਗ ਕੀਤੀ ਤੇ ਚੈਂਪੀਅਨ ਬਣਦਾ ਰਿਹਾ। ਪਟਿਆਲੇ ਹੁੰਦੇ ਇਨ੍ਹਾਂ ਮੁਕਾਬਲਿਆਂ ਵਿਚ 1963 ਤੋਂ 1969 ਤੱਕ ਚੈਂਪੀਅਨਸ਼ਿਪ ਦਾ ਸਿਹਰਾ ਬੱਝਦਾ ਰਿਹੈ। ਡਾ. ਦਵਿੰਦਰ ਸਿੰਘ ਵਿਰਕ ਉਸ ਵੇਲੇ ਵੇਟ-ਲਿਫਟਿੰਗ ਐਸੋਸੀਏਸ਼ਨ ਦੇ ਜਨਰਲ ਸਕੱਤਰ ਸਨ।

ਕਬੱਡੀ ਦਾ ਆਖਰੀ ਮੈਚ ਜਲੰਧਰ ਵਲੋਂ ਅੰਮ੍ਰਿਤਸਰ ਵਿਰੁਧ ਨੂਰਪੁਰ ਬੇਦੀਆਂ ਖੇਡਿਆ ਗਿਆ। ਬਹਿਰਾਮੀਆ ਅਮਰੀਕ ਤੇ ਜੀਤੀ ਰੇਡਰ ਸਨ। ਸੀਤਾ ਢੇਸੀ ਤੇ ਅਨੀਹਰ ਵਾਲਾ ਤੋਚੀ ਜਾਫੀ ਸਨ। ਭੱਜੀ ਦੋਵੇਂ ਪਾਸੇ ਚਲਦਾ। ਫਾਈਨਲ ਵਿਚ ਜਲੰਧਰ ਜਿੱਤਿਆ। ਉਥੇ ਵੀ ਭਾਰ ਚੁੱਕਿਆ ਤੇ ਚੈਂਪੀਅਨ ਬਣਿਆ।

ਨਵਾਂਸ਼ਹਿਰ ਦਾ ਕਿਸੇ ਵੇਲੇ ਦਾ ਮਸ਼ਹੂਰ ਗੁਰਸ਼ਿੰਦਰ ਸਿੰਘ ਬਿੱਲਾ ਪਹਿਲੀਆਂ 'ਚ ਜਲੰਧਰ ਦੇ ਮਸ਼ਹੂਰ 'ਲੂਥਰ ਸਟੂਡੀਓ' 'ਚ ਕਿਸੇ ਵੇਲੇ ਕੰਮ ਕਰਦਾ ਹੁੰਦਾ ਸੀ ਤੇ ਉਹ ਭੱਜੀ ਦੇ ਪਿੰਡ ਸੰਨ੍ਹਵੀਂ ਜਾ ਕੇ ਭਾਰ ਚੁੱਕਦੇ ਦੀਆਂ ਫ਼ੋਟੋਆਂ ਖਿੱਚਦਾ ਰਿਹਾ। ਉਹਨੇ ਇਹ ਵੀ ਦੱਸਿਆ, ਮਾਂ ਨੇ ਬੜੀ ਰੂਹ ਨਾਲ ਪਾਲਿਆ ਭੱਜੀ ਨੂੰ। ਬੜੇ ਚਾਅ ਨਾਲ ਖ਼ੁਰਾਕ ਖੁਆਈ। ਬੂਰੀਆਂ ਦਾ ਦੁੱਧ ਪਿਆਇਆ। ਧਾਰਾਂ ਕੱਢਦੀ ਨੇ ਭੱਜੀ ਦੇ ਮੂੰਹ 'ਚ ਧਾਰਾਂ ਮਾਰਨੀਆਂ। ਇਹ ਗੱਲ 1969 ਦੀ ਹੈ। ਗੁਰਸ਼ਿੰਦਰ ਬਿੱਲਾ ਅੱਜ-ਕੱਲ੍ਹ 'ਪਿਸਟੂ ਸਟੂਡੀਓ ਪ੍ਰੋਡਕਸ਼ਨ' ਨਾਂ ਹੇਠ ਪਰਿਵਾਰ ਸਮੇਤ ਟੋਰਾਂਟੋ ਰਹਿ ਰਿਹਾ ਹੈ ਤੇ ਭੱਜੀ ਦੀਆਂ ਖੇਡ-ਬਾਤਾਂ ਅੱਜ ਵੀ ਪਾ ਰਿਹਾ ਹੈ।

ਭੱਜੀ 1973 ਵਿਚ ਦਿੱਲੀ ਪੁਲਿਸ ਵਿਚ ਭਰਤੀ ਹੋਇਆ। ਤਿੰਨ ਸਾਲ ਦੀ ਟਰੇਨਿੰਗ ਵਿਚ ਵੇਟ-ਲਿਫਟਿੰਗ ਦੇ ਮੁਕਾਬਲੇ ਲੜੇ ਤੇ ਦਿੱਲੀ ਦਾ ਨੈਸ਼ਨਲ ਚੈਂਪੀਅਨ ਬਣਿਆ। 1975 'ਚ ਇਮਤਿਹਾਨ ਦਿੱਤਾ। ਦਿੱਲੀ ਵਿਚ ਪਹਿਲਾ ਇੰਸਪੈਕਟਰ ਸੀ ਜਿਸ ਨੇ ਯੂ.ਪੀ.ਐਸ.ਸੀ, ਆਈ. ਐਸ. ਅਤੇ ਆਈ.ਪੀ.ਐਸ. ਕੁਆਲੀਫਾਈ ਕੀਤਾ। ਇਨ੍ਹਾਂ ਪ੍ਰਾਪਤੀਆਂ ਤੋਂ ਬਾਅਦ ਭਾਰਤ ਸਰਕਾਰ ਵਲੋਂ ਯੂ.ਪੀ. ਸਟੇਟ ਅਲਾਟ ਹੋਈ। ਵਧੀਆ ਸੇਵਾਵਾਂ ਕਰਕੇ ਯੂ.ਪੀ. ਦੇ ਗਵਰਨਰ ਸੂਰਜ ਭਾਨ ਨੇ 1997 'ਚ ਪ੍ਰੈਜ਼ੀਡੈਂਟ ਮੈਡਲ ਨਾਲ ਨਿਵਾਜਿਆ।

ਭਾਰਤੀ ਰੱਸਾ-ਕਸ਼ੀ ਟੀਮ ਦਾ ਉਹ ਮੀਤ ਪ੍ਰਧਾਨ ਹੈ। ਇੰਟਰਨੈਸ਼ਨਲ ਵੇਟ-ਲਿਫਟਿੰਗ ਦੀ ਫਸਟ ਕੈਟਾਗਰੀ ਦਾ ਰੈਫਰੀ ਹੈ ਤੇ ਇਸ ਵਕਤ ਆਲ ਇੰਡੀਆ ਵੇਟ-ਲਿਫਟਿੰਗ ਫੈਡਰੇਸ਼ਨ ਦਾ ਪ੍ਰਧਾਨ ਵੀ ਹੈ। ਉਹਨੂੰ ਸੰਨ 2000 ਵਿਚ ਸਿਡਨੀ,



*ਜਵਾਨੀ ਵੇਲੇ ਦੀ ਭੱਜੀ ਦੀ ਇਕ ਤਸਵੀਰ*

2006 ਵਿਚ ਕਾਮਨਵੈਲਥ ਖੇਡਾਂ ਸਿਡਨੀ ਅਤੇ ਮੈਲਬੌਰਨ, ਜਪਾਨ, ਕਜ਼ਾਕਿਸਤਾਨ, ਥਾਈਲੈਂਡ ਅਤੇ ਬੀਜਿੰਗ (ਚੀਨ) ਟੀਮਾਂ ਲੈ ਕੇ ਜਾਣ ਦਾ ਮੌਕਾ ਮਿਲਿਆ। ਭਾਰਤੀ ਵੇਟ-ਲਿਫਟਿੰਗ ਪ੍ਰਧਾਨ ਦੀ ਚੋਣ ਲਈ ਵੇਟ-ਲਿਫਟਿੰਗ ਮੁਕਾਬਲੇ 'ਚ ਆਂਧਰਾ ਪ੍ਰਦੇਸ ਦੇ ਡੀ.ਜੀ.ਪੀ. ਅਤੇ ਵੇਟ-ਲਿਫਟਿੰਗ ਪ੍ਰਧਾਨ ਮਿਸਟਰ ਡੋਰਾ ਨੂੰ ਹਰਾਇਆ। ਇਸ ਵਕਤ ਉਹ ਭਾਰਤੀ ਓਲੰਪਿਕ ਐਸੋਸੀਏਸ਼ਨ (ਆਈ.ਓ.ਏ.) ਦਾ ਮੀਤ ਪ੍ਰਧਾਨ ਹੈ। ਯੂ.ਪੀ. ਅਤੇ ਨਾਰਦਰਨ ਵਿਚ ਵੇਟ-ਲਿਫਟਿੰਗ ਦਾ ਹਾਲੇ ਵੀ ਪ੍ਰਧਾਨ ਹੈ। ਭਾਰਤ ਵਿਚ 'ਲਾਅ ਐਂਡ ਆਰਡਰ' ਦੀ ਇਮਾਨਦਾਰੀ ਦੀ ਆਪਣੇ ਆਪ ਵਿਚ ਇਕ ਵਧੀਆ ਮਿਸਾਲ ਹੈ।

ਬਾਬਰੀ ਮਸਜਿਦ ਦੇ ਮਸਲੇ 'ਤੇ ਅਯੁਧਿਆ ਦੀ ਚਾਰ ਵਾਰ ਪੋਸਟਿੰਗ ਹੋਈ। ਦੋ ਵਾਰ ਐਸ.ਐਸ.ਪੀ., ਇਕ ਵਾਰ ਡੀ.ਆਈ.ਜੀ. ਅਤੇ ਚੌਥੀ ਵਾਰ ਆਈ.ਜੀ. ਬਣ ਕੇ ਗਿਆ। 6 ਦਸੰਬਰ 1992 ਵਿਚ ਬਾਬਰੀ ਮਸਜਿਦ ਢਹਿਣ ਕਰਕੇ ਪਹਿਲੇ ਅਫਸਰ ਉਥੋਂ ਸਸਪੈਂਡ ਕਰਕੇ ਭੱਜੀ ਨੂੰ

*(ਬਾਕੀ ਅਗਲੇ ਸਫੇ 'ਤੇ)*

# ਕੀਤੇ ਕਰਮਾਂ ਨੇ ਕਰਮ ਬਣਾਉਣੇ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਪਰਮਾਤਮਾ ਨੇ ਪਤਾ ਨਹੀਂ ਕਦੋਂ ਕਿਹੜਿਆਂ ਰੰਗਾਂ ਵਿਚ ਰੰਗ ਦੇਣਾ ਹੈ! ਸਦਾ ਮੈਂ-ਮੈਂ ਕਰਦੇ ਬੰਦੇ, ਚਹੁੰ ਸਾਹਾਂ ਲਈ ਹੱਥ ਜੋੜਨ ਲੱਗ ਪੈਂਦੇ ਹਨ। ਪਤਾ ਨਹੀਂ ਕਦੋਂ, ਗਰੀਬੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਬੰਦਾ ਸ਼ਾਹੂਕਾਰ ਬਣ ਜਾਂਦਾ ਹੈ। ਮਾਪਿਆਂ ਦਾ ਲਾਡਲਾ ਪੁੱਤ ਪਤਾ ਨਹੀਂ ਕਦੋਂ ਨਸ਼ਿਆਂ ਦੀ ਕਿਸ਼ਤੀ ਵਿਚ ਸਵਾਰ ਹੋ ਕੇ ਅੱਧ ਸਮੁੰਦਰ ਆਖਰੀ ਗੋਤਾ ਲਾ ਜਾਵੇ। ਇਹ ਵੀ ਨਹੀਂ ਪਤਾ ਕਿ ਘਰ ਜੰਮੀ ਧੀ ਮਾਪਿਆਂ ਦਾ ਸਿਰ ਉਚਾ ਚੁੱਕਣ ਨਾਲ ਚਾਚਿਆਂ-ਮਾਮਿਆਂ ਦੀ ਵੀ ਪੱਗ ਉਚੀ ਕਰ ਦੇਵੇ। ਸਮੇਂ ਦੇ ਗੇੜ ਦਾ ਕੋਈ ਪਤਾ ਨਹੀਂ। ਕਈ ਬਾਹਰਲੀਆਂ ਚੀਜ਼ਾਂ ਨੂੰ ਤਰਸਦੇ ਰਹੇ ਤੇ ਪੁੱਤ ਬਾਹਰੋਂ ਜਾ ਕੇ ਉਹੀ ਚੀਜ਼ਾਂ ਗਰੀਬਾਂ ਨੂੰ ਦਾਨ ਕਰਦੇ ਹਨ। ਕਈ ਸਾਰੀ ਉਮਰ ਵਿਆਜ ਇਕੱਠਾ ਕਰਦੇ ਰਹੇ, ਪਰ ਨਾ ਜਿਉਂਦਿਆਂ ਲੋਕਾਂ ਦੀ ਸੋਭਾ ਖੱਟੀ, ਤੇ ਨਾ ਮਰ ਕੇ ਕਿਸੇ ਨੇ ਜਿਉਣ ਦਿੱਤਾ। ਧੀ-ਪੁੱਤ ਤੋਂ ਖਾਲੀ ਗਏ ਇਕ ਵਿਆਜੜੀਏ ਦੀ ਕਹਾਣੀ ਦੀ ਗੰਢ ਖੋਲ੍ਹਦਾ ਹਾਂ,

ਜੈਲਾ ਖੇਤੀਬਾੜੀ ਦਾ ਤਾਂ ਪੂਰਾ ਕਾਰੀਗਰ ਸੀ ਪਰ ਕੰਜੂਸ ਤੇ ਵਹਿਮੀ ਸੀ। ਭਰਾਵਾਂ ਵਿਚੋਂ ਚੌਥੇ ਨੰਬਰ 'ਤੇ ਸੀ ਅਤੇ ਉਹਦੇ ਵਿਆਹ ਦੀ ਵਾਰੀ ਤਿੰਨਾਂ ਤੋਂ ਬਾਅਦ ਹੀ ਆਈ। ਭਰਾਵਾਂ ਦਾ ਆਪਸੀ ਪਿਆਰ ਤੇ ਇਤਫ਼ਾਕ ਸੀ। ਵੱਡਾ ਖੁੱਲ੍ਹਾ ਘਰ। ਚਾਰੇ ਭਰਾ ਖੇਤੀਂ ਕੰਮ ਕਰਦੇ ਤੇ ਘਰ ਦੀਆਂ ਚਾਰੇ ਸੁਆਣੀਆਂ ਪਸ਼ੂਆਂ ਦੀ ਦੇਖ-ਭਾਲ ਕਰਦੀਆਂ। ਜੈਲੇ ਹੋਰੀਂ ਹਰ ਸਾਲ ਦੋ-ਤਿੰਨ ਕਿੱਲੇ ਜ਼ਮੀਨ ਦੇ ਬੈਅ ਲੈ ਲੈਂਦੇ। ਸਮਾਂ ਲੰਘਦਾ ਗਿਆ। ਜਦੋਂ ਉਨ੍ਹਾਂ ਦਾ ਬਾਪੂ ਜਹਾਨੋਂ ਤੁਰ ਗਿਆ ਤਾਂ ਘਰ ਦੀਆਂ ਵੰਡੀਆਂ ਪੈ ਗਈਆਂ। ਚਾਰੇ ਭਰਾਵਾਂ ਨੂੰ ਦਸ-ਦਸ ਕਿੱਲੇ ਆਏ।

ਤਿੰਨਾਂ ਭਰਾਵਾਂ ਦੇ ਤਾਂ ਨਿਆਣੇ ਹੋ ਗਏ ਸਨ ਪਰ ਜੈਲੇ ਦੇ ਵਿਹੜੇ ਨਿਆਣੇ ਨੇ ਕਿਲਕਾਰੀ ਨਾ ਮਾਰੀ। ਉਹ ਅਤੇ ਉਹਦੀ ਘਰਵਾਲੀ ਪਾਲੋ ਇਸ ਗੱਲੋਂ ਦੁਖੀ ਸਨ। ਉਨ੍ਹਾਂ ਕੋਈ ਸਾਧ-ਸੰਤ ਨਹੀਂ ਛੱਡਿਆ, ਡਾਕਟਰੀ ਇਲਾਜ ਵੀ ਕਰਵਾਇਆ ਪਰ ਪਾਲੋ ਦੀ ਕੁੱਖ ਹਰੀ ਨਾ ਹੋਈ। ਪੈਸੇ-ਧੇਲੇ ਵਲੋਂ ਜੈਲੇ ਨੂੰ ਕੋਈ ਤੋਟ ਨਹੀਂ ਸੀ। ਰੁਪਏ ਹੋਰ ਨਾਲ ਜੁੜਦੇ ਗਏ ਪਰ ਵਿਹੜਾ ਖਾਲੀ ਰਿਹਾ। ਹੌਲੀ-ਹੌਲੀ ਜੈਲਾ ਪਿੰਡ ਵਿਚ ਲੋਕਾਂ ਨੂੰ ਵਿਆਜ 'ਤੇ ਪੈਸਾ ਦੇਣ ਲੱਗ ਪਿਆ। ਰਮਦਾਸੀਆ ਮੁਹੱਲਾ ਤਾਂ ਉਹਨੇ ਸਾਰਾ ਹੀ ਆਪਣੇ ਕਰਜ਼ੇ ਥੱਲੇ ਨੱਪ ਲਿਆ ਸੀ। ਦੁੱਧ ਪਾਉਣ ਦੇ ਨਾਲ-ਨਾਲ ਮੱਝਾਂ ਦਾ ਵਪਾਰ ਵੀ ਕਰੀ ਜਾਂਦਾ। ਖਰਚਾ ਕੋਈ ਹੈ ਨਹੀਂ ਸੀ।

ਸਮਾਂ ਅਗਾਂਹ ਤੁਰਿਆ, ਪਾਲੋ ਦੀ ਮਾਂ ਬਣਨ ਵਾਲੀ ਵੱਤ ਨਿਕਲ ਗਈ। ਉਧਰ ਜੈਲੇ ਦੇ ਭਰਾਵਾਂ ਦੇ ਦੋ-ਦੋ ਮੁੰਡੇ ਤੇ ਕੁੜੀਆਂ ਹੋਈਆਂ। ਭਰਾ ਜੈਲੇ ਨੂੰ ਕਹਿਣ, 'ਦੱਸ ਕਿਹੜਾ ਲੈਣਾ ਹੈ, ਜਾਂ ਕਿਹੜੀ ਧੀ ਲੈਣੀ ਹੈ।' ਜੇ ਜੈਲਾ ਤਿਆਰ ਹੁੰਦਾ ਤਾਂ ਪਾਲੋ ਨਾ ਮੰਨਦੀ। ਜੇ ਪਾਲੋ ਆਪਣਾ ਭਤੀਜਾ ਲਿਆ ਕੇ ਵਿਆਹੁਣਾ ਚਾਹੁੰਦੀ, ਤਾਂ ਭਰਾਵਾਂ ਦਾ ਚੁੱਕਿਆ ਜੈਲਾ ਜਵਾਬ ਦੇ ਜਾਂਦਾ। ਇਕ ਵਾਰੀ ਤਾਂ ਜੈਲੇ ਦੇ ਭਰਾਵਾਂ ਨੇ ਦੂਜੇ ਵਿਆਹ ਲਈ ਵੀ ਕਿਹਾ। ਖੈਰ! ਜੈਲਾ ਬਾਪ ਤਾਂ ਨਾ ਬਣਿਆ ਪਰ ਪਿੰਡ ਵਾਲਿਆਂ ਨੇ ਜੈਲਾ ਵਿਆਜੜੀਆਂ ਬਣਾ ਦਿੱਤਾ। ਜਿਉਂ-ਜਿਉਂ ਵਿਆਜ ਇਕੱਠਾ ਕਰਦਾ ਗਿਆ, ਆਪ ਗਰੀਬ ਹੁੰਦਾ ਗਿਆ। ਨਾ ਚੰਗਾ ਕੱਪੜਾ ਪਾਇਆ, ਨਾ ਚੰਗਾ ਖਾਧਾ। ਦੋ ਕੱਪ ਦੁੱਧ ਦੇ ਰੱਖ ਕੇ ਸਾਰਾ ਦੁੱਧ ਡੇਅਰੀ ਪਾ ਦੇਣਾ, ਨਾ ਕਿਤੇ ਜਾਣਾ ਨਾ ਆਉਣਾ। ਜਦੋਂ ਕਿਸੇ ਲੋੜਵੰਦ ਨੂੰ ਰੁਪਏ ਵਿਆਜ 'ਤੇ ਦੇ ਕੇ ਅਗਲੇ ਦਾ ਗਲ ਘੁੱਟਣਾ, ਤਾਂ ਜੈਲੇ ਨੇ ਸੋਚਣਾ, 'ਇਕ ਮੁਰਗੀ ਹੋਰ ਕਾਬੂ ਆ ਗਈ ਹੈ।'

ਫਿਰ ਜੈਲੇ ਦੇ ਭਰਾਵਾਂ ਨੇ ਆਪਣੇ ਧੀਆਂ-ਪੁੱਤ ਵਿਆਹੁਣੇ ਸ਼ੁਰੂ ਕਰ ਦਿੱਤੇ। ਪੁੱਤ ਚਾਚੇ ਦੀ ਜ਼ਮੀਨ ਨੂੰ ਦੇਖ ਕੇ ਮੁੱਛਾਂ ਚਾੜ੍ਹਦੇ। ਉਹ ਸਮਝਦੇ, ਜਦੋਂ ਜੈਲਾ ਤੇ ਪਾਲੋ ਮਰ ਗਏ, ਸਾਰੀ ਜ਼ਮੀਨ ਉਨ੍ਹਾਂ ਨੂੰ ਹੀ ਆਉਣੀ ਹੈ। ਉਹ ਇਸੇ ਆਸ 'ਤੇ ਆਪਣਾ ਕੰਮ ਵੀ ਘੱਟ ਕਰ ਗਏ ਤੇ ਨਸ਼ੇ ਨੂੰ ਮੂੰਹ ਮਾਰਨ ਲੱਗ ਪਏ। ਇਕ ਦਿਨ ਆਪਸੀ ਲੜਾਈ ਵਿਚ ਜੈਲੇ ਦਾ ਭਤੀਜਾ ਮਾਰਿਆ ਗਿਆ ਤੇ ਦੂਜੇ ਨੂੰ ਸਜ਼ਾ ਹੋ ਗਈ। ਜੈਲੇ ਨੇ ਅਜੇ ਖੇਤੀਬਾੜੀ ਨਹੀਂ ਸੀ ਛੱਡੀ। ਉਹ ਬਹੁਤਾ ਕੰਮ ਹੱਥੀਂ ਕਰਦਾ ਸੀ। ਉਸ ਦੇ ਕਈ ਹਾਣੀਆਂ ਨੇ ਕਹਿਣਾ, 'ਜੈਲਿਆ! ਕਿਉਂ ਮਰਦਾ ਖੱਪਦਾ ਰਹਿੰਨਾ ਏਂ, ਗੁਰਦੁਆਰੇ ਜਾਇਆ ਕਰ, ਅਗਲਾ ਜਨਮ ਸਫ਼ਲਾ ਕਰ ਲੈ' ਜੈਲੇ ਨੇ ਮੂੰਹ ਕੁਨੀਨ ਖਾਧੇ ਵਰਗਾ ਕਰ ਲੈਣਾ। ਸੱਚ ਹੈ, ਬਿਨ ਕਰਮਾਂ ਗੁਰੂ ਦੀ ਸੰਗਤ ਵੀ ਨਹੀਂ ਲੱਭਦੀ! ਦੋਵੇਂ ਜੀਅ ਕਦੇ ਗੁਰਦੁਆਰੇ ਨਹੀਂ ਸਨ ਗਏ। ਮਿੱਟੀ ਨਾਲ ਮਿੱਟੀ ਹੋਏ ਰਹਿੰਦੇ। ਉਨ੍ਹਾਂ ਦੇ ਰੁਪਏ ਦਾ ਕਿਸੇ ਨੂੰ ਸਹਾਰਾ ਨਹੀਂ ਸੀ। ਕੋਈ ਗਰੀਬ-ਗੁਰਬਾ ਵਿਆਜ ਦੇ ਕੇ ਹੀ ਇਹ ਸਹਾਰਾ ਲੈ ਸਕਦਾ ਸੀ।

ਥੋੜ੍ਹੇ ਸਮੇਂ ਵਿਚ ਹੀ ਜੈਲੇ ਦੇ ਤਿੰਨੇ ਭਰਾ ਸਦੀਵੀ ਵਿਛੋੜਾ ਦੇ ਗਏ। ਅਗਾਂਹ ਪੁੱਤਾਂ ਵਿਚ ਵੀ ਇਤਫ਼ਾਕ ਘਟ ਗਿਆ। ਉਨ੍ਹਾਂ ਦਾ ਆਰਥਿਕ ਪਖੋਂ ਟੁੱਟ ਜਾਣਾ ਉਨ੍ਹਾਂ ਨੂੰ ਜੈਲੇ ਵੱਲ ਦੇਖਣ ਲਈ ਮਜਬੂਰ ਕਰਦਾ। ਉਹ ਸੋਚਦੇ, ਦਾਦਾ ਕਦੋਂ ਮਰੇ ਤੇ ਉਨ੍ਹਾਂ ਨੂੰ ਜ਼ਮੀਨ ਆਵੇ। ਉਹ ਜੈਲੇ ਦੀ ਜ਼ਮੀਨ ਦੇਖਦੇ-ਦੇਖਦੇ ਆਪਣੀ ਵਲੋਂ ਵੀ ਹੱਥ ਧੋ ਬੈਠੇ। ਜਦੋਂ ਖੇਤ ਹੀ ਨਹੀਂ ਜਾਣਾ, ਸਮੇਂ ਸਿਰ ਕੰਮ ਨਹੀਂ ਕਰਨਾ, ਤਾਂ ਖੇਤ ਨੇ ਆਪ ਫਸਲ ਥੋੜ੍ਹਾ ਪੈਦਾ ਕਰਨੀ ਸੀ! ਉਤੋਂ ਮਾੜੀ ਕਿਸਮਤ, ਜੈਲੇ ਦੇ ਦੋ ਭਤੀਜੇ ਖਾੜਕੂਆਂ ਦੀ ਗੋਲੀ ਦਾ ਸ਼ਿਕਾਰ ਹੋ ਗਏ; ਉਹ ਘਰੇ ਸ਼ਰਾਬ ਕੱਢ ਕੇ ਜੁ ਵੇਚਦੇ ਸੀ। ਜੈਲਾ ਦੁਖੀ ਕਿ ਰੱਬ ਨੇ ਕੋਈ ਪੁੱਤ ਨਹੀਂ ਦਿੱਤਾ, ਤੇ ਦੂਜੇ ਪਾਸੇ ਦਿੱਤੇ ਹੋਏ ਲੈ ਗਿਆ ਸੀ।

ਲੋੜਵੰਦਾਂ ਦੇ ਅੰਗੂਠੇ ਲਵਾ-ਲਵਾ, ਪਰਨੋਟਾਂ ਨਾਲ ਜੈਲੇ ਦਾ ਵੱਡਾ ਟਰੰਕ ਭਰ ਗਿਆ। ਪਰਮਾਤਮਾ ਦੇ ਰੰਗ ਪਾਲੋ ਅਚਾਨਕ ਦਿਲ ਦੇ ਦੌਰੇ ਕਰ ਕੇ ਤੁਰ ਗਈ। ਜੈਲੇ ਲਈ ਦੁਨੀਆਂ ਸੁੰਨੀ ਹੋ ਗਈ। ਭਤੀਜੇ ਕਹਿੰਦੇ, 'ਚਾਚਾ! ਬੰਦੇ ਦਾ ਕੀ ਪਤਾ, ਕਦੋਂ ਦੁਨੀਆਂ ਛੱਡ ਜਾਵੇ, ਤੂੰ ਜ਼ਮੀਨ ਦੀ ਵਸੀਅਤ ਸਾਡੇ ਨਾਂ ਕਰਵਾ ਦੇ।' ਇਹ ਗੱਲ ਸੁਣ ਕੇ ਜੈਲੇ ਨੂੰ ਬਹੁਤ ਗੁੱਸਾ ਆਇਆ ਪਰ ਉਹ ਚੁੱਪ ਕਰ ਰਿਹਾ। ਇਕ ਭਤੀਜ-ਨੂੰਹ ਉਹਨੂੰ ਰੋਟੀ ਫੜਾ ਜਾਂਦੀ। ਜੈਲੇ ਨੇ ਮੱਝਾਂ ਵੇਚ ਦਿੱਤੀਆਂ ਤੇ ਜ਼ਮੀਨ ਕਿਸੇ ਹੋਰ ਨੂੰ ਠੇਕੇ 'ਤੇ ਦੇ ਦਿੱਤੀ। ਭਤੀਜਿਆਂ ਤੋਂ ਉਸ ਨੂੰ ਮਾਮਲਾ ਮਿਲਣ ਦੀ ਆਸ ਨਹੀਂ ਸੀ। ਇਕ ਰਾਤ ਭਤੀਜੇ ਕੰਧ ਟੱਪ ਕੇ ਆ ਗਏ ਕਿ ਚਾਚੇ ਦਾ ਕੰਮ ਤਮਾਮ ਕਰ ਦੇਈਏ। ਉਸ ਰਾਤ ਉਸ ਕੋਲ ਉਹਦਾ ਕੋਈ ਪੁਰਾਣਾ ਬੇਲੀ ਆਇਆ ਹੋਇਆ ਸੀ। ਸੋ, ਭਤੀਜਿਆਂ ਦਾ ਧਾਵਾ ਖਾਲੀ ਗਿਆ। ਪਤਾ ਜੈਲੇ ਨੂੰ ਵੀ ਲੱਗ ਗਿਆ ਸੀ ਕਿ ਭਤੀਜੇ ਉਹਦਾ ਕੀਰਤਨ ਸੋਹਿਲਾ ਪੜ੍ਹਨ ਆਏ ਸੀ। ਫਿਰ ਉਸ ਨੇ ਆਪਣੇ ਯਕੀਨ ਵਾਲਾ ਮਜ਼੍ਹਬੀ ਸਿੰਘ ਪੱਕਾ ਹੀ ਆਪਣੇ ਨਾਲ ਰੱਖ ਲਿਆ। ਜੈਲਾ ਰੋਟੀ ਵੀ ਉਹਦੇ ਘਰੋਂ ਹੀ ਖਾਂਦਾ। ਹੁਣ ਉਸ ਨੂੰ ਭਤੀਜ-ਨੂੰਹ 'ਤੇ ਵੀ ਇਤਬਾਰ ਨਹੀਂ ਸੀ ਰਿਹਾ। ਉਹ ਡਰਦਾ ਸੀ ਕਿ ਕੁਝ ਪਾ ਕੇ ਨਾ ਦੇ ਦੇਣ। ਕਈਆਂ ਨੇ ਜੈਲੇ ਨੂੰ ਕਿਹਾ, 'ਜੈਲਿਆ! ਹੁਣ ਦਾਨ-ਪੁੰਨ ਕਰ ਲੈ, ਮਾਇਆ ਇਥੇ ਹੀ ਰਹਿ ਜਾਣੀ ਹੈ,' ਪਰ ਦਾਨ-ਪੁੰਨ ਵੀ ਕਰਮਾਂ ਵਾਲੇ ਹੀ ਕਰਦੇ ਨੇ। ਜੈਲੇ ਨੇ ਤਾਂ ਪਾਲੋ ਮੁੱਕੀ ਤੋਂ ਮਸਾਂ ਸਹਿਜ ਪਾਠ ਕਰਵਾਇਆ ਸੀ।

ਜੈਲੇ ਦੇ ਦੋ ਪਲਾਟ ਸੜਕ ਨਾਲ ਲਗਦੇ ਸਨ। ਕੈਨੇਡਾ ਤੋਂ ਗਿਆ ਇਕ ਬੰਦਾ ਉਹ ਪਲਾਟ ਖਰੀਦ ਕੇ ਕੋਠੀ ਪਾਉਣੀ ਚਾਹੁੰਦਾ ਸੀ। ਉਸ ਨੇ ਸਿੱਧੀ ਗੱਲ ਕਰਨ ਲਈ ਜੈਲੇ ਦਾ ਬੂਹਾ ਖੜਕਾਇਆ, ਜੈਲੇ ਤੋਂ ਪਲਾਟ ਖਰੀਦਣ ਵਾਸਤੇ ਪੁੱਛਿਆ। ਜੈਲਾ ਅੱਗਿਉਂ ਉਸ ਦੇ ਗਲ ਪੈ ਗਿਆ, 'ਤੂੰ ਮੈਨੂੰ ਪੁੱਛਿਆ ਕਿਵੇਂ? ਜੇ ਮੇਰੇ ਕੋਈ ਪੁੱਤ-ਧੀ ਨਹੀਂ ਹੈ, ਇਸ ਦਾ ਇਹ ਮਤਲਬ ਨਹੀਂ ਕਿ ਤੂੰ ਕਿਸੇ ਦੀਆਂ ਜ਼ਮੀਨਾਂ ਦੀ ਬੋਲੀ ਲਾਉਂਦਾ ਫਿਰੇਂ। ਆਪਣੀ ਕੈਨੇਡਾ ਜੇਬ ਵਿਚ ਰੱਖ, ਜੇ ਆਪਣੀ ਜ਼ਮੀਨ ਵੇਚਣੀ ਹੈ ਤਾਂ ਮੈਨੂੰ ਲਿਖਾ ਬੈਅ।' ਉਹ ਬੰਦਾ ਉਨ੍ਹੀਂ ਪੈਰੀਂ ਵਾਪਸ ਮੁੜ ਗਿਆ।

ਜਿਉਂ-ਜਿਉਂ ਜੈਲੇ ਦੀ ਉਮਰ ਸਾਹਾਂ ਦੇ ਖਾਤਮੇ ਵੱਲ ਵਧਦੀ ਗਈ, ਤਿਉਂ-ਤਿਉਂ ਵਿਆਜ ਥੱਲੇ ਆਏ ਗਰੀਬ ਖੁਸ਼ੀ ਵੱਲ ਵਧਦੇ ਗਏ। ਉਹ ਸੋਚਦੇ, ਜਿਸ ਦਿਨ ਬੁੱਢਾ ਮਰ ਗਿਆ, ਪਰਨੋਟਾਂ ਦਾ ਵੀ ਨਾਲ ਹੀ ਸਸਕਾਰ ਹੋ ਜਾਣਾ ਹੈ। ਫਿਰ ਉਹ ਦਿਨ ਆ ਗਿਆ ਜਿਸ ਦਿਨ ਦੀ ਉਡੀਕ ਸਾਰੇ ਗਰੀਬ ਕਰ ਰਹੇ ਸਨ। ਜੈਲਾ ਅਚਾਨਕ ਬਿਮਾਰ ਹੋ ਗਿਆ, ਉਸ ਨੂੰ ਸ਼ਹਿਰ ਦੇ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਜੈਲੇ ਦੇ ਸਹੁਰੀਂ ਵੀ ਸੁਨੇਹਾ ਘੱਲ ਦਿੱਤਾ ਗਿਆ। ਪਾਲੋ ਦੇ ਭਤੀਜੇ ਵੀ ਆ ਗਏ, ਵਿਆਜ ਨਾਲ ਇਕੱਠੀ ਕੀਤੀ ਰਕਮ ਦੇ ਮਾਲਕ ਬਣਨ ਲਈ। ਜੈਲੇ ਦੇ ਭਤੀਜੇ ਵੀ ਜੈਲੇ ਦਾ ਮੰਜਾ ਨੱਪ ਕੇ ਬੈਠ ਗਏ। ਡਾਕਟਰ ਕਹਿੰਦਾ, ਖੂਨ ਦੀ ਬੋਤਲ ਚਾਹੀਦੀ ਹੈ ਤਾਂ ਸਾਰੇ ਚੁੱਪ ਹੋ ਗਏ। ਕਿਸੇ ਨੇ ਖੂਨ ਦੀ ਬੋਤਲ ਨਾ ਦਿੱਤੀ। ਸਾਰੇ ਸੋਚਦੇ ਕਿ ਜੇ ਉਨ੍ਹਾਂ ਖੂਨ ਦੇ ਦਿੱਤਾ, ਤਾਂ ਇਹਨੇ ਬਚ ਜਾਣਾ! ਫਿਰ ਉਸੇ ਮਜ਼੍ਹਬੀ ਸਿੰਘ ਨੇ ਬਾਂਹ ਅਗੇ ਕਰ ਦਿੱਤੀ ਤੇ ਜੈਲਾ ਮੌਤ ਦੇ ਮੂੰਹੋਂ ਬਚ ਗਿਆ।

ਮਗਰੋਂ ਜੈਲੇ ਦੇ ਭਤੀਜਿਆਂ ਕਈ ਵਾਰ ਉਸ ਨੂੰ ਟਿਕਾਣੇ ਲਾਉਣ ਦੀ ਵਿਉਂਤ ਬਣਾਈ, ਪਰ ਸਿਰੇ ਨਾ ਚੜ੍ਹੀ। ਇਕ ਦਿਨ ਉਹ ਮਜ਼੍ਹਬੀ ਸਿੰਘ ਕਹਿੰਦਾ, 'ਸਰਦਾਰਾ! ਸਾਰੀ ਉਮਰ ਗੁਰੂ ਘਰ ਨਹੀਂ ਗਿਆ, ਚੱਲ ਉਥੇ ਹੋ ਆਈਏ,' ਤੇ ਦੋਵੇਂ ਗੁਰਦੁਆਰੇ ਪਹੁੰਚੇ ਗਏ। ਮੱਥਾ ਟੇਕ ਕੇ ਬਾਹਰ ਨਿਕਲੇ ਤਾਂ ਜੈਲਾ ਉਸ ਦੀਆਂ ਬਾਹਾਂ ਵਿਚ ਦਮ ਤੋੜ ਗਿਆ। ਸਾਰੇ ਪਿੰਡ ਵਿਚ ਖਬਰ ਪਹੁੰਚ ਗਈ ਕਿ ਜੈਲਾ ਵਿਆਜੜੀਆ ਮਰ ਗਿਆ ਹੈ। ਸਕੀਰੀਆਂ ਵਿਚ ਸੁਨੇਹੇ ਘੱਲੇ ਗਏ। ਪਾਲੋ ਦੇ ਭਤੀਜੇ ਵੀ ਆ ਗਏ। ਸਸਕਾਰ ਤੋਂ ਪਹਿਲਾਂ ਹੀ ਘੁਸਰ-ਮੁਸਰ ਹੋਣ ਲੱਗ ਪਈ। ਜੈਲੇ ਦੇ ਟਰੰਕ ਫਰੋਲੇ ਗਏ। ਉਨ੍ਹਾਂ ਵਿਚੋਂ ਵਸੀਅਤ ਮਿਲੀ ਕਿ ਅੱਧੀ ਜ਼ਮੀਨ ਦੇ ਮਾਲਕ ਜੈਲੇ ਦੇ ਭਤੀਜੇ ਤੇ ਅੱਧੀ ਜ਼ਮੀਨ ਦੇ ਮਾਲਕ ਪਾਲੋ ਦੇ ਭਤੀਜੇ ਹੋਣਗੇ। ਜੈਲੇ ਦੀ ਇਸ ਵਸੀਅਤ ਤੋਂ ਦੋਵਾਂ ਧਿਰਾਂ ਹੀ ਨਾ ਖੁਸ਼ ਹੋਈਆਂ। ਦੋਵਾਂ ਧਿਰਾਂ ਨੇ ਦੁਸ਼ਮਣ ਵਾਂਗ ਜੈਲੇ ਦਾ ਸਸਕਾਰ ਕਰ ਦਿੱਤਾ। ਭੋਗ ਤੋਂ ਬਾਅਦ ਜੈਲੇ ਦਾ ਟਰੰਕ ਖੋਲ੍ਹਿਆ ਗਿਆ। ਪਾਲੋ ਦੇ ਭਤੀਜਿਆਂ ਨੇ ਸਾਰੇ ਪਰਨੋਟਾਂ ਵਾਲਿਆਂ ਨੂੰ ਸੱਦ ਲਿਆ ਤੇ ਸਾਰਿਆਂ ਦੇ ਸਾਹਮਣੇ ਪਰਨੋਟ ਪਾੜਨੇ ਚਾਹੇ, ਪਰ ਜੈਲੇ ਦੇ ਭਤੀਜੇ ਪਰਨੋਟਾਂ ਉਤੇ ਆਪਣਾ ਹੱਕ ਜਿਤਾਉਣ ਲੱਗੇ। ਆਖਰਕਾਰ ਪਰਨੋਟ ਸੜ ਕੇ ਸੁਆਹ ਹੋ ਚੁੱਕੇ ਸਨ।

ਜੈਲੇ ਤੇ ਪਾਲੋ ਵਲੋਂ ਇਕੱਠਾ ਕੀਤਾ ਸੋਨਾ ਨਹੀਂ ਸੀ ਮਿਲਿਆ। ਸਾਰਾ ਘਰ ਪੁੱਟ ਸੁੱਟਿਆ। ਬੈਂਕ ਵਿਚਲੀ ਰਕਮ ਵੀ ਗਾਇਬ ਸੀ। ਜ਼ਮੀਨ ਨੂੰ ਲੈ ਕੇ ਕੇਸ ਕਹਿਚਰੀਆਂ ਵਿਚ ਚੱਲਣ ਲੱਗਿਆ। ਪੂਰੇ ਸਤਾਰਾਂ ਸਾਲ ਕੇਸ ਚੱਲਿਆ। ਇਸ ਦੌਰਾਨ ਜੈਲੇ ਦੇ ਭਤੀਜਿਆਂ ਦੇ ਸੱਤ ਕਿੱਲੇ ਬੈਅ ਹੋ ਗਏ। ਇਸੇ ਤਰ੍ਹਾਂ ਪਾਲੋ ਦੇ ਭਤੀਜਿਆਂ ਦੇ ਚਾਰ ਕਿਲੇ ਬੈਅ ਹੋ ਗਏ, ਤੇ ਦੋ ਜਵਾਨ ਪੁੱਤ ਤੁਰ ਗਏ। ਅਖੀਰ ਫੈਸਲਾ ਉਹੀ ਹੋਇਆ ਜੋ ਜੈਲਾ ਕਰ ਕੇ ਗਿਆ ਸੀ। ਜ਼ਮੀਨ ਦੋਵਾਂ ਧਿਰਾਂ ਨੇ ਇਕੱਠਿਆਂ ਵੇਚ ਦਿੱਤੀ ਤੇ ਪੈਸੇ ਵੰਡ ਲਏ।

ਫਿਰ ਇਕ ਦਿਨ ਸੋਨੇ ਅਤੇ ਪੈਸਿਆਂ ਦਾ ਭੇਤ ਉਸ ਮਜ਼੍ਹਬੀ ਸਿੰਘ ਨੇ ਖੋਲ੍ਹ ਦਿੱਤਾ। ਜੈਲਾ ਮਰਨ ਤੋਂ ਪਹਿਲਾਂ ਸਭ ਕੁਝ ਉਹਨੂੰ ਦੇ ਗਿਆ ਸੀ, ਉਹਦੀ ਕੀਤੀ ਸੇਵਾ ਦਾ ਫ਼ਲ ਉਹਨੂੰ ਦੇ ਗਿਆ ਸੀ। ਦੋਵਾਂ ਧਿਰਾਂ ਦੇ ਦੰਦ ਜੁੜ ਗਏ ਕਿ ਉਨ੍ਹਾਂ ਦਾ ਤਾਂ ਹੱਕ ਜਤਾਉਣ ਦਾ ਤਰੀਕਾ ਹੀ ਗਲਤ ਸੀ! ਜੇ ਕਿਤੇ ਉਹ ਖੁਦ ਸੇਵਾ ਕਰ ਕੇ ਜੈਲੇ ਦਾ ਦਿਲ ਜਿੱਤ ਲੈਂਦੇ, ਤਾਂ ਗੱਲ ਕੁਝ ਹੋਰ ਹੁੰਦੀ। ਇਸ ਤੋਂ ਬਾਅਦ ਦੋਵਾਂ ਧਿਰਾਂ ਨੇ ਜੈਲੇ ਦਾ ਘਰ ਤੇ ਪਲਾਟ ਸਕੂਲ ਵਾਸਤੇ ਦਾਨ ਕਰ ਕੇ ਬੋਰਡ 'ਤੇ ਲਿਖਾ ਦਿੱਤਾ, 'ਜੈਲਾ ਸਿੰਘ ਪਬਲਿਕ ਸਕੂਲ।'

ਸਵੇਰੇ ਦੇ ਭੁੱਲੇ ਸ਼ਾਮ ਨੂੰ ਘਰ ਆ ਗਏ!

## ਆਪਣੀ ਕਹਾਣੀ

ਆਪਣੀ ਕਹਾਣੀ ਹੁਣ ਸ਼ੀਸ਼ਾ ਮੈਨੂੰ ਦੱਸਦਾ।
ਦੰਦਾਂ ਤੋਂ ਬਗੈਰ ਨਹੀਂ ਚੰਗਾ ਲੱਗੇ ਹੱਸਦਾ।

ਦੇ ਨਾ ਉਲਾਂਭਾ ਐਵੇਂ ਵਧ-ਘੱਟ ਲੂਣ ਦਾ,
ਹੁਣ ਨੀਂ ਸਵਾਦ ਤੈਨੂੰ ਆਣਾ ਕਿਸੇ ਰੱਸ ਦਾ।

ਹੰਭ-ਹਾਰ ਗਿਆ ਹੁਣ ਲੱਗਦੈ ਸਰੀਰ ਤੇਰਾ,
ਹੋਰ ਭਾਰ ਚੁੱਕਣਾ, ਨੀਂ ਕੰਮ ਤੇਰੇ ਵੱਸ ਦਾ।

ਛੱਡ ਦੇ ਸਹੇੜੀਆਂ ਜੋ ਵਾਧੂ ਜ਼ਿੰਮੇਵਾਰੀਆਂ,
ਜੱਗ ਦੇ ਝਮੇਲਿਆਂ 'ਚ ਹੋਰ ਜਾਏਂ ਫੱਸਦਾ।

ਵਕਤ ਪਛਾਣ ਹੁਣ ਕਿਸੇ ਨਹੀਂ ਕੰਮ ਆਣਾ,
ਦਿਨ-ਰਾਤ ਜਿਨ੍ਹਾਂ ਲਈ ਫਿਰਦਾ ਏਂ ਨੱਸਦਾ।

ਦੇਖ! ਤੇਰੀ ਆਪਣੀ ਢਿਲਕੀ ਹੈ ਚੂਲ 'ਰਾਠੀ'
ਲੋਕਾਂ ਦੇ ਤੂੰ ਰਿਹਾ ਐਵੇਂ ਮੰਜੇ-ਪੀੜ੍ਹੇ ਕੱਸਦਾ।

*-ਰਾਠੇਸ਼ਵਰ ਸਿੰਘ ਸੂਰਾਪੁਰੀ*
*ਫੋਨ:916-969-9337*

# ਸੰਨ੍ਹਵਾਂ ਵਾਲਾ ਭੱਜੀ

(ਪਿਛਲੇ ਸਫੇ ਦੀ ਬਾਕੀ)

ਤਾਇਨਾਤ ਕੀਤਾ ਗਿਆ। ਐਂਟੀ-ਡਕੈਤੀ ਅਪ੍ਰੇਸ਼ਨ 'ਚ ਕਾਬਲੇ-ਤਾਰੀਫ਼ ਰੋਲ ਅਦਾ ਕੀਤਾ ਤੇ ਨਾਮੀ ਡਕੈਤਾਂ ਦਾ ਖਾਤਮਾ ਕੀਤਾ। ਉਹਨੇ ਹਾਲੇ ਹੋਰ ਤਰੱਕੀ ਕਰਨੀ ਸੀ ਪਰ ਸਿਆਸਤ ਦੀ ਭੇਟ ਚੜ੍ਹ ਗਿਆ। ਮੁਲਾਇਮ ਸਿੰਘ ਦੀ ਸਰਕਾਰ ਹੋਣ ਕਰਕੇ ਤਰੱਕੀ ਦੇ ਹੋਰ ਪੌਡੇ ਨਾ ਚੜ੍ਹ ਸਕਿਆ। ਸਿਆਸਤ ਦਾ ਸ਼ਿਕਾਰ ਹੋਣ ਕਰਕੇ ਹੋਰ ਤਰੱਕੀ ਭਾਵੇਂ ਨਹੀਂ ਕਰ ਸਕਿਆ ਪਰ ਉਹਦੇ ਮਨ ਨੂੰ ਸਕੂਨ ਹੈ। ਬੜੀ ਈਮਾਨਦਾਰੀ ਨਾਲ ਨੌਕਰੀ ਕੀਤੀ। ਬੇਦਾਗ ਰਹਿ ਕੇ ਜੁਅਰਤ ਨਾਲ ਨੌਕਰੀ ਕੀਤੀ। ਨਾ ਕਿਸੇ ਅੱਗੇ ਝੁਕਿਆ, ਤੇ ਨਾ ਹੀ ਕਿਸੇ ਨੂੰ ਝੁਕਾਇਆ।

ਯੂ.ਪੀ. 'ਚ ਅਹੁਦੇ 'ਤੇ ਬਿਰਾਜਮਾਨ ਹੁੰਦੇ ਹੋਏ ਖੇਡ ਦਾ ਸ਼ੌਕ ਨਾ ਛੱਡਿਆ। ਮੇਹਰਦੀਨ, ਬੁੱਧੂ, ਬਿੱਲਾ, ਕੇਹਰ, ਦਾਰਾ ਸਿੰਘ ਤੇ ਹੋਰ ਨਾਮੀ ਪਹਿਲਵਾਨਾਂ ਦੇ ਦੰਗਲ ਕਰਾਏ ਤੇ ਕਬੱਡੀ ਟੂਰਨਾਮੈਂਟ ਸ਼ੁਰੂ ਕਰਾਏ। ਭੱਜੀ ਨੇ ਦਾਰਾ ਸਿੰਘ ਦੁਲਚੀਪੁਰੀਏ ਦੀ ਪਹਿਲਵਾਨੀ ਨੂੰ ਬੜਾ ਪਸੰਦ ਕੀਤਾ। ਪੁਰਾਣੀਆਂ ਯਾਦਾਂ ਦੀ ਰੀਲ ਘੁਮਾਉਂਦਿਆਂ ਭੱਜੀ ਨੇ ਦੱਸਿਆ ਕਿ ਗਰੀਬ ਪਰਿਵਾਰ 'ਚੋਂ ਹੋਣ ਕਰਕੇ ਪਿੰਡ ਦੇ ਕਿਸੇ ਖਿਡਾਰੀ ਨੇ ਜਾਤੀ-ਸੂਚਕ ਤਾਹਨਾ ਮਾਰਿਆ ਕਿ ਉਹਨੇ ਕੀ ਖੇਡਣਾ? ਚਹੇੜੂ ਮੈਚ ਆ ਗਏ। ਸੰਨ੍ਹਵਾਂ ਦਾ ਦੁਸਾਂਝਾਂ ਨਾਲ ਮੈਚ ਪੈ ਗਿਆ। ਉਹ ਵੀ ਚਹੇੜੂ ਮੈਚ ਵੇਖਣ ਚਲਾ ਗਿਆ। ਦੁਸਾਂਝਾਂ ਦੇ ਖਿਡਾਰੀ ਤਕੜੇ ਸਨ। ਪਿੰਡ ਵਾਲੇ ਉਹਨੂੰ ਕਹਿਣ ਮੈਚ ਖੇਡ, ਅੱਜ ਪਿੰਡ ਦੀ ਇੱਜ਼ਤ ਦਾ ਸਵਾਲ ਹੈ। ਉਹਦੇ ਮਨ ਵਿਚ ਵਾਰ ਵਾਰ ਉਹੀ ਤਾਹਨਾ ਆ ਰਿਹਾ ਸੀ। ਕਹਿਣ ਲੱਗਾ, ਮੈਂ ਮੈਚ ਨਹੀਂ ਖੇਡਣਾ। ਮੈਂ ਤਾਂ ਸਿਰਫ ਤੁਹਾਡੇ ਕੁੱਟ ਪੈਂਦੀ ਵੇਖਣ ਆਇਆ ਹਾਂ। ਪਿੰਡ ਵਾਲਿਆਂ ਦੇ ਮਿੰਨਤਾਂ ਕਰਨ 'ਤੇ ਖੇਡਿਆ ਅਤੇ ਤਕੜੇ ਨੰਬਰਾਂ 'ਤੇ ਪਿੰਡ ਨੂੰ ਜਿਤਾਇਆ। ਉਹ ਜਾਤਾਂ-ਪਾਤਾਂ ਤੋਂ ਬਹੁਤ ਉਪਰ ਉਠਿਆ ਹੋਇਆ ਹੈ। ਜਾਤਾਂ-ਪਾਤਾਂ ਦੀ ਗੱਲ ਕਰਨ ਵਾਲਿਆਂ ਤੋਂ ਹਮੇਸ਼ਾ ਦੂਰੀ ਬਣਾ ਕੇ ਰੱਖਦਾ ਤੇ ਆਪਣੀ ਖੇਡ ਦੇ ਰੰਗ ਵਿਚ ਹਮੇਸ਼ਾ ਰੰਗਿਆ ਰਹਿੰਦਾ।

ਸੰਨ੍ਹਵਾਂ ਦਾ ਇੰਗਲੈਂਡ ਰਹਿੰਦਾ ਕਬੱਡੀ ਖਿਡਾਰੀ ਟਹਿਲ ਸਿੰਘ ਟਹਿਲਾ ਪਿੰਡ ਆਇਆ ਤੇ ਪਿੰਡ ਦੇ ਕੁਝ ਸ਼ਰਾਰਤੀ ਲੋਕਾਂ ਨੇ ਉਹਨੂੰ ਭੱਜੀ ਵਿਰੁਧ ਭੜਕਾ ਦਿਤਾ। ਟਹਿਲਾ ਵੀ ਤਕੜਾ ਖਿਡਾਰੀ ਸੀ। ਭੱਜੀ ਦੀ ਗੇਮ ਵੇਖ ਉਹ ਕਾਇਲ ਹੋ ਗਿਆ। ਸਦਾ ਸਦਾ ਲਈ ਫਿਰ ਉਹ ਭੱਜੀ ਦਾ ਵਧੀਆ ਦੋਸਤ ਬਣ ਗਿਆ। ਪੁਰਾਣੇ ਸਾਥੀ ਦੋਸਤ, ਕਬੱਡੀ ਕੈਂਚੀ ਦੇ ਥੰਮ ਮੱਲਪੁਰੀਏ ਹਰੀ ਨਾਲ ਦਹਾਕਿਆਂ ਦਾ ਪਿਆਰ ਹਾਲੇ ਵੀ ਬਰਕਰਾਰ ਹੈ।

ਸਾਰਾ ਅੱਡਾ-ਗੱਡਾ ਹੁਣ ਉਹਦਾ ਲਖਨਊ ਵਿਚ ਹੈ। ਵਧੀਆ ਕੋਠੀ 'ਚ ਸਾਰੀਆਂ ਸੁਖ-ਸਹੂਲਤਾਂ ਮਾਣ ਰਿਹੈ। ਉਹ ਉਥੋਂ ਦੇ ਸਿੰਘ ਸਭਾ ਗੁਰਦੁਆਰੇ ਦਾ ਚੀਫ-ਪੈਟਰਨ ਹੈ। ਧਾਰਮਿਕ, ਸਮਾਜਿਕ, ਖੇਡਾਂ ਅਤੇ ਹੋਰ ਗਤੀਵਿਧੀਆਂ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦਾ ਹੈ। ਲੜਕੀਆਂ ਦੇ ਗੁਰੂ ਨਾਨਕ ਕਾਲਜ ਦਾ ਉਹ ਪ੍ਰਧਾਨ ਹੈ। ਅਨੇਕਾਂ ਜ਼ਿੰਮੇਵਾਰੀਆਂ ਨਿਭਾਉਣ ਦੇ ਬਾਵਜੂਦ ਹਮੇਸ਼ਾ ਸ਼ਾਂਤ ਰਹਿੰਦਾ ਹੈ। ਪੰਜਾਬ ਨਾਲ ਵੀ ਕਾਫ਼ੀ ਮੋਹ ਹੈ। ਯਾਰਾਂ-ਦੋਸਤਾਂ ਦੇ ਵਿਆਹ-ਸ਼ਾਦੀਆਂ ਅਤੇ ਖੁਸ਼ੀ-ਗਮੀ ਦੇ ਸਮਾਗਮਾਂ ਵਿਚ ਜਰੂਰ ਸ਼ਰੀਕ ਹੁੰਦਾ ਹੈ। ਪਿੰਡ ਸੰਨ੍ਹਵੀਂ ਜਰੂਰ ਗੇੜਾ ਮਾਰਦਾ ਹੈ। ਬਚਪਨ ਦੀਆਂ ਯਾਦਾਂ ਕਦੇ ਨਹੀਂ ਭੁਲਿਆ।

ਭੱਜੀ ਦੇ ਮਾਤਾ ਜੀ 95 ਸਾਲਾਂ ਦੇ ਹੋ ਕੇ ਬਿਲਕੁਲ ਤੰਦਰੁਸਤ ਹਨ। ਜਿਨ੍ਹਾਂ ਖੁਸ਼ੀਆਂ ਨਾਲ ਪੁੱਤ ਭੱਜੀ ਵਿਆਹਿਆ ਸੀ, ਅਧਵਾਟੇ ਰਹਿ ਗਿਆ। 1968 ਵਿਚ ਭੱਜੀ ਹੁਸ਼ਿਆਰਪੁਰ ਲਾਗੇ ਇਕ ਛੋਟੇ ਜਿਹੇ ਪਿੰਡ ਵਿਚ ਸੁਰਿੰਦਰਪਾਲ ਕੌਰ 'ਪਾਲੀ' ਨਾਲ ਬੜੇ ਲਾਡਾਂ ਨਾਲ ਵਿਆਹਿਆ ਸੀ। ਸੰਨ 2000 ਵਿਚ ਪਾਲੀ ਅਚਾਨਕ ਵਿਛੋੜਾ ਦੇ ਗਈ। ਭੱਜੀ ਨੇ ਆਪਣੀ ਪਤਨੀ ਦੀ ਯਾਦ ਨੂੰ ਤਾਜ਼ਾ ਰੱਖਦਿਆਂ ਯੂ.ਪੀ. ਵਿਚ ਮੁਟਿਆਰਾਂ ਦੇ ਵੇਟ-ਲਿਫਟਿੰਗ ਮੁਕਾਬਲੇ ਕਰਾਏ। ਕਹਿੰਦੇ ਨੇ, ਹਰ ਇਨਸਾਨ ਦੀ ਕਾਮਯਾਬੀ ਪਿਛੇ ਕਿਸੇ ਨਾ ਕਿਸੇ ਦਾ ਹੱਥ ਜਰੂਰ ਹੁੰਦੈ। ਉਹਦੀ ਕਾਮਯਾਬੀ ਪਿਛੇ ਜੀਵਨ-ਸਾਥਣ ਦਾ ਹਮੇਸ਼ਾ ਹੱਥ ਰਿਹੈ। ਵਿਆਹ ਤੋਂ ਬਾਅਦ ਵੀ ਗੇਮ ਨਹੀਂ ਛੱਡੀ। ਜਦੋਂ ਮੈਚ ਜਿੱਤ ਕੇ ਆਉਣਾ, ਲੋਕਾਂ ਨੇ ਪਿਤਾ ਨੂੰ ਵਧਾਈਆਂ ਦੇਣੀਆਂ। ਸਿਫਤਾਂ ਸੁਣ ਸੁਣ ਪਾਲੀ ਨੇ ਮਨ ਹੀ ਮਨ ਵਿਚ ਖੁਸ਼ ਹੋਈ ਜਾਣਾ। ਸੱਟਾਂ-ਚੋਟਾਂ ਕਰਕੇ ਭੱਜੀ ਨੇ ਗੇਮ ਛੱਡਣ ਦਾ ਵਿਚਾਰ ਘਰਵਾਲੀ ਨੂੰ ਦੱਸਣਾ। ਉਹਨੇ ਨਾਂਹ ਕਰ ਦੇਣੀ। ਗੇਮ ਨਿਰੰਤਰ ਰੱਖਣ ਦੀ ਉਹਨੇ ਤਾਈਦ ਕਰਨੀ। ਉਹਨੇ ਖਾਣ-ਪੀਣ ਦਾ ਖਿਆਲ ਤੇ ਹਰ ਤਰ੍ਹਾਂ ਦਾ ਹੌਸਲਾ ਦੇਣਾ। ਵਿਆਹ ਤੋਂ ਬਾਅਦ ਹੀ ਉਹਨੇ ਵੇਟ-ਲਿਫ਼ਟਿੰਗ ਕੀਤੀ, ਸਟੇਟ ਪੱਧਰ ਦੀ ਕਬੱਡੀ ਖੇਡੀ, ਤੇ ਭਾਰਤ ਸਰਕਾਰ ਦਾ ਉਚ ਪੱਧਰ ਦਾ ਅਫਸਰ ਬਣਿਆ।

ਜ਼ਿੰਦਗੀ 'ਚ ਆਏ ਉਤਰਾਅ-ਚੜ੍ਹਾਅ ਦੇ ਬਾਵਜੂਦ ਉਹ ਹਮੇਸ਼ਾ ਚੜ੍ਹਦੀ ਕਲਾ 'ਚ ਰਹਿੰਦੈ। ਸੰਤੁਸ਼ਟ ਹੈ। ਦੋ ਬੇਟੇ ਇਕ ਬੇਟੀ। ਇਕ ਬੇਟਾ ਕੈਨੇਡਾ ਸੈਟਲ ਹੈ ਤੇ ਦੂਜਾ ਪਿਤਾ ਦੇ ਨਾਲ ਯੂ.ਪੀ. 'ਚ ਆਰਕੀਟੈਕਟ ਲੱਗਾ ਹੋਇਐ। ਬੇਟੀ ਗੁਰਿੰਦਰਜੀਤ ਕੌਰ ਸਿੰਮੀ ਆਪਣੇ ਘਰ ਪਟਨਾ (ਬਿਹਾਰ) ਵਿਚ ਖੁਸ਼ ਹੈ। ਦਾਮਾਦ ਪਟਨਾ ਬਿਹਾਰ ਜੰਗਲਾਤ ਮਹਿਕਮੇ ਵਿਚ ਅਫਸਰ ਲੱਗਾ ਹੋਇਐ। ਬਿੱਲੇ ਦੇ ਨਾਂ ਨਾਲ ਜਾਣਿਆ ਜਾਂਦਾ ਛੋਟਾ ਭਰਾ ਇਕਬਾਲ ਸਿੰਘ ਬਿੱਲਾ ਡੀ.ਏ.ਵੀ. ਕਾਲਜ ਹੁਸ਼ਿਆਰਪੁਰ ਦਾ ਤਕੜਾ ਕਬੱਡੀ ਖਿਡਾਰੀ ਰਹਿ ਚੁੱਕੈ। ਇਸ ਵਕਤ ਉਹ ਪੰਜਾਬ ਪੁਲਿਸ ਦੀ ਨੌਕਰੀ ਕਰ ਰਿਹੈ। ਦੋ ਭੈਣਾਂ ਨਿਊ ਯਾਰਕ ਰਹਿੰਦੀਆਂ ਹਨ। ਪਿਤਾ 2002 ਵਿਚ ਵਿਛੋੜਾ ਦੇ ਗਏ ਸਨ।

ਪਿੰਡ ਵਿਚ 7ਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਰਾਏ ਸਾਹਿਬ ਦੇ ਨਾਂ 'ਤੇ ਬਣੇ ਗੁਰਦੁਆਰੇ ਦੇ ਪਿਛਲੇ ਪਾਸੇ ਸਕੂਲ ਬਣਿਆ ਹੋਇਆ ਹੈ। ਪਿੰਡ ਵਿਚ ਬਣੇ 12ਵੀਂ ਤੱਕ ਸਕੂਲ ਦੇ ਪਹਿਲੀ, ਦੂਜੀ ਅਤੇ ਤੀਜੀ ਪੁਜੀਸ਼ਨ ਹਾਸਲ ਕਰਨ ਵਾਲੇ ਹੁਸ਼ਿਆਰ ਬੱਚਿਆਂ ਨੂੰ ਕਾਪੀਆਂ, ਕਿਤਾਬਾਂ ਅਤੇ ਹੋਰ ਸਹਾਇਤਾ ਦੇ ਕੇ ਹੱਲਾਸ਼ੇਰੀ ਦਿੱਤੀ ਜਾਂਦੀ ਹੈ। ਭੱਜੀ ਕਿਸੇ ਹੋਣਹਾਰ ਗਰੀਬ ਬੱਚੇ ਦੀ ਪੜ੍ਹਾਈ ਦਾ ਸਾਰਾ ਖਰਚਾ ਆਪਣੇ ਸਿਰ ਲੈਣਾ ਚਾਹੁੰਦਾ ਹੈ ਤਾਂ ਕਿ ਕਿਸੇ ਗਰੀਬ ਦੇ ਕੰਮ ਆ ਸਕੇ। ਉਹਨੂੰ ਆਪਣਾ ਤੰਗੀਆਂ-ਤੁਰਸ਼ੀਆਂ ਵਾਲਾ ਬਚਪਨ ਵੀ ਯਾਦ ਹੈ। ਦਸਵੀਂ ਕਲਾਸ ਵਿਚ ਬੜਾ ਛੋਟਾ ਤੇ ਹਲਕਾ ਕੱਦ ਹੁੰਦਾ ਸੀ। ਮੁਕੰਦਪੁਰ ਦਸਵੀਂ ਦੇ ਇਮਤਿਹਾਨ ਦੇਣ ਗਿਆ ਤਾਂ ਸੁਪਰਡੈਂਟ ਕਹਿੰਦਾ ਕਿ ਤੂੰ ਹਾਲੇ ਨਿਆਣਾ, ਇਹ ਦਸਵੀਂ ਦੇ ਪੇਪਰ ਹਨ। ਆਪਣੇ ਸਰਟੀਫਿਕੇਟ ਵਿਖਾ ਕੇ ਫਿਰ ਉਹਨੇ ਟੈਸਟ ਦਿਤਾ। ਜਦੋਂ ਨਤੀਜਾ ਅਇਆ ਤਾਂ ਫਸਟ-ਡਵੀਜ਼ਨ। ਗਣਿਤ ਵਿਸ਼ੇ ਵਿਚੋਂ 99% ਨੰਬਰ ਆਏ।

ਸਾਲ 2014 ਦੀਆਂ ਲਖਨਊ ਪੁਲਿਸ ਖੇਡਾਂ ਵਿਚ ਉਹ ਮੁਖ ਮਹਿਮਾਨ ਸੀ। ਜ਼ਿੰਦਗੀ ਦੀਆਂ ਢੇਰ ਪ੍ਰਾਪਤੀਆਂ ਕਰਕੇ ਵਡਮੁੱਲਾ ਮਾਣ ਬਖਸ਼ਿਆ ਗਿਆ। ਹਰਭਜਨ ਸਿੰਘ ਭੱਜੀ ਦਾ ਉਠ ਰਹੇ ਨਵੇਂ ਖਿਡਾਰੀਆਂ ਨੂੰ ਸੁਨੇਹਾ ਹੈ ਕਿ ਸਾਫ਼-ਸੁਥਰੀ ਖੇਡ ਖੇਡੋ। ਨਸ਼ਿਆ ਤੋਂ ਬਿਲਕੁਲ ਦੂਰ ਰਹੋ। ਨਸ਼ੇ ਜੁਆਨੀ ਤੇ ਘਰੇਲੂ ਜ਼ਿੰਦਗੀ ਨੂੰ ਖਤਮ ਕਰ ਦੇਣਗੇ। ਪੰਜਾਬ ਸਰਕਾਰ ਵਲੋਂ ਕਬੱਡੀ ਲੀਗਾਂ ਜਾਂ ਵਿਸ਼ਵ ਕਬੱਡੀ ਕੱਪ ਕਰਾਉਣਾ ਕਾਬਲੇ-ਤਾਰੀਫ ਹੈ ਪਰ ਗੁਰੂਆਂ, ਪੀਰਾਂ, ਪੈਗੰਬਰਾਂ ਦੀ ਧਰਤੀ 'ਤੇ ਨਸ਼ਿਆਂ ਦਾ ਭਾਰੂ ਹੋਣਾ ਦੁਖ ਵਾਲੀ ਗੱਲ ਹੈ। ਹਰਭਜਨ ਸਿੰਘ ਭੱਜੀ ਨਾਲ ਫੋਨ: 91-94150-06845 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

ਨਸ਼ਿਆਂ ਨੂੰ ਠੱਲ ਪਾ ਦੇਵੋ,
ਕਹਿ ਦਿਓ ਪੰਜਾਬ ਸਰਕਾਰ ਤਾਈਂ।
ਚਿੱਟੇ ਨੇ ਗੱਭਰੂ ਮਾਰ ਦਿਤੇ,
ਪਹੁੰਚ ਕਰੋ ਕੋਈ ਸਰਕਾਰ ਤਾਈਂ।
ਗਾਮੇ, ਬੁੱਧੂ, ਪ੍ਰੀਤੇ, ਬੱਲ ਗਏ ਕਿਥੇ,
ਜਾ ਕੇ ਪੁਛੋ ਸਰਕਾਰ ਤਾਈਂ।
ਫਿਰੇ ਤੜਫਦਾ 'ਜੱਬੋਵਾਲੀਆ' ਪੰਜਾਬ ਲਈ,
ਚਲਦੀ ਰਹੇਗੀ ਕਲਮ ਖਿਡਾਰੀਆਂ,
ਪਹਿਲਵਾਨਾਂ ਦੇ ਸਤਿਕਾਰ ਤਾਈਂ।

***ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵਲੋਂ ਭਾਰਤ ਦੌਰੇ ਦੌਰਾਨ ਕੀਤੀ ਨਮਸਤੇ ਸੰਸਾਰ ਭਰ ਦੇ ਲੋਕਾਂ ਨੇ ਦੇਖੀ। ਇਹ ਨਮਸਤੇ ਬੇਹੱਦ ਰਸਮੀ ਜਿਹੀ ਸੀ ਪਰ ਪੰਜਾਬੀ ਦੇ ਸਮਰੱਥ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਨੇ ਆਪਣੀ ਕਹਾਣੀ 'ਨਮਸਕਾਰ' ਵਿਚ ਜਿਸ ਨਮਸਕਾਰ ਦਾ ਜ਼ਿਕਰ ਕੀਤਾ ਹੈ, ਉਹ ਆਜ਼ਾਦੀ ਤੋਂ ਬਾਅਦ ਉਸਰ ਰਹੇ ਭਾਰਤ ਨਾਲ ਸਬੰਧਤ ਹੈ। ਇਹ ਵੱਖਰੀ ਗੱਲ ਹੈ ਕਿ ਕਹਾਣੀ ਵਿਚ ਭਾਰਤ ਦੇ ਜਿਸ ਪਾਸੇ ਵਗਣ-ਵਹਿਣ ਦੇ ਸੰਕੇਤ ਕੀਤੇ ਗਏ ਸਨ, ਉਹ ਕਦਮ ਭਾਰਤੀ ਹੁਕਮਰਾਨਾਂ ਦੀ ਬਦੌਲਤ ਹੌਲੀ-ਹੌਲੀ ਪਿਛਾਂਹ ਵੱਲ ਭੂਟ ਵੱਟ ਗਏ। ਉਦੋਂ ਅਤੇ ਹੁਣ ਵਾਲੇ-ਇਨ੍ਹਾਂ ਦੋਹਾਂ ਭਾਰਤਾਂ ਉਤੇ ਇਕ ਉਡਦੀ ਨਜ਼ਰ ਪੁਆਉਣ ਖਾਤਰ ਅਸੀਂ ਆਪਣੇ ਪਿਆਰੇ ਪਾਠਕਾਂ ਲਈ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਨਮਸਕਾਰ' ਛਾਪ ਰਹੇ ਹਾਂ। -ਸੰਪਾਦਕ***

# ਨਮਸਕਾਰ

## ਕਹਾਣੀ

ਜਦੋਂ ਦੂਜੀ ਵੱਡੀ ਜੰਗ ਲੱਗੀ ਤਾਂ ਅਸੀਂ ਬਹੁਤ ਸਾਰੇ ਕਾਲਜਾਂ ਵਿਚ ਪੜ੍ਹਦੇ ਜਾਂ ਪੜ੍ਹ ਹਟੇ ਮੁੰਡੇ ਫੌਜ ਵਿਚ ਭਰਤੀ ਹੋ ਗਏ। ਜਿਸ ਕਿਸੇ ਨੂੰ ਦੋਹਾਂ ਅੱਖਾਂ ਤੋਂ ਦਿਸਦਾ ਸੀ ਤੇ ਦਸ ਜਮਾਤਾਂ ਪਾਸ ਸੀ, ਉਹ ਲਫਟੈਨ ਬਣਨ ਲਈ ਦਰਖਾਸਤ ਦੇ ਸਕਦਾ ਸੀ। ਦਰਖਾਸਤਾਂ ਦੇਣ ਪਿਛੋਂ ਮੁੰਡੇ ਅੰਗਰੇਜ਼ੀ ਬੋਲਣੀ ਸਿਖਦੇ ਕਿਉਂਕਿ ਭਰਤੀ ਲਈ ਮੁਲਾਕਾਤ ਵੇਲੇ ਗੱਲਬਾਤ ਅੰਗਰੇਜ਼ੀ ਵਿਚ ਹੀ ਹੁੰਦੀ। ਨਾਲ ਨਾਲ ਬਣਨਾ ਫੱਬਣਾ ਵੀ ਸਿਖਦੇ ਤਾਂ ਜੋ ਉਹ ਵੱਡੇ-ਵੱਡੇ ਖਾਨਦਾਨਾਂ ਰਾਹੀਂ ਹੀ ਇਸ ਦੁਨੀਆਂ ਵਿਚ ਆਏ ਦਿਸਣ। ਸਟਾਲਨ ਅਤੇ ਹਿਟਲਰ ਜਿਹੜੇ ਮੋਚੀ ਛੀਂਬੇ ਕਿਸਮ ਦੇ ਆਦਮੀ ਸਨ, ਦੇ ਸੰਸਾਰ ਵਿਚ ਪਰਗਟ ਹੋਣ ਤੋਂ ਪਿਛੋਂ ਵੀ ਅਜੇ ਇਹ ਖਿਆਲ ਆਮ ਸੀ ਕਿ ਅੰਗਰੇਜ਼ ਕੇਵਲ ਖਾਂਦੇ-ਪੀਂਦੇ ਹਿੰਦੁਸਤਾਨੀਆਂ ਨੂੰ ਹੀ ਅਫਸਰੀ ਦੇ ਯੋਗ ਸਮਝਦੇ ਹਨ। ਇਸ ਬਿਪਤਾ ਵੇਲੇ ਅੰਗਰੇਜ਼ਾਂ



### ਕੁਲਵੰਤ ਸਿੰਘ ਵਿਰਕ

ਨੂੰ ਇਹੋ ਜਿਹੇ ਭੁਲੇਖੇ ਕੱਢਣ ਦੀ ਵਿਹਲ ਨਹੀਂ ਸੀ। ਖਾਸ ਕਰ ਜਦੋਂ ਹਿੰਦੁਸਤਾਨੀਆਂ ਵਿਚ ਭਰਤੀ ਵਲੋਂ ਉਨ੍ਹਾਂ ਦਾ ਕੰਮ ਠੀਕ ਚੱਲ ਰਿਹਾ ਸੀ। ਜਿਹੜੇ ਹਜ਼ਾਰਾਂ ਹਿੰਦੁਸਤਾਨੀਆਂ ਨੂੰ ਉਨ੍ਹਾਂ ਲਫਟੈਨ ਬਣਾਇਆ, ਉਨ੍ਹਾਂ ਵਿਚੋਂ ਮੈਂ ਵੀ ਸਾਂ। ਇਹ ਕੋਈ ਉਚੇਚੀ ਗੱਲ ਨਹੀਂ ਜਾਪਦੀ ਸੀ ਕਿਉਂਕਿ ਸੱਜੇ ਖੱਬੇ ਸਭ ਮੁੰਡੇ ਲਫਟੈਨ ਬਣ ਰਹੇ ਸਨ। ਪਿੰਡ-ਪਿੰਡ ਵਿਚੋਂ ਲਫਟੈਨ ਗਏ ਲਗਦੇ ਸਨ। ਸਿਖਲਾਈ ਵਾਲੀ ਥਾਂ (ਜਿਸ ਨੂੰ ਆਫੀਸਰ ਟਰੇਨਿੰਗ ਸਕੂਲ ਆਖਦੇ ਸਨ) ਜਾ ਕੇ ਤੇ ਇਸ ਤਰ੍ਹਾਂ ਲੱਗਾ ਜਿਵੇਂ ਸਾਰੀ ਫੌਜ ਲਫਟੈਨਾਂ ਦੀ ਹੀ ਹੋਵੇਗੀ, ਸਿਪਾਹੀ ਕੋਈ ਨਹੀਂ ਹੋਣਗੇ।

ਪਰ ਸਿਖਲਾਈ ਪਿਛੋਂ ਯੂਨਿਟਾਂ ਵਿਚ ਜਾ ਕੇ ਪਤਾ ਲੱਗਾ ਕਿ ਹਿੰਦੁਸਤਾਨੀ ਫੌਜ ਵਿਚ ਵੀ ਹਿੰਦੁਸਤਾਨੀ ਅਫਸਰ ਆਟੇ ਵਿਚ ਲੂਣ ਬਰਾਬਰ ਹੀ ਹਨ। ਆਮ ਯੂਨਿਟਾਂ ਵਿਚ ਤੀਹ ਪੈਂਤੀ ਅਫਸਰਾਂ ਵਿਚੋਂ ਦੋ ਤਿੰਨ ਹੀ ਹਿੰਦੁਸਤਾਨੀ ਹੁੰਦੇ ਤੇ ਬਾਕੀ ਅੰਗਰੇਜ਼। ਵੱਡਾ ਅਫਸਰ ਤੇ ਕੋਈ ਹਿੰਦੁਸਤਾਨੀ ਹੈ ਈ ਨਹੀਂ ਸੀ। ਭਾਵੇਂ ਸਾਡੀਆਂ ਤਨਖਾਹਾਂ, ਅਖਤਿਆਰਾਂ ਤੇ ਸਰਦਾਰੀ ਵਿਚ ਕੋਈ ਫਰਕ ਨਹੀਂ, ਖਾਣ ਪੀਣ ਤੇ ਸੌਣਾ ਬਹਿਣਾ ਵੀ ਇਕੱਠਾ ਹੀ ਸੀ, ਫਿਰ ਵੀ ਨਾ ਅੰਗਰੇਜ਼ ਸਾਨੂੰ ਆਪਣੇ ਬਰਾਬਰ ਦਾ ਸਮਝਦੇ ਸਨ ਤੇ ਨਾ ਅਸੀਂ ਆਪਣੇ-ਆਪ ਨੂੰ ਉਨ੍ਹਾਂ ਦੇ ਬਰਾਬਰ ਦਾ। ਕਿਸੇ ਗੋਰੇ ਸਿਪਾਹੀ ਦਾ ਨਿਮਰਤਾ ਨਾਲ ਸਲਾਮ ਕਰਨਾ ਜਾਂ ਕਿਸੇ ਅੰਗਰੇਜ਼ ਨਰਸ ਦਾ ਪਿਆਰ ਨਾਲ ਗੱਲ ਕਰਨਾ ਸਾਡੇ ਲਈ ਸੁਰਗ ਦਾ ਝੂਟਾ ਸੀ। ਇਸ ਨਾ-ਬਰਾਬਰੀ ਦੀ ਹਾਲਤ ਲਈ ਨਾ ਉਹ ਪੂਰੇ ਕਸੂਰਵਾਰ ਸਨ ਤੇ ਨਾ ਅਸੀਂ। ਸੌ ਡੇਢ ਸੌ ਸਾਲ ਤੋਂ ਹਾਲਾਤ ਹੀ ਐਸੇ ਸਨ। ਇਸ ਕੁਦਰਤੀ ਫਰਕ ਦਾ ਉਸ ਵੇਲੇ ਇਕ ਸੰਕੇਤ ਇਹ ਸੀ ਕਿ ਅਸੀਂ ਤੇ ਆਪਣੀ ਫੌਜ ਨੌਕਰੀ ਨੂੰ ਪਰਮਾਤਮਾ ਤੇ ਸਰਕਾਰ ਦੀ ਵੱਡੀ ਬਖਸ਼ਿਸ਼ ਸਮਝਦੇ ਸਾਂ ਤੇ ਇਸ ਦਾ ਕਿਸੇ ਤਰ੍ਹਾਂ ਪੱਕੀ ਹੋ ਜਾਣਾ ਸਾਡਾ ਸੁੰਦਰ ਸੁਫਨਾ ਸੀ, ਪਰ ਅੰਗਰੇਜ਼ ਜਬਰੀ ਭਰਤੀ ਹੇਠ ਆਏ ਹੋਏ ਸਨ ਤੇ ਉਡੀਕਦੇ ਸਨ ਕਿ ਜਦੋਂ ਲੜਾਈ ਖਤਮ ਹੋਵੇ ਤੇ ਕਦੋਂ ਫੌਜੀ ਨੌਕਰੀ ਤੋਂ ਖਲਾਸੀ ਮਿਲੇ। ਭਾਵੇਂ ਉਨ੍ਹਾਂ ਵਿਚੋਂ ਕਈ ਬਹੁਤ ਚੰਗੇ ਆਦਮੀ ਸਨ, ਪਰ ਸਾਡੀ ਤੇ ਉਨ੍ਹਾਂ ਦੀ ਕੋਈ ਦਿਲੀ ਸਾਂਝ ਨਾ ਬਣਦੀ। ਅਸੀਂ ਇਕੱਠੇ ਸ਼ਰਾਬ ਪੀਂਦੇ, ਜ਼ਨਾਨੀਆਂ ਦੀਆਂ, ਆਪਣੇ ਦੇਸ ਦੇ ਰਵਾਜਾਂ ਦੀਆਂ, ਧਰਮਾਂ ਦੀਆਂ ਅਤੇ ਬੋਲੀ ਦੀਆਂ ਝੂਠੀਆਂ ਸੱਚੀਆਂ ਗੱਲਾਂ ਕਰਦੇ ਤੇ ਫਿਰ ਹੱਸਦੇ-ਹੱਸਦੇ ਆ ਕੇ ਸੌਂ ਜਾਂਦੇ। ਕਦੀ ਕਿਸੇ ਅੰਗਰੇਜ਼ ਨੇ ਇਹ ਨਹੀਂ ਕਿਹਾ ਸੀ ਕਿ ਜੇ ਤੂੰ ਛੁੱਟੀ ਚੱਲਿਆ ਹੈਂ ਤਾਂ ਮੈਂ ਵੀ ਛੁੱਟੀ ਲੈ ਕੇ ਤੇਰੇ ਨਾਲ ਪਿੰਡ ਚਲਦਾ ਹਾਂ।

ਹਾਂ, ਇਕ ਅੰਗਰੇਜ਼ ਅਫਸਰ ਸੀ ਜਿਹੜਾ ਸਾਡੇ ਵਿਚ ਦੂਜਿਆਂ ਨਾਲੋਂ ਬਹੁਤਾ ਭਿੱਜਦਾ ਸੀ। ਉਸ ਦਾ ਨਾਂ ਮਲਿੰਗਟਨ ਸੀ।

ਮਲਿੰਗਟਨ ਕੈਂਬਰਿਜ ਯੂਨੀਵਰਸਿਟੀ ਵਿਚ ਪੜ੍ਹਦਾ ਆਇਆ ਸੀ। ਧਰਮ ਤੇ ਦਰਸ਼ਨ ਦਾ ਵਿਦਿਆਰਥੀ ਸੀ। ਬੜਾ ਮਲੂਕ ਜਿਹਾ ਦਿਸਦਾ ਸੀ। ਉਸ ਦੀਆਂ ਅੱਖਾਂ ਵਿਚ ਸਦਾ ਪਿਆਰ, ਤਰਲਾ ਜਿਹਾ ਹੁੰਦਾ ਸੀ ਜਿਸ ਕਰ ਕੇ ਉਸ ਦੇ ਕੋਲ ਬੈਠਣ ਨੂੰ ਬੜਾ ਜੀਅ ਕਰਦਾ ਸੀ। ਅੰਗਰੇਜ਼ ਅਫਸਰਾਂ ਵਿਚੋਂ ਉਹ ਬਹੁਤਾ ਸਿਰ ਕੱਢਵਾਂ ਨਹੀਂ ਗਿਣਿਆ ਜਾਂਦਾ ਸੀ। ਮੈਸ ਵਿਚ ਬਹੁਤਾ ਬੋਲਦਾ ਨਹੀਂ ਸੀ। ਪਰੇਡ ਤੇ ਬਹੁਤੀ ਚੁਸਤੀ ਦਾ ਪ੍ਰਭਾਵ ਨਹੀਂ ਸੀ ਦਿੰਦਾ, ਪਰ ਉਸ ਨੂੰ ਘਟੀਆ ਵੀ ਨਹੀਂ ਗਿਣਿਆ ਜਾਂਦਾ ਸੀ! ਅਸਲ ਵਿਚ ਜਿਹੜਾ ਅੰਗਰੇਜ਼ ਅਫਸਰ ਸਵੇਰੇ ਵਕਤ ਸਿਰ ਉਠ ਕੇ ਦਾੜ੍ਹੀ ਮੁੰਨ ਕੇ ਪਰੇਡ 'ਤੇ ਆ ਜਾਵੇ ਤੇ ਔਖਾ-ਸੌਖਾ ਡੰਗ ਸਾਰ ਲਵੇ, ਉਸ ਨੂੰ ਘਟੀਆ ਨਹੀਂ ਗਿਣਿਆ ਜਾਂਦਾ ਸੀ, ਪਰ ਹੋਰ ਅੰਗਰੇਜ਼ ਅਫਸਰ ਇਸ ਤਰ੍ਹਾਂ ਟੁਰਦੇ-ਫਿਰਦੇ ਸਨ ਜਿਵੇਂ ਸੌ-ਸੌ ਮੀਲ ਤਕ ਉਨ੍ਹਾਂ ਦੇ ਮੇਚ ਦਾ ਬੰਦਾ ਨਾ ਹੋਵੇ।

ਡਿਊਟੀ ਤੋਂ ਵਿਹਲਾ ਹੋ ਕੇ ਉਹ ਹਿੰਦੁਸਤਾਨੀ ਕੱਪੜੇ ਪਾ ਲੈਂਦਾ। ਪਠਾਣਾਂ ਵਾਲੀ ਸਲਵਾਰ-ਕਮੀਜ਼ ਤੇ ਸਿਰ ਉਤੇ ਕੁੱਲੇ ਵਾਲੀ ਪੱਗ। ਆਪਣੇ ਬੈਰੇ ਨਾਲ ਹਿੰਦੁਸਤਾਨੀ ਵਿਚ ਗੱਲਬਾਤ ਕਰਦਾ, ਉਸ ਨੂੰ ਅੰਗਰੇਜ਼ੀ ਸਿਖਾਣ ਦੀ ਥਾਂ ਆਪ ਉਸ ਕੋਲੋਂ ਹਿੰਦੁਸਤਾਨੀ ਸਿਖਦਾ ਰਹਿੰਦਾ। ਭਾਰਤੀ ਸਭਿਅਤਾ ਉਤੇ ਉਸ ਕਈ ਕਿਤਾਬਾਂ ਰੱਖੀਆਂ ਹੋਈਆਂ ਸਨ। ਮੈਂ ਉਸ ਨੂੰ ਕਦੀ ਕੋਈ ਨਵੀਂ ਗੱਲ ਨਾ ਦਸ ਸਕਦਾ। ਉਸ ਨੂੰ ਪਹਿਲਾਂ ਹੀ ਪਤਾ ਹੁੰਦਾ। ਮੇਰੇ ਮੂੰਹੋਂ ਗੱਲਾਂ ਸੁਣਨ ਦੀ ਥਾਂ ਉਹ ਮੇਰਾ ਅੰਦਰ ਟੋਂਹਦਾ ਰਹਿੰਦਾ। ਅਸੀਂ ਬਗੈਰ ਗੱਲ ਕਰਨ ਦੇ ਹੀ ਕਿੰਨਾ-ਕਿੰਨਾ ਚਿਰ ਬੈਠੇ ਰਹਿੰਦੇ। ਛੁੱਟੀ ਵਾਲੇ ਦਿਨ ਸ਼ਿਕਾਰ ਖੇਡਣ ਦੇ ਪੱਜ ਅਸੀਂ ਪਿੰਡਾਂ ਵਿਚ ਜਾ ਵੜਦੇ ਤੇ ਉਹ ਮੇਰੇ ਰਾਹੀਂ ਲੋਕਾਂ ਨਾਲ ਗੱਲਾਂ ਕਰਦਾ ਰਹਿੰਦਾ ਤੇ ਉਨ੍ਹਾਂ ਦੇ ਘਰ-ਘਾਟ ਵੇਖਦਾ ਫਿਰਦਾ। ਆਮ ਕੱਪੜੇ ਪਾ ਕੇ ਅਸੀਂ ਸ਼ਾਹਜਹਾਨਪੁਰ ਦੇ ਬਜ਼ਾਰਾਂ ਵਿਚ ਘੁੰਮਦੇ ਫਿਰਦੇ। ਲਖਨਊ ਦੀਆਂ ਕੰਜਰੀਆਂ ਤੋਂ ਗੌਣ ਸੁਣਦੇ ਤੇ ਉਨ੍ਹਾਂ ਦੇ ਨਾਚ ਵੇਖਦੇ ਰਹਿੰਦੇ। ਜਿਸ ਤਰ੍ਹਾਂ ਫੌਜੀ ਅਫਸਰਾਂ ਦੀਆਂ ਕੋਠੀਆਂ ਉਸ ਦੀ ਦੁਨੀਆਂ ਸੀ ਤੇ ਮੈਂ ਕੇਵਲ ਇਕ ਸੱਦਿਆ ਹੋਇਆ ਜਾਂ ਅਣਸੱਦਿਆ ਪ੍ਰਾਹੁਣਾ ਸਾਂ, ਇਸ ਤਰ੍ਹਾਂ ਇਹ ਬਾਜ਼ਾਰ ਮੇਰੀ ਦੁਨੀਆਂ ਸਨ, ਪਰ ਇੱਥੇ ਵੀ ਉਹ ਮੇਰੇ ਤੋਂ ਬਹੁਤਾ ਸਵਾਦ ਲੈ ਸਕਦਾ ਸੀ। ਉਸ ਨੂੰ ਹਿੰਦੁਸਤਾਨੀ ਨਾਚ ਤੇ ਗੌਣ ਦੀ ਚੋਖੀ ਸਮਝ ਆ ਗਈ ਹੋਈ ਸੀ। ਮੈਂ ਤੇ ਐਲਾਨ ਹੋਣ ਤੋਂ ਬਿਨਾਂ ਇਹ ਵੀ ਦੱਸ ਸਕਦਾ ਕਿ ਠੁਮਰੀ ਗਵੀਂ ਜਾ ਰਹੀ ਏ ਜਾਂ ਦਾਦਰਾ। ਬਰੇਲੀ ਵਿਚ ਅਸੀਂ 'ਪ੍ਰਾਈਵੇਟ' ਕੰਜਰੀਆਂ ਦੇ ਘਰਾਂ ਵਿਚ ਜਾਂਦੇ। ਉਨ੍ਹਾਂ ਦੇ ਬਿਸਤਰਿਆਂ ਉਤੇ ਬਹਿ ਕੇ ਉਹ ਬੱਚੇ ਵਾਂਗ ਉਨ੍ਹਾਂ ਨਾਲ ਗੱਲਾਂ ਕਰਦਾ ਰਹਿੰਦਾ। ਉਠ ਕੇ ਆ ਕੇ ਉਹ ਉਨ੍ਹਾਂ ਦੇ ਘਰਾਂ ਦੇ ਬਾਹਰ ਬੈਠਾ ਜਾਂ ਟਹਿਲਦਾ ਰਹਿੰਦਾ, ਵੇਖਣ ਲਈ ਕਿ ਹੋਰ ਕੌਣ ਲੋਕ ਆਉਂਦੇ ਹਨ? ਕੀ ਗੱਲਾਂ ਕਰਦੇ ਹਨ?

ਇਸ ਤਰ੍ਹਾਂ ਲਗਦਾ ਸੀ ਜਿਵੇਂ ਅੰਗਰੇਜ਼ੀ ਰਾਜ ਲਈ ਇਸ ਦੇਸ਼ ਨੂੰ ਬਚਾਣ ਆਏ ਨੂੰ ਉਸ ਨੂੰ ਇਸ ਨਾਲ ਸਨੇਹ ਹੋ ਗਿਆ ਹੋਵੇ। ਆਪਣੀ ਨੌਕਰੀ ਵਜਾਣ ਦੀ ਥਾਂ ਉਹ ਬਹੁਤਾ ਭਾਰਤ ਦੀ ਆਤਮਾ ਦੀ ਟੋਹ ਵਿਚ ਸੀ। ਇਕ ਵਾਰ ਮੋਟਰ ਵਿਚ ਅਲਮੋੜੇ ਜਾਂਦਿਆਂ ਰਾਹ ਵਿਚ ਬਹੁਤ ਸੁੰਦਰ ਪਹਾੜੀ ਦ੍ਰਿਸ਼ ਆਏ। ਉਹ ਮਸਤ ਹੋਇਆ ਵੇਖਦਾ ਰਿਹਾ ਤੇ ਫਿਰ ਉਸ ਹੱਥ ਜੋੜ ਕੇ ਮੱਥਾ ਟੇਕ ਦਿੱਤਾ।

"ਤੂੰ ਕਿਸ ਨੂੰ ਨਮਸਕਾਰ ਕਰ ਰਿਹਾ ਏਂ?" ਮੈਂ ਪੁੱਛਿਆ।

"ਪਤਾ ਨਹੀਂ ਕਿਸ ਨੂੰ; ਪਰ ਮੇਰਾ ਜੀ ਕੀਤਾ ਸੀ।" ਉਸ ਨੇ ਕਿਹਾ।

ਉਸੇ ਯੂਨਿਟ ਵਿਚੋਂ ਹੀ ਮੈਨੂੰ ਫੌਜ ਤੋਂ ਛੁੱਟੀ ਹੋ ਗਈ।

ਜਦੋਂ ਮੈਂ ਨੌਕਰੀ ਛੱਡ ਕੇ ਆਉਣ ਲੱਗਾ ਤਾਂ ਮਲਿੰਗਟਨ ਤੋਂ ਵੀ ਵਿਦਾ ਹੋਣਾ ਸੀ।

"ਏਥੋਂ ਵਿਹਲਾ ਹੋ ਕੇ ਮੈਂ ਆਪਣੇ ਦੇਸ ਮੁੜ ਜਾਵਾਂਗਾ", ਉਸ ਨੇ ਕਿਹਾ, "ਜੇ ਤੂੰ ਕਦੀ ਉਧਰ ਆਇਓਂ ਤਾਂ ਮੈਨੂੰ ਚਿੱਠੀ ਲਿਖੀਂ। ਮੈਂ ਤੈਨੂੰ ਮਿਲਾਂਗਾ। ਮੇਰਾ ਹਮੇਸ਼ਾ ਵਾਸਤੇ ਦਾ ਪਤਾ ਗਰਿੰਡਲੇ ਬੈਂਕ, ਲੰਡਨ ਹੈ। ਮੇਰਾ ਉਨ੍ਹਾਂ ਨਾਲ ਹਿਸਾਬ ਹੈ। ਮੈਂ ਜਿਥੇ ਵੀ ਹੋਵਾਂ, ਉਨ੍ਹਾਂ ਨੂੰ ਪਤਾ ਹੁੰਦਾ ਹੈ, ਹਰ ਚਿੱਠੀ ਉਹ ਮੈਨੂੰ ਉਥੇ ਭੇਜ ਦਿੰਦੇ ਨੇ। ਇਹ ਬੜਾ ਸਿੱਧਾ ਤੇ ਸੌਖਾ ਪਤਾ ਹੈ। ਹੁਣ ਤੇਰੇ ਕੋਲ ਮੈਨੂੰ ਪਤਾ ਨਾ ਦੇਣ ਦਾ ਕੋਈ ਬਹਾਨਾ ਨਹੀਂ ਹੋ ਸਕਦਾ!"

"ਮੈਨੂੰ ਅਗਲੇ ਕੁਝ ਸਾਲਾਂ ਵਿਚ ਇੰਗਲੈਂਡ ਜਾ ਸਕਣ ਦੀ ਉਮੀਦ ਨਹੀਂ।" ਮੈਂ ਦੱਸਿਆ। "ਉਸ ਤੋਂ ਮਗਰੋਂ ਸ਼ਾਇਦ ਮੇਰਾ ਕਦੀ ਜਾਣ ਨੂੰ ਜੀ ਨਾ ਕਰੇ। ਇਸ ਲਈ ਇਸ ਪਤੇ ਦੀ ਕੋਈ ਵਰਤੋਂ ਨਹੀਂ ਕਰ ਸਕਾਂਗਾ। ਇਸ ਮੁਲਾਕਾਤ ਨੂੰ ਤੂੰ ਆਖਰੀ ਹੀ ਸਮਝ।"

"ਨਹੀਂ ਨਹੀਂ। ਖਬਰੇ, ਆਖਰੀ ਨਾ ਹੋਵੇ। ਦੁਨੀਆਂ ਬਹੁਤ ਛੋਟੀ ਹੋ ਰਹੀ ਏ। ਸ਼ਾਇਦ ਮੈਂ ਹੀ ਕਦੀ ਫਿਰ ਏਧਰ ਆ ਜਾਵਾਂ। ਤੂੰ ਮੈਨੂੰ ਆਪਣਾ ਹਮੇਸ਼ ਵਾਸਤੇ ਦਾ ਪਤਾ ਲਿਖ ਦੇ।"

ਇਕ ਕਾਗਜ਼ ਉਤੇ ਮੈਂ ਆਪਣਾ ਨਾਂ, ਪਿੰਡ, ਡਾਕਖਾਨਾ ਤੇ ਜ਼ਿਲ੍ਹਾ ਲਿਖ ਕੇ ਉਸ ਦੇ ਹੱਥ ਫੜਾ ਦਿੱਤਾ।

ਉਸ ਨੇ ਉਹ ਸਿਰਨਾਵਾਂ ਪੜ੍ਹ ਕੇ ਵੇਖਿਆ, ਇਹ ਪੱਕ ਕਰਨ ਲਈ ਕਿ ਉਹ ਸਾਰੇ ਅੱਖਰ ਉਠਾਲ ਸਕਦਾ ਹੈ।

"ਇਹ ਤੇਰਾ ਸਦਾ ਵਾਸਤੇ ਦਾ ਪਤਾ ਹੈ?" ਉਸ ਨੇ ਪੁੱਛਿਆ। ਉਹ ਮੇਰੇ ਪਿੰਡ ਨੂੰ ਇੰਗਲੈਂਡ ਦੇ ਇਕ ਵੱਡੇ ਬੈਂਕ ਨਾਲੋਂ ਘਟ ਸਥਿਰ ਸਮਝਦਾ ਸੀ।

"ਹਾਂ, ਅਣਗਿਣਤ ਸਦੀਆਂ ਤੋਂ ਮੇਰੇ ਵਡਿਕਿਆਂ ਦਾ ਇਹੋ ਪਤਾ ਰਿਹਾ ਹੈ, ਤੇਰੀ ਉਮਰ ਤੇ ਅਜੇ ਭੁਗਤਾ ਹੀ ਜਾਏਗਾ।" ਮੈਂ ਮਾਣ ਨਾਲ ਕਿਹਾ।

ਉਸ ਨੇ ਮੇਰੀ ਗੱਲ ਸੁਣੀ ਤੇ ਖਲੋਤੇ-ਖਲੋਤੇ ਨੇ ਮੱਥਾ ਟੇਕਿਆ।

"ਤੂੰ ਕਿਸ ਨੂੰ ਨਮਸਕਾਰ ਕੀਤੀ ਹੈ?"

"ਪਤਾ ਨਹੀਂ, ਮੇਰਾ ਜੀ ਕੀਤਾ ਸੀ।"

"ਨਹੀਂ, ਤੈਨੂੰ ਪਤਾ ਹੈ। ਤੂੰ ਮੈਨੂੰ ਨਮਸਕਾਰ ਕੀਤੀ ਹੈ।"

"ਨਹੀਂ ਬਿਲਕੁਲ ਨਹੀਂ। ਮੈਂ ਪ੍ਰਾਣੀਆਂ ਨੂੰ ਇਹੋ ਜਿਹੀ ਨਮਸਕਾਰ ਨਹੀਂ ਕਰਦਾ। ਤੈਨੂੰ ਮੈਂ ਜਾਣ ਲੱਗੇ ਨੂੰ ਵੱਡੇ ਅਫਸਰ ਦਾ ਸੈਲੂਟ ਕਰਾਂਗਾ।" ਮੈਂ ਉਸ ਤੋਂ ਕੁਝ ਚਿਰ ਪਹਿਲਾਂ ਭਰਤੀ ਹੋਇਆ ਸਾਂ।

ਇਸ ਦੇ ਕੁਝ ਚਿਰ ਪਿਛੋਂ ਅੰਗਰੇਜ਼ੀ ਰਾਜ ਖਤਮ ਹੋ ਗਿਆ। ਹਿੰਦੁਸਤਾਨ ਆਜ਼ਾਦ ਹੋ ਗਿਆ। ਬਦੇਸਾਂ ਵਿਚ ਭਾਂਤ-ਭਾਂਤ ਦੀਆਂ ਗੱਲਾਂ ਹੋਈਆਂ। ਕਿਸੇ ਨੇ ਕਿਹਾ ਡੁੱਬ ਜਾਏਗਾ, ਟੋਟੇ ਹੋ ਕੇ ਖਤਮ ਹੋ ਜਾਏਗਾ। ਕਿਸੇ ਹੋਰ ਨੇ ਕਿਹਾ ਅਜੇ ਆਜ਼ਾਦ ਹੋਇਆ ਹੀ ਨਹੀਂ ਭੁਲੇਖਾ ਹੈ, ਛਲ ਹੈ। ਕਈ ਕਹਿੰਦੇ ਗੱਲ ਇਸ ਦੇ ਕੁਝ ਵਿਚਕਾਰ-ਵਿਚਕਾਰ ਹੈ। ਨਵਾਂ ਜੰਮਿਆ ਭਾਰਤ ਹੌਲੀ ਹੌਲੀ ਰਿੜ੍ਹਨ ਲੱਗ ਪਿਆ ਹੈ। ਇਹ ਆਸ ਬਣਨ ਲੱਗੀ ਹੈ ਕਿ ਕਿਸੇ ਦਿਨ ਇਹ ਉਠ ਕੇ ਖਲੋ ਜਾਏਗਾ ਤੇ ਫਿਰ ਟੁਰ ਕੇ ਜਾਂ ਭੱਜ ਕੇ ਦੂਜੇ ਵੱਡੇ ਦੇਸਾਂ ਦੇ ਨਾਲ ਜਾ ਰਲੇਗਾ। ਕਿਵੇਂ ਕੰਮ ਹੋ ਰਿਹਾ ਹੈ? ਐਨੀ ਕਰੋੜਾਂ ਦੀ ਵਸੋਂ ਨਾਲ ਕਿਵੇਂ ਬੀਤ ਰਹੀ ਏ? ਇਹ ਕੁਝ ਵੇਖਣ ਲਈ ਕਈ ਲੋਕ ਬਦੇਸ਼ਾਂ ਤੋਂ ਆਉਂਦੇ। ਕੁਝ ਇਹ ਵੇਖਣ ਆਉਂਦੇ ਕਿ ਦੁਨੀਆਂ ਦੇ ਦੋ ਵੱਡੇ ਧੜਿਆਂ ਵਿਚੋਂ ਇਹ ਕਿਸ ਨਾਲ ਰਲੇਗਾ ਜਿਵੇਂ ਜੱਟਾਂ ਦੇ ਦੋ ਧੜੇ ਕਿਸੇ ਜ਼ਨਾਨੀ ਤੋਂ ਬਿਆਨ



***ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਭਾਰਤ ਦੌਰੇ ਦੌਰਾਨ ਨਮਸਤੇ ਕਰਦੇ ਹੋਏ***

ਕਰਵਾਣ ਲਈ ਕਿਰਪਾਨਾਂ ਖਿੱਚੀ ਕਚਹਿਰੀ ਦੇ ਬਾਹਰ ਫਿਰਦੇ ਰਹਿੰਦੇ ਹਨ।

ਕੁਝ ਵਰ੍ਹੇ ਹੋਰ ਲੰਘ ਗਏ। ਇਕ ਦਿਨ ਮੇਰੀ ਮਾਂ ਨੇ ਕਿਹਾ, ਇਹ ਓਪਰੀ ਜਿਹੀ ਟਿਕਟ ਵਾਲੀ ਚਿੱਠੀ ਆਈ ਹੈ। ਮੈਂ ਚਿੱਠੀ ਵੇਖੀ, ਉਤੇ ਅੰਗਰੇਜ਼ਾਂ ਦੀ ਮਲਿਕਾ ਦੀ ਮੂਰਤ ਸੀ। ਟਿਕਟ ਉਤੇ ਇਸ ਦੇ ਪਿਓ ਦੀ ਮੂਰਤ ਨੂੰ ਮੇਰੀ ਮਾਂ ਓਪਰੀ ਨਹੀਂ ਸਮਝਦੀ ਸੀ, ਪਰ ਇਸ ਦੀ ਮੂਰਤ ਉਸ ਨੂੰ ਓਪਰੀ ਲੱਗੀ। ਚਲੋ ਕੁਝ ਤੇ ਫਰਕ ਹੈ ਨਾ, ਮੈਂ ਸੋਚਿਆ। ਚਿੱਠੀ ਖੋਲ੍ਹੀ। ਮਲਿੰਗਟਨ ਦੀ ਸੀ। ਉਹ ਭਾਰਤ ਆ ਰਿਹਾ ਸੀ। ਉਥੇ ਬੈਠੇ ਬਿਠਾਏ ਨੇ ਦਿੱਲੀ ਦੇ ਹੋਟਲ ਵਿਚ ਕਮਰਾ ਲੈ ਲਿਆ ਸੀ, ਤੇ ਮੈਨੂੰ ਉਸ ਹੋਟਲ ਵਿਚ ਮਿਲਣ ਲਈ ਲਿਖਿਆ ਸੀ।

ਮੈਂ ਦਿੱਲੀ ਗਿਆ। ਮਲਿੰਗਟਨ ਨੂੰ ਪਛਾਣਨਾ ਬਹੁਤ ਔਖਾ ਨਹੀਂ ਸੀ। ਉਸ ਨੇ ਪਹਿਲੇ ਵਾਂਗ ਹੀ ਛੋਟੀਆਂ ਛੋਟੀਆਂ ਮੁੱਛਾਂ ਰੱਖੀਆਂ ਸਨ, ਜਿਹੜੀਆਂ ਉਸੇ ਤਰ੍ਹਾਂ ਹੀ ਭੂਰੀਆਂ ਸਨ।

"ਚੱਲ ਤੇਰੇ ਪੰਜਾਬ ਚੱਲੀਏ", ਉਸ ਨੇ ਕਿਹਾ।

"ਕਿਉਂ ਦਿੱਲੀ ਪਸੰਦ ਨਹੀਂ ਆਈ।" ਮੈਂ ਪੁੱਛਿਆ।

"ਪਸੰਦ ਨ-ਪਸੰਦ ਦਾ ਸਵਾਲ ਨਹੀਂ। ਇਹ ਮੇਰੀ ਪਕੜ ਵਿਚ ਹੀ ਨਹੀਂ ਆ ਰਹੀ। ਕੋਈ ਦਾਣਾ ਹੱਥ ਵਿਚ ਨਹੀਂ ਆਉਂਦਾ ਜਿਸ ਨੂੰ ਵੇਖ ਕੇ ਏਸ ਦਾਲ ਦਾ ਪਤਾ ਲੱਗੇ। ਮੈਂ ਨਵੇਂ ਭਾਰਤ ਦੀ ਨਬਜ਼ ਵੇਖਣੀ ਚਾਹੁੰਦਾ ਹਾਂ।" ਉਸ ਨੇ ਅਖਬਾਰੀ ਬੋਲੀ ਵਿਚ ਕਿਹਾ।

"ਪੰਜਾਬ ਵਿਚ ਦੋ ਥਾਵਾਂ ਹੀ ਬਹੁਤੀਆਂ ਨਵੀਆਂ ਗਿਣਦੇ ਨੇ, ਇਕ ਭਾਖੜਾ ਨੰਗਲ ਤੇ ਦੂਜੀ ਚੰਡੀਗੜ੍ਹ।" ਮੈਂ ਟੂਰਿਸਟ ਗਾਈਡ ਵਾਂਗ ਬੋਲਿਆ।

"ਇਨ੍ਹਾਂ ਦੋਹਾਂ ਬਾਰੇ ਮੈਂ ਸੁਣਿਆ ਹੈ, ਪਰ ਮੈਂ ਇਹ ਵੇਖਣ ਏਥੇ ਨਹੀਂ ਆਇਆ। ਇਹ ਤੇ ਉਸ ਤਰ੍ਹਾਂ ਵੀ ਬਣ ਸਕਦੇ ਸਨ।"

"ਫਿਰ ਮੈਂ ਤੈਨੂੰ ਵਿਖਾਵਾਂ ਕੀ?"

"ਬੱਸ ਤੂੰ ਮੈਨੂੰ ਭੰਵਾਈਂ ਫਿਰ, ਸ਼ਾਇਦ ਮੇਰੇ ਪੱਲੇ ਕੁਝ ਪੈ ਜਾਏ।"

ਮੈਂ ਉਸ ਨੂੰ ਪੰਜਾਬ ਲੈ ਆਇਆ ਤੇ ਅਸੀਂ ਥਾਂ-ਥਾਂ ਫਿਰਨ ਲੱਗੇ।

ਇਕ ਦਿਨ ਜਰਨੈਲੀ ਸੜਕ ਉਤੇ ਟੁਰਦੇ ਆ ਰਹੇ ਸਾਂ। ਦੋ ਸੜਕਾਂ ਦੇ ਮਧਾਨੀ-ਜੁਟ ਵਿਚ ਬਣੇ ਚੱਕਰ ਉਤੇ ਇਹ ਇਕੱਲੀ ਖਲੋਤੀ ਸੀ। ਜੇ ਕਿਸੇ ਨੇ ਕਦੀ ਕੋਈ ਸ਼ਹਿਜ਼ਾਦੀ ਚੌਕ ਵਿਚ ਖਲੋਤੀ ਵੇਖੀ ਹੈ, ਉਹ ਇਸ ਤਰ੍ਹਾਂ ਦੀ ਲਗਦੀ ਹੋਵੇਗੀ। ਜੇ ਸ਼ਹਿਜ਼ਾਦੀ ਏਨੀ ਸੁੰਦਰ ਤੇ ਲੰਮੀ ਨਾ ਹੋਵੇਗੀ ਤਾਂ ਹੋਰ ਕੌਣ ਹੋਵੇਗੀ? ਉਸ ਨੇ ਬੜੇ ਫੱਬਵੇਂ ਕੱਪੜੇ ਪਾਏ ਹੋਏ ਸਨ। ਸ਼ੋਖ ਵੀ ਆਖੇ ਜਾ ਸਕਦੇ ਸਨ। ਹਰ ਲੰਘਦੇ ਆਉਂਦੇ ਦਾ ਧਿਆਨ ਉਹ ਖਿੱਚ ਰਹੀ ਸੀ, ਪਰ ਉਸ ਦਾ ਆਪਣਾ ਧਿਆਨ ਇਸ ਗੱਲ ਵਲ ਨਹੀਂ ਸੀ। ਉਹ ਬੜੇ ਗਹੁ ਨਾਲ ਸੜਕ ਉਤੇ ਆਉਂਦੇ ਕਿਸੇ ਨੂੰ ਲੱਭ ਰਹੀ ਸੀ। ਇਸ ਤਰ੍ਹਾਂ ਲਗਦਾ ਸੀ ਜਿਵੇਂ ਅੱਖਾਂ ਰਾਹੀਂ ਹੀ ਸਾਹ ਲੈ ਰਹੀ ਹੋਵੇ। ਜਦੋਂ ਅਸੀਂ ਉਸ ਦੀ ਨਜ਼ਰ ਦੀ ਮਾਰ ਹੇਠ ਆਏ, ਤਾਂ ਮੈਨੂੰ ਪਛਾਣ ਕੇ ਉਹ ਮੁਸਕਰਾਈ। ਮੇਰਾ ਖਿਆਲ ਹੈ ਮਲਿੰਗਟਨ ਵੀ ਮੇਰੇ ਵਾਂਗ ਪਹਿਲਾਂ ਹੀ ਉਸ ਵੱਲ ਵੇਖ ਰਿਹਾ ਸੀ, ਭਾਵੇਂ ਅਸਾਂ ਅਜੇ ਉਸ ਬਾਰੇ ਕੋਈ ਗੱਲ ਨਹੀਂ ਕੀਤੀ ਸੀ।

"ਤੂੰ ਇਸ ਨੂੰ ਜਾਣਨਾ ਏਂ?" ਮਲਿੰਗਟਨ ਨੇ ਇਕ ਦਮ ਕੰਨ ਚੁੱਕ ਕੇ ਕਿਹਾ।

"ਹਾਂ, ਇਹ ਤੇ ਦਿਸਦਾ ਈ ਪਿਐ।"

"ਕੌਣ ਏ?"

"ਡਾਕਟਰ ਏ। ਇਸ ਨੇ ਮੇਰੇ ਬੱਚੇ ਦਾ ਇਲਾਜ ਕੀਤਾ ਸੀ। ਉਦੋਂ ਦੀ ਵਾਕਿਫ ਏ।"

"ਮੈਂ ਇਸ ਨਾਲ ਗੱਲਾਂ ਕਰਨੀਆਂ ਚਾਹੁਨਾਂ।"

"ਮੈਂ ਵੀ। ਕਿਉਂਕਿ ਜਦੋਂ ਮੈਂ ਪਹਿਲਾਂ ਵੇਖੀ ਸੀ, ਉਦੋਂ ਨਾਲੋਂ ਹੁਣ ਉਸ ਦੇ ਮੂੰਹ ਉਤੇ ਬੜੀ ਰੌਣਕ ਏ ਜਾਂ ਸ਼ੋਖੀ ਏ।"

ਉਸ ਦੇ ਕੋਲ ਅਪੜ ਕੇ ਅਸੀਂ ਦੋਵੇਂ ਵੀ ਚੱਕਰ ਉਤੇ ਚੜ੍ਹ ਗਏ। ਆਲੇ-ਦੁਆਲੇ ਟਰੈਫਿਕ ਘੁੰਮ ਰਿਹਾ ਸੀ, ਲੋਕ ਆ-ਜਾ ਰਹੇ ਸਨ। ਮਲਿੰਗਟਨ ਨਾਲ ਵਾਕਫੀਅਤ ਕਰਾਣ ਪਿਛੋਂ ਮੈਂ ਪੁੱਛਿਆ, "ਏਥੇ ਕੀ ਕਰਦੀ ਏਂ?"

"ਕੁਝ ਖਾਸ ਨਹੀਂ। ਕਿਸੇ ਨੂੰ ਆਉਂਦਾ ਵੇਖ ਰਹੀ ਸਾਂ, ਪਰ ਹੁਣ ਉਹ ਨਹੀਂ ਆਉਂਦਾ ਲਗਦਾ।"

"ਚੱਲ ਫਿਰ ਕਾਫੀ ਪੀਏ।"

"ਚਲੋ।"

ਅਸੀਂ ਇਕ ਹੋਟਲ ਅੰਦਰ ਚਲੇ ਗਏ।


"ਸੁਣਾ ਤੇਰੀ ਡਾਕਟਰੀ ਦਾ ਕੀ ਹਾਲ ਏ?" ਮੈਂ ਮਲਿੰਗਟਨ ਵਲੋਂ ਉਸ ਨੂੰ ਅੰਗਰੇਜ਼ੀ ਵਿਚ ਖਰੋਚਣਾ ਸ਼ੁਰੂ ਕੀਤਾ।

"ਡਾਕਟਰੀ? ਠੀਕ ਏ, ਪਰ ਇਕ ਗੱਲ ਹੋਈ ਏ। ਸ਼ਹਿਰ ਛੱਡ ਕੇ ਇਹ ਪਿੰਡਾਂ ਵਿਚ ਜਾ ਵੜੀ ਏ।" ਫਿਰ ਉਸ ਨੇ ਸਪਸ਼ਟ ਕੀਤਾ। "ਮੈਂ ਹੁਣ ਬੱਸ ਆਪਣੇ ਇਲਾਕੇ ਵਿਚ ਹੀ ਫਿਰਦੀ ਹਾਂ ਜਿਨ੍ਹਾਂ ਦੀ ਮੈਂ ਧੀ ਹਾਂ।"

"ਕਿਉਂ? ਸ਼ਹਿਰ ਨੂੰ ਕਿਉਂ ਮੰਦਾ ਜਾਨਣ ਲਗ ਪਈ?"

"ਏਥੇ ਕੁਝ ਮਸ਼ੀਨੀ ਜਿਹਾ ਕੰਮ ਲਗਦਾ ਸੀ। ਡਾਕਟਰ ਬੱਸ ਰੋਗ ਹਟਾਣ ਦੀ ਇਕ ਮਸ਼ੀਨ ਹੈ। ਪੈਸੇ ਦਿਓ, ਰੋਗ ਹਟਵਾ ਲਵੋ। ਫਰਕ ਸਮਝਦੇ ਹੋ ਨਾ? ਐਵੇਂ ਬਰੀਕ ਜਿਹਾ ਏ। ਇਸ ਤਰ੍ਹਾਂ

***(ਬਾਕੀ ਅਗਲੇ ਸਫੇ 'ਤੇ)***



**ਕਹਾਣੀ ਇਉਂ ਤੁਰੀ-7**



**ਗੁਰਬਚਨ ਸਿੰਘ ਭੁੱਲਰ**
ਫੋਨ: 091-1142502364
bhullargs@gmail.com

# ਕਹਾਣੀ ਲਿਖਣੀ ਕੋਈ ਖੇਡ ਨਹੀਂ!

***ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਨੇ ਐਤਕੀਂ ਉਨ੍ਹਾਂ ਕਰਤਾਰੀ ਪਲਾਂ ਦੀਆਂ ਗੱਲਾਂ ਛੋਹੀਆਂ ਹਨ ਜਦੋਂ ਉਨ੍ਹਾਂ ਅੰਦਰਲਾ ਲੇਖਕ ਦੀਵੇ ਦੀ ਲਾਟ ਵਾਂਗ ਬਲਦਾ ਹੈ ਅਤੇ ਕੋਰੇ ਕਾਗਜ਼ ਉਤੇ ਸ਼ਬਦਾਂ ਦੀ ਲੋਅ ਬਿਖੇਰਦਾ ਹੈ। ਆਪਣੀਆਂ ਰਚਨਾਵਾਂ ਦੇ ਇਸੇ ਨਿਵੇਕਲੇ ਰੰਗ ਕਰ ਕੇ, ਪੰਜਾਬੀ ਕਹਾਣੀ ਜਗਤ ਵਿਚ ਉਨ੍ਹਾਂ ਦਾ ਨਿਆਰਾ ਤੇ ਨਰੋਆ ਸਥਾਨ ਹੈ। ਉਨ੍ਹਾਂ ਦੀਆਂ ਕਹਾਣੀਆਂ ਵਿਚ ਪੰਜਾਬ, ਖਾਸ ਕਰ ਕੇ ਮਾਲਵਾ ਖਿੱਤੇ ਦਾ ਰੰਗ ਪੂਰੇ ਜਲੌਅ ਅਤੇ ਸਿਦਕ ਨਾਲ ਪੇਸ਼ ਹੋਇਆ ਹੈ। ਆਪਣੀ ਪਹਿਲੀ ਹੀ ਕਹਾਣੀ 'ਰਾਤਾਂ ਕਾਲੀਆਂ' ਅਤੇ ਫਿਰ ਪਹਿਲੀ ਹੀ ਕਿਤਾਬ 'ਓਪਰਾ ਮਰਦ' ਨਾਲ ਉਨ੍ਹਾਂ ਪੰਜਾਬੀ ਸਾਹਿਤ ਜਗਤ ਦਾ ਧਿਆਨ ਵਾਹਵਾ ਖਿੱਚ ਲਿਆ ਸੀ, ਤੇ ਚੋਟੀ ਦੇ ਲੇਖਕਾਂ ਵਿਚ ਸ਼ੁਮਾਰ ਹੋ ਗਏ ਸਨ। ਹਾਲ ਹੀ ਵਿਚ ਉਨ੍ਹਾਂ ਦਾ ਪਲੇਠਾ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਪ੍ਰਕਾਸ਼ਤ ਹੋਇਆ ਹੈ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਆਪਣੀ ਲੰਮੀ ਲੇਖ ਲੜੀ 'ਕਹਾਣੀ ਇਉਂ ਤੁਰੀ' ਭੇਜੀ ਹੈ ਜਿਸ ਵਿਚ ਉਨ੍ਹਾਂ ਆਪਣੀ ਕਹਾਣੀ ਯਾਤਰਾ ਬਾਰੇ ਨਿੱਠ ਕੇ ਗੱਲਾਂ ਕੀਤੀਆਂ ਹਨ। ਉਂਜ, ਇਸ ਕਹਾਣੀ ਯਾਤਰਾ ਵਿਚ ਉਨ੍ਹਾਂ ਅਜਿਹਾ ਸਭਿਆਚਾਰਕ ਸਮਾਜਕ ਰੰਗ ਭਰਿਆ ਹੈ ਕਿ ਇਸ ਕਹਾਣੀ ਯਾਤਰਾ ਦੇ ਪਿਛੇ ਪੰਜਾਬ ਦੀਆਂ ਹੇਕਾਂ ਸੁਣਾਈ ਦਿੰਦੀਆਂ ਹਨ। -ਸੰਪਾਦਕ***

ਹਰ ਕਹਾਣੀ ਦੇ ਬੀ, ਫੁਟਾਲੇ ਅਤੇ ਵਿਕਾਸ ਦੀ ਵੱਖਰੀ, ਆਪਣੀ ਹੀ ਕਹਾਣੀ ਹੁੰਦੀ ਹੈ। ਆਪਣੀਆਂ ਸਾਰੀਆਂ ਕਹਾਣੀਆਂ ਉਤੇ ਨਜ਼ਰ ਮਾਰਦਾ ਹਾਂ ਤਾਂ ਇਸ ਨਜ਼ਰੀਏ ਤੋਂ ਮੈਂ ਉਨ੍ਹਾਂ ਨੂੰ ਚਾਰ ਕੋਟੀਆਂ ਵਿਚ ਆਉਂਦੀਆਂ ਦੇਖਦਾ ਹਾਂ।


ਕੁਝ ਕਹਾਣੀਆਂ ਉਹ ਹੁੰਦੀਆਂ ਹਨ ਜਿਨ੍ਹਾਂ ਨੂੰ ਜ਼ਿੰਦਗੀ ਸੰਪੂਰਨ ਰੂਪ ਵਿਚ ਰਚਦੀ ਹੈ ਅਤੇ ਲੇਖਕ ਬੱਸ ਉਨ੍ਹਾਂ ਨੂੰ ਸਾਹਿਤਕ ਭਾਸ਼ਾ ਵਿਚ ਕਾਗ਼ਜ਼ ਉਤੇ ਉਤਾਰਦਾ ਹੈ। ਉਹਨੂੰ ਬਹੁਤ ਜ਼ਿਆਦਾ ਮਿਹਨਤ ਨਹੀਂ ਕਰਨੀ ਪੈਂਦੀ। ਇਨ੍ਹਾਂ ਕਹਾਣੀਆਂ ਦੀ ਕਥਾ ਉਸਾਰਨ ਵਿਚ ਲੇਖਕ ਨੂੰ ਕਲਪਨਾ ਦੀ ਮਿੱਸ ਵੀ ਬਹੁਤੀ ਨਹੀਂ ਮਿਲਾਉਣੀ ਪੈਂਦੀ। ਕੁਝ ਕਹਾਣੀਆਂ ਜ਼ਿੰਦਗੀ ਨੇ ਕਾਫ਼ੀ ਹੱਦ ਤੱਕ ਲਿਖੀਆਂ ਤੇ ਫੇਰ ਪੂਰੀਆਂ ਕਰਨ ਵਾਸਤੇ ਮੇਰੇ ਹਵਾਲੇ ਕਰ ਦਿੱਤੀਆਂ। ਇਨ੍ਹਾਂ ਵਿਚ ਚੰਗੀਆਂ ਕਹਾਣੀਆਂ ਬਣਨ ਦੀ ਸੰਭਾਵਨਾ ਤਾਂ ਪੂਰੀ ਸੀ ਪਰ ਇਨ੍ਹਾਂ ਦੀ ਅਧੂਰੀ ਹੋਂਦ ਦੀਆਂ ਖਾਲੀ ਥਾਂਵਾਂ ਭਰ ਕੇ ਉਨ੍ਹਾਂ ਨੂੰ ਸੰਪੂਰਨ ਕਾਇਆ ਬਖ਼ਸ਼ਣ ਦਾ ਤੇ ਉਨ੍ਹਾਂ ਦੇ ਨੈਣ-ਨਕਸ਼ ਤਰਾਸ਼ਣ ਦਾ ਕੰਮ ਮੇਰੇ ਜ਼ਿੰਮੇ ਸੀ। ਕੁਝ ਕਹਾਣੀਆਂ ਦਾ ਕੇਵਲ ਬੀ ਹੀ ਹੱਥ ਲਗਦਾ ਹੈ। ਉਹਨੂੰ ਖ਼ੁਸ਼ਬੂਦਾਰ ਫੁੱਲਾਂ ਤੇ ਰਸਦਾਰ ਫਲਾਂ ਨਾਲ ਲੱਦਿਆ ਹੋਇਆ ਬਿਰਛ ਬਣਾਉਣਾ ਲੇਖਕ ਉਤੇ ਨਿਰਭਰ ਹੁੰਦਾ ਹੈ। ਇਸ ਵਿਚ ਕਥਾ ਦੀ ਉਸਾਰੀ, ਪਾਤਰਾਂ ਦੀ ਸਿਰਜਣਾ, ਵਾਰਤਾਲਾਪ, ਆਦਿ ਵਿਚ ਲੇਖਕ ਦੀ ਕਲਪਨਾ ਨੇ ਵੱਡੀ ਭੂਮਿਕਾ ਨਿਭਾਉਣੀ ਹੁੰਦੀ ਹੈ। ਕੁਝ ਕਹਾਣੀਆਂ ਅਜਿਹੀਆਂ ਵੀ ਹੁੰਦੀਆਂ ਹਨ ਜੋ ਨਾ ਕਿਸੇ ਘਟਨਾ ਦੀਆਂ ਜਾਈਆਂ ਹੁੰਦੀਆਂ ਹਨ ਅਤੇ ਨਾ ਕਿਸੇ ਵਿਅਕਤੀ ਵਿਚੋਂ ਵਿਗਸਦੀਆਂ ਹਨ। ਉਨ੍ਹਾਂ ਦਾ ਜਨਮਦਾਤਾ ਕੋਈ ਵਿਚਾਰ ਹੁੰਦਾ ਹੈ ਜੋ ਲੇਖਕ ਦੇ ਮਨ-ਅੰਬਰ ਨੂੰ ਸਾਉਣ ਦੀ ਘਟਾ ਵਾਂਗ ਮੱਲ ਲੈਂਦਾ ਹੈ। ਕਲਪਨਾ ਦੀ ਮਧਾਣੀ ਇਸ ਦੁੱਧ-ਤਰਲ ਵਿਚਾਰ ਵਿਚੋਂ ਸਿਰੜੀ ਤੇ ਸਿਦਕੀ ਮਨ-ਮੰਥਨ ਨਾਲ ਮੱਖਣ ਵਰਗੀ ਕਹਾਣੀ ਕੱਢਣ ਦਾ ਕਾਰਨਾਮਾ ਕਰ ਦਿਖਾਉਂਦੀ ਹੈ।

ਵੈਸੇ ਕਿਸੇ ਕਹਾਣੀ ਦਾ ਮੂਲ ਕੋਈ ਘਟਨਾ ਹੈ ਜਾਂ ਵਿਅਕਤੀ ਜਾਂ ਫੇਰ ਕੋਈ ਵਿਚਾਰ ਅਤੇ ਉਸ ਵਿਚ ਅਸਲੀਅਤ ਕਿੰਨੀ ਹੈ ਤੇ ਕਲਪਨਾ ਕਿੰਨੀ, ਇਸ ਗੱਲ ਦਾ ਪਾਠਕ ਨਾਲ ਕੋਈ ਬਹੁਤਾ ਵਾਸਤਾ ਨਹੀਂ ਹੁੰਦਾ। ਉਹਦਾ ਮਤਲਬ ਤਾਂ ਤਿਆਰ ਖੀਰ ਖਾਣ ਤੱਕ ਹੁੰਦਾ ਹੈ, ਉਸ ਵਿਚ ਕੀ ਕੀ, ਕਿੰਨਾ ਕਿੰਨਾ ਤੇ ਕਿਵੇਂ ਕਿਵੇਂ ਪਾਇਆ ਗਿਆ ਹੈ, ਇਹਤੋਂ ਉਹਨੇ ਕੀ ਲੈਣਾ ਹੈ। ਕਹਾਣੀ ਦਾ ਮੂਲ ਕੁਝ ਵੀ ਹੋਵੇ ਅਤੇ ਉਸ ਵਿਚ ਕਲਪਨਾ ਤੇ ਯਥਾਰਥ ਦੀ ਮਿੱਸ ਕਿੰਨੀ ਵੀ ਹੋਵੇ, ਉਹ ਪਾਠਕ ਨੂੰ ਕਹਾਣੀ ਵਜੋਂ ਪ੍ਰਵਾਨ ਹੋਣੀ ਚਾਹੀਦੀ ਹੈ। ਜਦੋਂ ਕੋਈ ਲੇਖਕ ਆਪਣੀ ਮੰਨਣ ਵਿਚ ਨਾ ਆਉਂਦੀ ਕਹਾਣੀ ਬਾਰੇ ਪਾਠਕ ਦੇ ਕਿੰਤੂ ਦੇ ਉਤਰ ਵਿਚ ਕਹਿੰਦਾ ਹੈ ਕਿ ਇਹ ਤਾਂ ਹੂਬਹੂ ਇਸੇ ਤਰ੍ਹਾਂ ਵਾਪਰੀ ਸੀ, ਇਹ ਉਹਦੀ ਸਭ ਤੋਂ ਕਮਜ਼ੋਰ ਦਲੀਲ ਹੁੰਦੀ ਹੈ। ਜ਼ਿੰਦਗੀ ਬੇਤੁਕੀ ਤੇ ਬੇਸੁਰੀ ਹੋ ਸਕਦੀ ਹੈ ਪਰ ਕਹਾਣੀ ਨੂੰ ਬੇਤੁਕੀ ਤੇ ਬੇਸੁਰੀ ਹੋਣਾ ਵਾਰਾ ਨਹੀਂ ਖਾਂਦਾ। ਕਹਾਣੀ ਜੀਵਨ ਵਿਚੋਂ ਲਈ ਜਾਂਦੀ ਹੈ ਪਰ ਜੀਵਨ ਦਾ ਸ਼ੀਸ਼ੇ-ਦਿਸਦਾ ਉਤਾਰਾ ਨਹੀਂ ਹੁੰਦੀ।

ਮੈਂ ਆਪਣੇ ਲਿਖਣ-ਕਾਰਜ ਦੀ ਤੁਲਨਾ ਕਾਲੇ ਇਲਮ ਨਾਲ ਕਰਦਾ ਹਾਂ। ਜੋ ਕੁਝ ਮੈਂ ਕਾਲੇ ਇਲਮ ਬਾਰੇ ਸੁਣਿਆ ਹੈ ਤੇ ਜੋ ਕੁਝ ਆਪਣੇ ਰਚਣਈ ਅਨੁਭਵ ਤੋਂ ਜਾਣਿਆ ਹੈ, ਇਨ੍ਹਾਂ ਦੋਵਾਂ ਵਿਚ ਮੈਨੂੰ ਦੋ ਪੱਖਾਂ ਤੋਂ ਬਹੁਤ ਸਮਾਨਤਾ ਲਗਦੀ ਹੈ। ਜੇ ਹੋਰ ਲੇਖਕਾਂ ਤੋਂ ਇਹ ਸਵਾਲ ਪੁੱਛਿਆ ਜਾਵੇ, ਉਨ੍ਹਾਂ ਦਾ ਵਿਚਾਰ ਪਤਾ ਨਹੀਂ ਕੀ ਹੋਵੇ। ਇਕ ਤਾਂ ਜਦੋਂ ਮੈਂ ਮਨ ਵਿਚ ਸਿਰਜੀ ਜਾ ਚੁੱਕੀ ਕਹਾਣੀ ਮੁਕੰਮਲ ਇਕਾਂਤ ਤੇ ਖ਼ਾਮੋਸ਼ੀ ਵਿਚ ਲਿਖਣ ਬੈਠਦਾ ਹਾਂ, ਨਾਟਕੀ ਮੰਚ ਵਾਂਗ ਸਾਰੇ ਪਾਤਰ ਆਪਣੀ ਆਪਣੀ ਭੂਮਿਕਾ ਅਨੁਸਾਰ ਪ੍ਰਗਟ ਹੁੰਦੇ ਤੇ ਲੋਪ ਹੁੰਦੇ ਦੇਖਦਾ ਹਾਂ। ਇਉਂ ਹੀ ਸਭ ਘਟਨਾਵਾਂ ਸਾਹਮਣੇ ਵਾਪਰਦੀਆਂ ਮਹਿਸੂਸ ਕਰਦਾ ਹਾਂ। ਜੇ ਕਿਸੇ ਅੱਤ ਦੀ ਮਜਬੂਰੀ ਕਾਰਨ ਘਰਦਿਆਂ ਨੂੰ ਦਰਵਾਜ਼ਾ ਖੜਕਾਉਣਾ ਪੈ ਜਾਵੇ, ਜਿਹੜਾ ਉਹ ਵਾਹ ਲਗਦੀ ਖੜਕਾਉਂਦੇ ਨਹੀਂ, ਇਹ ਸੰਸਾਰ ਇਕ ਛਿਣ ਵਿਚ ਲੋਪ ਹੋ ਜਾਂਦਾ ਹੈ।

ਕਾਲੇ ਇਲਮ ਨਾਲ ਆਪਣੇ ਲਿਖਣ-ਕਾਰਜ ਦੀ ਦੂਜੀ ਸਮਾਨਤਾ ਮੈਨੂੰ ਸਮਾਪਤੀ ਤੋਂ ਮਗਰੋਂ ਦੀ ਲਗਦੀ ਹੈ। ਕਾਲੇ ਇਲਮ ਵਾਲੇ ਆਪਣੇ ਜਾਦੂ-ਟੂਣੇ ਦੀ ਸਮਾਪਤੀ ਮਗਰੋਂ ਵਾਸਤਵਿਕ ਸੰਸਾਰ ਵਿਚ ਆ ਕੇ ਕੁਝ ਸਮੇਂ ਲਈ ਖ਼ਿਲਾਅ ਜਿਹਾ, ਹੌਲਾਪਨ ਜਿਹਾ, ਕੁਝ ਕੁਝ ਓਪਰਾਪਨ ਜਿਹਾ ਮਹਿਸੂਸ ਕਰਦੇ ਹਨ। ਕਹਾਣੀ ਸੰਪੂਰਨ ਕਰ ਲੈਣ ਮਗਰੋਂ ਕੁਝ ਸਮੇਂ ਲਈ ਕੁਝ ਅਜਿਹੀ ਹੀ ਹਾਲਤ ਮੈਂ ਵੀ ਮਹਿਸੂਸ ਕਰਦਾ ਹਾਂ। ਇਹ ਗੱਲ ਮੈਂ ਨਿਹਚੇ ਨਾਲ ਕਹਿ ਸਕਦਾ ਹਾਂ ਕਿ ਕਹਾਣੀ ਲਿਖਣ ਸਮੇਂ ਮੈਂ ਜੋ ਹੁੰਦਾ ਹਾਂ, ਉਹ ਉਹ ਨਹੀਂ ਹੁੰਦਾ ਜੋ ਸਾਧਾਰਨ ਜੀਵਨ ਵਿਚ ਹੁੰਦਾ ਹਾਂ। ਬਹੁਤੇ ਲੇਖਕਾਂ ਦਾ ਅਨੁਭਵ ਵੀ, ਸ਼ਾਇਦ, ਇਹੋ ਹੀ ਹੋਵੇਗਾ। ਜਦੋਂ ਮੈਂ ਆਪਣੀ ਕੋਈ ਵੀ ਰਚਨਾ ਚਿਰ ਮਗਰੋਂ ਪੜ੍ਹਦਾ ਹਾਂ, ਅਕਸਰ ਉਹਦੀਆਂ ਬਰੀਕੀਆਂ, ਉਹਦੇ ਬਿਰਤਾਂਤ, ਭਾਸ਼ਾ, ਵਾਰਤਾਲਾਪ, ਪਾਤਰਾਂ, ਘਟਨਾਵਾਂ, ਆਦਿ ਬਾਰੇ ਹੈਰਾਨ ਹੁੰਦਾ ਹਾਂ, ਕੀ ਇਸ ਸਭ ਕੁਝ ਦਾ ਕਰਤਾਰ ਮੈਂ ਹੀ ਹਾਂ? ਇਹੋ ਕਾਰਨ ਹੈ ਕਿ ਮੈਂ ਆਪਣੀ ਪੁਸਤਕ '51 ਕਹਾਣੀਆਂ' ਦਾ ਸਮਰਪਣ ਇਨ੍ਹਾਂ ਸ਼ਬਦਾਂ ਵਿਚ ਕੀਤਾ ਸੀ, "ਆਪਣੇ ਦੂਜੇ ਰੂਪ ਦੇ ਨਾਂ, ਜੋ ਰਚਨਾ-ਕਾਰਜ ਦੇ ਅਰੰਭ ਸਮੇਂ ਕਰਤਾਰੀ ਸ਼ਕਤੀ ਨਾਲ ਪ੍ਰਗਟ ਹੋ ਕੇ ਰਚਨਾ-ਸੰਪੂਰਨਤਾ ਦੇ ਨਾਲ ਹੀ ਲੋਪ ਹੋ ਜਾਂਦਾ ਹੈ!"

ਮੈਂ ਬਹੁਤਾ ਰਚਨਾ-ਕਾਰਜ ਮਨ, ਦਿਮਾਗ, ਕਲਪਨਾ, ਚਿੰਤਨ-ਮੰਥਨ ਉਤੇ ਹੀ ਛਡਦਾ ਹਾਂ। ਇਸ ਪੜਾਅ ਨੂੰ ਪਾਰ ਕਰਨ ਦਾ ਕੋਈ ਬੱਝਵਾਂ ਸਮਾਂ ਨਹੀਂ ਹੋ ਸਕਦਾ। ਕਈ ਵਾਰ ਤਾਂ ਕਿਸੇ ਘਟਨਾ, ਕਿਸੇ ਗੱਲ ਦੇ ਪ੍ਰਭਾਵ ਹੇਠ ਕਹਾਣੀ ਇਉਂ ਫੁਰਦੀ ਹੈ ਜਿਵੇਂ ਹਨੇਰੇ ਕਮਰੇ ਵਿਚ ਅਚਾਨਕ ਬਲਬ ਜਗ ਪਵੇ। ਸਭ ਕੁਝ ਸਪਸ਼ਟ ਹੋ ਜਾਂਦਾ ਹੈ ਤੇ ਕਹਾਣੀ ਝੱਟ




*ਗੁਰਬਚਨ ਸਿੰਘ ਭੁੱਲਰ ਦੀ ਕਿਤਾਬ 'ਧਰਤੀ ਦੀਆਂ ਧੀਆਂ' ਦਾ ਟਾਈਟਲ। ਇਸ ਕਹਾਣੀ ਸੰਗ੍ਰਹਿ ਵਿਚ ਔਰਤ ਪਾਤਰਾਂ ਵਾਲੀਆਂ ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ ਅਤੇ ਇਸ ਵਿਚ ਔਰਤ ਦੀ ਮੁਕੰਮਲ ਤੇ ਮਾਣਯੋਗ ਤਸਵੀਰ ਸਾਹਮਣੇ ਆਉਂਦੀ ਹੈ।*

ਲਿਖੀ ਜਾਂਦੀ ਹੈ ਪਰ ਆਮ ਕਰ ਕੇ ਕਹਾਣੀ ਦਾ ਇਹ ਪੜਾਅ ਵੱਧ-ਘੱਟ ਲੰਮਾ ਸਮਾਂ ਲੈਂਦਾ ਹੈ, ਮਨ ਵਿਚ ਬੀ ਪੈਣ ਤੋਂ ਮਗਰੋਂ ਕੁਝ ਦਿਨ, ਕੁਝ ਮਹੀਨੇ, ਕੁਝ ਸਾਲ, ਕਦੀ ਕਦੀ ਤਾਂ ਦਹਾਕੇ ਵੀ। ਇਸ ਸਮੇਂ ਦੌਰਾਨ ਕਹਾਣੀ ਕਦੀ ਚੇਤੇ ਦੀ ਤਹਿ ਦੇ ਹੇਠਾਂ ਬੈਠ ਜਾਂਦੀ ਹੈ ਤੇ ਕਦੀ ਜਦੋਂ ਫੇਰ ਉਭਰ ਆਉਂਦੀ ਹੈ, ਮਨ ਉਸ ਉਤੇ ਫੇਰ ਕੰਮ ਕਰਨ ਲੱਗ ਜਾਂਦਾ ਹੈ। ਇਸੇ ਕਰ ਕੇ ਕੋਈ ਕਹਾਣੀ ਲਿਖਣ ਵਿਚ ਲੱਗਿਆ ਸਮਾਂ ਕੇਵਲ ਉਸੇ ਨੂੰ ਨਹੀਂ ਸਮਝਿਆ ਜਾਣਾ ਚਾਹੀਦਾ ਜਿੰਨੇ ਵਿਚ ਉਹ ਕਾਗ਼ਜ਼ ਉਤੇ ਉਤਾਰੀ ਗਈ ਹੈ, ਮਨ-ਮੰਥਨ ਦਾ ਸਮਾਂ ਵੀ ਇਸ ਵਿਚ ਜੋੜਿਆ ਜਾਣਾ ਚਾਹੀਦਾ ਹੈ।

ਅਸਲ ਵਿਚ ਇਹ ਕਾਰਜ ਬੱਚਿਆਂ ਦੀ ਛੋਟੇ-ਵੱਡੇ, ਅਘੜ-ਦੁਘੜੇ ਟੁਕੜੇ ਜੋੜ ਕੇ ਵਧੀਆ ਤਸਵੀਰ ਬਣਾਉਣ ਵਾਲੀ ਜਿਗਸਾਅ ਖੇਡ ਵਾਂਗ ਹੈ। ਪਾਤਰਾਂ, ਘਟਨਾਵਾਂ, ਭਾਵਨਾਵਾਂ, ਵਿਚਾਰਾਂ ਦਾ ਸਮੂਹ ਖ਼ੂਬਸੂਰਤ ਇਕਾਈ ਵਿਚ ਜੋੜਨਾ ਪੈਂਦਾ ਹੈ। ਜੇ ਜਿਗਸਾਅ ਦੇ ਟੁਕੜੇ ਠੀਕ ਨਾ ਜੁੜਨ ਦੀ ਸੂਰਤ ਵਿਚ ਖੱਪੇ ਛੱਡ ਕੇ ਬੇਢਬੇ ਜੋੜ ਦਿੱਤੇ ਜਾਣ, ਸਮਝ ਲਵੋ, ਕੀ ਹੋਵੇਗਾ। ਮਨ ਵਿਚ ਕਹਾਣੀ ਸਪਸ਼ਟ ਹੋ ਜਾਣ ਮਗਰੋਂ ਮੈਂ ਤਾਂ ਪੂਰੀ ਕਹਾਣੀ, ਜੇ ਕੋਈ ਅਣਕਿਆਸਿਆ ਵਿਘਨ ਨਾ ਪੈ ਜਾਵੇ, ਇਕੋ ਵਾਰ ਬੈਠ ਕੇ ਕਾਗਜ਼ ਉਤੇ ਉਤਾਰ ਲੈਂਦਾ ਹਾਂ। ਫੇਰ ਉਸ ਦੀ ਨੋਕ-ਪਲਕ ਸੰਵਾਰੀ ਜਾ ਸਕਦੀ ਹੈ, ਭਾਸ਼ਾ ਨੂੰ ਕੁਝ ਹੋਰ ਲਿਸ਼ਕਾਇਆ ਜਾ ਸਕਦਾ ਹੈ, ਪ੍ਰਭਾਵ ਨੂੰ ਤਿੱਖਾ ਕਰਨ ਲਈ ਕਿਤੋਂ ਕਿਤੋਂ ਰੇਤਿਆ-ਰੰਦਿਆ ਜਾ ਸਕਦਾ ਹੈ ਪਰ ਉਸ ਵਿਚ ਕੋਈ ਵੱਡੀਆਂ ਤਬਦੀਲੀਆਂ ਦੀ ਗੁੰਜਾਇਸ਼ ਉਕਾ ਹੀ ਨਹੀਂ ਹੁੰਦੀ।

ਇਹ ਗੱਲ ਅਬਰਾਹਮ ਲਿੰਕਨ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਦੱਸੀ ਜਾ ਸਕਦੀ। ਉਹਨੇ ਕਿਹਾ ਸੀ, "ਜੇ ਬ੍ਰਿਛ ਕੱਟਣ ਲਈ ਮੇਰੇ ਕੋਲ ਅੱਠ ਘੰਟੇ ਦਾ ਸਮਾਂ ਹੋਵੇ, ਛੇ ਘੰਟੇ ਮੈਂ ਕੁਹਾੜਾ ਰੇਤਣ ਉਤੇ ਲਾਵਾਂਗਾ।" ਕਹਾਣੀਕਾਰ ਨੂੰ ਵੀ ਬਹੁਤਾ ਸਮਾਂ ਕੁਹਾੜਾ ਰੇਤਣ ਉਤੇ, ਭਾਵ ਕਹਾਣੀ ਮਨ ਵਿਚ ਸਪਸ਼ਟ ਕਰਨ ਉਤੇ ਲਾਉਣਾ ਚਾਹੀਦਾ ਹੈ, ਫੇਰ ਬਿਰਛ ਕੱਟਣ ਵਿਚ, ਭਾਵ ਕਹਾਣੀ ਕਾਗ਼ਜ਼ ਉਤੇ ਉਤਾਰਨ ਵਿਚ ਬਹੁਤਾ ਸਮਾਂ ਨਹੀਂ ਲਗਦਾ। ਨਾਲੇ ਇਹ ਵੀ ਯਾਦ ਰੱਖਣਾ ਚਾਹੀਦੈ ਕਿ ਇਕੋ ਬ੍ਰਿਛ ਵਾਰ ਵਾਰ ਨਹੀਂ ਕੱਟਿਆ ਜਾ ਸਕਦਾ। ਇਸ ਗੱਲ ਦੀ ਪੁਸ਼ਟੀ ਚਾਹੀਦੀ ਹੈ ਤਾਂ ਵਿਗਿਆਨ ਗਲਪ ਦੇ ਪ੍ਰਸਿੱਧ ਲੇਖਕ, ਐਸਥਰ ਫ਼ਰੀਜ਼ਨਰ ਦੀ ਗੱਲ ਸੁਣ ਲਵੋ, "ਕਹਾਣੀ ਨੂੰ ਸੰਪੂਰਨਤਾ ਵੱਲ ਇਉਂ ਲੈ ਕੇ ਜਾਉ ਜਿਵੇਂ ਤੁਸੀਂ ਬਗੀਚਾ ਉਗਾਉਂਦੇ ਹੋ। ਸਬੱਬ ਨਾਲ ਦੋਵੇਂ ਪਲਾਟਾਂ ਉਤੇ ਵਿਗਸਦੇ ਹਨ। ਜ਼ਮੀਨ ਵਿਚ ਖੁਰਪਾ ਖੋਭਣ ਤੋਂ ਵੀ ਪਹਿਲਾਂ ਫ਼ੈਸਲਾ ਕਰੋ ਕਿ ਤੁਸੀਂ ਉਗਾਉਣਾ ਕੀ ਹੈ। ਅੰਤ ਨੂੰ ਤੁਸੀਂ ਕੀ ਪ੍ਰਾਪਤ ਕਰਨਾ ਹੈ ਤੇ ਕਿਵੇਂ ਪ੍ਰਾਪਤ ਕਰਨਾ ਹੈ, ਇਸ ਬਾਰੇ ਪੂਰੀ ਤਰ੍ਹਾਂ ਸਪਸ਼ਟ ਹੋ ਕੇ ਹੀ ਅਰੰਭ ਕਰੋ।"

ਇਸਤਰੀ ਸਬੰਧੀ ਮੇਰਾ ਨਜ਼ਰੀਆ ਬਹੁਤੇ ਲੇਖਕਾਂ ਨਾਲੋਂ ਵੱਖਰਾ ਹੈ। ਲੇਖਕ ਲਈ ਜ਼ਰੂਰੀ ਹੈ ਕਿ ਰਚਨਾ ਕਰਦਿਆਂ ਇਹੋ ਜਿਹੇ ਮਾਮਲਿਆਂ ਵਿਚ ਅਨੁਪਾਤ ਦਾ ਪੱਲਾ ਨਾ ਛੱਡੇ। ਆਪਣੀ ਗੱਲ ਸਪਸ਼ਟ ਕਰਨ ਲਈ ਮੈਨੂੰ ਕੁਝ ਸਾਲ ਪਹਿਲਾਂ ਇੰਗਲੈਂਡ ਤੋਂ ਆਈ ਇਕ ਇਸਤਰੀ ਪਾਠਕ ਦੀ ਚਿੱਠੀ ਇਥੇ ਦੇ ਦੇਣੀ ਹੀ ਕਾਫੀ ਰਹੇਗੀ, "ਇਕ ਦਿਨ ਮੈਂ ਲਾਇਬਰੇਰੀ ਦੇ ਪੰਜਾਬੀ ਸੈਕਸ਼ਨ ਵਿਚ ਪੜ੍ਹਨ ਲਈ ਕੋਈ ਕਿਤਾਬ ਲੱਭ ਰਹੀ ਸੀ ਤਾਂ ਅਚਾਨਕ ਮੈਨੂੰ ਤੁਹਾਡੀ ਕਿਤਾਬ 'ਧਰਤੀ ਦੀਆਂ ਧੀਆਂ' ਨਜ਼ਰ ਆਈ। ਕਿਤਾਬ ਦੇ ਪਿਛਲੇ ਪਾਸੇ ਤੁਹਾਡੀ ਤਸਵੀਰ ਸੀ ਅਤੇ ਨਾਲ ਹੀ ਤੁਸੀਂ ਲਿਖਿਆ ਹੋਇਆ ਸੀ, 'ਇਸਤਰੀ ਮਾਂ ਹੈ, ਭੈਣ ਹੈ, ਪਤਨੀ ਹੈ, ਪ੍ਰੇਮਿਕਾ ਹੈ, ਧੀ ਹੈ। ਇਸ ਦੇ ਸਾਰੇ ਰੂਪਾਂ ਨੇ ਮੇਰੇ ਮਨ ਵਿਚ ਸ਼ਰਧਾ ਭਰੀ ਹੈ।' ਇਹ ਸਤਰਾਂ ਮੈਨੂੰ ਬੇਹੱਦ ਚੰਗੀਆਂ ਲੱਗੀਆਂ। ਮੈਨੂੰ ਆਪਣਾ ਆਪ ਉਚੀ ਟੀਸੀ ਉਤੇ ਖੜ੍ਹਾ ਨਜ਼ਰ ਆਇਆ। ਮੇਰਾ ਮਨ ਅਨੋਖੇ ਮਾਣ ਨਾਲ ਭਰ ਗਿਆ। ਜਾਪਿਆ ਜਿਵੇਂ ਕਿਸੇ ਨੇ ਮੇਰੇ ਇਸਤਰੀ ਹੋਣ ਦੀ ਹੋਂਦ ਨੂੰ ਪਛਾਣ ਲਿਆ ਹੁੰਦਾ ਹੈ। ਇਕਦਮ ਮੈਂ ਕਿਤਾਬ ਦੇ ਇਸ ਪਾਸੇ ਨੂੰ ਮੱਥੇ ਨਾਲ ਲਾ ਲਿਆ। ਉਸ ਵਕਤ ਮੇਰੇ ਕੋਲ ਹੀ ਖੜ੍ਹਾ ਲਾਇਬਰੇਰੀ ਦਾ ਅੰਗਰੇਜ਼ ਕਰਮਚਾਰੀ ਸ਼ੈਲਫ ਉਤੇ ਕਿਤਾਬਾਂ ਠੀਕ ਕਰ ਕੇ ਰੱਖ ਰਿਹਾ ਸੀ। ਉਹਨੇ ਬੜਾ ਹੈਰਾਨ ਹੋ ਕੇ ਮੇਰੇ ਵੱਲ ਦੇਖਿਆ ਅਤੇ ਤੁਹਾਡੀ ਦਾੜ੍ਹੀ-ਪੱਗ ਵਾਲੀ ਤਸਵੀਰ ਨੂੰ ਦੇਖਦਿਆਂ ਮੁਸਕਰਾ ਕੇ ਆਖਣ ਲੱਗਿਆ, 'ਇਹ ਕੋਈ ਸਾਧੂ-ਮਹਾਤਮਾ ਹੈ?' ਮੈਂ ਦੱਸਿਆ ਕਿ ਮੈਂ ਤਸਵੀਰ ਨੂੰ ਨਮਸਕਾਰ ਨਹੀਂ ਕਰ ਰਹੀ, ਮੈਂ ਤਾਂ ਇਸਤਰੀ ਬਾਰੇ ਲਿਖੇ ਖ਼ੂਬਸੂਰਤ ਖ਼ਿਆਲਾਂ ਨੂੰ ਨਮਸਕਾਰ ਕਰ ਰਹੀ ਹਾਂ। ਜਦੋਂ ਮੈਂ ਅੰਗਰੇਜ਼ੀ ਵਿਚ ਟਰਾਂਸਲੇਸ਼ਨ ਕਰ ਕੇ ਉਹਨੂੰ ਦੱਸਿਆ ਤਾਂ ਉਹ ਬੜਾ ਖ਼ੁਸ਼ ਹੋਇਆ ਤੇ ਇਕਦਮ ਬੋਲਿਆ, 'ਉਤਮ ਵਿਚਾਰ! ਮੈਂ ਸੋਚਿਆ, ਤੁਸੀਂ ਕਿਸੇ ਸੰਤ ਨੂੰ ਮੱਥਾ ਟੇਕ ਰਹੇ ਹੋ। ਤੁਸੀਂ ਇੰਡੀਅਨ ਲੋਕ ਤਾਂ, ਸੁਣਿਆ ਹੈ, ਆਪਣੀਆਂ ਕੁੜੀਆਂ ਨੂੰ ਤਾਂ ਜੰਮਣ ਤੋਂ ਪਹਿਲਾਂ ਹੀ ਮਾਰ ਦਿੰਦੇ ਹੋ ਅਤੇ ਸਾਧਾਂ-ਸੰਤਾਂ ਦੀ ਪੂਜਾ ਨੂੰ ਜ਼ਿਆਦਾ ਮਹੱਤਵ ਦਿੰਦੇ ਹੋ'!"

ਜੇ ਲੇਖਕ ਇਸਤਰੀ ਨੂੰ ਜਾਇਦਾਦ ਸਮਝਣ ਵਾਲੀ ਜਗੀਰੂ ਸੋਚ ਜਾਂ ਮੰਡੀ ਦਾ ਮਾਲ ਸਮਝਣ ਵਾਲੀ ਪੂੰਜੀਵਾਦੀ ਸੋਚ ਦਾ ਮਾਲਕ ਹੋਵੇਗਾ, ਉਹਦੇ ਲਈ ਇਸਤਰੀ ਵਸਤ ਤੋਂ ਵੱਧ ਕੁਝ ਨਹੀਂ ਹੋਵੇਗੀ ਪਰ ਮਾਨਵੀ ਸੋਚ ਦਾ ਮਾਲਕ ਅੱਗੇਵਧੂ ਸਾਹਿਤਕਾਰ ਇਸਤਰੀ ਪਾਤਰ ਨੂੰ ਚਿੱਕੜ ਵਿਚ ਨਹੀਂ ਸੁੱਟੇਗਾ ਸਗੋਂ ਉਸ ਦੇ ਤਿਲ੍ਹਕਣ ਦੇ ਕਾਰਨਾਂ ਤੱਕ ਜਾਵੇਗਾ।

**(ਚਲਦਾ)**

# ਨਮਸਕਾਰ

*(ਪਿਛਲੇ ਸਫੇ ਦੀ ਬਾਕੀ)*

ਲਗਦਾ ਸੀ ਕਿਸੇ ਦਾ ਮੇਰੇ ਆਪਣੇ ਨਾਲ ਵਾਹ ਨਹੀਂ ਪੈਂਦਾ, ਮੇਰੇ ਕਸਬ ਨਾਲ ਹੀ ਪੈਂਦਾ ਏ।"

"ਪਰ ਬਿਮਾਰ ਨੂੰ ਤੇ ਡਾਕਟਰ ਦੀ ਲੋੜ ਹੈ, ਤੇਰੀ ਨਹੀਂ।"

"ਮੰਨ ਲਿਆ, ਪਰ ਓਥੇ ਗੱਲ ਹੋਰ ਈ ਏ।" ਫਿਰ ਉਸ ਨੇ ਕੁਝ ਨਿਮਰਤਾ ਨਾਲ ਤੇ ਕੁਝ ਮਖ਼ੌਲ ਨਾਲ ਮਲਿੰਗਟਨ ਨੂੰ ਕਿਹਾ, "ਮੈਂ ਇਕ ਫੜ੍ਹ ਮਾਰ ਲਵਾਂ?"

ਮਲਿੰਗਟਨ ਪਿਆਰ ਨਾਲ ਉਸ ਵੱਲ ਵੇਖ ਕੇ ਮੁਸਕਰਾਇਆ, ਜਿਵੇਂ ਕਹਿ ਰਿਹਾ ਹੋਵੇ ਤੂੰ ਜੋ ਕੁਝ ਕਹੇਂਗੀ, ਤੋਲ ਕੇ ਹੀ ਕਹੇਂਗੀ, ਫੜ੍ਹ ਨਹੀਂ ਮਾਰੇਂਗੀ।

"ਕਦੀ ਕਦੀ ਤਾਂ ਮੈਨੂੰ ਇਸ ਤਰ੍ਹਾਂ ਲਗਦਾ ਏ ਜਿਵੇਂ ਮੈਂ ਆਪਣੇ ਪਿੰਡਾਂ ਵਿਚ ਆਪਣੇ ਤਰੀਕੇ ਨਾਲ ਫਿਰ ਕੇ ਉਥੋਂ ਦੀਆਂ ਔਰਤਾਂ ਵਿਚ ਜਾਨ ਪਾ ਰਹੀ ਹੋਵਾਂ। ਜਿਵੇਂ ਉਨ੍ਹਾਂ ਲਈ ਜਿਊਣ ਦਾ ਰਾਹ ਖੋਲ੍ਹ ਰਹੀ ਹੋਵਾਂ।"

ਮੈਨੂੰ ਉਸ ਦੀ ਗੱਲ ਧੁੰਦਲੀ ਜਿਹੀ ਲੱਗੀ। ਉਹ ਆਪਣੀ ਹਸਤੀ ਨਾਲ ਹੀ ਔਰਤਾਂ ਨੂੰ ਆਜ਼ਾਦੀ ਦੁਆਂਦੀ ਅਨੁਭਵ ਕਰ ਰਹੀ ਸੀ। ਇਹ ਭੁਲੇਖਾ ਹਟਾਣ ਲਈ ਮੈਂ ਕਿਹਾ, "ਪਤਾ ਨਹੀਂ ਮੈਂ ਤੇਰੇ ਵਾਲੇ ਪਹੇ 'ਤੇ ਪਿਆ ਹੋਇਆ ਹਾਂ ਕਿ ਨਹੀਂ, ਪਰ ਜੇ ਸਿਆਲਾਂ ਦੀ ਧੀ ਹੀਰ ਆਪਣਾ ਕਿੱਸਾ ਲਿਖਵਾ ਕੇ ਤੇ ਬੰਦੇ ਬੰਦੇ ਦੇ ਮੂੰਹੋਂ ਗਵਾ ਕੇ ਔਰਤਾਂ ਦਾ ਰਾਹ ਨਾ ਖੋਲ੍ਹ ਸਕੀ ਤਾਂ ਤੂੰ ਫਿਰ ਟੁਰ ਕੇ ਹੀ ਕਿਵੇਂ ਖੋਲ੍ਹ ਦੇਵੇਂਗੀ।"

"ਨਹੀਂ ਉਹ ਗੱਲ ਹੋਰ ਏ", ਉਸ ਨੇ ਝਟਪਟ ਘੁੰਡੀ ਫੜ ਕੇ ਕਿਹਾ। "ਆਦਰ ਮਰੀ ਹੋਈ ਹੀਰ ਦਾ ਹੀ ਹੋਇਆ ਹੈ। ਜਿਊਂਦੀ ਹੀਰ ਦਾ ਕਿਧਰੇ ਕੋਈ ਆਦਰ ਨਹੀਂ ਸੀ। ਮਰਨ ਪਿਛੋਂ ਆਦਰ ਮਿਲਣ ਕਰ ਕੇ, ਕਿਸੇ ਜਿਊਂਦੀ ਇਸਤਰੀ ਦਾ ਕੋਈ ਆਦਰ ਨਹੀਂ ਹੋ ਸਕਦਾ। ਮੇਰੀ ਪਦਵੀ ਕਰ ਕੇ ਤੇ ਮੇਰੇ ਕਸਬ ਤੋਂ ਲਾਭ ਹੋਣ ਕਰ ਕੇ ਮੇਰਾ ਜਿਊਂਦੀ ਦਾ ਆਦਰ ਹੈ। ਹੋਰ ਇਸਤਰੀਆਂ ਜਿਊਂਦੀਆਂ ਹੀ ਇਸ ਵਿਚ ਹਿੱਸੇਦਾਰ ਹੋ ਸਕਦੀਆਂ ਨੇ।"

"ਪਰ ਸਾਰੀਆਂ ਤੇ ਡਾਕਟਰ ਨਹੀਂ। ਉਹ ਕਿਸ ਤਰ੍ਹਾਂ ਹਿੱਸੇਦਾਰ ਹੋ ਸਕਦੀਆਂ ਨੇ?" ਮਲਿੰਗਟਨ ਨੇ ਦਲੀਲ ਦਾ ਇਕ ਸਿਰਾ ਆਪਣੇ ਹੱਥ ਵਿਚ ਫੜ ਲਿਆ।

"ਤੁਹਾਡੇ ਅੰਗਰੇਜ਼ਾਂ ਲਈ ਇਹ ਗੱਲ ਅਚਰਜ ਹੋਵੇਗੀ, ਪਰ ਏਥੇ ਸਹੀ ਏ। ਜਦੋਂ ਇਕ ਇਸਤਰੀ ਜਿਥੇ ਚਾਹੇ ਫਿਰਦੀ ਹੈ, ਜਿਸ ਤਰ੍ਹਾਂ ਦੇ ਚਾਹੇ ਕੱਪੜੇ ਪਾਂਦੀ ਹੈ, ਜੋ ਕੁਝ ਚਾਹੇ ਕਰਦੀ ਹੈ ਤੇ ਫਿਰ ਆਦਰਯੋਗ ਰਹਿੰਦੀ ਹੈ ਤਾਂ ਇਹ ਗੱਲ ਲੋਕਾਂ ਦੇ ਮਨ ਵਿਚ ਬਹਿ ਜਾਂਦੀ ਹੈ। ਉਨ੍ਹਾਂ ਦੀ ਇਕ ਧੀ ਕੋਲ ਉਚੀ ਵਿੱਦਿਆ ਹੈ, ਜਿਸ ਨੂੰ ਲੈ ਕੇ ਉਹ ਉਨ੍ਹਾਂ ਦੇ ਭਲੇ ਲਈ ਪਿੰਡ ਪਿੰਡ ਫਿਰ ਰਹੀ ਹੈ ਤਾਂ ਫਿਰ ਉਸ ਨਾਲੋਂ ਵਧ ਸਤਿਕਾਰਯੋਗ ਕੌਣ ਹੈ? ਮੇਰੀ ਸ਼ਕਲ ਇਲਾਕੇ ਦੇ ਹਰ ਬੰਦੇ ਤੇ ਹਰ ਜ਼ਨਾਨੀ ਦੇ ਸਾਹਮਣੇ ਹੈ। ਹੋਰ ਜ਼ਨਾਨੀਆਂ ਨੂੰ ਕਿਹੋ ਜਿਹਾ ਜੀਵਨ ਮਿਲਣਾ ਚਾਹੀਦਾ ਹੈ, ਇਹ ਸਿਖਣ ਵਿਚ, ਮੈਂ ਕਹਿੰਦੀ ਹਾਂ, ਮੇਰੀ ਇਸ ਮੂਰਤ ਦਾ ਹਿੱਸਾ ਹੈ।"

ਮਲਿੰਗਟਨ ਚੁੱਪ ਹੋ ਗਿਆ ਤੇ ਸਿੱਧਾ ਹੋਟਲ ਦੀ ਸਾਹਮਣੀ ਕੰਧ ਵਲ ਵੇਖੀ ਗਿਆ। ਉਹ ਸ਼ਾਇਦ ਉਸ ਨੂੰ ਆਪਣੇ ਪਿੰਡਾਂ ਵਿਚ ਵਿਚਰਦੀ ਨੂੰ ਵੇਖ ਰਿਹਾ ਸੀ, ਕਦੀ ਸਾਈਕਲ ਉਤੇ, ਕਦੀ ਟਾਂਗੇ ਉਤੇ। ਕਿਸ ਤਰ੍ਹਾਂ ਪਿੰਡ ਦੇ ਬੁੱਢੇ ਕਿਰਸਾਨਾਂ ਲਈ ਉਹ ਇਕ ਆਦਰਸ਼ਕ ਇਸਤਰੀ ਦੀ ਮੂਰਤ ਸੀ।

"ਉਹ! ਮੈਂ ਕਿੰਨੇ ਗਪੌੜ ਛੱਡੇ ਨੇ! ਕੋਈ ਸੰਗ ਸ਼ਰਮ ਸਾਡੇ ਹਿੰਦੁਸਤਾਨੀਆਂ ਦੇ ਨੇੜਿਓਂ ਨਹੀਂ ਲੰਘੀ।" ਉਸ ਨੇ ਮਲਿੰਗਟਨ ਨੂੰ ਆਪਣੇ ਨਾਲ ਰੁਝਿਆਂ ਅਨੁਭਵ ਕਰ ਕੇ ਕਿਹਾ। "ਚੰਗਾ, ਹੁਣ ਮੈਨੂੰ ਆਗਿਆ ਦਿਓ। ਅੱਜ ਤੁਸਾਂ ਮੈਥੋਂ ਕਿਹੋ ਜਿਹੀਆਂ ਗੱਲਾਂ ਕਰਵਾਈਆਂ ਨੇ!" ਉਸ ਨੇ ਉਠ ਕੇ ਖਲੋਂਦੀ ਹੋਈ ਮੈਨੂੰ ਕਿਹਾ।

ਹੋਟਲ ਦੇ ਬਰਾਂਡੇ ਵਿਚ ਆ ਕੇ ਅਸਾਂ ਉਸ ਨੂੰ ਵਿਦਾ ਕੀਤਾ।

ਜਦੋਂ ਉਹ ਕੁਝ ਦੂਰ ਚਲੀ ਗਈ ਤਾਂ ਮਲਿੰਗਟਨ ਨੇ ਫਿਰ ਪਹਿਲੇ ਵਾਂਗ ਹੱਥ ਜੋੜ ਕੇ ਮੱਥਾ ਟੇਕਿਆ।

"ਤੂੰ ਕਿਸ ਨੂੰ ਨਮਸਕਾਰ ਕੀਤੀ ਹੈ?" ਮੈਂ ਪੁੱਛਿਆ।

"ਉਸ ਇਸਤਰੀ ਨੂੰ।"

"ਤੂੰ ਕਹਿੰਦਾ ਸੈਂ, ਮੈਂ ਕਿਸੇ ਪ੍ਰਾਣੀ ਨੂੰ ਇਸ ਤਰ੍ਹਾਂ ਦੀ ਨਮਸਕਾਰ ਨਹੀਂ ਕਰਦਾ।"

"ਨਹੀਂ, ਇਹ ਕੋਈ ਇਕੱਲਾ ਪ੍ਰਾਣੀ ਨਹੀਂ ਹੈ। ਇਹ ਤੇ ਇਕ ਲਹਿਰ ਵਾਂਗ ਹੈ, ਇਕ ਹਵਾ ਹੈ, ਇਕ ਰੰਗ ਹੈ; ਅਸਲ ਵਿਚ ਇਹ ਤੁਹਾਡਾ ਨਵਾਂ ਭਾਰਤ ਹੈ।"

#

## ਵਿਅੰਗ


### ਬਲੈਕ ਮਨੀ

ਬੇਗੋ ਆਖਦੀ ਇੰਦਰ ਬਾਣੀਏ ਨੂੰ
ਮਾਇਆ ਰਹੇ ਇਕ ਥਾਂ ਖੜ੍ਹੀ ਸੇਠਾ।
ਕਾਲਾ ਧਨ ਵਿਦੇਸ਼ ਤੋਂ ਲਿਆਉਣ ਖਾਤਰ
ਜਾਂਦੇ ਮੰਤਰੀ ਸਕੀਮ ਘੜੀ ਸੇਠਾ।
ਚੀਕਾਂ ਮਾਰਦੇ ਖਪਤਕਾਰ ਫਿਰਦੇ
ਜਾਂਦਾ ਡੇਂਗੂ ਮਹਿੰਗਾਈ ਦਾ ਚੜ੍ਹੀ ਸੇਠਾ।
'ਮੁਰਾਦ ਵਾਲਿਆ' ਖਰਚ ਲੈ ਜਮ੍ਹਾਂ ਕੀਤੀ
ਜਾਵਣ ਵਰਦੀਆਂ ਜ਼ਖੀਰੇ ਫੜੀ ਸੇਠਾ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

# ਨਾ ਤਿੰਨਾਂ ਵਿਚ, ਨਾ ਤੇਰ੍ਹਾਂ ਵਿਚ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਇਹ ਮੇਰੇ ਕਾਲਿਜ ਦੇ ਦਿਨਾਂ ਦੀ ਗੱਲ ਹੈ। ਸਾਡੇ ਪੰਜਾਬੀ ਦੇ 'ਪ੍ਰੋਫੈਸਰ' ਨੇ ਦਰਜਨ ਕੁ ਵਿਦਿਆਰਥੀਆਂ ਨੂੰ ਲੈ ਕੇ ਚੰਡੀਗੜ੍ਹ ਵਿਦਿਅਕ ਟੂਅਰ ਲਿਜਾਣ ਦਾ ਪ੍ਰੋਗਰਾਮ ਬਣਾਇਆ। ਉਨ੍ਹਾਂ ਦੀ ਚੰਡੀਗੜ੍ਹ ਵਿਚ ਕਿਸੇ ਕਾਮਰੇਡ ਐਮ.ਐਲ.ਏ. ਨਾਲ ਦੋਸਤੀ ਸੀ, ਇਸ ਲਈ ਸਾਡੀ ਰਿਹਾਇਸ਼ ਦਾ ਪ੍ਰਬੰਧ ਉਸ ਦੇ ਸਰਕਾਰੀ ਕੁਆਟਰ ਵਿਚ ਕੀਤਾ ਗਿਆ। ਵਿਧਾਇਕਾਂ ਦੇ ਰਿਹਾਇਸ਼ੀ ਕੁਆਟਰ ਰਾਜਧਾਨੀ ਦੇ ਸੈਕਟਰ-3 ਵਿਚ ਸਥਿਤ ਹਨ। ਮਿਥੇ ਦਿਨ ਬੱਸ ਅੱਡੇ ਤੋਂ ਵਿਦਿਆਰਥੀਆਂ ਨਾਲ ਭਰੇ ਥ੍ਰੀ ਵ੍ਹੀਲਰ ਸੈਕਟਰ-3 ਵਿਚ ਸਾਡੀ ਠਾਹਰ ਅੱਗੇ ਜਾ ਖੜੇ ਹੋਏ ਤਾਂ ਕੁਆਟਰ ਦਾ ਨੰਬਰ ਤੇਰ੍ਹਾਂ ਪੜ੍ਹ ਕੇ ਮੈਂ ਠਠੰਬਰ ਗਿਆ। ਮੇਰੇ ਮੂੰਹੋਂ ਸਹਿਜ ਸੁਭਾਵਕ ਨਿਕਲਿਆ, "ਕਹਿੰਦੇ ਹਨ, ਨਾ ਤਿੰਨਾਂ ਵਿਚ ਨਾ ਤੇਰ੍ਹਾਂ ਵਿਚ, ਪਰ ਅਸੀਂ ਤਾਂ ਅੱਜ ਤਿੰਨਾਂ ਵਿਚ ਵੀ ਹੋ ਗਏ, ਤੇਰ੍ਹਾਂ ਵਿਚ ਵੀ। ਕਰ ਦਿੱਤੀ ਨਾ ਆਪਾਂ ਇਹ ਕਹਾਵਤ ਝੂਠੀ।" ਸਾਰੇ ਜਣੇ ਹੱਸ ਪਏ। ਪ੍ਰੋਫੈਸਰ ਨੇ ਸਾਨੂੰ ਦੱਸਿਆ ਕਿ ਤਰਕਵਾਦੀ ਕਾਮਰੇਡ ਹੀ ਅਜਿਹਾ ਕਰ ਸਕਦੇ ਹਨ। ਵਿਧਾਇਕਾਂ ਲਈ ਬਣੇ ਕੁਆਟਰਾਂ ਵਿਚ ਕੋਈ ਐਮ.ਐਲ.ਏ. ਤੇਰ੍ਹਾਂ ਨੰਬਰ ਵਾਲੇ ਵਿਚ ਰਹਿਣਾ ਨਹੀਂ ਚਾਹੁੰਦਾ ਕਿਉਂਕਿ ਤੇਰ੍ਹਾਂ ਨੂੰ ਬਦਸ਼ਗਨਾਂ ਅੰਕ ਸਮਝਿਆ ਜਾਂਦਾ ਹੈ। ਕਾਮਰੇਡ ਅੰਧ-ਵਿਸ਼ਵਾਸੀ ਨਹੀਂ ਹੁੰਦੇ ਇਸ ਲਈ ਕਾਮਰੇਡ ਵਿਧਾਇਕ ਨੇ ਹੀ ਇਹ ਕਥਿਤ ਮਨਹੂਸ ਰਿਹਾਇਸ਼ ਚੁਣੀ।

ਚੰਡੀਗੜ੍ਹ ਵਿਚ ਤਾਂ ਤੇਰ੍ਹਾਂ ਨੰਬਰ ਦਾ ਕੋਈ ਵਸਦਾ-ਰਸਦਾ ਸੈਕਟਰ ਵੀ ਨਹੀਂ ਉਸਾਰਿਆ ਗਿਆ ਬਲਕਿ ਇਸ ਜਗਹ ਮੁਰਦਘਾਟ ਬਣਾਇਆ ਗਿਆ ਹੈ। ਪਹਿਲੀ ਵਾਰੀ ਚੰਡੀਗੜ੍ਹ ਗਏ ਵਿਦਿਆਰਥੀਆਂ ਲਈ ਇਹ ਨਵੀਂ ਗੱਲ ਸੀ। ਸੈਕਟਰ ਤੇਰ੍ਹਾਂ ਵਾਲੀ ਥਾਂ ਮੁਰਦਘਾਟ ਬਣਾ ਕੇ 13 ਦੇ ਬਦਸ਼ਗਨੀ ਹੋਣ ਵਾਲੇ ਵਹਿਮ ਨੂੰ ਦ੍ਰਿੜ ਅਤੇ ਮੰਨਣਯੋਗ ਹੀ ਬਣਾਇਆ ਗਿਆ ਹੈ ਤੇ ਉਹ ਵੀ ਸਰਕਾਰ ਵਲੋਂ। ਮਤਲਬ ਤੇਰ੍ਹਾਂ ਮੌਤ ਦਾ ਸੂਚਕ ਹੋਇਆ। ਦੋ ਦਿਨਾਂ ਦੀ ਆਪਣੀ ਫੇਰੀ ਦੌਰਾਨ ਅਸੀਂ ਅਕਸਰ ਹੀ ਤਿੰਨਾਂ ਵਿਚ ਨਾ ਤੇਰ੍ਹਾਂ ਵਿਚ ਵਾਲੀ ਕਹਾਵਤ ਹੀ ਦੁਹਰਾਉਂਦੇ ਕਿਲਕਾਰੀਆਂ ਮਾਰਦੇ ਰਹੇ, ਪਰ ਸਾਡਾ ਇਕ ਕਾਮਰੇਡ ਵਿਰੋਧੀ ਵਿਚਾਰਾਂ ਵਾਲਾ ਸਾਥੀ ਵਿਅੰਗ ਕੱਸਦਾ ਰਿਹਾ, "ਕਾਮਰੇਡਾਂ ਨੂੰ ਪੁਛਦਾ ਹੀ ਕੌਣ ਹੈ, ਇਹ ਨਾ ਤਿੰਨਾਂ ਵਿਚ ਹਨ, ਨਾ ਤੇਰ੍ਹਾਂ ਵਿਚ। ਤਾਂ ਹੀ ਤਾਂ ਸਾਰਿਆਂ ਵਲੋਂ ਨਾ ਕਬੂਲਿਆ ਕੁਆਟਰ ਕਾਮਰੇਡ ਦੇ ਪੱਲੇ ਪਿਆ।"

ਸਾਹਿਤਕਾਰ ਅਕਸਰ ਮੁਹਾਵਰੇ ਕਹਾਵਤਾਂ ਤੋੜ-ਮਰੋੜ ਕੇ ਨਵੇਂ ਰੂਪ ਦਿੰਦੇ ਤੇ ਨਵੇਂ ਅਰਥ ਕੱਢਦੇ ਰਹਿੰਦੇ ਹਨ। ਅਮਰੀਕਾ ਦੇ ਸਮਰੱਥ ਕਵੀ ਸ਼ੇਰ ਸਿੰਘ ਕੰਵਲ ਨੇ ਕੁਝ ਅਜਿਹਾ ਹੀ ਕੀਤਾ ਹੈ, "ਥੁੱਕੇ ਮੋਢਿਆਂ ਟੁੱਕ ਨੂੰ 'ਟੁੱਚ' ਦੱਸੇ, ਤਿੰਨ ਤੇਰ੍ਹਾਂ ਦੇ ਵਿਚੋਂ ਅਖਵਾਉਣ ਲੱਗਾ।" ਤਿੰਨ-ਤੇਰ੍ਹਾਂ ਵਿਚ ਫਰਕ ਨਾ ਕਰ ਸਕਣ ਵਾਲੀ ਗੱਲ ਵੀ ਅਕਸਰ ਕਹੀ ਜਾਂਦੀ ਹੈ। ਇਕ ਹੋਰ ਮੁਹਾਵਰਾ ਹੈ, 'ਤਿੰਨ ਤੇਰ੍ਹਾਂ ਕਰਨਾ' ਜਿਸ ਦਾ ਅਰਥ ਹੁੰਦਾ ਹੈ- ਖੇਰੂੰ ਖੇਰੂੰ ਕਰਨਾ, ਬਿਖੇਰਨਾ। ਇਸ ਮੁਹਾਵਰੇ ਤੋਂ ਥੋੜ੍ਹੇ ਜਣਿਆਂ ਵਲੋਂ ਵੀ ਇਕੱਠੇ ਨਾ ਰਹਿਣ ਦੀ ਪ੍ਰਵਿਰਤੀ ਦਾ ਸੁਝਾਅ ਮਿਲਦਾ ਹੈ। ਜਿਵੇਂ ਤਿੰਨ ਪੂਰਬੀਏ ਹੋਣ ਤਾਂ ਉਨ੍ਹਾਂ ਦੇ ਤੇਰ੍ਹਾਂ ਚੁਲ੍ਹੇ ਹੁੰਦੇ ਹਨ। ਹਿੰਦੀ ਵਿਚ ਇਕ ਕਹਾਵਤ ਹੈ, 'ਤੀਨ ਬੁਲਾਏ



ਤੇਰਹ ਆਏ ਦੇਹ ਦਾਲ ਮੇਂ ਪਾਨੀ', ਭਾਵ ਸੰਕਟ ਆਵੇ ਤਾਂ ਬੰਨ੍ਹ ਸੁਬ ਲੱਗ ਹੀ ਜਾਂਦਾ ਹੈ। ਧਿਆਨ ਰਹੇ, ਮੁਹਾਵਰਾ ਬਣਾਉਣ ਪਿਛੇ ਕਾਵਕਿਤਾ ਵੀ ਕੰਮ ਕਰਦੀ ਹੈ, ਤਿੰਨ ਅਤੇ ਤੇਰ੍ਹਾਂ ਦਾ ਮੇਲ ਅਨੁਪਰਾਸ ਵੀ ਪੈਦਾ ਕਰਦਾ ਹੈ।

'ਤਿਨਾਂ ਵਿਚ ਨਾ ਤੇਰ੍ਹਾਂ ਵਿਚ' ਵਾਲੀ ਕਹਾਵਤ 'ਤੇ ਆਈਏ। ਮੈਂ ਅਕਸਰ ਹੀ ਇਸ ਕਹਾਵਤ ਦੇ ਪਿਛੋਕੜ ਬਾਰੇ ਸੋਚਿਆ ਕਰਦਾ ਸਾਂ ਕਿ ਅਚਾਨਕ ਇਕ ਦਿਨ ਮੈਨੂੰ ਕਿਧਰੇ ਮਤਲਬ ਦੀ ਚੀਜ਼ ਪੜ੍ਹਨ ਨੂੰ ਮਿਲ ਗਈ। "ਟੇਢੀ ਖੀਰ" ਵਾਲੇ ਲੇਖ ਵਿਚ ਅਸੀਂ ਦੱਸ ਆਏ ਹਾਂ ਕਿ ਬਹੁਤ ਸਾਰੇ ਮੁਹਾਵਰੇ, ਲੋਕੋਕਤੀਆਂ ਆਦਿ ਦੇ ਪਿਛੋਕੜ ਦਾ ਪਤਾ ਲਾਉਣਾ ਬਹੁਤ ਕਠਨ ਹੁੰਦਾ ਹੈ। ਕਈਆਂ ਦੇ ਪਿਛੇ ਸੱਚਮੁਚ ਕੋਈ ਨਾ ਕੋਈ ਸੱਚਾ ਵਾਕਿਆ ਹੁੰਦਾ ਹੈ ਪਰ ਕਈਆਂ ਦੇ ਰਹੱਸ ਖੋਲ੍ਹਣ ਲਈ ਲੋਕ ਖੁਦ ਕੋਈ ਨਾ ਕੋਈ ਕਹਾਣੀ ਘੜ ਲੈਂਦੇ ਹਨ। ਮੇਰੀ ਪੜ੍ਹੀ ਹੋਈ ਕਹਾਣੀ ਤੋਂ ਮਲੂਮ ਹੁੰਦਾ ਹੈ ਕਿ ਵਰਤਮਾਨ ਕਹਾਵਤ ਵੀ ਕੁਝ ਅਜਿਹੀ ਹੀ ਹੈ। ਮੈਂ ਨਿਰਣਾ ਨਹੀਂ ਕਰ ਸਕਦਾ ਕਿ ਇਹ ਸੱਚੀ ਹੈ ਜਾਂ ਮਨਘੜਤ ਪਰ ਪੇਸ਼ ਕਰ ਰਿਹਾ ਹਾਂ, ਪਾਠਕ ਇਸ ਦਾ ਲੁਤਫ ਲੈਣ।

ਇਕ ਸ਼ਹਿਰ ਵਿਚ ਇਕ ਬਹੁਤ ਮੰਨਿਆ ਦੰਨਿਆ ਧਨਾਢ ਸੇਠ ਰਹਿੰਦਾ ਸੀ। ਵੱਡੀ ਹਵੇਲੀ, ਨੌਕਰ-ਚਾਕਰ ਤੇ ਐਸ਼ੋ ਇਸ਼ਰਤ ਦਾ ਪੂਰਾ ਸਮਾਨ ਸੀ। ਪੂਰਾ ਕਾਰੋਬਾਰ ਸੰਭਾਲਣ ਲਈ ਇਕ ਮੁਨੀਮ ਵੀ ਰੱਖਿਆ ਹੋਇਆ ਸੀ। ਅਮੀਰਾਂ ਦੇ ਸ਼ੌਕਾਂ ਵਿਚ ਇਕ ਸ਼ੌਕ ਵੇਸਵਾਗਮਨੀ ਵੀ ਹੁੰਦਾ ਹੈ। ਕਿਸੇ ਸਮਾਜਕ ਸਮਾਰੋਹ ਦੌਰਾਨ ਸੇਠ ਦੀ ਮੁਲਾਕਾਤ ਸ਼ਹਿਰ ਦੀ ਸਭ ਤੋਂ ਹੁਸੀਨ ਤੇ ਕਹਿੰਦੀ ਕਹਾਉਂਦੀ ਵੇਸਵਾ ਨਾਲ ਹੋ ਜਾਂਦੀ ਹੈ। ਵੇਸਵਾ ਆਪਣੀਆਂ ਪੂਰੀਆਂ ਅਦਾਵਾਂ ਨਾਲ ਸੇਠ ਨੂੰ ਫੁਸਲਾਉਣ ਦਾ ਜਤਨ ਕਰਨ ਲੱਗੀ। ਸੇਠ ਆਖਰਕਾਰ ਪੱਟਿਆ ਹੀ ਗਿਆ। ਵੇਸਵਾ ਨੇ ਪਹਿਲਾਂ ਤਾਂ ਨਖਰੇ ਕੀਤੇ ਪਰ ਫਿਰ ਆਪਣੀ ਸਟਰੈਟਿਜੀ ਅਨੁਸਾਰ ਉਸ ਨੂੰ ਸਵੀਕਾਰ ਕਰ ਲਿਆ। ਉਸ ਨੇ ਸੇਠ ਨੂੰ ਆਪਣੇ ਘਰ ਵੀ ਬੁਲਾ ਲਿਆ। ਸੇਠ ਦੇ ਤਾਂ ਪੈਰ ਜ਼ਮੀਨ 'ਤੇ ਨਾ ਲੱਗਣ। ਸ਼ਹਿਰ ਦੀ ਸਭ ਤੋਂ ਹੁਸੀਨ ਔਰਤ ਉਸ ਦੀ ਹੋ ਚੁੱਕੀ ਸੀ।

ਫਿਰ ਕੀ ਸੀ, ਸੇਠ ਅਕਸਰ ਹੀ ਵੇਸਵਾ ਦੇ ਘਰ ਫੇਰੇ ਮਾਰਨ ਲੱਗ ਪਿਆ। ਉਹ ਵੀ ਸੇਠ ਦੀ ਆਮਦ 'ਤੇ ਪੂਰੇ ਹਾਰ ਸ਼ਿੰਗਾਰ ਕਰਦੀ, ਉਸ ਦੀ ਸੇਵਾ ਵਿਚ ਕੋਈ ਕਸਰ ਨਾ ਛੱਡਦੀ ਤੇ ਆਪਣਾ ਪੂਰਾ ਪਿਆਰ ਜਤਾਉਂਦੀ। ਸੇਠ ਨੂੰ ਪੂਰਾ ਯਕੀਨ ਹੋ ਗਿਆ ਕਿ ਉਹ ਵੇਸਵਾ ਦਾ ਸਭ ਤੋਂ ਵਧ ਚਹੇਤਾ ਹੈ। ਸੇਠ ਦੀਆਂ ਫੇਰੀਆਂ ਵਧਦੀਆ ਹੀ ਗਈਆਂ। ਉਹ ਬੇਸ਼ੁਮਾਰ ਮਹਿੰਗੇ ਤੁਹਫੇ ਆਪਣੀ ਮਹਿਬੂਬਾ ਨੂੰ ਪੇਸ਼ ਕਰਦਾ ਅਤੇ ਉਸ 'ਤੇ ਧਨ ਦੌਲਤ ਲੁਟਾਉਣ ਲੱਗਾ। ਪੂਰੇ ਸ਼ਹਿਰ ਵਿਚ ਇਸ ਮੁਆਸ਼ਕੇ ਦੀ ਚਰਚਾ ਹੋਣ ਲੱਗੀ। ਸੇਠ ਬਦਨਾਮ ਵੀ ਹੋਣ ਲੱਗਾ ਪਰ ਉਸ ਨੂੰ ਕੋਈ ਪਰਵਾਹ ਨਹੀਂ ਸੀ, ਉਹ ਤਾਂ ਪਿਆਰ ਵਿਚ ਪੂਰੀ ਤਰ੍ਹਾਂ ਅੰਨ੍ਹਾਂ ਹੋ ਚੁੱਕਾ ਸੀ। ਅਮੀਰ ਲੋਕਾਂ ਦੇ ਕਈ ਨੌਕਰ ਵੀ ਏਨੇ ਵਿਸ਼ਵਾਸ ਪਾਤਰ ਹੋ ਜਾਂਦੇ ਹਨ ਕਿ ਉਹ ਮਾਲਕ ਨੂੰ ਅਕਸਰ ਹੀ ਨਿਜੀ ਮਾਮਲਿਆਂ ਵਿਚ ਸਲਾਹ ਦੇਣ ਲੱਗ ਪੈਂਦੇ ਹਨ। ਸੇਠ ਦਾ ਮੁਨੀਮ ਅਜਿਹਾ ਹੀ ਸੀ। ਉਸ ਨੇ ਸੇਠ ਨੂੰ ਬਹੁਤ ਸਮਝਾਇਆ ਕਿ ਉਸ ਦਾ ਕਾਰੋਬਾਰ ਮੰਦਾ ਪੈ ਰਿਹਾ ਹੈ, ਉਹ ਵੇਸਵਾ ਦਾ ਖਹਿੜਾ ਛੱਡ ਦੇਵੇ ਪਰ ਸੇਠ ਨੇ ਇਕ ਨਾ ਮੰਨੀ, ਉਹ ਤਾਂ ਹੁਣ ਕਈ ਕਈ ਰਾਤਾਂ ਵੀ ਉਥੇ ਹੀ ਗੁਜ਼ਾਰਨ ਲੱਗਾ।

ਇਕ ਦਿਨ ਸੇਠ ਜ਼ਬਰਦਸਤ ਬੀਮਾਰ ਹੋ ਗਿਆ ਤੇ ਕਈ ਦਿਨ ਉਸ ਦਾ ਬੁਖਾਰ ਨਾ ਹਟਿਆ। ਇਸ ਦੌਰਾਨ ਵੇਸਵਾ ਦਾ ਜਨਮ ਦਿਨ ਆ ਗਿਆ। ਸੇਠ ਆਪਣੇ ਅਦੁਤੀ ਪਿਆਰ ਦਾ ਇਜ਼ਹਾਰ ਕਿਵੇਂ ਕਰੇ? ਆਖਰ ਉਸ ਨੂੰ ਇਕ ਤਰਕੀਬ ਸੁਝੀ। ਉਸ ਨੇ ਬਾਜ਼ਾਰ ਵਿਚ ਸਭ ਤੋਂ ਮਹਿੰਗਾ ਨੌ ਲੱਖਾ ਹਾਰ ਮੰਗਵਾਇਆ ਅਤੇ ਵੇਸਵਾ ਕੋਲ ਮੁਨੀਮ ਹੱਥ ਭੇਜਣ ਲਈ ਉਸ ਨੂੰ ਸੱਦਿਆ। ਮੁਨੀਮ ਨੇ ਦੇਖਿਆ ਕਿ ਏਨਾ ਮਹਿੰਗਾ ਹਾਰ, ਇਹ ਤਾਂ ਘਰ ਨੂੰ ਲੁਟਾਉਣ ਵਾਲੀ ਗੱਲ ਸੀ। ਉਸ ਨੇ ਸੇਠ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਇਹ ਕੰਜਰੀਆਂ ਹਰ ਅਮੀਰ ਨੂੰ ਆਪਣਾ ਸਭ ਤੋਂ ਚਹੇਤਾ ਪ੍ਰੇਮੀ ਦੱਸਦੀਆਂ ਹਨ ਪਰ ਦਰਅਸਲ ਸੱਚਾਈ ਇਹ ਨਹੀਂ ਹੁੰਦੀ, ਮਹਿਜ਼ ਵਿਖਾਵਾ ਹੁੰਦਾ ਹੈ। ਉਨ੍ਹਾਂ ਦੀ ਨਜ਼ਰ ਅਮੀਰਾਂ ਦੇ ਧੰਨ-ਦੌਲਤ 'ਤੇ ਹੁੰਦੀ ਹੈ। ਇਸ ਕੰਜਰੀ ਦੇ ਵੀ ਸ਼ਹਿਰ ਦੇ ਹੋਰ ਬਥੇਰੇ ਧਨਾਢ ਚੱਕਰ ਕੱਟਦੇ ਰਹਿੰਦੇ ਹਨ। ਪਰ ਸੇਠ ਦੇ ਕੰਨ 'ਤੇ ਜੂੰ ਨਾ ਸਰਕੀ। ਉਸ ਨੇ ਨੰਨਾ ਫੜੀ ਰੱਖਿਆ ਤੇ ਆਖਰ ਤੈਸ਼ ਵਿਚ ਆ ਕੇ ਕਿਹਾ ਕਿ ਤੂੰ ਮੇਰਾ ਮਾਮੂਲੀ ਨੌਕਰ ਹੈਂ, ਮੇਰਾ ਕਿਹਾ ਮੰਨ ਨਹੀਂ ਤਾਂ ਬੋਰੀਆ ਬਿਸਤਰਾ ਗੋਲ ਕਰ ਲੈ। ਮੁਨੀਮ ਵਿਚਾਰਾ ਕੀ ਕਰਦਾ, ਨੌ ਲੱਖਾ ਹਾਰ ਹੱਥ ਵਿਚ ਚੁੱਕੀ ਤੇ ਸੇਠ ਨੂੰ ਮਨਾਉਣ ਦੀਆਂ ਹੋਰ ਤਰਕੀਬਾਂ ਸੋਚਦਾ ਵੇਸਵਾ ਦੇ ਦਰ 'ਤੇ ਜਾ ਪਹੁੰਚਾ।

ਅੰਦਰ ਜਾ ਕੇ ਉਸ ਨੇ ਡੱਬਾ ਖੋਲ੍ਹਦੇ ਹੋਏ ਵੇਸਵਾ ਨੂੰ ਕਿਹਾ, "ਆਹ ਲਵੋ ਜੀ ਨੌ ਲੱਖਾ ਹਾਰ, ਤੁਹਾਡੇ ਉਸ ਮਹਿਬੂਬ ਵਲੋਂ ਜਿਸ ਨੂੰ ਤੁਸੀਂ ਸਭ ਤੋਂ ਵਧ ਪਿਆਰ ਕਰਦੇ ਹੋ।" ਵੇਸਵਾ ਕੁਝ ਸੋਚਾਂ ਵਿਚ ਪੈ ਗਈ, ਕੌਣ ਹੈ ਜਿਸ ਨੂੰ ਮੈਂ ਸਭ ਤੋਂ ਵੱਧ ਪਿਆਰ ਕਰਦੀ ਹਾਂ? ਸੋਚ ਸਾਚ ਕੇ ਉਸ ਨੇ ਤਿੰਨ ਨਾਂ ਗਿਣਵਾਏ ਪਰ ਮੁਨੀਮ ਜੀ ਸੁਣ ਕੇ ਹੈਰਾਨ ਹੋ ਗਏ ਕਿ ਉਨ੍ਹਾਂ ਤਿੰਨਾਂ ਵਿਚ ਉਸ ਦੇ ਮਾਲਕ ਸੇਠ ਦਾ ਨਾਂ ਨਹੀਂ ਸੀ। ਮੁਨੀਮ ਨੇ ਨਾਂਹ ਵਿਚ ਸਿਰ ਫੇਰਿਆ। ਵੇਸਵਾ ਨੂੰ ਨੌ ਲੱਖਾ ਹਾਰ ਹੱਥੋਂ ਖਿਸਕਦਾ ਦਿਸਿਆ ਤਾਂ ਉਸ ਨੇ ਹੋਰ ਤੇਰ੍ਹਾਂ ਪ੍ਰੇਮੀਆਂ ਦੇ ਨਾਂ ਗਿਣਾ ਦਿੱਤੇ ਪਰ ਸੇਠ ਵਿਚਾਰੇ ਦਾ ਨਾਂ ਇਸ ਵੱਡੀ ਸੂਚੀ ਵਿਚ ਵੀ ਨਹੀਂ ਸੀ। ਮੁਨੀਮ ਤਾਂ ਇਕ ਦਮ ਭੌਂਚਕਾ ਗਿਆ, ਇਹ ਤਾਂ ਹੱਦ ਸੀ। ਉਹ ਗੁੱਸੇ ਵਿਚ ਆ ਗਿਆ ਪਰ ਕਚੀਚੀਆਂ ਵੱਟਦੇ ਨੇ ਡੱਬਾ ਸੰਭਾਲਿਆ ਤੇ ਰੁਖਸਤ ਹੋਣ ਲੱਗਾ। ਵੇਸਵਾ ਦੀ ਵੀ ਖਾਨਿਓਂ ਗਈ, ਹਾਰ ਉਸ ਦੇ ਕੋਲ ਆਉਂਦਾ ਆਉਂਦਾ ਵੀ ਹੱਥ ਨਹੀਂ ਆਇਆ। ਉਸ ਨੇ ਬਹੁਤ ਮਿੰਨਤਾਂ ਤਰਲੇ ਕੀਤੇ ਪਰ ਮੁਨੀਮ ਟੱਸ ਤੋਂ ਮੱਸ ਨਾ ਹੋਇਆ।

ਉਧਰ ਬਿਸਤਰੇ ਵਿਚ ਪਏ ਬੀਮਾਰ ਸੇਠ ਜੀ ਉਸਲਵੱਟੇ ਲੈ ਰਹੇ ਸਨ। ਉਹ ਮੁਨੀਮ ਦੀ ਇੰਤਜ਼ਾਰ ਵਿਚ ਸਨ ਕਿ ਆ ਕੇ ਦੱਸੇ ਉਸ ਦੀ ਮਹਿਬੂਬਾ ਦਾ ਕੀ ਪ੍ਰਤਿਕਰਮ ਸੀ। ਪਰ ਮੁਨੀਮ ਨੇ ਆਉਂਦੇ ਹੀ ਸ਼ਿਸ਼ਟਾਚਾਰ ਦੀ ਪਰਵਾਹ ਕਰੇ ਬਿਨਾਂ ਸੇਠ ਦੇ ਮੂੰਹ 'ਤੇ ਹਾਰ ਵਾਲਾ ਡੱਬਾ ਪਟਕਾ ਮਾਰਿਆ, "ਚੱਕੋ ਜੀ ਆਪਣਾ ਨੌ ਲੱਖਾ, ਤੁਸੀਂ ਤਾਂ ਨਾ ਤਿੰਨਾਂ ਵਿਚ ਹੋ ਤੇ ਨਾ ਤੇਰ੍ਹਾਂ ਵਿਚ।" ਪੁੱਛਣ 'ਤੇ ਮੁਨੀਮ ਨੇ ਸਾਰੀ ਹੋਈ ਬੀਤੀ ਸੁਣਾ ਦਿੱਤੀ। ਸੇਠ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਉਹ ਕਿੱਸਿਆਂ ਵਿਚ ਵਰਣਨ ਦੁਖਾਂਤ ਦੀ ਤਰ੍ਹਾਂ ਆਹ ਨਾਲ ਮਰਿਆ ਨਹੀਂ ਬਲਕਿ ਜ਼ਿੰਦਾ ਰਿਹਾ, ਦੁਨੀਆਂ ਨੂੰ ਇਹ ਦਰਸਾਉਣ ਲਈ ਕਿ ਧਨ ਦੌਲਤ ਹੀ ਸਭ ਕੁਝ ਨਹੀਂ ਹੁੰਦੀ।

## ਫਿਰ ਪੰਜਾਬ ਪੁਕਾਰੇ

ਫਿਰ ਪੰਜਾਬ ਪੁਕਾਰੇ, ਕੁਝ ਤੇ ਕਰੋ ਵੇ,
ਹੁਣ ਨਾ ਲਾਵੋ ਲਾਰੇ, ਕੁਝ ਤੇ ਕਰੋ ਵੇ।
ਬਾਤ ਪਾਓ ਕੋਈ ਨਲੂਏ ਤੇ ਰਣਜੀਤ ਦੀ,
ਭਰੇਗੀ ਧਰਤ ਹੁੰਗਾਰੇ, ਕੁਝ ਤੇ ਕਰੋ ਵੇ।

ਹਰ ਪਾਸੇ ਨੇ ਚੜ੍ਹੇ ਸੁਨਾਮੀ ਨਸ਼ੇ ਦੇ,
ਡੁੱਬ ਨਾ ਜਾਇਓ ਸਾਰੇ, ਕੁਝ ਤੇ ਕਰੋ ਵੇ।
ਪੀਂਘ ਪਈ ਸਤਰੰਗੀ ਵਿਚ ਅਸਮਾਨ ਦੇ,
ਉਠ ਕੇ ਦਿਓ ਹੁਲਾਰੇ, ਕੁਝ ਤੇ ਕਰੋ ਵੇ।

ਰਾਹੂ-ਕੇਤੂ ਚੰਨ ਨੂੰ ਖਾਈ ਜਾਂਵਦੇ,
ਗਿਣਦੇ ਰਿਹੋ ਨਾ ਤਾਰੇ, ਕੁਝ ਤੇ ਕਰੋ ਵੇ।
ਕਿਸ ਚੰਦਰੇ ਦੀ ਲੱਗੀ ਨਜ਼ਰ ਪੰਜਾਬ ਨੂੰ,
ਕੋਈ ਤੇ ਮਿਰਚਾਂ ਵਾਰੇ, ਕੁਝ ਤੇ ਕਰੋ ਵੇ।

ਅੱਖ ਅਮਨ ਦੀ ਰੱਤ ਦੇ ਅੱਥਰੂ ਰੋ ਰਹੀ,
ਫੁੱਲ ਬਣੇ ਅੰਗਿਆਰੇ, ਕੁਝ ਤੇ ਕਰੋ ਵੇ।
ਡਰੋ ਸਮੇਂ ਤੋਂ ਸਮਾਂ ਬਹੁਤ ਬਲਵਾਨ ਹੈ,
ਸਮੇਂ ਤੋਂ ਹਰ ਕੋਈ ਹਾਰੇ, ਕੁਝ ਤੇ ਕਰੋ ਵੇ।

ਧਰਤੀ ਰੋ-ਰੋ ਸੁੱਕ ਗਈ ਬੰਜਰ ਹੋ ਗਈ,
ਹੋਣ ਸਮੁੰਦਰ ਖਾਰੇ, ਕੁਝ ਤੇ ਕਰੋ ਵੇ।
ਧਰਮ ਦੇ ਨਾਂ 'ਤੇ ਧੰਦੇ ਕਰਨੇ ਛੱਡ ਦਿਓ,
ਊਧਮ ਭਗਤ ਪੁਕਾਰੇ, ਕੁਝ ਤੇ ਕਰੋ ਵੇ।

ਉਠੋ ਉਠ ਕੇ ਬਦਲੋ ਸਮੇਂ ਦੀ ਚਾਲ ਨੂੰ,
ਲਾਈ ਜਾਓ ਨਾ ਨਾਅਰੇ, ਕੁਝ ਤੇ ਕਰੋ ਵੇ।
ਉਠੋ ਵੇ ਮਜ਼ਦੂਰੋ ਕਾਮੇ ਕਿਰਤੀਓ,
ਦੱਸੋ ਹੱਥ ਕਰਾਰੇ, ਕੁਝ ਤੇ ਕਰੋ ਵੇ।

ਅਕਾਲ ਤਖ਼ਤ ਦੇ ਵਿਹੜੇ 'ਚ ਸਿੰਘ ਲੜ ਰਹੇ,
ਬਣ ਗਏ ਨੇ ਹਤਿਆਰੇ, ਕੁਝ ਤੇ ਕਰੋ ਵੇ।
ਚਲਦੀਆਂ ਨੇ ਤਲਵਾਰਾਂ ਡਾਂਗਾਂ ਬਰਛੀਆਂ,
ਢੱਠੇ ਪਏ ਦਸਤਾਰੇ, ਕੁਝ ਤੇ ਕਰੋ ਵੇ।

ਕੋਈ ਮਹਿਲਾਂ 'ਚ ਸੁੱਤੇ ਲੰਮੀਆਂ ਤਾਣ ਕੇ,
ਕੋਈ ਭੁੱਖੇ ਕਰਨ ਗੁਜ਼ਾਰੇ, ਕੁਝ ਤੇ ਕਰੋ ਵੇ।
ਜਦ ਕੂੰਜਾਂ ਕੁਰਲਾਵਣ ਵਿਚ ਅਸਮਾਨ ਦੇ,
ਕਿੰਜ 'ਸੁਰਜੀਤ' ਸਹਾਰੇ, ਕੁਝ ਤੇ ਕਰੋ ਵੇ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਧੁੱਪ ਤੋਂ ਬਿਨਾਂ ਧੁੱਪ ਦੀ ਮਹਿਫਿਲ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ

Sandhugulzar@yahoo.com

ਪੰਜਾਬੀ ਸਾਹਿਤ ਸਭਾ (ਨਵੀਂ ਦਿੱਲੀ) ਭਾਪਾ ਪ੍ਰੀਤਮ ਸਿੰਘ ਦੇ ਨਵਯੁਗ ਫਾਰਮ ਉਤੇ ਪਿਛਲੇ 26 ਸਾਲ ਤੋਂ ਧੁੱਪ ਦੀ ਮਹਿਫਲ ਲਾਉਂਦੀ ਆ ਰਹੀ ਹੈ। ਮੌਸਮ ਦੀ ਬੇਇਤਬਾਰੀ ਕਾਰਨ ਹੁਣ ਇਹ ਜਨਵਰੀ ਦੇ ਪਹਿਲੇ ਸਪਤਾਹ ਦੀ ਥਾਂ ਦੂਜੇ-ਤੀਜੇ ਸਪਤਾਹ ਲਗਦੀ ਹੈ। ਇਸ ਵਾਰੀ ਦੇ ਮੌਸਮ ਨੇ ਪ੍ਰਬੰਧਕਾਂ ਨੂੰ ਵਖਤ ਪਾਈ ਰੱਖਿਆ ਪਰ ਦਿਨ ਦੇ ਦਿਨ ਵੱਡਾ ਵਿਘਨ ਨਹੀਂ ਪਿਆ। ਧੁੱਪ ਤਾਂ ਏਨੀ ਨਹੀਂ ਸੀ ਪਰ ਮਿੱਤਰਾਂ ਦੀ ਆਮਦ ਨੇ ਇਸ ਨੂੰ ਧੁਪੀਲੀ ਕਰੀ ਰੱਖਿਆ।

ਇਹ ਪਹਿਲੀ ਵਾਰ ਹੈ ਕਿ ਇਸ ਵਿਚ ਦੋ ਵਾਈਸ ਚਾਂਸਲਰਾਂ ਨੇ ਸ਼ਿਰਕਤ ਕੀਤੀ। ਇਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਾਲਾ ਡਾ. ਜਸਪਾਲ ਸਿੰਘ ਤੇ ਦੂਜਾ ਕੁਰੂਕਸ਼ੇਤਰ ਯੂਨੀਵਰਸਿਟੀ ਦਾ ਡਾ. ਦੇਵਿੰਦਰ ਦਿਆਲ ਸਿੰਘ ਸੰਧੂ। ਪਹਿਲੇ ਨੂੰ ਸਾਹਿਤ ਸਭਾ ਨੇ ਸਨਮਾਨ ਕਰਨਾ ਸੀ ਅਤੇ ਦੂਜਾ ਸਨਮਾਨ ਕਰਨ ਵਾਲਿਆਂ ਦਾ ਮੁੱਖ ਮਹਿਮਾਨ ਸੀ। ਸਨਮਾਨੇ ਜਾਣ ਵਾਲਿਆਂ ਵਿਚ ਸਾਹਿਤਕ ਪੱਤਰਕਾਰ ਮਨਮੋਹਨ ਬਾਵਾ ਵੀ ਸੀ ਤੇ ਮੀਡੀਆ ਹਸਤੀ ਰਮੇਸ਼ ਵੀ ਸੀ। ਇਸ ਤੋਂ ਪਹਿਲਾਂ ਇਹ ਸਨਮਾਨ ਪ੍ਰਸਿੱਧ ਅੰਗਰੇਜ਼ੀ ਲੇਖਕ ਖੁਸ਼ਵੰਤ ਸਿੰਘ, ਸਾਰਕ ਪ੍ਰਸਿੱਧ ਸਾਹਿਤਕਾਰ ਅਜੀਤ ਕੌਰ, ਪ੍ਰਮੁੱਖ ਪੱਤਰਕਾਰ ਕੁਲਦੀਪ ਨੱਈਅਰ ਤੇ ਪੰਜਾਬੀ ਅਕਾਦਮੀ ਦਿੱਲੀ ਵਾਲੇ ਡਾ. ਰਵੇਲ ਸਿੰਘ ਨੂੰ ਵੀ ਦਿੱਤਾ ਜਾ ਚੁੱਕਾ ਹੈ। ਸਨਮਾਨ ਵਾਲਾ ਅਮਲ ਧੁੱਪ ਦੀ ਮਹਿਫਿਲ ਦਾ ਧੁਰਾ ਹੁੰਦਾ ਹੈ। ਸਨਮਾਨਿਤ ਸੱਜਣ ਪੰਜਾਬੀ ਸਾਹਿਤ ਤੇ ਸਭਿਆਚਾਰ ਦੀ ਪ੍ਰਫੁਲਿਤਾ ਲਈ ਯੋਗ ਨੁਕਤੇ ਦਸਦੇ ਹਨ। ਗਾਉਣ ਵਾਲੇ ਗੀਤ ਸੁਣਾਉਂਦੇ ਹਨ ਤੇ ਨਾਟਕਾਂ ਵਾਲੇ ਨਾਟਕ ਰਚਾਉਂਦੇ ਹਨ। ਇਸ ਵਾਰੀ ਵਿਸ਼ੇਸ਼ ਬੁਲਾਰੇ ਡਾ. ਜਸਵੰਤ ਸਿੰਘ ਨੇਕੀ ਤੇ ਸਾਬਕਾ ਸੰਸਦ ਮੈਂਬਰ ਤਰਲੋਚਨ ਸਿੰਘ ਸਨ। ਕੁਦਰਤੀ ਕਰੋਪੀ ਵਾਲੇ ਠੰਢੇ ਮੌਸਮ ਦੇ ਬਾਵਜੂਦ ਮਹਿਫਿਲ ਕਾਫੀ ਨਿੱਘੀ ਰਹੀ। ਕੁਝ ਇਸ ਕਾਰਨ ਵੀ ਕਿ ਗਰਮਾ-ਗਰਮ ਚਾਹ, ਕਾਫੀ ਤੇ ਲੰਗਰ ਦੇ ਵਧੀਆ ਪ੍ਰਬੰਧ ਤੋਂ ਵੱਡਾ ਅਨੰਦ ਚਾਹ-ਪਾਣੀ ਵੇਲੇ ਸਵਰਗੀ ਖੁਸ਼ਵੰਤ ਸਿੰਘ ਨੂੰ ਰੱਜ ਕੇ ਚੇਤੇ ਕੀਤਾ ਗਿਆ। ਬਹੁਤਾ ਇਸ ਲਈ ਕਿ ਉਸ ਨੇ ਵਧੀਆ ਪੱਤਰਕਾਰੀ ਤੇ ਸਾਹਿਤਕਾਰੀ ਦੇ ਨਾਲ ਸਾਨੂੰ ਆਪਣੇ ਆਪ ਉਤੇ ਹੱਸਣ ਦੀ ਜਾਚ ਦੱਸੀ। ਜੇ ਉਹ ਪਹਿਲੀ ਫਰਵਰੀ ਦੀ ਰਾਤ ਤੱਕ ਅਕਾਲ ਚਲਾਣਾ ਨਾ ਕਰਦਾ ਤਾਂ ਉਸ ਆਪਣੀ ਉਮਰ ਦਾ ਸੈਂਕੜਾ ਮਾਰ ਲੈਣਾ ਸੀ।

ਸਭਾ ਦਾ ਪ੍ਰਧਾਨ ਹੋਣ ਦੇ ਨਾਤੇ ਮੈਂ ਸ਼ਿਰਕਤ ਕਰਨ ਵਾਲਿਆਂ ਦਾ ਸੱਚੇ ਦਿਲੋਂ ਧੰਨਵਾਦੀ ਹਾਂ। 2016 ਦੇ ਜਨਵਰੀ ਮਹੀਨੇ ਫੇਰ ਮਿਲਾਂਗੇ।

**ਚੰਡੀਗੜ੍ਹ ਵਿਚ ਪੀਪਲਜ਼ ਕਨਵੈਨਸ਼ਨ ਸੈਂਟਰ:** ਪਿਛਲੇ ਸਾਲਾਂ ਵਿਚ ਕਮਿਊਨਿਸਟ ਪਾਰਟੀ ਆਫ ਇੰਡੀਆ (ਚੰਡੀਗੜ੍ਹ) ਨੇ ਨਿਜੀ ਤੇ ਮਿੱਤਰਾਂ ਦੀ ਮਾਇਆ ਦਾ ਦਾਨ ਲੈ ਕੇ ਚੰਡੀਗੜ੍ਹ ਦੇ ਸੈਕਟਰ 36-ਬੀ ਵਿਚ ਇਸਕਾਨ ਮੰਦਿਰ ਦੇ ਪਿੱਛੇ ਦੋ ਵੱਡੇ ਪਲਾਟਾਂ ਵਿਚ ਇੱਕ ਵਧੀਆ ਇਮਾਰਤ ਦੀ ਉਸਾਰੀ ਕਰ ਵਿਖਾਈ ਹੈ। ਉਨ੍ਹਾਂ ਨੇ ਇਸ ਨੂੰ ਪੀਪਲਜ਼ ਕਨਵੈਨਸ਼ਨ ਸੈਂਟਰ ਦਾ ਨਾਂ ਦਿੱਤਾ ਹੈ। ਇਸ ਵਿਚ ਸੈਮੀਨਾਰ, ਵਰਕਸ਼ਾਪਾਂ, ਸਿਖਲਾਈ ਪ੍ਰੋਗਰਾਮਾਂ ਤੇ ਵੱਡੀਆਂ ਕਨਵੈਨਸ਼ਨਾਂ ਕਰਨ ਦੀਆਂ



*ਡਾ. ਦੇਵਿੰਦਰ ਦਿਆਲ ਸਿੰਘ ਸੰਧੂ*


ਸੁਵਿਧਾਵਾਂ ਦਾ ਖਿਆਲ ਰੱਖਿਆ ਗਿਆ ਹੈ। ਇਥੇ ਵੀਹ, ਪੰਜਾਹ ਤੇ ਨੱਬੇ ਬੰਦਿਆਂ ਦੇ ਛੋਟੇ ਵੱਡੇ ਸੈਮੀਨਾਰਾਂ ਲਈ ਚਾਰ ਸੈਮੀਨਾਰ ਕਮਰੇ ਹਨ, 50-55 ਵਿਅਕਤੀਆਂ ਦੇ ਸਿਖਲਾਈ ਪ੍ਰੋਗਰਾਮਾਂ ਲਈ ਤਿੰਨ ਟਰੇਨਿੰਗ ਕਮਰੇ ਅਤੇ ਦੋ-ਢਾਈ ਸੌ ਸੱਜਣਾਂ ਦੇ ਵੱਡੇ ਸਮਾਗਮ ਰਚਾਉਣ ਲਈ ਇੱਕ ਵੱਡਾ ਆਡੀਟੋਰੀਅਮ।


ਚੰਡੀਗੜ੍ਹ ਦਾ ਸੈਕਟਰ 36 ਆਪਣੇ ਤਿੰਨ ਬਾਗਾਂ ਕਰਕੇ ਜਾਣਿਆ ਜਾਂਦਾ ਸੀ। ਪਿਛਲੇ ਕੁਝ ਸਮੇਂ ਤੋਂ ਇਥੋਂ ਦੇ ਅਲੀਔਂਇ ਫਰਾਂਸੇ ਦੀਆਂ ਗਤੀਵਿਧੀਆਂ ਨੇ ਲੋਕਾਂ ਦਾ ਚੋਖਾ ਧਿਆਨ ਖਿਚਿਆ ਹੈ। ਇਸ ਦੀਆਂ ਗਤੀਵਿਧੀਆਂ ਨੂੰ ਨਵੀਂ ਦਿੱਲੀ ਦੇ ਫਰਾਂਸੀਸੀ ਦੂਤਾਵਾਸ ਤੇ ਫਰਾਂਸ ਸਰਕਾਰ ਦਾ ਥਾਪੜਾ ਹੈ। ਕੱਲ ਦੀ ਗੱਲ ਹੈ ਕਿ ਸਾਡੇ ਸੁਪ੍ਰਸਿੱਧ ਮੂਰਤੀਕਾਰ ਸ਼ਿਵ ਸਿੰਘ ਦਾ ਰੂਬਰੂ ਪ੍ਰੋਗਰਾਮ ਏਨਾ ਦਿਲਚਸਪ ਸੀ ਕਿ ਸ਼ਿਵ ਸਿੰਘ ਦੀ ਵਧੀਆ ਪੇਸ਼ਕਾਰੀ ਸਦਕਾ ਪਰਦੇ ਉਤੇ ਦੇਖੀਆਂ ਜਾ ਰਹੀਆਂ ਮੂਰਤੀਆਂ ਵੀ ਅੰਦਰੋਂ ਬੋਲਦੀਆਂ ਜਾਪਦੀਆਂ ਸਨ। ਪੀਪਲਜ਼ ਕਨਵੈਨਸ਼ਨ ਸੈਂਟਰ ਕੀ ਪੇਸ਼ ਕਰੇਗਾ, ਇਹ ਤਾਂ ਸਮਾਂ ਹੀ ਦੱਸੇਗਾ ਪਰ ਮੇਰੀ ਜਾਣਕਾਰੀ ਅਨੁਸਾਰ ਪਿਛਲੇ ਦਿਨਾਂ ਵਿਚ ਕਾਂਗਰਸ ਪਾਰਟੀ ਦਾ ਨੌਜਵਾਨ ਨੇਤਾ ਰਾਹੁਲ ਗਾਂਧੀ ਇਥੇ ਦਲਿਤ ਬੁਧੀਜੀਵੀਆਂ ਨੂੰ ਸੰਬੋਧਨ ਹੋਇਆ ਸੀ ਤੇ ਰਾਸ਼ਟਰੀ ਪੱਧਰ ਦਾ ਪੁਲਿਸ ਅਧਿਕਾਰੀ ਕੇ.ਪੀ.ਐਸ. ਗਿੱਲ ਆਮ ਆਦਮੀ ਬਨਾਮ ਸੁਰਖਸ਼ਾ ਸੰਕਲਪ ਉਤੇ ਬੋਲ ਕੇ ਗਿਆ ਹੈ। ਨਵੀਂ ਦਿੱਲੀ ਤੋਂ ਸੀਨੀਅਰ ਪੁਲਿਸ ਅਧਿਕਾਰੀ ਅਤੇ ਨਾਟਕਕਾਰ ਸਵਰਾਜ ਬੀਰ ਵੀ ਇਥੇ ਆਪਣੇ ਸਹਿਕਰਮੀਆਂ ਨਾਲ ਵੱਡੀ ਬੈਠਕ ਰਚਾ ਕੇ ਗਿਆ ਹੈ। ਜੇ ਹੋਰ ਜਾਣਨਾ ਚਾਹੋ ਤਾਂ ਇਥੇ ਸਮਾਗਮਾਂ ਨਾਲ ਸਬੰਧਤ ਮਹਿਮਾਨਾਂ ਦੇ ਰਹਿਣ ਲਈ ਨਵੇਂ ਤੇ ਵਧੀਆ 10 ਕਮਰੇ ਹਨ।


**ਅੰਤਿਕਾ:** ਅਹਿਮਦ ਫਰਾਜ਼


ਮੁਝ ਸੇ ਗੁਰੇਜ਼ ਹੈ ਤੋ ਹਰ ਰਾਸਤਾ ਬਦਲ
ਮੈਂ ਸੰਗ-ਏ ਰਾਹ ਹੂੰ ਤੋ
ਸਭ ਰਾਸਤੋਂ ਮੇਂ ਹੂੰ।
ਬਦਲਾ ਨਾ ਮੇਰੇ ਬਾਅਦ ਭੀ
ਮੌਜ਼ੂ-ਏ-ਗੁਫਤਗੂ
ਮੈਂ ਜਾ ਚੁਕਾ ਹੂੰ ਫਿਰ ਭੀ
ਤੇਰੀ ਮਹਿਫਿਲੋਂ ਮੇਂ ਹੂੰ।

## ਭਗਤ ਪੂਰਨ ਸਿੰਘ ਦੇ ਸੰਘਰਸ਼ਪੂਰਨ ਜੀਵਨ ਦੀਆਂ ਕੁਝ ਝਲਕਾਂ...


















# ਇਹੁ ਜਨਮੁ ਤੁਮ੍ਹਾਰੇ ਲੇਖੇ

ਭਗਤ ਪੂਰਨ ਸਿੰਘ ਦੇ ਜੀਵਨ ਨੂੰ ਆਧਾਰ ਬਣਾ ਕੇ ਬਣਾਈ ਪੰਜਾਬੀ ਫਿਲਮ 'ਇਹੁ ਜਨਮੁ ਤੁਮ੍ਹਾਰੇ ਲੇਖੇ' ਵਿਚ ਜਦੋਂ ਮੁਟਿਆਰ ਧੀ ਆਪਣੀ ਮਾਂ ਨੂੰ ਆਪਣੀ ਧੀ ਵਾਂਗ ਸਾਂਭਦੀ ਹੈ, ਤਾਂ ਰਿਸ਼ਤਿਆਂ ਦੀ ਇਸ ਜਗ-ਮਗ ਦੇ ਅਸਲ ਤੇ ਡੂੰਘੇ ਝਲਕਾਰਿਆਂ ਦੀ ਸਮਝ ਪੈਣ ਲਗਦੀ ਹੈ। ਨਿਰਦੇਸ਼ਕ ਹਰਜੀਤ ਸਿੰਘ ਨੇ ਇਸ ਫਿਲਮ ਰਾਹੀਂ ਇਕੱਲੇ ਭਗਤ ਪੂਰਨ ਸਿੰਘ ਦੀ ਜੀਵਨ ਕਹਾਣੀ ਦੀ ਹੀ ਬਾਤ ਨਹੀਂ ਪਾਈ, ਸਗੋਂ ਮਨੁੱਖਤਾ ਲਈ ਰੀਣ-ਰੀਣ ਜੀਅ ਰਹੇ ਜਿਊੜਿਆਂ ਨੂੰ ਸਲਾਮੀ ਦਿੱਤੀ ਹੈ। ਭਗਤ ਪੂਰਨ ਸਿੰਘ ਦੇ ਕਿਰਦਾਰ ਵਿਚ ਅਦਾਕਾਰ ਪਵਨ ਮਲਹੋਤਰਾ ਖੂਬ ਨਿਖਰਿਆ ਹੈ। ਅਦਾਕਾਰੀ ਦੇ ਖੇਤਰ ਵਿਚ ਉਹ ਆਪਣੀ ਪ੍ਰਤਿਭਾ ਦਾ ਲੋਹਾ ਪਹਿਲਾਂ ਹੀ ਮੰਨਵਾ ਚੁੱਕਾ ਹੈ, ਪਰ ਉਹਨੇ ਜਿਸ ਢੰਗ ਅਤੇ ਲਗਨ ਨਾਲ ਇਸ ਫਿਲਮ ਵਿਚ ਭਗਤ ਪੂਰਨ ਸਿੰਘ ਦੇ ਕਿਰਦਾਰ ਨੂੰ ਜੀਵਿਆ ਹੈ, ਉਸ ਦੇ ਲਈ ਉਹ ਵਾਕਿਆ ਹੀ ਸ਼ਾਬਾਸ਼ ਦਾ ਹੱਕਦਾਰ ਹੈ। ਇਸ ਕਿਰਦਾਰ ਲਈ ਉਸ ਨੇ ਬਹੁਤ ਮਿਹਨਤ ਕੀਤੀ ਹੈ ਜਿਹੜੀ ਫਿਲਮ ਵਿਚ ਥਾਂ ਪੁਰ ਥਾਂ ਝਾਤੀਆਂ ਮਾਰਦੀ ਦਿਸਦੀ ਹੈ।

ਭਗਤ ਪੂਰਨ ਸਿੰਘ ਦਾ ਜਨਮ 20ਵੀਂ ਸਦੀ ਦੇ ਆਰੰਭ ਵਿਚ ਉਸ ਵਕਤ ਹੋਇਆ (4 ਜੂਨ, 1904) ਸੀ ਜਦੋਂ ਪੰਜਾਬ ਵਿਚ ਸਿਆਸੀ ਉਥਲ-ਪੁਥਲ ਚੋਖੀ-ਚੰਗੀ ਹੋ ਰਹੀ ਸੀ, ਪਰ ਉਸ ਦੀ ਮਾਂ ਨੇ ਬਹੁਤ ਔਖੇ ਹਾਲਾਤ ਵਿਚ ਇਸ ਬਾਲ ਨੂੰ ਇਸ ਦੁਨੀਆਂ ਉਤੇ ਸਾਹ ਦਿਵਾਇਆ ਸੀ। ਰੱਬ ਉਤੇ ਡੋਰੀਆਂ ਰੱਖਣ ਵਾਲੀ ਮਾਂ ਨੇ ਆਪਣੇ ਇਸ ਲਾਡਲੇ ਦਾ ਨਾਂ ਰਾਮਜੀ ਦਾਸ ਰੱਖਿਆ। ਘਰ ਦੇ ਹਾਲਾਤ ਇੰਨੇ ਖਰਾਬ ਸਨ ਕਿ ਮਾਂ ਦੇ ਕਿਤੇ ਪੈਰ ਨਹੀਂ ਸਨ ਲੱਗ ਸਕੇ। ਇਨ੍ਹਾਂ ਹਾਲਾਤ ਦਾ ਮਾਰਿਆ ਬਾਲ ਰਾਮਜੀ ਦਾਸ ਪੜ੍ਹ ਵੀ ਨਾ ਸਕਿਆ, ਪਰ ਵੱਡਾ ਹੋ ਕੇ ਅਤੇ ਪੂਰਨ ਸਿੰਘ ਬਣ ਕੇ ਉਹਨੇ ਜਿਹੜੀ ਮਿਸਾਲ ਕਾਇਮ ਕੀਤੀ, ਉਸ ਤਰ੍ਹਾਂ ਦੀ ਮਿਸਾਲ ਦੁਨੀਆਂ ਭਰ ਵਿਚ ਵਿਰਲੀ-ਟਾਵੀਂ ਹੀ ਮਿਲਦੀ ਹੈ। ਇਸ ਸੰਸਾਰ ਵਿਚ ਹਰ ਪਾਸੇ ਉਸ ਦੀ ਨਿਸ਼ਕਾਮ ਸੇਵਾ ਦੀ ਚਰਚਾ ਚੱਲੀ। ਦੂਰੋਂ-ਦੂਰੋਂ ਲੋਕ ਉਸ ਦੀ ਇਸ ਸੇਵਾ ਕਾਰਨ ਖਿੜੇ ਫੁੱਲਾਂ ਦੀ ਮਹਿਕ ਸੰਭਾਲਣ ਆਉਂਦੇ। ਉਹਨੇ ਬੇਸਹਾਰਿਆਂ ਨੂੰ ਜਿਸ ਤਰ੍ਹਾਂ ਸਹਾਰਾ ਦਿੱਤਾ ਅਤੇ ਹਰ ਔਖੀ ਘੜੀ ਵੇਲੇ ਚੱਟਾਨ ਵਾਂਗ ਡਟ ਕੇ ਖਲੋਏ, ਉਸ ਨੇ ਸੇਵਾ ਦੀ ਇਸ ਮਹਿਕ ਨੂੰ ਦੂਣ-ਸਵਾਈ ਕਰ ਦਿੱਤਾ। ਇਸੇ ਕਰ ਕੇ ਸਰਕਾਰ ਨੇ ਵੀ ਉਨ੍ਹਾਂ ਨੂੰ 1979 ਵਿਚ ਪਦਮਸ੍ਰੀ ਦੇ ਇਨਾਮ ਨਾਲ ਨਵਾਜਿਆ, ਪਰ ਜਦੋਂ ਸਰਕਾਰ ਦੀਆਂ ਫੌਜਾਂ ਨੇ 1984 ਵਿਚ ਸ੍ਰੀ ਹਰਿਮੰਦਿਰ ਸਾਹਿਬ ਉਤੇ ਚੜ੍ਹਾਈ ਕੀਤੀ, ਤਾਂ ਉਨ੍ਹਾਂ ਸਰਕਾਰ ਦਾ ਉਹ ਇਨਾਮ ਵਾਪਸ ਮੋੜ ਦਿੱਤਾ। ਇਹੀ ਨਹੀਂ, ਖਾੜਕੂਆਂ ਦੇ ਸੰਘਰਸ਼ ਬਾਰੇ ਸਵਾਲ ਵੀ ਕੀਤੇ।



*ਫਿਲਮ ਦਾ ਨਿਰਦੇਸ਼ਕ ਹਰਜੀਤ ਸਿੰਘ (ਖੱਬੇ) ਤੇ ਅਦਾਕਾਰ ਪਵਨ ਮਲਹੋਤਰਾ।*

ਵਾਤਾਵਰਨ ਬਾਰੇ ਉਨ੍ਹਾਂ ਸੁਚੇਤ ਹੋ ਕੇ ਰੁੱਖ ਲਾਉਣ ਦਾ ਹੋਕਾ ਲਾਇਆ। ਉਨ੍ਹਾਂ ਆਖਿਆ ਕਿ ਸਾਰੇ ਪੰਜਾਬੀਆਂ ਨੂੰ ਬੋਹੜ, ਪਿੱਪਲ ਅਤੇ ਨਿੰਮ ਦੇ ਦਰੱਖਤ ਜਿੰਨੇ ਵੀ ਲਾ ਸਕਣ, ਲਾਉਣੇ ਚਾਹੀਦੇ ਹਨ ਤਾਂ ਕਿ ਵਾਤਾਵਰਨ ਵਿਚ ਆ ਰਹੇ ਵਿਗਾੜ ਘਟਾਏ ਜਾ ਸਕਣ। ਉਨ੍ਹਾਂ ਦੀ ਇਸ ਸਮੁੱਚੀ ਕਹਾਣੀ ਨੂੰ ਨਿਰਦੇਸ਼ਕ ਹਰਜੀਤ ਸਿੰਘ ਨੇ ਸੱਚਮੁੱਚ, ਸਮੁੱਚ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਹ ਗੱਲ ਵੱਖਰੀ ਹੈ ਕਿ ਨਿਰਦੇਸ਼ਕ ਕਹਾਣੀ ਵਿਚ ਉਗੜ-ਦੁਗੜਾਪਣ ਦੂਰ ਕਰਨ ਵਿਚ ਰਤਾ ਕੁ ਖੁੰਝ ਗਿਆ ਹੈ। ਜੇ ਕਿਤੇ ਉਹ ਕਹਾਣੀ ਦੀ ਲੜੀ ਨੂੰ ਹੋਰ ਰਵਾਨੀ ਨਾਲ ਪੇਸ਼ ਕਰਦਾ ਤਾਂ ਬਿਨਾਂ ਸ਼ੱਕ ਇਹ ਫਿਲਮ ਸ਼ਾਹਕਾਰ ਫਿਲਮ ਬਣ ਜਾਣੀ ਸੀ। ਸ਼ਰਧਾ ਵਜੋਂ ਹਰ ਬੰਦਾ ਇਹ ਫਿਲਮ ਦੇਖਣਾ ਚਾਹੇਗਾ, ਪਰ ਮਸਲਾ ਕਲਾ ਰਾਹੀਂ ਲੋਕਾਂ ਦੇ ਦਿਲਾਂ ਉਤੇ ਦਸਤਕ ਦੇਣ ਦਾ ਹੈ। ਜਿੰਨੀ ਜ਼ੋਰਦਾਰ ਸ਼ਖਸੀਅਤ ਭਗਤ ਪੂਰਨ ਸਿੰਘ ਦੀ ਹੈ, ਇਹ ਫਿਲਮ ਉਸ ਤੋਂ ਕਿਤੇ ਉਰ੍ਹਾਂ ਰਹਿ ਗਈ ਹੈ। ਫਿਰ ਵੀ ਫਿਲਮ ਦਾ ਸੁਨੇਹਾ ਬੜਾ ਅਸਰਦਾਰ ਹੈ ਅਤੇ ਬਹੁਤ ਥਾਈਂ ਫਿਲਮ ਬਹੁਤ ਉਚੀ ਉਡਾਣ ਭਰਦੀ ਹੈ।

# ਮਿਹਨਤ ਤੇ ਮੁਹਿੰਮ ਦਾ ਨਾਂ ਸ਼ਰਨਪ੍ਰੀਤ ਕੌਰ

ਨਿਰਦੇਸ਼ਕ ਅਕਬਰ ਸ਼ੇਖ ਵੱਲੋਂ ਇੰਟਰਨੈਸ਼ਨਲ ਕਾਨ ਫੈਸਟੀਵੈਲ ਲਈ ਬਣਾਈ ਜਾ ਰਹੀ ਫ਼ਿਲਮ 'ਮੇਟਾਫਿਜ਼ਿਕਸ' ਵਿਚ ਕੰਮ ਕਰੀ ਰਹੀ ਗੁਰੂ ਕੀ ਨਗਰੀ ਅੰਮ੍ਰਿਤਸਰ ਦੀ ਜੰਮਪਲ ਸ਼ਰਨਪ੍ਰੀਤ ਕੌਰ ਅੱਜ ਕੱਲ੍ਹ ਚਰਚਾ ਵਿਚ ਹੈ। ਇਹੀ ਨਹੀਂ, ਨਿਰਦੇਸ਼ਕ ਸ਼ਾਰਿਕ ਮਿਨਹਾਜ਼ ਦੀ ਕਸ਼ਮੀਰ ਆਧਾਰਤ ਫਿਲਮ 'ਚਿਨਾਰ' ਵਿਚ ਗੁਰੂ ਮਾਂ ਵਰਗਾ ਦਮਦਾਰ ਰੋਲ ਮਿਲਣ ਤੋਂ ਬਾਅਦ ਉਹ ਬਹੁਤ ਖੁਸ਼ ਹੈ। ਇਸ ਫਿਲਮ ਵਿਚ ਫੈਜ਼ਲ ਖ਼ਾਨ, ਪ੍ਰਮੋਦ ਮੈਥਿਊ, ਸ਼ਹਿਬਾਜ਼ ਖ਼ਾਨ ਵਰਗੇ ਕਲਾਕਾਰ ਕੰਮ ਕਰ ਰਹੇ ਹਨ। ਉਹ ਮੰਨਦੀ ਹੈ ਕਿ ਕਿਸੇ ਵੀ ਫ਼ੀਲਡ ਵਿਚ ਮਿਹਨਤ ਦਾ ਮੁੱਲ ਜ਼ਰੂਰ ਪੈਂਦਾ ਹੈ। ਉਹਦਾ ਖੁਦ ਦਾ ਫਿਲਮੀ ਕਰੀਅਰ ਜਲੰਧਰ ਦੂਰਦਰਸ਼ਨ ਤੋਂ ਸ਼ੁਰੂ ਹੋਇਆ ਸੀ। ਉਹਨੇ ਸੰਤਾ ਬੰਤਾ ਨਾਲ ਕਾਮੇਡੀ ਵੀ ਕੀਤੀ। ਫਿਰ ਥੀਏਟਰ ਸ਼ੁਰੂ ਕਰ ਲਿਆ। ਪੰਜਾਬ ਨਾਟਸ਼ਾਲਾ ਵਿਚ ਬਿਤਾਏ ਪਲਾਂ ਨੂੰ ਉਹ ਆਪਣੀ ਜ਼ਿੰਦਗੀ ਦਾ ਸਰਮਾਇਆ ਮੰਨਦੀ ਹੈ।



ਸ਼ਰਨਪ੍ਰੀਤ ਕੌਰ ਦੱਸਦੀ ਹੈ ਕਿ ਥੀਏਟਰ ਦੌਰਾਨ ਉਹਦੀ ਮੁਲਾਕਾਤ ਨੈਸ਼ਨਲ ਅਵਾਰਡ ਜੇਤੂ ਫ਼ਿਲਮ ਨਿਰਦੇਸ਼ਕ ਸੁਖਮਿੰਦਰ ਧੰਜਲ ਨਾਲ ਹੋਈ। ਉਨ੍ਹਾਂ ਉਹਨੂੰ ਸਭ ਤੋਂ ਪਹਿਲਾਂ ਫ਼ਿਲਮੀ ਦੁਨੀਆਂ ਵਿਚ ਪ੍ਰਵੇਸ਼ ਕਰਵਾਇਆ ਅਤੇ ਪੰਜਾਬ ਟੀ.ਵੀ. ਲਈ ਬਣੇ ਸੀਰੀਅਲ 'ਆਲ੍ਹਣਾ' ਵਿਚ ਲੀਡ ਰੋਲ ਦਿੱਤਾ। ਹੁਣ ਉਹ ਉਨ੍ਹਾਂ ਦੀਆਂ ਫ਼ਿਲਮਾਂ 'ਲੱਗਦੈ ਇਸ਼ਕ ਹੋ ਗਿਆ', 'ਕਬੱਡੀ ਵਨਸ ਅਗੇਨ' ਵਿਚ ਕੰਮ ਕਰ ਚੁੱਕੀ ਹੈ। ਇਸ ਸਮੇਂ ਦੌਰਾਨ ਹੀ ਉਹਨੂੰ ਪਹਿਲਾਂ ਟੀ.ਵੀ. ਐਡ ਰਿਸ਼ੀਕੇਸ਼ ਹੇਅਰ ਸਿਲੂਸ਼ਅਨ ਦੀ ਮਿਲੀ। ਮਗਰੋਂ ਉਹਨੇ ਇਮੈਜ਼ਨ ਟੀ.ਵੀ. ਤੇ ਰਾਹੁਲ ਮਹਾਜਨ ਦੇ ਜੌਬ ਟਾਈਮ ਟੀ.ਵੀ. ਸ਼ੋਅ ਦੀ ਐਂਕਰਿੰਗ ਕੀਤੀ। ਉਸ ਦਾ ਆਖਣਾ ਹੈ ਕਿ ਇਹ ਫੀਲਡ ਕੁੜੀਆਂ ਵਾਸਤੇ ਕੋਈ ਔਖਾ ਨਹੀਂ, ਬਰਸ਼ਤੇ ਤੁਸੀਂ ਚੰਗੇ ਲੋਕਾਂ ਨਾਲ ਕੰਮ ਕਰੋ ਅਤੇ ਆਪਣੇ ਹੁਨਰ ਸਦਕਾ ਅੱਗੇ ਵਧੋ। ਸ਼ਰਨਪ੍ਰੀਤ ਕੌਰ ਪੰਜਾਬ ਵਿੱਚ ਬਿਤਾਏ ਆਪਣੇ ਪਲਾਂ ਨੂੰ ਖ਼ੂਬ ਯਾਦ ਕਰਦੀ ਹੈ ਜਿੱਥੇ ਉਹਦਾ ਪਰਿਵਾਰ ਤੇ ਰਿਸ਼ਤੇਦਾਰ ਰਹਿੰਦੇ ਹਨ।

*-ਆਈ.ਡੀ. ਸੰਧੂ*

# ਸਦਾ ਸਫਰ ਵਿਚ ਹੁਮਾ



ਸਾਲ 2012 ਵਿਚ ਫਿਲਮ 'ਗੈਂਗਸ ਆਫ਼ ਵਾਸੇਪੁਰ' ਨਾਲ ਫਿਲਮੀ ਦੁਨੀਆਂ ਵਿਚ ਆਈ ਸੋਹਣੀ-ਸੁਨੱਖੀ ਅਦਾਕਾਰਾ ਹੁਮਾ ਕੁਰੈਸ਼ੀ ਦੀਆਂ ਹੁਣ ਤੱਕ ਭਾਵੇਂ ਗਿਣਤੀਆਂ ਦੀਆਂ ਫਿਲਮਾਂ ਹੀ ਰਿਲੀਜ਼ ਹੋਈਆਂ ਹਨ, ਪਰ ਉਹ ਆਪਣੀ ਅਦਾ, ਅਦਾਕਾਰੀ ਅਤੇ ਮੜ੍ਹਕ ਕਾਰਨ ਅਕਸਰ ਖ਼ਬਰਾਂ ਵਿਚ ਰਹਿੰਦੀ ਹੈ। ਹੁਣ ਉਸ ਦੀ ਨਵੀਂ ਫਿਲਮ 'ਬਦਲਾਪੁਰ' ਰਿਲੀਜ਼ ਹੋ ਰਹੀ ਹੈ। ਉਂਜ, ਅੱਜ ਕੱਲ੍ਹ ਉਹ ਆਪਣੇ ਨਵੇਂ ਹੇਅਰ ਸਟਾਇਲ ਕਰ ਕੇ ਚਰਚਾ ਵਿਚ ਹੈ। ਦਿੱਲੀ ਵਿਚ ਜੰਮੀ ਹੁਮਾ ਕੁਰੈਸ਼ੀ ਦੀ ਆਪਣੇ ਭਰਾ ਸਾਕਿਬ ਸਲੀਮ ਨਾਲ ਵੀ ਇਕ ਫਿਲਮ ਆ ਰਹੀ ਹੈ। ਇਹ ਫਿਲਮ ਹਾਲੀਵੁੱਡ ਦੀ ਮਸ਼ਹੂਰ ਫ਼ਿਲਮ 'ਔਕਿਊਲਸ' ਦੀ ਰੀਮੇਕ ਹੋਵੇਗੀ। ਹੁਮਾ ਖੁਸ਼ ਹੈ ਕਿ ਉਸ ਨੂੰ ਆਪਣੇ ਭਰਾ ਨਾਲ ਅਜਿਹੀ ਮਹੱਤਵਪੂਰਨ ਫਿਲਮ ਵਿਚ ਕੰਮ ਕਰਨ ਦਾ ਮੌਕਾ ਮਿਲ ਰਿਹਾ ਹੈ। ਇਸ ਤੋਂ ਇਲਾਵਾ ਹੁਮਾ ਕੁਰੈਸ਼ੀ 'ਹਾਈਵੇ' ਨਾਂ ਦੀ ਮਰਾਠੀ ਫਿਲਮ ਵਿਚ ਕੰਮ ਕਰ ਰਹੀ ਹੈ ਜਿਸ ਦੀ ਸ਼ੂਟਿੰਗ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਹੁਮਾ ਕੁਰੈਸ਼ੀ ਦਾ ਸਪਸ਼ਟ ਕਹਿਣਾ ਹੈ ਕਿ ਉਸ ਨੂੰ ਆਪਣੀਆਂ ਫਿਲਮਾਂ ਦੀ ਗਿਣਤੀ ਵਧਾਉਣ ਦਾ ਕੋਈ ਸ਼ੌਕ ਨਹੀਂ ਹੈ ਅਤੇ ਨਾ ਹੀ ਉਹ ਕਦੀ ਅਜਿਹੀ ਦੌੜ ਵਿਚ ਸ਼ਾਮਲ ਹੋਵੇਗੀ। ਜੇ ਕਿਸੇ ਚੰਗੀ ਫਿਲਮ ਦੀ ਪੇਸ਼ਕਸ਼ ਉਸ ਨੂੰ ਆਵੇ, ਉਹ ਤਾਂ ਹੀ ਹਾਂ ਕਰਦੀ ਹੈ। ਹੁਮਾ ਕੁਰੈਸ਼ੀ ਦੀ ਇਸੇ ਅਦਾ ਤੋਂ ਉਸ ਦੇ ਸਾਥੀ ਕਲਾਕਾਰ, ਫਿਲਮਸਾਜ਼ ਅਤੇ ਦਰਸ਼ਕ ਬਾਗੋ-ਬਾਗ ਹਨ।


MOST CRICKET ANYWHERE
With the Hopper and qualifying American packages starting at $34.99/mo for 12 months.
Live your passion for cricket with Willow HD.
Plus, get the best Punjabi and Hindi entertainment.
YOUR CRICKET DESTINATION WILLOW HD
Punjabi Mega Pack
$24.99 mo
Hindi Elite Pack
$34.99 mo EVERYDAY PRICE
3 MONTHS FREE
APPLIES TO THE 4TH, 5TH AND 6TH MONTHS
Requires 24-month commitment, credit qualification, and subscription to qualifying American programming.
FREE
100+ Bollywood Movies On Demand
Professional Installation in up to 6 rooms
All offers require 24-month commitment and credit qualification. Monthly fees apply based on number of rooms.
LIMITED-TIME OFFER
ORDER NOW!
1-888-816-0166
MUST MENTION OFFER CODE AT TIME OF ORDER
SAVE 3
Cannot be combined with other Offer Codes
dish
International programming requires additional $10/mo International Basic package or any America's Top package.
Important Terms and Conditions: International 4th, 5th, and 6th Months Free: Valid for activation and installation of qualifying DISH service. Requires subscription to a qualifying American or DishLATINO package in addition to a qualifying International package. For the 4th, 5th, and 6th months you will receive a monthly credit equal to the cost of the selected package. You will be responsible for any monthly or upfront costs beyond the value of the credit. Promotional Offers: Must provide Promotional Code at time of order. All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies.
Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. Offer ends 6/10/15.
© 2015 DISH Network L.L.C. All rights reserved.